**Reo-Bankowned Properties**
From San Jose to Sacramento
JASSI GILL *Broker/Owner*
Ph:510-304-9292
**Refinance Now**
@ZERO COST
Call Sukhi Gill:510-207-9067

*Jassi Gill*
CA DRE Lic.#01180969
CA DRE# 00966763

**Golden State Realty**
Please Contact For Commercial or Residential Needs
ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ
*Call: Sohanpreet 'Sam' Chahal*
Ph: 916-612-5773
email: samchahal@hotmail.com
***Serving all over California***

Sam Chahal
CA Lic. 01504071

COVERED CALIFORNIA
**ਓਬਾਮਾ ਕੇਅਰ**
ਦੀ ਐਪਲੀਕੇਸ਼ਨ ਖੁਲ੍ਹ ਗਈ ਹੈ
November 1 to January 31
ਐਪਲੀਕੇਸ਼ਨ ਭਰਨ ਲਈ ਮਿਲੋ
ਗੁਰਚਰਨ ਸਿੰਘ ਮਾਨ
ਫੋਨ: 510-797-7989
Email: duabba1@gmail.com

License# OC70672
Certified Agent
ਐਪਲੀਕੇਸ਼ਨ ਦੀ ਕੋਈ ਫੀਸ ਨਹੀਂ



Sixteenth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 17, Issue 12, March 19, 2016 | 20451 N Plum Grove Rd., Palatine, IL 60074 | Ph:847-359-0746, Fax:847-705-9388


# ਬਾਦਲ ਦੇ ਪੈਂਤੜੇ ਨਾਲ ਵਿਰੋਧੀ ਚਿੱਤ

## ਐਸ.ਵਾਈ.ਐਲ. ਨਹਿਰ ਦੀ ਜ਼ਮੀਨ ਕਿਸਾਨਾਂ ਨੂੰ ਮੋੜਨ ਦੇ ਫੈਸਲੇ ਨੇ ਵਿਰੋਧੀਆਂ ਤੋਂ ਮੁੱਦਾ ਖੋਹਿਆ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਪਾਣੀਆਂ ਦੀ ਵੰਡ ਨੂੰ ਲੈ ਕੇ ਪੰਜਾਬ ਤੇ ਹਰਿਆਣਾ ਦੀ ਸਿਆਸਤ ਵਿਚ ਇਕ ਵਾਰ ਫਿਰ ਉਬਾਲ ਆ ਗਿਆ ਹੈ। ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਨੇ ਸਤਲੁਜ-ਯਮੁਨਾ ਲਿੰਕ (ਐਸ.ਵਾਈ.ਐਲ.) ਨਹਿਰ ਲਈ ਗ੍ਰਹਿਣ ਕੀਤੀ 5376 ਏਕੜ ਜ਼ਮੀਨ ਮਾਲਕਾਂ ਨੂੰ ਵਾਪਸ ਦੇਣ ਦਾ ਐਲਾਨ ਕਰ ਕੇ ਨਵੀਂ ਸਿਆਸੀ ਜੰਗ ਛੇੜ ਦਿੱਤੀ ਹੈ। ਹਰਿਆਣਾ ਵਿਚ ਅਕਾਲੀ ਦਲ ਦੀ ਭਾਈਵਾਲ ਭਾਜਪਾ ਦੀ ਸਰਕਾਰ ਹੈ ਤੇ ਇਸ ਮੁੱਦੇ 'ਤੇ ਹੁਣ ਦੋਵੇਂ ਧਿਰਾਂ ਆਹਮੋ-ਸਾਹਮਣੇ ਹਨ।

ਇਥੋਂ ਤੱਕ ਕਿ ਹਰਿਆਣਾ ਦੇ ਅਕਾਲੀ ਆਗੂ ਵੀ ਆਪਣੀ ਹੀ ਪਾਰਟੀ ਵਿਰੁੱਧ ਡਟੇ ਹੋਏ ਹਨ। ਦੂਜੇ ਬੰਨੇ, ਪੰਜਾਬ ਦੇ ਭਾਜਪਾ ਆਗੂਆਂ ਦੀ ਹਾਲਤ ਵੀ ਅਜਿਹੀ ਹੀ ਹੈ। ਦੋਵੇਂ ਧਿਰਾਂ ਇਹ ਸੰਕੇਤ ਦੇਣ ਦੀ ਕੋਸ਼ਿਸ਼ ਵਿਚ ਹਨ ਕਿ ਉਨ੍ਹਾਂ ਨੂੰ ਪਾਰਟੀ ਨਾਲੋਂ ਆਪਣੇ ਸੂਬੇ ਦੇ ਹਿੱਤ ਵੱਧ ਪਿਆਰੇ ਹਨ। ਉਧਰ, ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਵੀ ਪੰਜਾਬ ਦੇ ਹੱਕ ਵਿਚ ਖੜ੍ਹਨ ਦਾ ਐਲਾਨ ਕਰ ਦਿੱਤਾ ਹੈ। ਯਾਦ ਰਹੇ ਕਿ ਕੇਜਰੀਵਾਲ ਹਰਿਆਣਾ ਜੇ ਜੰਮਪਲ ਹਨ ਤੇ ਵਿਰੋਧੀ ਧਿਰਾਂ ਵੱਲੋਂ ਪਾਣੀਆਂ ਦੇ ਮੁੱਦੇ 'ਤੇ ਸਥਿਤੀ ਸਾਫ ਕਰਨ ਲਈ ਉਨ੍ਹਾਂ ਉਤੇ ਦਬਾਅ ਬਣਾਇਆ ਜਾ ਰਿਹਾ ਸੀ। ਅਕਾਲੀ ਦਲ ਨੇ ਇਸ ਫੈਸਲੇ ਨਾਲ ਸੂਬਾ ਕਾਂਗਰਸ ਅਤੇ ਇਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਤੋਂ ਵੱਡਾ ਸਿਆਸੀ ਚੋਣ ਮੁੱਦਾ ਖੋਹ ਲਿਆ ਗਿਆ ਹੈ।

ਯਾਦ ਰਹੇ ਕਿ 12 ਜੁਲਾਈ 2004 ਨੂੰ ਕੈਪਟਨ ਅਮਰਿੰਦਰ ਸਿੰਘ ਨੇ ਦਲੇਰਾਨਾ ਕਦਮ ਚੁੱਕਦਿਆਂ ਸੂਬਾਈ ਵਿਧਾਨ ਸਭਾ ਵਿਚ 'ਟਰਮੀਨੇਸ਼ਨ ਆਫ ਵਾਟਰ ਐਗਰੀਮੈਂਟਸ ਐਕਟ-2004' ਪਾਸ ਕਰ ਕੇ ਜਿਥੇ ਦਰਿਆਈ ਪਾਣੀਆਂ ਦੀ ਵੰਡ-ਵੰਡਾਈ ਦੇ ਮਾਮਲੇ ਬਾਰੇ ਚੱਲ ਰਹੇ ਵਿਵਾਦ 'ਤੇ ਵਿਰਾਮ ਲਗਾ ਦਿੱਤਾ ਸੀ, ਉਥੇ ਸੂਬਾਈ ਹੱਕਾਂ ਦਾ ਪਹਿਰੇਦਾਰ ਹੋਣ ਦੀ ਅਕਾਲੀ ਦਲ ਦੀ ਸਾਖ ਨੂੰ ਧੱਕਾ ਲਾਇਆ ਸੀ।

ਹਰਿਆਣਾ ਸਰਕਾਰ ਵੱਲੋਂ ਇਤਰਾਜ਼ ਉਠਾਉਣ ਉਤੇ ਕੇਂਦਰ ਸਰਕਾਰ ਨੇ 22 ਜੁਲਾਈ 2004 ਨੂੰ ਇਸ ਐਕਟ ਦੀ ਵੈਧਤਾ ਸਬੰਧੀ ਰਾਸ਼ਟਰਪਤੀ ਦੇ ਹਵਾਲੇ ਤਹਿਤ ਸੁਪਰੀਮ ਕੋਰਟ ਤੋਂ ਸਲਾਹ ਮੰਗੀ ਸੀ ਜੋ ਹਾਲੇ ਤੱਕ ਵਿਚਾਰ ਅਧੀਨ ਹੈ। ਹਾਲ ਹੀ ਵਿਚ ਇਸ ਮੁੱਦੇ 'ਤੇ ਸੁਪਰੀਮ ਕੋਰਟ ਵੱਲੋਂ ਸ਼ੁਰੂ ਕੀਤੀ ਗਈ ਸੁਣਵਾਈ ਮੌਕੇ ਮੌਜੂਦਾ ਐਨ.ਡੀ.ਏ. ਸਰਕਾਰ ਵੱਲੋਂ ਹਰਿਆਣਾ ਪੱਖੀ ਹਲਫਨਾਮਾ ਪੇਸ਼ ਕਰਨ ਅਤੇ ਮਾਮਲੇ ਦੀ ਸੁਣਵਾਈ ਕਰ ਰਹੇ ਪੰਜ ਮੈਂਬਰੀ ਸੰਵਿਧਾਨਕ ਬੈਂਚ ਵਿਚ ਹਰਿਆਣਾ ਨਾਲ ਸਬੰਧਤ ਜਸਟਿਸ ਆਦਰਸ਼ ਕੁਮਾਰ ਗੋਇਲ ਦੀ ਸ਼ਮੂਲੀਅਤ ਖਿਲਾਫ਼ ਪੰਜਾਬ ਸਰਕਾਰ ਦੇ ਇਤਰਾਜ਼ ਰੱਦ ਹੋਣ ਨਾਲ ਸ਼੍ਰੋਮਣੀ ਅਕਾਲੀ ਦਲ ਦੀ ਸਥਿਤੀ ਹੋਰ ਵੀ ਕਸੂਤੀ ਹੋ ਗਈ ਸੀ।

ਉਧਰ, ਕੈਪਟਨ ਅਮਰਿੰਦਰ ਸਿੰਘ ਨੇ ਇਸ ਮੌਕੇ ਦਾ ਫਾਇਦਾ ਉਠਾਉਂਦਿਆਂ ਇਸ ਮੁੱਦੇ 'ਤੇ ਪੰਜਾਬ ਭਰ ਵਿਚ ਰੋਸ ਮਾਰਚ ਕਰਨ ਦਾ ਐਲਾਨ ਕਰ ਦਿੱਤਾ। ਵਿਧਾਨ ਸਭਾ ਚੋਣਾਂ ਨਜ਼ਦੀਕ ਆਉਣ ਕਾਰਨ ਅਕਾਲੀ-ਭਾਜਪਾ ਸਰਕਾਰ ਨੂੰ ਇਸ ਮਾਮਲੇ 'ਤੇ ਆਪਣੀ ਪੁਜ਼ੀਸ਼ਨ ਕੱਖੋਂ ਹੌਲੀ ਹੁੰਦੀ ਪ੍ਰਤੀਤ ਹੋ ਰਹੀ ਜਾਪੀ ਅਤੇ ਉਸ ਨੇ ਕੈਪਟਨ ਅਮਰਿੰਦਰ ਸਿੰਘ ਤੋਂ ਵੀ ਇਕ ਕਦਮ ਹੋਰ ਅੱਗੇ ਜਾਂਦਿਆਂ ਨਹਿਰ ਲਈ ਗ੍ਰਹਿਣ ਕੀਤੀ ਜ਼ਮੀਨ ਡੀ-ਨੋਟੀਫਾਈ ਕਰਨ ਅਤੇ ਅਸਲ ਮਾਲਕਾਂ ਨੂੰ ਵਾਪਸ ਦੇਣ ਦਾ ਐਲਾਨ ਕਰ ਕੇ ਜਿਥੇ ਸਿਆਸੀ ਹਲਕਿਆਂ


*(ਬਾਕੀ ਸਫਾ 6 'ਤੇ)*




### ਸਿਆਸੀ ਧਿਰਾਂ ਦੀ ਬੇਤੁਕੀ ਲੜਾਈ?

**ਚੰਡੀਗੜ੍ਹ:** ਪੰਜਾਬ ਦੇ ਪਾਣੀਆਂ ਦਾ ਵੱਡਾ ਹਿੱਸਾ ਤਾਂ ਪਹਿਲਾਂ ਹੀ ਰਾਜਸਥਾਨ ਤੇ ਹਰਿਆਣਾ ਨੂੰ ਦਿੱਤਾ ਜਾ ਚੁੱਕਾ ਹੈ ਤੇ ਇਸ ਪਾਣੀ ਦੀ ਉਹ ਪਿਛਲੇ 35-40 ਸਾਲ ਤੋਂ ਵਰਤੋਂ ਕਰਦੇ ਆ ਰਹੇ ਹਨ। ਹੁਣ ਜਿਹੜਾ ਸਤਲੁਜ-ਯਮਨਾ ਸੰਪਰਕ ਨਹਿਰ ਦਾ ਰੌਲਾ ਪੈ ਰਿਹਾ ਹੈ, ਇਸ ਨਹਿਰ ਰਾਹੀਂ ਹਰਿਆਣਾ ਨੇ 3.5 ਮਿਲੀਅਨ ਏਕੜ ਫੁੱਟ ਪਾਣੀ ਲੈ ਕੇ ਜਾਣਾ ਸੀ। ਤੱਥ ਦੱਸਦੇ ਹਨ ਕਿ ਹਰਿਆਣਾ ਨੇ ਭਾਖੜਾ ਨਹਿਰ ਦੀ ਸਮਰੱਥਾ ਵਿਚ ਵਾਧਾ ਕਰ ਕੇ ਇਸ ਵਿਚੋਂ 1.6 ਮਿਲੀਅਨ ਏਕੜ ਫੁੱਟ ਪਾਣੀ ਤਾਂ ਦੋ ਦਹਾਕੇ ਪਹਿਲਾਂ ਦਾ ਲਿਜਾਣਾ ਸ਼ੁਰੂ ਕੀਤਾ ਹੋਇਆ ਹੈ ਤੇ ਹੁਣ ਉਸ ਦੇ ਹਿੱਸਾ ਦਾ ਸਿਰਫ 1.8 ਮਿਲੀਅਨ ਏਕੜ ਫੁੱਟ ਪਾਣੀ ਹੀ ਹੋਰ ਬਚਦਾ ਹੈ। ਮਾਹਰਾਂ ਮੁਤਾਬਕ ਪਿਛਲੇ ਤਕਰੀਬਨ 30 ਸਾਲ ਦੇ ਵਕਫੇ ਵਿਚ ਪੰਜਾਬ ਦੇ ਦਰਿਆਵਾਂ ਵਿਚ 2.8 ਮਿਲੀਅਨ ਏਕੜ ਫੁੱਟ ਪਾਣੀ ਘਟ ਗਿਆ ਹੈ। ਜੇ ਪੰਜਾਬ ਤੇ ਹਰਿਆਣਾ ਨੂੰ ਅਲਾਟ ਪਾਣੀ ਦੇ ਹਿੱਸੇ 'ਚੋਂ ਇਹ ਕੱਢ ਦੇਈਏ ਤਾਂ ਦੋਵਾਂ ਰਾਜਾਂ ਦੇ ਹਿੱਸੇ ਵਿਚੋਂ 1.4-1.4 ਮਿਲੀਅਨ ਏਕੜ ਫੁੱਟ ਪਾਣੀ ਘਟ ਗਿਆ ਹੈ ਤੇ ਇਸ ਤਰ੍ਹਾਂ ਮਸਲਾ ਫਿਰ ਸਿਰਫ ਹਰਿਆਣਾ ਨੂੰ ਹੋਰ ਜਾਣ ਵਾਲੇ 0.4 ਮਿਲੀਅਨ ਏਕੜ ਫੁੱਟ (ਭਾਵ 4 ਲੱਖ ਏਕੜ ਫੁੱਟ) ਪਾਣੀ ਦਾ ਹੀ ਰਹਿ ਗਿਆ ਹੈ, ਕਿਉਂਕਿ ਸੰਪਰਕ ਨਹਿਰ ਰਾਹੀਂ ਹਰਿਆਣਾ ਨੂੰ ਜਾਣ ਵਾਲਾ ਪਾਣੀ 1.8 ਮਿਲੀਅਨ ਏਕੜ ਫੁੱਟ ਹੈ ਤੇ 1.4 ਮਿਲੀਅਨ ਏਕੜ ਫੁੱਟ ਪਾਣੀ ਦਰਿਆਵਾਂ ਵਿਚ ਘੱਟ ਹੋ ਗਿਆ। ਇਸ ਵੇਲੇ 11 ਮਿਲੀਅਨ ਏਕੜ ਫੁੱਟ ਪਾਣੀ ਰਾਜਸਥਾਨ ਤੇ 6.2 ਮਿਲੀਅਨ ਏਕੜ ਫੁੱਟ ਪਾਣੀ ਹਰਿਆਣਾ ਨੂੰ ਜਾ ਰਿਹਾ ਹੈ। ਅਜਿਹੀ ਹਾਲਤ ਵਿਚ ਸਵਾਲ ਇਹ ਉਠਦਾ ਹੈ ਕਿ ਸਿਆਸੀ ਆਗੂ ਇਕ ਵੀ ਬੂੰਦ ਪਾਣੀ ਨਾ ਜਾਣ ਦੀ ਦੁਹਾਈ ਕਿਉਂ ਦੇ ਰਹੇ ਹਨ?

## 'ਗਰੀਬ' ਸਰਕਾਰ ਦਾ ਅਮੀਰ ਬਜਟ

**ਚੰਡੀਗੜ੍ਹ:** ਪੰਜਾਬ ਵਿਚ ਸੱਤਾਧਾਰੀ ਧਿਰ ਅਕਾਲੀ ਦਲ-ਭਾਜਪਾ ਗੱਠਜੋੜ ਸਰਕਾਰ ਨੇ ਆਪਣੀ ਦੂਜੀ ਪਾਰੀ ਦੇ ਆਖਰੀ ਬਜਟ ਵਿਚ ਸੂਬੇ ਦੀ ਮਾੜੀ ਵਿੱਤੀ ਹਾਲਤ ਦੇ ਬਾਵਜੂਦ ਆਗਾਮੀ ਵਿਧਾਨ ਸਭਾ ਚੋਣਾਂ ਨੂੰ ਮੱਦੇਨਜ਼ਰ ਰੱਖਦਿਆਂ ਤਕਰੀਬਨ 1200 ਕਰੋੜ ਰੁਪਏ ਦੇ ਗੱਫੇ ਵੰਡਣ ਦਾ ਐਲਾਨ ਕੀਤਾ ਹੈ। ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਹਰ ਵਰਗ ਨੂੰ ਖੁਸ਼ ਕਰਨ ਦੀ ਨੀਅਤ ਨਾਲ ਕੋਈ ਵੀ ਟੈਕਸ ਨਾ ਲਾਉਣ ਦੇ ਨਾਲ-ਨਾਲ ਬਜਟ ਤਜਵੀਜ਼ਾਂ ਰਾਹੀਂ ਔਰਤਾਂ, ਨੌਜਵਾਨਾਂ, ਵਿਦਿਆਰਥੀਆਂ, ਕਿਸਾਨਾਂ, ਰੀਅਲ ਅਸਟੇਟ ਕਾਰੋਬਾਰੀਆਂ ਅਤੇ ਪਛੜੇ ਵਰਗਾਂ ਸਮੇਤ ਸਮਾਜ ਦੇ ਤਕਰੀਬਨ ਹਰ ਵਰਗ ਨੂੰ ਥੋੜ੍ਹੀ-ਬਹੁਤੀ ਰਾਹਤ ਦੇਣ ਦਾ ਯਤਨ ਕੀਤਾ ਹੈ। ਵਿਰੋਧੀ ਧਿਰ ਸਮੇਤ ਵਿੱਤੀ ਮਾਹਰਾਂ ਨੇ ਪੰਜਾਬ ਸਰਕਾਰ ਦੇ ਇਸ ਬਜਟ 'ਤੇ ਖੁੱਲ੍ਹ ਕੇ ਸਵਾਲ ਚੁੱਕੇ ਹਨ।



7982.83 ਕਰੋੜ ਰੁਪਏ ਦੇ ਘਾਟੇ ਵਾਲੇ ਬਜਟ ਦੇ ਇਸ ਵਿੱਤੀ ਸਾਲ ਦੀ ਸ਼ੁਰੂਆਤ ਹੀ 610 ਕਰੋੜ ਰੁਪਏ ਘਾਟੇ ਦੇ ਆਰੰਭਕ ਬਕਾਏ ਨਾਲ ਸ਼ੁਰੂ ਹੋਣੀ ਹੈ। ਬਜਟ ਤਜਵੀਜ਼ਾਂ ਤਹਿਤ ਮੁਲਾਜ਼ਮਾਂ ਦੀਆਂ ਤਨਖ਼ਾਹਾਂ, ਉਜਰਤਾਂ, ਪੈਨਸ਼ਨਾਂ, ਸੇਵਾ ਨਵਿਰਤੀ ਲਾਭਾਂ, ਵਿਆਜ


*(ਬਾਕੀ ਸਫਾ 6 'ਤੇ)*



**We Do Real Estate in Bay Area & Central Valley**
**We do loans anywhere in California**

Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011


Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving: All kinds of Sweets; Snacks & Food; Chaat & Tikki Stall; Pani Poori Stall; Bhel Poori / Pav Bhaji; Falooda Kulfi
Catering Services: Wedding Ceremonies; Receptions; Birthday Parties; Religious Gatherings; Corporate Events; Picnics / Bar-b-que
Additional Services: Warmers; Chaffing Dishes; China & Silverware; Linen Rental; Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)

Manpreet S. Gahra
*Attorney At Law*
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com


HIGH QUALITY PICTURE
HD TVI, SDI, IP
We install anywhere in California
NEW TREND IN SECURITY SYSTEM
ULTRA HIGH DEFINITION
MOTORIZED LENS
Call Sukhpal for your next security solution purchase
2 YEAR WARRANTY
vista
CCTV TECHNOLOGY
SOLUTION PROVIDER COMPANY
661-586-5080
commvision@sbcglobal.net


ਸੰਜਨਾ ਪ੍ਰਭਾਕਰ
ਸੀਨੀਅਰ ਮਾਰਟਗੇਜ ਕੰਸਲਟੈਂਟ
ਕੀ ਤੁਸੀਂ ਆਪਣਾ ਪਹਿਲਾ ਘਰ ਖਰੀਦਣਾ ਚਾਹੁੰਦੇ ਹੋ ਜਾਂ ਹੁਣ ਵਾਲੇ ਘਰ ਨੂੰ ਰੀਫਿਨਾਂਸ ਕਰਾਉਣਾ ਚਾਹੁੰਦੇ ਹੋ?
ਕੀ ਤੁਸੀਂ ਜਾਣਨਾ ਚਾਹੁੰਦੇ ਹੋ ਕਿ ਤੁਹਾਨੂੰ ਘਰ ਲਈ ਕਿੰਨਾ ਲੋਨ ਮਿਲ ਸਕਦਾ ਹੈ?
ਤੁਸੀਂ ਪ੍ਰੀ-ਅਪਰੂਵਲ ਲੈਟਰ ਲੈਣਾ ਚਾਹੁੰਦੇ ਹੋ ਜਾਂ ਤੁਹਾਡੇ ਮਨ ਵਿਚ ਕੋਈ ਹੋਰ ਸਵਾਲ ਹੈ?
ਅੱਜ ਹੀ ਪੰਜਾਬੀ ਵਿਚ ਗੱਲ ਕਰਨ ਲਈ ਸੰਜਨਾ ਨੂੰ ਫੋਨ ਕਰੋ
408-905-9849
email: sanjana.prabhakar@gmail.com
ਸੰਜਨਾ ਪ੍ਰਭਾਕਰ
ਅਨੁਭਵੀ ਮਾਰਟਗੇਜ ਕੰਸਲਟੈਂਟ
NMLS # 378390
Arcus LENDING
America's Premier Mortgage Experts
Arcus NMLS # 1035734
ਸੰਜਨਾ ਦੇ ਦੱਸੇ ਰਿਐਲਟਰ ਰਾਹੀਂ ਘਰ ਲਓ ਅਤੇ ਰਿਅਲ ਅਸਟੇਟ ਦਾ ਕਲੋਜ਼ਿੰਗ ਖਰਚਾ ਬਚਾਓ
Work with her preferred realtor and save money on real estate closing cost.


STATEN SOLAR
AFFORDABLE ENERGY FOR EVERYONE
Save with Solar
Commercial, Agricultural and Residential
For South California
Simran Deol
Solar Engineer
661-412-4728
661-427-0843 (fax)
BYE BILL
No One Can Beat Our Price Guaranteed!
Top Quality Product *20 Years Performance Guarantee
*25 Years Guarantee for Panels *Free Maintenance for 20 Years *No Need to worry about increasing utility
*Professional Installation *24/7 Monitoring
For North California
Balwinder Garcha
Sales Rep Bay Area
by North California
510-468-9525

# ਗੁਰਦੁਆਰਾ ਫਰੀਮਾਂਟ ਚੋਣਾਂ: ਸਿੱਖ ਪੰਚਾਇਤ ਨੂੰ ਵੱਡੀ ਜਿੱਤ ਹਾਸਲ


**ਫਰੀਮਾਂਟ (ਬਿਊਰੋ):** ਗੁਰਦੁਆਰਾ ਫਰੀਮਾਂਟ ਦੀ ਪੰਜ ਮੈਂਬਰੀ ਸੁਪਰੀਮ ਕੌਂਸਲ ਦੀਆਂ ਲੰਘੀ 13 ਮਾਰਚ ਨੂੰ ਹੋਈਆਂ ਚੋਣਾਂ ਵਿਚ ਮੌਜੂਦਾ ਕਾਬਜ਼ ਗਰੁਪ ਸਿੱਖ ਪੰਚਾਇਤ ਨੂੰ ਬਹੁਤ ਵੱਡੀ ਜਿੱਤ ਹਾਸਲ ਹੋਈ ਹੈ ਅਤੇ ਇਸ ਦੇ ਪੰਜੇ ਉਮੀਦਵਾਰ ਜੇਤੂ ਰਹੇ ਹਨ। ਚੋਣਾਂ ਵਿਚ ਤਿੰਨ ਸਲੇਟਾਂ ਵਿਚਾਲੇ ਮੁਕਾਬਲਾ ਸੀ। ਦੂਜੀਆਂ ਦੋ ਸਲੇਟਾਂ ਸਨ-ਬੇਏਰੀਆ ਸਿੱਖ ਅਲਾਇੰਸ ਆਰਗੇਨਾਈਜੇਸ਼ਨ ਅਤੇ ਸਿੱਖ ਪੰਚਾਇਤ ਤੋਂ ਵੱਖ ਹੋਈ ਭਾਈ ਜਸਵਿੰਦਰ ਸਿੰਘ ਜੰਡੀ ਦੀ ਪੰਥਕ ਸਲੇਟ। ਸਿੱਖ ਪੰਚਾਇਤ ਅਤੇ ਦੂਜੇ ਥਾਂ ਰਹੀ ਬੇਏਰੀਆ ਸਿੱਖ ਅਲਾਇੰਸ ਆਰਗੇਨਾਈਜੇਸ਼ਨ ਸਲੇਟ ਦੀਆਂ ਵੋਟਾਂ ਵਿਚਾਲੇ ਅੱਧੋ ਅੱਧ ਦਾ ਫਰਕ ਹੈ। ਇੰਜ ਸਿੱਖ ਪੰਚਾਇਤ ਦੇ ਇਹ ਦਾਅਵੇ ਸੱਚ ਸਾਬਤ ਹੋਏ ਹਨ ਕਿ ਪਿਛਲੇ ਚਾਰ ਸਾਲਾਂ ਦੌਰਾਨ ਇਸ ਦੇ ਨੁਮਾਇੰਦਿਆਂ ਨਾਲ ਬਣੀ ਸੁਪਰੀਮ ਕੌਂਸਲ ਵਲੋਂ ਕੀਤੇ ਗਏ ਉਸਾਰੂ ਕੰਮਾਂ ਕਰ ਕੇ ਸੰਗਤ ਉਨ੍ਹਾਂ ਨੂੰ ਭਾਰੀ ਬਹੁਮਤ ਨਾਲ ਜਿਤਾਏਗੀ।

ਸਿੱਖ ਪੰਚਾਇਤ ਦੀ ਉਮੀਦਵਾਰ ਬੀਬੀ ਅਰਵਿੰਦਰਜੀਤ ਕੌਰ ਨੂੰ ਸਭ ਤੋਂ ਵੱਧ, 2605 ਵੋਟਾਂ ਮਿਲੀਆਂ ਜਦੋਂ ਕਿ ਬਾਕੀ ਉਮੀਦਵਾਰਾਂ ਹਰਿੰਦਰਪਾਲ ਸਿੰਘ ਨੂੰ 2522, ਜਸਦੇਵ ਸਿੰਘ ਨੂੰ 2520, ਗੁਰਿੰਦਰ ਸਿੰਘ ਨੂੰ 2505 ਅਤੇ ਪਰਮਿੰਦਰ ਸਿੰਘ ਨੂੰ 2464 ਵੋਟਾਂ ਮਿਲੀਆਂ। ਬੇਏਰੀਆ ਸਿੱਖ ਅਲਾਇੰਸ ਆਰਗੇਨਾਈਜੇਸ਼ਨ ਦੇ ਉਮੀਦਵਾਰ ਅਵਤਾਰ ਸਿੰਘ ਧਾਮੀ ਨੂੰ 1338, ਦਵਿੰਦਰ ਸਿੰਘ ਚਾਨਾ ਨੂੰ 1294, ਬਲਵੰਤ ਸਿੰਘ ਧਾਲੀਵਾਲ ਨੂੰ 1250, ਵਿਕਰਮਜੀਤ ਸਿੰਘ ਨੂੰ 1236 ਅਤੇ ਹਰਿੰਦਰ ਸਿੰਘ ਕਲੇਰ ਨੂੰ 1229 ਵੋਟਾਂ ਮਿਲੀਆਂ।

ਤੀਜੇ ਥਾਂ ਰਹੀ ਪੰਥਕ ਸਲੇਟ ਦੇ ਮੋਢੀ ਜਸਵਿੰਦਰ ਸਿੰਘ ਜੰਡੀ ਨੂੰ 1151, ਨਿਰਮਲ ਸਿੰਘ ਖਾਲਸਾ ਨੂੰ 1052, ਹਰਬੰਸ ਸਿੰਘ ਨੂੰ 864, ਭੁਪਿੰਦਰਪਾਲ ਸਿੰਘ ਨੂੰ 844 ਅਤੇ ਅਮਰਜੀਤ ਸਿੰਘ ਨੂੰ 837 ਵੋਟਾਂ ਮਿਲੀਆਂ। ਇੱਕੋ ਇੱਕ ਆਜ਼ਾਦ ਉਮੀਦਵਾਰ ਜੁਗਰਾਜ ਸਿੰਘ ਧਾਲੀਵਾਲ ਨੂੰ ਸਿਰਫ 28 ਵੋਟਾਂ ਮਿਲ ਸਕੀਆਂ।


ਵੋਟਾਂ ਦੀ ਗਿਣਤੀ ਵਿਚ ਕਾਫੀ ਲੰਮਾ ਸਮਾਂ ਲੱਗਿਆ ਅਤੇ ਇਨ੍ਹਾਂ ਚੋਣਾਂ ਵਿਚ ਦਿਲਚਸਪੀ ਰੱਖਣ ਵਾਲੇ ਲੋਕਾਂ ਨੂੰ ਨਤੀਜਿਆਂ ਦੀ ਉਡੀਕ ਬੇਸਬਰੀ ਨਾਲ ਅੱਧੀ ਰਾਤ ਤੱਕ ਕਰਨੀ ਪਈ।

ਅਮਰੀਕਾ ਦੀ ਸਿੱਖ ਸਿਆਸਤ ਵਿਚ


ਅਰਵਿੰਦਰ ਕੌਰ


ਜਸਦੇਵ ਸਿੰਘ


ਗੁਰਿੰਦਰ ਸਿੰਘ


ਹਰਿੰਦਰਪਾਲ ਸਿੰਘ


ਪਰਮਿੰਦਰ ਸਿੰਘ

ਅਹਿਮ ਸਮਝੇ ਜਾਂਦੇ ਗੁਰਦੁਆਰਾ ਫਰੀਮਾਂਟ (300 ਗੁਰਦੁਆਰਾ ਰੋਡ) ਦੀ ਪੰਜ ਮੈਂਬਰੀ ਸੁਪਰੀਮ ਕੌਂਸਲ ਦੀ ਚੋਣ ਹਰ ਦੋ ਸਾਲ ਬਾਅਦ ਹੁੰਦੀ ਹੈ ਅਤੇ ਪਿਛਲੀਆਂ ਦੋਹਾਂ ਚੋਣਾਂ ਵਿਚ ਲੰਮਾ ਸਮਾਂ ਇਕ ਦੂਜੇ ਦੇ ਕੱਟੜ ਵਿਰੋਧੀ ਰਹੇ ਦੋ ਵੱਡੇ ਗੁੱਟਾਂ ਦੇ ਇਕੱਠੇ ਹੋ ਜਾਣ ਨਾਲ ਬਣੀ ਸਿੱਖ ਪੰਚਾਇਤ ਜੇਤੂ ਰਹੀ ਹੈ।

ਸਿੱਖ ਪੰਚਾਇਤ ਦਾ ਕਹਿਣਾ ਹੈ ਕਿ ਵਿਰੋਧੀਆਂ ਦਾ ਇਸ ਵਿਰੁਧ 'ਝੂਠਾ ਭੰਡੀ ਪ੍ਰਚਾਰ' ਉਨ੍ਹਾਂ ਦੇ ਆਪਣੇ ਵਿਰੁਧ ਹੀ ਭੁਗਤਿਆ ਜਦੋਂ ਸਿੱਖ ਪੰਚਾਇਤ ਦੇ ਹਮਾਇਤੀਆਂ ਨੇ ਘਰ-ਘਰ ਜਾ ਕੇ ਕੂੜ ਪ੍ਰਚਾਰ ਨੂੰ ਠੱਲ੍ਹ ਪਾ ਦਿੱਤੀ।

ਸਿੱਖ ਪੰਚਾਇਤ ਦਾ ਕਹਿਣਾ ਹੈ ਕਿ ਸੰਗਤ ਵਿਚ ਗੁਰੂ ਘਰ ਦੇ ਮੌਜੂਦਾ ਪ੍ਰਬੰਧਕਾਂ ਸਿੱਖ ਪੰਚਾਇਤ ਦਾ ਸਿੱਖ ਮਸਲਿਆਂ ਪ੍ਰਤੀ ਦ੍ਰਿੜ ਸੋਚ, ਸਹੀ ਪਹੁੰਚ ਅਤੇ ਗੁਰੂ ਘਰ ਵਿਖੇ ਕੀਤੇ ਗਏ ਬਹੁਪੱਖੀ ਕੰਮਾਂ ਕਰਕੇ ਪਹਿਲਾਂ ਹੀ ਬਹੁਤ ਵਧੀਆ ਅਕਸ ਬਣਿਆ ਹੋਇਆ ਸੀ ਅਤੇ ਇਸ ਨੇ ਆਪਣੀ ਚੋਣ ਮੁਹਿੰਮ ਸੁਚੱਜੇ ਢੰਗ ਨਾਲ ਚਲਾ ਕੇ ਆਪਣੀ ਇਮਾਨਦਾਰੀ ਅਤੇ ਆਪਣਾ ਸੱਚ ਸੰਗਤਾਂ ਦੇ ਮਨੀਂ ਬਿਠਾ ਦਿੱਤਾ, ਜਿਸ ਕਰਕੇ ਵੱਡੀ ਜਿੱਤ ਹਾਸਲ ਹੋਈ। ਇਸ ਦਾ ਇਹ ਵੀ ਦਾਅਵਾ ਹੈ ਕਿ ਇਸ ਦੀ ਮੁੱਖ ਵਿਰੋਧੀ ਧਿਰ ਬੇਏਰੀਆ ਸਿੱਖ ਅਲਾਇੰਸ ਆਰਗੇਨਾਈਜੇਸ਼ਨ ਦੇ ਆਗੂਆਂ ਦੇ ਬਾਦਲ ਅਕਾਲੀ ਦਲ ਅਤੇ ਗੁਰਬਖ਼ਸ਼ ਸਿੰਘ ਕਾਲਾ ਅਫਗਾਨਾ ਨਾਲ ਸਬੰਧ ਵੀ ਉਸ ਦੇ ਵਿਰੁਧ ਭੁਗਤੇ। ਇਸ ਤੋਂ ਇਲਾਵਾ ਇਸ ਵਲੋਂ ਸਿੱਖ ਪੰਚਾਇਤ ਦੇ ਪ੍ਰਬੰਧਕਾਂ ਵਿਰੁਧ ਬਿਨਾ ਠੋਸ ਸਬੂਤਾਂ ਦੇ ਕੀਤਾ ਗਿਆ ਪ੍ਰਚਾਰ ਵੀ ਉਲਟਾ ਪਿਆ।

ਸਿੱਖ ਪੰਚਾਇਤ ਦਾ ਇਹ ਵੀ ਕਹਿਣਾ ਹੈ ਕਿ ਭਾਈ ਜਸਵਿੰਦਰ ਸਿੰਘ ਜੰਡੀ ਨੂੰ ਸਿੱਖ ਪੰਚਾਇਤ ਤੋਂ ਚੋਣਾਂ ਮੌਕੇ ਤੋੜ-ਵਿਛੋੜਾ ਕਰ ਜਾਣ ਕਾਰਨ ਸੰਗਤ ਦੇ ਗੁੱਸੇ ਦਾ ਸਾਹਮਣਾ ਕਰਨਾ ਪਿਆ।

ਸਿੱਖ ਪੰਚਾਇਤ ਦੇ ਆਗੂਆਂ ਅਨੁਸਾਰ ਜਿੱਤ ਦਾ ਵੱਡਾ ਕਾਰਨ ਗੁਰਦੁਆਰਾ ਸਾਹਿਬ ਦੀ ਆਮਦਨ ਪਿਛਲੇ ਤਿੰਨ ਸਾਲਾਂ ਵਿਚ ਲਗਾਤਾਰ ਵੱਧਣਾ ਹੈ, ਜਿਸ ਕਰਕੇ ਬਿਨਾਂ ਕਰਜ਼ਾ ਲਿਆਂ ਨਵੀਂ ਇਮਾਰਤ ਬਣ ਰਹੀ ਹੈ। ਸਿੱਖ ਪੰਚਾਇਤ ਨੇ ਆਪਣੇ ਕੀਤੇ ਕੰਮਾਂ ਦੇ ਆਧਾਰ 'ਤੇ ਹੀ ਵੋਟਾਂ ਮੰਗੀਆਂ ਸਨ, ਜਿਨ੍ਹਾਂ ਵਿਚ ਉਸਾਰੀ ਦੇ ਪ੍ਰਾਜੈਕਟ ਮੁੱਖ ਸਨ।

ਜੇਤੂ ਸਿੱਖ ਪੰਚਾਇਤ ਨੇ ਚੋਣ ਨਤੀਜਿਆਂ ਨੂੰ ਸੱਚ ਦੀ ਜਿੱਤ ਕਰਾਰ ਦਿੰਦਿਆਂ ਸੰਗਤ, ਵਾਲੰਟੀਅਰਾਂ ਅਤੇ ਵਰਕਰਾਂ ਦਾ ਧੰਨਵਾਦ ਕੀਤਾ ਹੈ। ਨਾਲ ਹੀ ਵਿਸ਼ਵਾਸ ਦਿਵਾਇਆ ਕਿ ਉਹ ਬਿਨਾਂ ਭੇਦ ਭਾਵ ਅਤੇ ਪੱਖਪਾਤ ਦੇ ਸਮੂਹ ਮੈਂਬਰਾਂ ਦੇ ਸਹਿਯੋਗ ਨਾਲ ਗੁਰੂ ਘਰ ਦੇ ਅਧੂਰੇ ਕਾਰਜ ਮੁਕੰਮਲ ਕਰਨ ਨੂੰ ਪਹਿਲ ਦੇਵੇਗੀ।

ਇਸੇ ਦੌਰਾਨ ਪੰਥਕ ਸਲੇਟ ਦੇ ਮੋਢੀ ਭਾਈ ਜਸਵਿੰਦਰ ਸਿੰਘ ਜੰਡੀ ਅਤੇ ਸਮੁੱਚੀ ਟੀਮ ਨੇ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਹੈ ਕਿ ਸੰਗਤ ਨੇ ਜੋ ਵੀ ਫੈਸਲਾ ਕਰ ਕੇ ਜਿੱਤ ਸਿੱਖ ਪੰਚਾਇਤ ਦੀ ਝੋਲੀ ਪਾਈ ਹੈ, ਪੰਥਕ ਸਲੇਟ ਉਸ ਨੂੰ ਖਿੜੇ ਮੱਥੇ ਪ੍ਰਵਾਨ ਕਰਦੀ ਹੈ। ਉਨ੍ਹਾਂ ਪੰਥਕ ਸਲੇਟ ਵਲੋਂ ਇਕ ਬਿਆਨ ਰਾਹੀਂ ਕਿਹਾ ਹੈ ਕਿ ਚੋਣ ਮੁਹਿੰਮ ਦੌਰਾਨ ਜੇਕਰ ਕੋਈ ਵੀ ਸ਼ਬਦ ਕਿਸੇ ਦੀ ਸ਼ਾਨ ਦੇ ਖਿਲਾਫ ਬੋਲਿਆ ਗਿਆ ਹੋਵੇ, ਉਸ ਦੀ ਅਸੀਂ ਮੁਆਫੀ ਮੰਗਦੇ ਹਾਂ ਅਤੇ ਆਸ ਕਰਦੇ ਹਾਂ ਕਿ ਸੰਗਤਾਂ ਇਸ ਨੂੰ ਚੋਣ ਮੁਹਿੰਮ ਤੱਕ ਹੀ ਸੀਮਤ ਰੱਖਣਗੀਆਂ, ਕਿਉਂਕਿ ਚੋਣਾਂ ਲੰਘ ਗਈਆਂ ਹਨ ਅਤੇ ਆਪਾਂ ਗੁਰੂ ਘਰ ਵਿਚ ਸੰਗਤੀ ਰੂਪ ਵਿਚ ਮਿਲ ਬੈਠ ਕੇ ਪੰਥ ਦੀ ਚੜ੍ਹਦੀ ਕਲਾ ਲਈ ਕੰਮ ਕਰਨੇ ਹਨ। ਉਨ੍ਹਾਂ ਕਿਹਾ ਕਿ ਪੰਥਕ ਸਲੇਟ ਗੁਰਦੁਆਰਾ ਫਰੀਮਾਂਟ ਦੇ ਉਸਾਰੀ ਪ੍ਰਾਜੈਕਟਾਂ ਵਿਚ ਆਪਣਾ ਬਣਦਾ-ਸਰਦਾ ਯੋਗਦਾਨ ਜਰੂਰ ਪਾਉਂਦੀ ਰਹੇਗੀ।


ਜਸਵਿੰਦਰ ਸਿੰਘ ਜੰਡੀ

## ਬਾਸਾਓ ਨੂੰ ਸੰਗਤ ਦਾ ਫਤਵਾ ਪ੍ਰਵਾਨ

**ਫਰੀਮਾਂਟ: (ਬਿਊਰੋ):** ਬੇਏਰੀਆ ਸਿੱਖ ਅਲਾਇੰਸ ਆਰਗੇਨਾਈਜੇਸ਼ਨ (ਬਾਸਾਓ) ਨੇ ਇਕ ਬਿਆਨ ਵਿਚ ਕਿਹਾ ਹੈ ਕਿ ਇਹ ਚੋਣ ਵਿਚ ਸੰਗਤ ਵਲੋਂ ਦਿੱਤੇ ਗਏ ਫਤਵੇ ਦਾ ਸਤਿਕਾਰ ਕਰਦੀ ਹੈ ਅਤੇ ਇਸ ਨੂੰ ਖਿੜੇ ਮੱਥੇ ਪ੍ਰਵਾਨ ਕਰਦੀ ਹੈ।

ਜਥੇਬੰਦੀ ਦੇ ਸਕੱਤਰ ਅਮਰਜੀਤ ਸਿੰਘ ਸਿੱਧੂ ਵਲੋਂ ਜਾਰੀ ਇਕ ਬਿਆਨ ਵਿਚ ਨਵੇਂ ਸੇਵਾਦਾਰਾਂ ਨੂੰ ਵਧਾਈ ਦਿੰਦਿਆਂ ਭਰੋਸਾ ਦਿਵਾਇਆ ਗਿਆ ਹੈ ਕਿ ਗੁਰੂਘਰ ਦੇ ਪ੍ਰਬੰਧ ਵਿਚ ਸੁਧਾਰਾਂ ਲਈ ਜਥੇਬੰਦੀ ਹਮੇਸ਼ਾ ਸਾਥ ਦੇਵੇਗੀ। ਉਮੀਦ ਹੈ ਕਿ ਇਹ ਸੇਵਾਦਾਰ ਗੁਰੂਘਰ ਦੇ ਪ੍ਰਬੰਧ ਵਿਚ ਬੇਈਮਾਨੀ ਦਾ ਅਜਿਹਾ ਪ੍ਰਭਾਵ ਕਿਸੇ ਨੂੰ ਵੀ ਮਹਿਸੂਸ ਨਹੀਂ ਹੋਣ ਦੇਣਗੇ ਜਿਹੋ ਜਿਹਾ ਪਿਛਲੇ ਪ੍ਰਬੰਧਕਾਂ ਵਲੋਂ ਵੋਟਾਂ ਬਣਾਉਣ ਸਮੇਂ ਦਿੱਤਾ ਗਿਆ ਸੀ।

ਜਥੇਬੰਦੀ ਨੇ ਸੰਗਤ ਨੂੰ ਵੀ ਚੋਣ ਵਿਚ ਜਿੱਤੇ ਸਿੱਖ ਪੰਚਾਇਤ ਦੇ ਨੁਮਾਇੰਦਿਆਂ ਨੂੰ ਉਨ੍ਹਾਂ ਵਲੋਂ ਗੁਰੂ ਦੀ ਹਜ਼ੂਰੀ ਵਿਚ ਕੀਤੇ ਵਾਅਦੇ ਯਾਦ ਕਰਾਉਂਦੇ ਰਹਿਣ ਲਈ ਸੁਚੇਤ ਕੀਤਾ ਹੈ ਕਿਉਂਕਿ ਇਨਸਾਨ ਦੀ ਯਾਦਸ਼ਕਤੀ ਥੋੜਚਿਰੀ ਹੁੰਦੀ ਹੈ। ਪ੍ਰਬੰਧਕਾਂ ਨੇ ਚੋਣਾਂ ਵਾਲੇ ਦਿਨ ਤੋਂ ਬਾਅਦ ਗੁਰੂ ਘਰ ਦੇ ਇੰਟਰਨੈਟ ਪੇਜ 'ਤੇ ਫਾਈਨੈਂਸ਼ਲ ਟੈਬ ਨੂੰ ਫਿਰ ਲਾਕ ਕਰ ਦਿੱਤਾ ਹੈ। ਜਥੇਬੰਦੀ ਨੇ ਵਿਅੰਗ ਨਾਲ ਕਿਹਾ ਹੈ ਕਿ ਇਹ ਗੁਰੂ ਘਰ ਦਾ ਹਿਸਾਬ-ਕਿਤਾਬ ਪਾਰਦਰਸ਼ੀ ਹੋਣ ਦੀ ਪਹਿਲੀ ਮਿਸਾਲ ਹੈ।


**Anu Attorney**
**Professional Law Group, PLLC.**

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC


*Anu Peshawaria*
Attorney at Law
*Licensed to practice Immigration in all 50 states.*
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW *(Only In WA)*
*Divorce *Annulment
*International Custody

INCORPORATIONS *(Only In WA)*
*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available



ONE | REALTYONEGROUP AMERICAN

ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਉ

ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਸਮਾਂ

ਆਪਣਾ ਘਰ ਖਰੀਦਣ ਜਾਂ ਵੇਚਣ ਵਾਸਤੇ ਸਲਾਹ ਲਈ ਇੱਕ ਵਾਰ ਸੰਪਰਕ ਕਰੋ

ਪਹਿਲਾਂ ਘਰ ਲੀਜ਼ 'ਤੇ ਲਓ ਤੇ ਫਿਰ ਖਰੀਦੋ

Duplex, Four Plax ਅਤੇ Apartment Building ਵਿਚ Investment ਲਈ ਕਾਲ ਕਰੋ ਜੀ

ਜਗਦੇਵ ਸਿੰਘ
ਫੋਨ: 510-689-4625


JAGDEV SINGH
*Realtor*
CalBre #01423409
42820 Albrae, St.,
Fremont, CA 94538

REALTOR® EQUAL HOUSING OPPORTUNITY

# ਜਾਟ ਅੰਦੋਲਨ: ਸਰਕਾਰੀ ਸ਼ਹਿ 'ਤੇ ਵਾਪਰੀਆਂ ਲੁੱਟਮਾਰ ਦੀ ਘਟਨਾਵਾਂ

## ਜਮਹੂਰੀ ਅਧਿਕਾਰ ਸਭਾ ਵੱਲੋਂ ਰਿਪੋਰਟ ਵਿਚ ਦਾਅਵਾ



**ਚੰਡੀਗੜ੍ਹ:** ਜਮਹੂਰੀ ਅਧਿਕਾਰ ਸਭਾ ਪੰਜਾਬ ਵੱਲੋਂ ਜਾਰੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਜਾਟ ਅੰਦੋਲਨ ਦੌਰਾਨ ਦੰਗਾਕਾਰੀਆਂ ਨੂੰ ਕਤਲ ਤੇ ਲੁੱਟ ਦੀ ਖੁੱਲ੍ਹ ਦੇਣ ਵਾਸਤੇ ਸਰਕਾਰ ਤੇ ਪ੍ਰਸ਼ਾਸਨ ਨੇ 36 ਘੰਟਿਆਂ ਲਈ ਜਾਣਬੁੱਝ ਕੇ ਅੱਖਾਂ ਬੰਦ ਰੱਖੀਆਂ। ਦੰਗਾਕਾਰੀਆਂ ਨੇ ਸਰਕਾਰ ਦੀ ਸ਼ਹਿ 'ਤੇ 19 ਤੋਂ 21 ਫਰਵਰੀ ਤੱਕ ਪੰਜਾਬੀਆਂ ਖਾਸ ਕਰ ਕੇ ਗੈਰ ਜਾਟ ਭਾਈਚਾਰਿਆਂ ਨੂੰ ਨਿਸ਼ਾਨਾ ਬਣਾਇਆ। ਰਿਪੋਰਟ ਮੁਤਾਬਕ ਜਬਰ ਜਨਾਹ, ਲੁੱਟ ਅਤੇ ਅੱਗ ਲਾਉਣ ਦੀਆਂ 99 ਫੀਸਦੀ ਵਾਰਦਾਤਾਂ 'ਤੇ ਪਰਦਾ ਪਾਇਆ ਗਿਆ ਹੈ। ਰਿਪੋਰਟ ਵਿਚ ਇਨ੍ਹਾਂ ਘਟਨਾਵਾਂ ਦੀ ਜਾਂਚ ਸੁਪਰੀਮ ਕੋਰਟ ਦੇ ਜੱਜ ਤੋਂ ਕਰਵਾਉਣ ਦੀ ਮੰਗ ਕੀਤੀ ਗਈ ਹੈ। ਸਭਾ ਵੱਲੋਂ ਇਹ ਰਿਪੋਰਟ ਸੰਯੁਕਤ ਰਾਸ਼ਟਰ, ਪ੍ਰਧਾਨ ਮੰਤਰੀ ਅਤੇ ਸੁਪਰੀਮ ਕੋਰਟ ਨੂੰ ਭੇਜੀ ਜਾ ਰਹੀ ਹੈ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਜਮਹੂਰੀ ਅਧਿਕਾਰ ਸਭਾ ਦੇ ਪੰਜ ਨੁਮਾਇੰਦਿਆਂ ਦੀ ਟੀਮ ਜਦੋਂ ਹਰਿਆਣਾ ਵਿਚ ਸੱਚ ਦਾ ਪਤਾ ਲਾਉਣ ਗਈ ਤਾਂ ਸਾਦੇ ਕੱਪੜਿਆਂ ਵਿਚ ਪੁਲਿਸ ਵਾਲਿਆਂ ਨੇ ਘੇਰਾ ਪਾਈ ਰੱਖਿਆ ਅਤੇ ਪੁਲਿਸ ਵੱਲੋਂ ਲੋਕਾਂ ਨੂੰ ਬਿਆਨ ਦੇਣ ਤੋਂ ਰੋਕਿਆ ਗਿਆ। ਮੈਂਬਰਾਂ ਨੇ ਉਥੇ ਮੌਜੂਦ ਫੌਜ ਦੇ ਜਵਾਨਾਂ ਨਾਲ ਕੀਤੀ ਗੱਲਬਾਤ ਦੇ ਹਵਾਲੇ ਨਾਲ ਦੱਸਿਆ ਹੈ ਕਿ ਫੌਜੀਆਂ ਨੂੰ ਕਾਰਵਾਈ ਦੇ ਹੁਕਮ ਹੀ ਨਹੀਂ ਦਿੱਤੇ ਗਏ। ਹਿੰਸਾ ਦੇ ਦੌਰ ਦੌਰਾਨ ਇਕ ਫੌਜੀ ਜਵਾਨ ਵੀ ਜ਼ਖ਼ਮੀ ਹੋਇਆ ਸੀ। ਕਮੇਟੀ ਦੇ ਮੈਂਬਰਾਂ ਦਾ ਮੰਨਣਾ ਹੈ ਕਿ ਭਾਜਪਾ ਦੇ ਸੰਸਦ ਮੈਂਬਰ ਰਾਜ ਕੁਮਾਰ ਸੈਣੀ ਵੱਲੋਂ ਜਾਟਾਂ ਵਿਰੁੱਧ ਦਿੱਤੇ ਬਿਆਨ ਕਰ ਕੇ ਉਥੇ ਵੱਸਦੇ ਸੈਣੀ ਭਾਈਚਾਰੇ ਨੂੰ ਮੁੱਖ ਤੌਰ 'ਤੇ ਨਿਸ਼ਾਨਾ ਬਣਾਇਆ ਗਿਆ।

ਸਭਾ ਦੇ ਮੈਂਬਰਾਂ ਨੇ ਕੌਮੀ ਮਾਰਗ ਨੰਬਰ-1 'ਤੇ ਵਾਪਰੀਆਂ ਘਟਨਾਵਾਂ ਨਾਲ ਸਭ ਤੋਂ ਵੱਧ ਨੁਕਸਾਨ ਹੋਣ ਦੀ ਗੱਲ ਕਹੀ ਹੈ। ਰਿਪੋਰਟ ਮੁਤਾਬਕ ਅਪੋਲੋ ਸਕੂਲ, ਮੰਨਤ ਹਵੇਲੀ, ਸੁਖਦੇਵ ਢਾਬਾ, ਪਿੰਡ ਹਸਨਪੁਰ, ਕੁਰਾਹੜ, ਮੁਰਥਲ ਸਮੇਤ ਕਈ ਹੋਰ ਢਾਬਿਆਂ ਅਤੇ ਪੈਟਰੋਲ ਪੰਪਾਂ ਤੋਂ ਜਾਣਕਾਰੀ ਇਕੱਤਰ ਕਰਨ 'ਤੇ ਪਤਾ ਲੱਗਿਆ ਕਿ ਲੋਕ ਹਾਲੇ ਵੀ ਦਹਿਸ਼ਤ ਵਿਚ ਹਨ ਅਤੇ ਸਰਕਾਰ ਦਾ ਸਾਰਾ ਜ਼ੋਰ ਸਬੂਤ ਖਤਮ ਕਰਨ 'ਤੇ ਲੱਗਿਆ ਹੋਇਆ ਹੈ।

ਇਨ੍ਹਾਂ ਥਾਵਾਂ ਉਤੇ ਕੰਮ ਕਰਦੇ ਲੋਕਾਂ ਨੇ ਦੱਸਿਆ ਕਿ ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਜੰਮੂ ਕਸ਼ਮੀਰ ਦੇ ਨੰਬਰਾਂ ਵਾਲੀਆਂ ਗੱਡੀਆਂ ਨੂੰ ਮਿੱਥ ਕੇ ਨਿਸ਼ਾਨਾ ਬਣਾਇਆ ਗਿਆ। ਮੁਰਥਲ ਦੇ ਕੁਝ ਪੰਜਾਬੀਆਂ ਨੇ ਦੱਸਿਆ ਕਿ ਤਿੰਨ ਦਿਨ ਨੌਜਵਾਨਾਂ ਦੇ ਗੁੱਟ ਗੁੰਡਾਗਰਦੀ ਕਰਦੇ ਰਹੇ ਤੇ ਪ੍ਰਸ਼ਾਸਨ ਮੂਕ ਦਰਸ਼ਕ ਬਣਿਆ ਰਿਹਾ ਅਤੇ ਫੌਜ ਕਾਰਵਾਈ ਦੇ ਹੁਕਮ ਉਡੀਕਦੀ ਰਹਿ ਗਈ। ਲੋਕਾਂ ਨੂੰ ਜਿਉਂਦਿਆਂ ਸਾੜਨ ਅਤੇ ਸਮੂਹਿਕ ਜਬਰ ਜਨਾਹ ਤੋਂ ਬਾਅਦ ਲਾਸ਼ਾਂ ਨਹਿਰਾਂ ਵਿਚ ਸੁੱਟਣ ਬਾਰੇ ਵੀ ਜਾਣਕਾਰੀ ਮਿਲੀ ਹੈ।

ਗੁਹਾਣਾ ਵਿਚ ਦੰਗਾਕਾਰੀਆਂ ਨੂੰ ਰੋਕਣ ਲਈ ਸਥਾਨਕ ਲੋਕ ਖ਼ੁਦ ਢਾਲ ਬਣ ਕੇ ਖੜ੍ਹ ਗਏ ਸਨ, ਪਰ ਦੰਗਾਕਾਰੀ ਹਵਾਈ ਫਾਇਰ ਕਰਨ ਤੋਂ ਬਾਅਦ ਪਿੰਡ ਵਿਚ ਵੜਨ ਵਿਚ ਸਫਲ ਹੋ ਗਏ ਅਤੇ ਬਾਅਦ ਵਿਚ ਉਨ੍ਹਾਂ ਨੇ ਹੋਰਨਾਂ ਬਰਾਦਰੀ ਦੇ ਲੋਕਾਂ ਨੂੰ ਨਿਸ਼ਾਨਾ ਬਣਾਇਆ। ਝੱਜਰ, ਭਿਵਾਨੀ, ਹਿਸਾਰ, ਕੈਥਲ ਅਤੇ ਹੋਰ ਕਈ ਇਲਾਕਿਆਂ ਵਿਚ ਯੋਜਨਾਬੱਧ ਢੰਗ ਨਾਲ ਗ਼ੈਰ ਜਾਟਾਂ ਨੂੰ ਨਿਸ਼ਾਨਾ ਬਣਾਇਆ ਗਿਆ। ਹਰਿਆਣਾ ਦਾ ਦੋ ਦਿਨ ਦਾ ਦੌਰਾ ਕਰਨ ਤੋਂ ਬਾਅਦ ਟੀਮ ਇਸ ਸਿੱਟੇ 'ਤੇ ਪੁੱਜੀ ਕਿ ਹਰਿਆਣੇ ਵਿਚ ਜਾਤ-ਪਾਤ ਦਾ ਮਸਲਾ ਕਾਫੀ ਗੰਭੀਰ ਹੈ ਅਤੇ ਵੋਟਾਂ ਦੀ ਸਿਆਸਤ ਨੇ ਸਮੁੱਚੇ ਰਾਜ ਨੂੰ ਜਾਤੀਵਾਦ ਦੀ ਅੱਗ ਵਿਚ ਧੱਕ ਦਿੱਤਾ ਹੈ।

ਰਿਪੋਰਟ ਦੇ ਅੰਤ ਵਿਚ ਕਿਹਾ ਗਿਆ ਹੈ ਕਿ ਇਹ ਪਹਿਲਾਂ ਰਚੀ ਸਾਜ਼ਿਸ਼ ਸੀ ਅਤੇ ਸੋਚ ਸਮਝ ਕੇ ਕੁਝ ਫਿਰਕਿਆਂ ਨੂੰ ਨਿਸ਼ਾਨਾ ਬਣਾਇਆ ਗਿਆ। ਸਮਾਜ ਵਿਚ ਪਈਆਂ ਤਰੇੜਾਂ ਦੀ ਭਰਪਾਈ ਲਈ ਭਰਪੂਰ ਯਤਨ ਕਰਨ ਅਤੇ ਇਨ੍ਹਾਂ ਦੇ ਕਾਰਨਾਂ ਦੀ ਨਿਸ਼ਾਨਦੇਹੀ ਦੀ ਲੋੜ ਹੈ। ਰਿਪੋਰਟ ਵਿਚ ਹਾਈ ਕੋਰਟ ਦੇ ਆਦੇਸ਼ਾਂ 'ਤੇ ਬਣੀ ਵਿਸ਼ੇਸ਼ ਜਾਂਚ ਕਮੇਟੀ ਵੱਲੋਂ ਸੰਜੀਦਗੀ ਨਾਲ ਕੰਮ ਨਾ ਕਰਨ ਉਤੇ ਹੈਰਾਨੀ ਪ੍ਰਗਟ ਕੀਤੀ ਗਈ ਹੈ।

### ਮਿਥ ਕੇ ਕੁਝ ਭਾਈਚਾਰਿਆਂ ਨੂੰ ਬਣਾਇਆ ਨਿਸ਼ਾਨਾ

**ਚੰਡੀਗੜ੍ਹ:** ਰਿਪੋਰਟ ਮੁਤਾਬਕ ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਜੰਮੂ ਕਸ਼ਮੀਰ ਦੇ ਨੰਬਰਾਂ ਵਾਲੀਆਂ ਗੱਡੀਆਂ ਨੂੰ ਮਿੱਥ ਕੇ ਨਿਸ਼ਾਨਾ ਬਣਾਇਆ ਗਿਆ। ਮੁਰਥਲ ਦੇ ਕੁਝ ਪੰਜਾਬੀਆਂ ਨੇ ਦੱਸਿਆ ਕਿ ਤਿੰਨ ਦਿਨ ਨੌਜਵਾਨਾਂ ਦੇ ਗੁੱਟ ਗੁੰਡਾਗਰਦੀ ਕਰਦੇ ਰਹੇ ਤੇ ਪ੍ਰਸ਼ਾਸਨ ਮੂਕ ਦਰਸ਼ਕ ਬਣਿਆ ਰਿਹਾ ਅਤੇ ਫੌਜ ਕਾਰਵਾਈ ਦੇ ਹੁਕਮ ਉਡੀਕਦੀ ਰਹਿ ਗਈ। ਲੋਕਾਂ ਨੂੰ ਜਿਉਂਦਿਆਂ ਸਾੜਨ ਅਤੇ ਸਮੂਹਿਕ ਜਬਰ ਜਨਾਹ ਤੋਂ ਬਾਅਦ ਲਾਸ਼ਾਂ ਨਹਿਰਾਂ ਵਿਚ ਸੁੱਟਣ ਬਾਰੇ ਵੀ ਜਾਣਕਾਰੀ ਮਿਲੀ ਹੈ। ਕਮੇਟੀ ਦੇ ਮੈਂਬਰਾਂ ਦਾ ਮੰਨਣਾ ਹੈ ਕਿ ਭਾਜਪਾ ਦੇ ਸੰਸਦ ਮੈਂਬਰ ਰਾਜ ਕੁਮਾਰ ਸੈਣੀ ਵੱਲੋਂ ਜਾਟਾਂ ਵਿਰੁੱਧ ਦਿੱਤੇ ਬਿਆਨ ਕਰ ਕੇ ਉਥੇ ਵੱਸਦੇ ਸੈਣੀ ਭਾਈਚਾਰੇ ਨੂੰ ਮੁੱਖ ਤੌਰ 'ਤੇ ਨਿਸ਼ਾਨਾ ਬਣਾਇਆ ਗਿਆ।

# ਕੇਰਲ ਟੂਰਿਜ਼ਮ ਨੂੰ ਗੋਲਡਨ ਸਿਟੀ ਪੁਰਸਕਾਰ ਮਿਲਿਆ

**ਤਿਰੂਵਨੰਤਪੁਰਮ:** ਜਰਮਨੀ ਦੀ ਰਾਜਧਾਨੀ ਬਰਲਿਨ ਵਿਖੇ ਹੋਏ ਵਿਸ਼ਵ ਟਰੈਵਲ ਟਰੇਡ ਸ਼ੋਅ (ਆਈ.ਟੀ.ਬੀ.) ਦੌਰਾਨ ਕੇਰਲ ਟੂਰਿਜ਼ਮ ਵੱਲੋਂ ਟੂਰਿਜ਼ਮ ਨੂੰ ਉਤਸ਼ਾਹਤ ਕਰਨ ਲਈ ਸ਼ੁਰੂ ਕੀਤੀ ਨਵੀਂ ਮੁਹਿੰਮ ਨੂੰ 'ਗੋਲਡਨ ਸਿਟੀ ਗੇਟ ਪੁਰਸਕਾਰ' ਦਿੱਤਾ ਗਿਆ ਹੈ। 'ਨਿਊ ਵਰਲਡਸ' ਨਾਂਅ ਦੇ ਇਸ ਮਲਟੀਮੀਡੀਆ ਕੰਪੇਨ ਵਿਚ ਤਿੰਨ ਸ਼ਾਰਟ ਫਿਲਮਾਂ ਨਿਰਦੇਸ਼ਤ ਕਰਨ ਵਾਲੇ ਪ੍ਰਸਿੱਧ ਮਲਿਆਲਮ ਫਿਲਮ ਨਿਰਦੇਸ਼ਕ ਅਨਵਰ ਰਸ਼ੀਦ ਨੇ ਇਸ ਸਾਲ ਦਾ ਗੋਲਡਨ ਸਿਟੀ ਗੇਟ ਦਾ ਚਾਂਦੀ ਦਾ ਐਵਾਰਡ ਜਿੱਤਿਆ।

ਗੋਲਡਨ ਸਿਟੀ ਗੇਟ ਐਵਾਰਡ ਦੀ ਜਿਊਰੀ ਦੇ ਪ੍ਰਧਾਨ ਪ੍ਰਮੁੱਖ ਵੁਲਫਗੈਂਗ ਜੋ ਹੁਸਚਰਟ ਨੇ ਕੇਰਲ ਟਰੈਵਲ ਮਾਰਟ ਦੇ ਅਬਰਾਹਮ ਜੋਰਜ ਨੂੰ ਇਹ ਐਵਾਰਡ ਦਿੱਤਾ।

ਕੇਰਲ ਟੂਰਿਜ਼ਮ ਨੇ ਇਸ ਤੋਂ ਪਹਿਲਾਂ ਟੂਰਿਜ਼ਮ ਦੇ ਖੇਤਰ 'ਚ ਵਧੀਆ ਯੋਗਦਾਨ ਪਾਉਣ ਬਦਲੇ ਸੰਯੁਕਤ ਰਾਸ਼ਟਰ ਵਿਸ਼ਵ ਟੂਰਿਜ਼ਮ ਸੰਗਠਨ ਵੱਲੋਂ ਯੂਲੀਸਸ ਐਵਾਰਡ ਵੀ ਪ੍ਰਾਪਤ ਕੀਤਾ ਹੈ। ਅੰਤਰਰਾਸ਼ਟਰੀ ਪੱਧਰ ਉਤੇ 'ਨਿਊ ਵਰਲਡਸ ਕੈਂਪੇਨ' ਸੰਯੁਕਤ ਰਾਸ਼ਟਰ ਵਰਲਡ ਟੂਰਿਜ਼ਮ ਆਰਗੇਨਾਈਜ਼ੇਸ਼ਨ ਦੇ ਜਨਰਲ ਸਕੱਤਰ ਤਲੇਬ ਰਿਫਾਈ ਵੱਲੋਂ ਲੰਡਨ ਵਿਚ ਜਾਰੀ ਕੀਤਾ ਗਿਆ ਸੀ।

# ਪਾਕਿ ਫੌਜ ਦੇ ਕਰਨਲ ਦੀ ਗੋਲੀ ਮਾਰ ਕੇ ਹੱਤਿਆ


**ਇਸਲਾਮਾਬਾਦ:** ਪਾਕਿਸਤਾਨ ਫੌਜ ਦੇ ਕਰਨਲ ਤਾਰਿਕ ਗ਼ਫ਼ੂਰ ਦੀ ਪਿਸ਼ਾਵਰ ਦੇ ਸਰਬੰਦ ਰਿੰਗ ਰੋਡ ਇਲਾਕੇ ਵਿਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਜਦੋਂ ਕਰਨਲ ਗ਼ਫ਼ੂਰ ਜੁੰਮੇ ਦੀ ਨਮਾਜ਼ ਅਦਾ ਕਰਕੇ ਮਸਜਿਦ ਤੋਂ ਵਾਪਸ ਘਰ ਆ ਰਹੇ ਸਨ ਤਾਂ



ਅਣਪਛਾਤੇ ਹਥਿਆਰਬੰਦ ਵਿਅਕਤੀਆਂ ਨੇ ਉਨ੍ਹਾਂ 'ਤੇ ਗੋਲੀ ਚਲਾ ਦਿੱਤੀ ਅਤੇ ਫਰਾਰ ਹੋ ਗਏ। ਪੁਲਿਸ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਕਾਤਲਾਂ ਨੂੰ ਲੱਭਣ ਲਈ ਵੱਡਾ ਤਲਾਸ਼ੀ ਅਪਰੇਸ਼ਨ ਸ਼ੁਰੂ ਕੀਤਾ ਗਿਆ ਹੈ ਅਤੇ ਹਮਲੇ ਪਿੱਛੇ ਕਾਰਨਾਂ ਦਾ ਅਜੇ ਪਤਾ ਲਾਇਆ ਜਾਣਾ ਬਾਕੀ ਹੈ। ਅਤਿਵਾਦੀਆਂ ਦੇ ਹਮਲੇ ਵਿਚ ਮਾਰੇ ਗਏ ਕਰਨਲ, ਮੇਜਰ ਜਨਰਲ (ਸੇਵਾ ਮੁਕਤ) ਫਜ਼ਲ ਗ਼ਫ਼ੂਰ ਦਾ ਪੁੱਤਰ ਸੀ ਜਿਸ ਨੇ 1994-97 ਵਿਚਕਾਰ ਆਈ.ਜੀ. ਫਰੰਟੀਅਰ ਕੋਰ ਦੇ ਅਹੁਦੇ ਦੀ ਸੇਵਾ ਨਿਭਾਈ ਅਤੇ ਬਾਅਦ ਵਿਚ ਕੂਟਨੀਤਕ ਬਣੇ।

# ਦਲ ਖਾਲਸਾ ਦੇ ਵਫਦ ਨੇ ਗਿਲਾਨੀ ਦਾ ਹਾਲ-ਚਾਲ ਪੁੱਛਿਆ

**ਸ੍ਰੀਨਗਰ:** ਦਲ ਖਾਲਸਾ ਦਾ ਇਕ ਵਫਦ ਹੁਰੀਅਤ ਕਾਨਫਰੰਸ ਦੇ ਬਿਮਾਰ ਚੇਅਰਮੈਨ ਸਈਦ ਅਲੀ ਸ਼ਾਹ ਗਿਲਾਨੀ ਦਾ ਹਾਲ-ਚਾਲ ਪੁੱਛਣ ਉਨ੍ਹਾਂ ਦੇ ਦਿੱਲੀ ਸਥਿਤ ਮਾਲਵੀ ਨਗਰ ਘਰ ਪਹੁੰਚਿਆ ਤੇ ਉਨ੍ਹਾਂ ਦੀ ਸਿਹਤਯਾਬੀ ਤੇ ਲੰਬੀ ਉਮਰ ਦੀ ਕਾਮਨਾ ਲਈ ਇਤਿਹਾਸਕ ਗੁਰਦੁਆਰਾ ਸਾਹਿਬ ਵਿਚ ਅਰਦਾਸ ਕੀਤੀ।



ਹੁਰੀਅਤ ਬੁਲਾਰੇ ਆਯਾਜ਼ ਅਕਬਰ ਵੱਲੋਂ ਜਾਰੀ ਆਪਣੇ ਬਿਆਨ ਵਿਚ ਦੱਸਿਆ ਗਿਆ ਕਿ ਦਲ ਖਾਲਸਾ ਦੇ ਜਰਨਲ ਸਕੱਤਰ ਕੰਵਰਪਾਲ ਸਿੰਘ ਦੀ ਅਗਵਾਈ 'ਚ ਇਕ ਵਫ਼ਦ ਨੇ ਗਿਲਾਨੀ ਨਾਲ ਮੁਲਾਕਾਤ ਦੌਰਾਨ ਕਸ਼ਮੀਰ ਦੀ ਮੌਜੂਦਾ ਅਤੇ ਭਾਰਤ ਮਹਾਸਾਗਰ ਵਿਚ ਉਤਪਨ ਹੋਰ ਰਹੀ ਸਿਆਸੀ ਉਥਲ-ਪਥਲ 'ਤੇ ਵਿਚਾਰ ਕੀਤਾ। ਕੰਵਰਪਾਲ ਸਿੰਘ ਨੇ ਦੱਸਿਆ ਕਿ ਸਈਦ ਅਲੀ ਸ਼ਾਹ ਗਿਲਾਨੀ ਦੀ ਘਰ ਵਿਚ ਪਿਛਲੇ ਲੰਬੇ ਸਮੇਂ ਤੋਂ ਲਗਾਤਾਰ ਨਜ਼ਰਬੰਦੀ ਕਾਰਨ ਸਿਹਤ 'ਤੇ ਮਾੜਾ ਪ੍ਰਭਾਵ ਪਿਆ ਹੈ। ਉਹ ਹਕੀਕੀ ਮਾਅਨੇ ਵਿਚ ਕਸ਼ਮੀਰੀਆਂ ਦੇ ਨੇਤਾ ਹਨ। ਤਕਰੀਬਨ ਇਕ ਘੰਟੇ ਗੱਲਬਾਤ ਦੌਰਾਨ ਕਸ਼ਮੀਰ ਦੀ ਤਾਜ਼ਾ ਸਥਿਤੀ ਤੇ ਭਾਰਤ ਵਿਚ ਘੱਟ ਗਿਣਤੀਆਂ ਨਾਲ ਕੀਤੇ ਜਾ ਰਹੇ ਵਤੀਰੇ ਤੋਂ ਇਲਾਵਾ ਜੇ.ਐਨ.ਯੂ. ਦੇ ਦੋ ਵਿਦਿਆਰਥੀ ਆਗੂਆਂ ਤੇ ਦਿੱਲੀ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਐਸ. ਆਰ. ਗਿਲਾਨੀ ਦੀ ਨਜ਼ਰਬੰਦੀ ਨੂੰ ਅਣਸਿਧਾਂਤਕ ਦੱਸਦੇ ਦੋਹਾਂ ਆਗੂਆਂ ਨੇ ਇਸ ਦੀ ਨਿਖੇਧੀ ਕੀਤੀ ਅਤੇ ਆਰ.ਐਸ.ਐਸ. ਵੱਲੋਂ ਚਲਾਏ ਜਾ ਰਹੇ ਬਗਾਵਤ ਦੇ ਝੂਠੇ ਪ੍ਰਚਾਰ ਦਾ ਮੁਕਾਬਲਾ ਕਰਨ ਲਈ ਇਕ ਸਾਂਝੀ ਨੀਤੀ ਤਿਆਰ ਕਰਨ 'ਤੇ ਜ਼ੋਰ ਦਿੱਤਾ।

# ਡਿਫਾਲਟਰਾਂ ਦੀ ਆਈ ਸ਼ਾਮਤ

**ਨਵੀਂ ਦਿੱਲੀ:** ਵਿਜੇ ਮਾਲਿਆ ਹੱਥੋਂ ਲੁੱਟੀ ਸਰਕਾਰ ਦੀ ਨੀਂਦ ਹੁਣ ਖੁੱਲ੍ਹੀ ਹੈ। ਸ਼ੇਅਰ ਬਾਜ਼ਾਰ 'ਤੇ ਨਜ਼ਰ ਰੱਖਣ ਵਾਲੀ ਸੰਸਥਾ ਸੇਬੀ ਨੇ ਡਿਫਾਲਟਰਾਂ ਉਤੇ ਸ਼ਿਕੰਜਾ ਕਸਣ ਲਈ ਨਵੇਂ ਨਿਯਮ ਬਣਾਏ ਹਨ। ਇਸ ਮੁਤਾਬਕ ਡਿਫਾਲਟਰ ਹੋਣ ਉਤੇ ਕੰਪਨੀ ਜਾਂ ਮਾਲਕ ਜਾਂ ਨਿਰਦੇਸ਼ਕ ਪਬਲਿਕ ਇਸ਼ੂ ਨਹੀਂ ਲਿਆ ਸਕਦੇ।

ਇਸ ਨਵੇਂ ਨਿਯਮ ਮੁਤਾਬਕ ਕੰਪਨੀ ਦੇ ਨਵੇਂ ਸ਼ੇਅਰ ਨਿਵੇਸ਼ਕਾਂ ਨੂੰ ਨਹੀਂ ਵੇਚੇ ਜਾ ਸਕਣਗੇ। ਸ਼ੇਅਰ ਬਾਜ਼ਾਰ ਵਿਚ ਕਾਰੋਬਾਰ ਕਰਨ ਵਾਲੀਆਂ ਲਿਸਟਡ ਕੰਪਨੀਆਂ ਉਤੇ ਵੀ ਰੋਕ ਲਗਾਈ ਗਈ ਹੈ। ਸੇਬੀ ਦੇ ਚੇਅਰਮੈਨ ਯੂਕੇ ਸਿਨਹਾ ਨੇ ਇਸ ਬਾਰੇ ਜਾਣਕਾਰੀ ਦਿੱਤੀ ਹੈ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਛੋਟੇ ਸ਼ਹਿਰਾਂ 'ਚ ਲੋਕਾਂ ਤੱਕ ਪਹੁੰਚ ਬਣਾਉਣ ਲਈ 16 ਸੂਬਿਆਂ ਵਿਚ ਦਫਤਰ ਵੀ ਖੋਲੇ ਗਏ ਹਨ।

# ਝਾਰਖੰਡ ਸਰਕਾਰ ਨੂੰ 84 ਦੇ ਪੀੜਤਾਂ ਨੂੰ 5-5 ਲੱਖ ਮੁਆਵਜ਼ਾ ਦੇਣ ਦੇ ਹੁਕਮ

**ਰਾਂਚੀ:** ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ (ਏ.ਆਈ.ਐਸ.ਐਸ.ਐਫ.) ਵੱਲੋਂ ਸਿਖਸ ਫਾਰ ਜਸਟਿਸ ਦੀ ਮਦਦ ਨਾਲ ਦਾਇਰ ਕੀਤੀ ਗਈ ਅਰਜ਼ੀ 'ਤੇ ਬੀਤੇ ਦਿਨੀਂ ਝਾਰਖੰਡ ਹਾਈ ਕੋਰਟ ਦੇ ਚੀਫ ਜਸਟਿਸ ਵੀਰੇਂਦਰ ਸਿੰਘ ਅਤੇ ਜਸਟਿਸ ਐਸ. ਚੰਦਰਸ਼ੇਖਰ ਦੀ ਬੈਂਚ ਨੇ ਸੂਬਾ ਸਰਕਾਰ ਨੂੰ ਜਲਦ ਤੋਂ ਜਲਦ '84 ਕਤਲੇਆਮ ਪੀੜਤ ਪਰਿਵਾਰਾਂ ਨੂੰ ਮੁਆਵਜ਼ੇ ਵਜੋਂ 5-5 ਲੱਖ ਦੀ ਰਾਸ਼ੀ ਦੇਣ ਦਾ ਹੁਕਮ ਦਿੱਤਾ ਹੈ।

ਹਾਈ ਕੋਰਟ ਨੇ ਹੁਕਮ ਵਿਚ ਸੂਬਾ ਸਰਕਾਰ ਨੂੰ ਇਹ ਵੀ ਕਿਹਾ ਹੈ ਕਿ ਪੀੜਤ ਪਰਿਵਾਰਾਂ ਨੂੰ ਮੁਆਵਜ਼ੇ ਦੇ ਭੁਗਤਾਨ ਬਾਰੇ ਜਾਣੂ ਕਰਵਾਉਣ ਤੇ ਸਬੰਧਤ ਦਸਤਾਵੇਜ਼ਾਂ ਦੀ ਜਾਣਕਾਰੀ ਲਈ ਇਲੈਕਟ੍ਰਾਨਿਕ ਅਤੇ ਪ੍ਰਿੰਟ ਮੀਡੀਆ, ਹੋਰਡਿੰਗ ਤੇ ਬੈਨਰਾਂ ਸਮੇਤ ਹੋਰ ਸਰਕਾਰੀ ਸਾਧਨਾਂ ਦੀ ਵਰਤੋਂ ਕੀਤੀ ਜਾਵੇ। ਏ.ਆਈ.ਐਸ. ਐਸ.ਐਫ. ਦੇ ਬਿਹਾਰ-ਝਾਰਖੰਡ ਦੇ ਪ੍ਰਧਾਨ ਸਤਨਾਮ ਸਿੰਘ ਗੰਭੀਰ ਨੇ ਦੱਸਿਆ ਕਿ ਹਾਈ ਕੋਰਟ ਨੇ ਸੂਬਾ ਸਰਕਾਰ ਨੂੰ ਕਿਹਾ ਕਿ ਜਿਸ ਤਰ੍ਹਾਂ ਨਾਲ ਜੰਮੂ-ਕਸ਼ਮੀਰ ਸਰਕਾਰ ਨੇ ਕੁਦਰਤੀ ਆਫਤਾਂ ਤੋਂ ਪੀੜਤ ਲੋਕਾਂ ਨੂੰ ਮੁਆਵਜ਼ਾ ਦਿੱਤਾ ਸੀ, ਉਸੇ ਤਰਜ 'ਤੇ 1984 ਦੇ ਪੀੜਤ ਪਰਿਵਾਰਾਂ ਨੂੰ ਮੁਆਵਜ਼ੇ ਦੀ ਅਦਾਇਗੀ ਤੇ ਸਬੰਧਤ ਦਸਤਾਵੇਜ਼ਾਂ ਬਾਰੇ ਸੂਚਿਤ ਕੀਤਾ ਜਾਵੇ। ਸਤਨਾਮ ਸਿੰਘ ਨੇ ਕਿਹਾ ਕਿ ਉਹ ਉਮੀਦ ਕਰਦੇ ਹਨ ਕਿ ਇਸ ਹੁਕਮ ਸਬੰਧੀ ਸਰਕਾਰ ਕੋਈ ਇਸ਼ਤਿਹਾਰ ਜਾ ਸਰਕੂਲਰ ਜਾਰੀ ਕਰੇਗੀ। ਉਨ੍ਹਾਂ ਦੱਸਿਆ ਕਿ 1984 ਦੇ ਪੀੜਤ ਪਰਿਵਾਰਾਂ ਲਈ ਮੁਆਵਜ਼ਾ ਹਾਸਲ ਕਰਨ ਲਈ ਸਰਕਾਰ ਤੱਕ ਪਹੁੰਚ ਕਰਨ ਲਈ ਇਕ ਹੈਲਪਲਾਈਨ ਸੇਵਾ ਸ਼ੁਰੂ ਕੀਤੀ ਹੈ, ਜਿਸ ਰਾਹੀਂ ਪੀੜਤ ਪਰਿਵਾਰ ਸਾਡੇ ਨਾਲ ਸੰਪਰਕ ਕਰ ਸਕਦੇ ਹਨ।

ਉਧਰ, ਸਿੱਖ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂੰ ਨੇ ਕਿਹਾ ਕਿ ਉਹ 1984 ਦੇ ਪੀੜਤਾਂ ਨੂੰ ਮੁਆਵਜ਼ਾ ਦਿਵਾਉਣ ਲਈ ਭਵਿੱਖ ਵਿਚ ਵੀ ਮਦਦ ਕਰਦੇ ਰਹਿਣਗੇ। ਉਨ੍ਹਾਂ ਕਿਹਾ ਕਿ ਸਿਆਸੀ ਪਾਰਟੀਆਂ ਵੱਲੋਂ ਪੀੜਤਾਂ ਨੂੰ ਆਪਣੇ ਸਿਆਸੀ ਹਿੱਤਾਂ ਲਈ ਇਸਤੇਮਾਲ ਕੀਤਾ ਜਾਂਦਾ ਹੈ, ਪਰ ਉਨ੍ਹਾਂ ਨੂੰ ਨਿਆਂ ਤੇ ਮੁਆਵਜ਼ਾ ਦਿਵਾਉਣ ਲਈ ਕੋਈ ਕੰਮ ਨਹੀਂ ਕੀਤਾ ਜਾਂਦਾ।

# ਟਰੰਪ ਦੇ ਰਾਹ 'ਚ ਰੋੜਾ ਬਣਨ ਲੱਗੀ ਨਫਰਤ ਦੀ ਸਿਆਸਤ

**ਵਾਸ਼ਿੰਗਟਨ:** ਡੋਨਲਡ ਟਰੰਪ ਨੂੰ ਉਸ ਦੀ 'ਨਫਰਤ ਵਾਲੀ ਰਾਜਨੀਤੀ' ਖਿਲਾਫ ਖੜ੍ਹੇ ਹੋਏ ਵਿਖਾਵਾਕਾਰੀਆਂ ਕਾਰਨ ਸ਼ਿਕਾਗੋ ਰੈਲੀ ਰੱਦ ਕਰਨੀ ਪਈ ਹੈ। ਅਮਰੀਕਾ ਦੇ ਰਾਸ਼ਟਰਪਤੀ ਦੇ ਅਹੁਦੇ ਲਈ ਰਿਪਬਲੀਕਨ ਪਾਰਟੀ ਵੱਲੋਂ ਉਮੀਦਵਾਰ ਬਣਨ ਦੇ ਮਜ਼ਬੂਤ ਦਾਅਵੇਦਾਰ ਟਰੰਪ ਖਿਲਾਫ਼ ਹੁਣ ਤੱਕ ਦਾ ਇਹ ਸਭ ਤੋਂ ਵੱਡਾ ਰੋਸ ਪ੍ਰਦਰਸ਼ਨ ਸੀ।



ਰੈਲੀ ਵਾਲੇ ਸਥਾਨ 'ਤੇ ਪ੍ਰਦਰਸ਼ਨਕਾਰੀ ਟਰੰਪ ਦੇ ਸਮਰਥਕਾਂ ਨਾਲੋਂ ਹੱਥੋਪਾਈ ਵੀ ਹੋਏ। ਟਰੰਪ ਨੇ ਸ਼ੁਰੂਆਤ ਵਿਚ ਸ਼ਿਕਾਗੋ ਪੈਵੇਲੀਅਨ ਦੀ ਯੂਨੀਵਰਸਿਟੀ ਆਫ ਇਲੀਨੋਇਸ ਵਿਚ ਆਪਣੀ ਰੈਲੀ ਦੇਰ ਨਾਲ ਸ਼ੁਰੂ ਕਰਨ ਦਾ ਫੈਸਲਾ ਕੀਤਾ, ਪਰ ਬਾਅਦ ਵਿਚ ਐਲਾਨ ਕਰ ਦਿੱਤਾ ਕਿ ਸੁਰੱਖਿਆ ਕਾਰਨਾਂ ਕਰਕੇ ਰੈਲੀ ਮੁਲਤਵੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਵਿਰਲਿਆਂ ਵਿਚੋਂ ਵਿਰਲਾ ਮੌਕਾ ਹੈ ਕਿ ਪ੍ਰਦਰਸ਼ਨ ਕਾਰਨ ਸਿਆਸੀ ਰੈਲੀ ਰੱਦ ਕੀਤੀ ਗਈ ਹੈ।

ਰੈਲੀ ਵਿਚ ਸ਼ਾਮਲ ਹੋਣ ਆਏ ਸਮਰਥਕਾਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਨੂੰ ਸ਼ਾਂਤੀਪੂਰਵਕ ਘਰ ਜਾਣ ਦੀ ਅਪੀਲ ਕੀਤੀ। ਸ਼ਿਕਾਗੋ ਪੁਲਿਸ ਨੇ ਦੱਸਿਆ ਕਿ ਟੀ.ਵੀ. ਚੈਨਲਾਂ ਉਤੇ ਦਿਖਾਈ ਗਈ ਫੁਟੇਜ ਵਿਚ ਲੋਕਾਂ ਨੂੰ ਬਹਿਸਦੇ ਦੇਖਿਆ ਗਿਆ ਅਤੇ ਕੁਝ ਹਿੰਸਕ ਘਟਨਾਵਾਂ ਵੀ ਦਿਖਾਈਆਂ ਗਈਆਂ। ਟਰੰਪ ਨੇ ਦੱਸਿਆ ਕਿ ਦੋ-ਤਿੰਨ ਹਜ਼ਾਰ ਪ੍ਰਦਰਸ਼ਨਕਾਰੀ ਸਨ, ਜੋ ਉਨ੍ਹਾਂ ਦੇ ਤਕਰੀਬਨ 25 ਹਜ਼ਾਰ ਸਮਰਥਕਾਂ ਦਾ ਵਿਰੋਧ ਕਰ ਰਹੇ ਸਨ। ਟਰੰਪ ਨੇ ਸੀ.ਐਨ.ਐਨ. ਨੂੰ ਫੋਨ 'ਤੇ ਦੱਸਿਆ, 'ਭਾਵੇਂ ਇਹ ਬੋਲਣ ਦੇ ਅਧਿਕਾਰ ਦੀ ਉਲੰਘਣਾ ਹੋਈ ਹੈ। ਮਾਮੂਲੀ ਕੁੱਟਮਾਰ ਹੋਈ ਹੈ ਅਤੇ ਕੋਈ ਗੰਭੀਰ ਸੰਘਰਸ਼ ਨਹੀਂ ਹੋਇਆ। ਮੈਂ ਨਹੀਂ ਚਾਹੁੰਦਾ ਕਿ ਕਿਸੇ ਨੂੰ ਕੋਈ ਸੱਟ ਲੱਗੇ। ਇਸ ਕਾਰਨ ਰੈਲੀ ਮੁਲਤਵੀ ਕਰਨ ਦਾ ਫੈਸਲਾ ਕੀਤਾ।'

### ਟਰੰਪ ਦੀ ਵਾਸ਼ਿੰਗਟਨ ਤੇ ਵਯੋਮਿੰਗ ਵਿਚ ਹਾਰ

**ਵਾਸ਼ਿੰਗਟਨ:** ਰਿਪਬਲੀਕਨ ਪਾਰਟੀ ਵਿਚ ਰਾਸ਼ਟਰਪਤੀ ਅਹੁਦੇ ਲਈ ਮੋਹਰੀ ਉਮੀਦਵਾਰ ਡੋਨਲਡ ਟਰੰਪ ਨੂੰ ਉਸ ਸਮੇਂ ਝਟਕਾ ਲੱਗਿਆ ਜਦੋਂ ਉਹ ਆਪਣੇ ਵਿਰੋਧੀ ਟੈਡ ਕਰੂਜ਼ ਅਤੇ ਮਾਰਕੋ ਰੂਬਿਓ ਤੋਂ ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀਸੀ ਤੇ ਵਯੋਮਿੰਗ ਵਿਚ ਬੁਰੀ ਤਰ੍ਹਾਂ ਹਾਰ ਗਏ। ਇਹ ਇਸ ਗੱਲ ਦਾ ਸੰਕੇਤ ਹੈ ਕਿ ਪਾਰਟੀ ਵੱਲੋਂ ਰਾਸ਼ਟਰਪਤੀ ਉਮੀਦਵਾਰ ਬਣਨ ਲਈ ਸੰਘਰਸ਼ ਜ਼ੋਰਦਾਰ ਹੋ ਗਿਆ ਹੈ। ਦੂਜੇ ਪਾਸੇ ਡੈਮੋਕ੍ਰੈਟਿਕ ਪਾਰਟੀ ਲਈ ਉਮੀਦਵਾਰ ਬਣਨ ਦੀ ਇੱਛੁਕ ਹਿਲੇਰੀ ਕਲਿੰਟਨ ਨੇ ਉਤਰੀ ਮੇਰੀਆਨਾ ਵਿਚ ਜਿੱਤ ਹਾਸਲ ਕਰ ਲਈ ਹੈ। ਵ੍ਹਾਈਟ ਹਾਊਸ ਲਈ ਟਰੰਪ ਦੀ ਦੌੜ 'ਤੇ ਰੋਕ ਲਾਉਂਦੇ ਹੋਏ ਰਿਪਬਲੀਕਨ ਪਾਰਟੀ ਤੋਂ ਰਾਸ਼ਟਰਪਤੀ ਦੇ ਅਹੁਦੇ ਦੀ ਉਮੀਦਵਾਰੀ ਲਈ ਦਾਅਵੇਦਾਰ ਸੈਨੇਟਰ ਕਰੂਜ਼ ਤੇ ਰੂਬਿਓ ਨੇ ਵਯੋਮਿੰਗ ਤੇ ਡਿਸਟ੍ਰਿਕ ਆਫ ਕੋਲੰਬੀਆ ਵਿਚ ਕ੍ਰਮਵਾਰ ਜਿੱਤ ਦਰਜ ਕੀਤੀ। ਇਸ ਪ੍ਰਕਿਰਿਆ ਵਿਚ ਕਰੂਜ਼ ਨੂੰ ਨੌਂ ਪ੍ਰਤੀਨਿਧੀਆਂ ਦਾ ਸਮਰਥਨ ਮਿਲਿਆ ਅਤੇ ਰੂਬਿਓ ਨੂੰ ਦਸ ਪ੍ਰਤੀਨਿਧੀਆਂ ਨੇ ਸਮਰਥਨ ਦਿੱਤਾ।

# ਕਾਂਗਰਸ ਨੇ ਵੀ ਕੀਤਾ ਹੰਸ ਰਾਜ ਹੰਸ ਦਾ ਦਿਲ 'ਟੋਟੇ ਟੋਟੇ'

**ਚੰਡੀਗੜ੍ਹ:** ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਤੋਂ ਬਾਅਦ ਹੁਣ ਕਾਂਗਰਸ ਨੇ ਵੀ ਗਾਇਕ ਹੰਸ ਰਾਜ ਹੰਸ ਨੂੰ ਨਰਾਜ਼ ਕੀਤੀ ਹੈ। ਹੰਸ ਰਾਜ ਹੰਸ ਨੂੰ ਕਾਂਗਰਸ ਰਾਜ ਸਭਾ ਮੈਂਬਰ ਬਣਾਉਣ ਜਾ ਰਹੀ ਸੀ, ਪਰ ਐਨ ਮੌਕੇ ਉਤੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਹੰਸ ਰਾਜ ਦਾ ਨਾਂਅ ਵਾਪਸ ਲੈ ਕੇ ਉਨ੍ਹਾਂ ਦੀ ਥਾਂ ਸਮਸ਼ੇਰ ਸਿੰਘ ਦੂਲੋ ਨੂੰ ਰਾਜ ਸਭਾ ਭੇਜਣ ਦਾ ਫੈਸਲਾ ਕੀਤਾ ਹੈ।

ਦਰਅਸਲ, ਹੰਸ ਰਾਜ ਹੰਸ ਪਿਛਲੇ ਦਿਨੀਂ ਹੀ ਕਾਂਗਰਸ ਵਿਚ ਸ਼ਾਮਲ ਹੋਏ ਹਨ ਤੇ ਕੈਪਟਨ ਅਮਰਿੰਦਰ ਸਿੰਘ ਉਨ੍ਹਾਂ ਨੂੰ ਰਾਜ ਸਭਾ ਭੇਜਣਾ ਚਾਹੁੰਦੇ ਹਨ। ਕੈਪਟਨ ਤੇ ਸੋਨੀਆ ਗਾਂਧੀ ਦਰਮਿਆਨ ਹੋਈ ਬੈਠਕ ਵਿਚ ਇਸ 'ਤੇ ਮੋਹਰ ਵੀ ਲੱਗ ਗਈ ਸੀ, ਪਰ ਕਾਂਗਰਸ ਦੇ ਹੋਰ ਦਲਿਤ ਲੀਡਰਾਂ ਨੇ ਵਿਰੋਧ ਕਾਰਨ ਕਾਂਗਰਸ ਹਾਈਕਮਾਨ ਆਪਣੇ ਫੈਸਲੇ ਤੋਂ ਪਿੱਛੇ ਹਟ ਗਈ ਹੈ। ਕਾਂਗਰਸ ਦੇ ਸੀਨੀਅਰ ਦਲਿਤ ਲੀਡਰਾਂ ਸਮਸ਼ੇਰ ਸਿੰਘ ਦੂਲੋ ਤੇ ਮਹਿੰਦਰ ਸਿੰਘ ਕੇਪੀ ਨੇ ਇਸ ਮਾਮਲੇ 'ਤੇ ਹਾਈਕਮਾਨ ਨੂੰ ਪਾਰਟੀ ਛੱਡਣ ਦੀ ਧਮਕੀ ਦਿੱਤੀ ਸੀ। ਦੂਲੋ ਨੇ ਕਿਹਾ ਕਿ ਟਕਸਾਲੀ ਲੀਡਰਾਂ ਨੂੰ ਨਜ਼ਰਅੰਦਾਜ਼ ਕਰਕੇ ਕਿਸੇ ਕੱਲ੍ਹ ਆਏ ਲੀਡਰ ਨੂੰ ਰਾਜ ਸਭਾ ਦਾ ਮੈਂਬਰ ਕਿਵੇਂ ਬਣਾਇਆ ਜਾ ਸਕਦਾ ਹੈ। ਇਸ ਤੋਂ ਬਾਅਦ ਹੀ ਸੋਨੀਆ ਗਾਂਧੀ ਨੇ ਹੰਸ ਰਾਜ ਹੰਸ ਦਾ ਨਾਂਅ ਵਾਪਸ ਲਿਆ ਹੈ।

ਹੰਸ ਰਾਜ ਹੰਸ ਨੇ ਕਿਹਾ ਹੈ ਕਿ ਉਨ੍ਹਾਂ ਨਾਲ ਕਾਂਗਰਸ ਵਾਅਦਾ ਕਰਕੇ ਮੁੱਕਰ ਗਈ ਹੈ। ਉਨ੍ਹਾਂ ਕਿਹਾ ਹੈ ਕਿ ਉਨ੍ਹਾਂ ਨੂੰ ਰਾਜ ਸਭਾ ਦੇ ਕਾਗਜ਼ ਭਰਨ ਲਈ ਇੰਗਲੈਂਡ ਤੋਂ ਵਿਸ਼ੇਸ਼ ਤੌਰ 'ਤੇ ਬੁਲਾਇਆ ਗਿਆ ਸੀ।ਇਹ ਵਾਅਦਾਖਿਲਾਫੀ ਹੈ ਤੇ ਦਲਿਤ ਭਾਈਚਾਰਾ ਇਸ ਨੂੰ ਬਰਦਾਸ਼ਤ ਨਹੀਂ ਕਰਨਗੇ। ਮੰਨਿਆ ਜਾ ਰਿਹਾ ਹੈ ਕਿ ਗਾਇਕ ਹੰਸ ਰਾਜ ਹੰਸ ਰਾਜ ਸਭਾ ਮੈਂਬਰ ਬਣਾਉਣ ਦੇ ਭਰੋਸੇ 'ਤੇ ਹੀ ਅਕਾਲੀ ਦਲ ਛੱਡ ਕੇ ਕਾਂਗਰਸ ਵਿਚ ਸ਼ਾਮਲ ਹੋਏ ਸਨ। ਇਸ ਤੋਂ ਪਹਿਲਾਂ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ ਨੇ ਉਨ੍ਹਾਂ ਨੂੰ ਵਿਕਟ ਦੇਣ ਤੋਂ ਇਨਕਾਰ ਕਰ ਦਿੱਤਾ ਸੀ ਹਾਲਾਂਕਿ ਉਨ੍ਹਾਂ ਨੂੰ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਮੌਕਾ ਦਿੱਤਾ ਗਿਆ ਸੀ ਪਰ ਉਹ ਚੋਣ ਹਾਰ ਗਏ ਸਨ। ਹੰਸ ਰਾਜ ਹੰਸ ਨੇ ਤਕਰੀਬਨ ਮਹੀਨਾ ਪਹਿਲਾਂ ਹੀ ਅਕਾਲੀ ਦਲ ਦੀ ਤੱਕੜੀ ਛੱਡ ਕਾਂਗਰਸ ਦਾ ਹੱਥ ਫੜਿਆ ਹੈ। ਪਾਰਟੀ ਵਿਚ ਛਿੜੇ ਨਵੇਂ ਵਿਵਾਦ ਨੂੰ ਸੁਲਝਾਉਣ ਲਈ ਪੰਜਾਬ ਕਾਂਗਰਸ ਇੰਚਾਰਜ ਸ਼ਕੀਲ ਅਹਿਮਦ, ਅੰਬਿਕਾ ਸੋਨੀ ਚੰਡੀਗੜ੍ਹ ਆਏ ਸਨ ਤੇ ਸੀਨੀਅਰ ਦਲਿਤ ਲੀਡਰਾਂ ਨੂੰ ਵੀ ਗੱਲਬਾਤ ਲਈ ਬੁਲਾਇਆ ਗਿਆ ਸੀ। ਆਖਰ ਗੱਲਬਾਤ ਤੋਂ ਬਾਅਦ ਇਹ ਨਵਾਂ ਫੈਸਲਾ ਲਿਆ ਗਿਆ ਹੈ। ਸ਼ਕੀਲ ਅਹਿਮਦ ਨੇ ਇਨ੍ਹਾਂ ਦੋਵਾਂ ਨਾਂਵਾਂ ਦੀ ਪੁਸ਼ਟੀ ਕਰ ਦਿੱਤੀ ਹੈ।

### ਰਾਜ ਸਭਾ ਮੈਂਬਰ ਦੀ ਟਿਕਟ ਲਈ ਐਨ ਮੌਕੇ ਉਤੇ ਜਵਾਬ



### ਪ੍ਰਤਾਪ ਸਿੰਘ ਬਾਜਵਾ ਧੜਾ ਬਾਗੋਬਾਗ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦਾ ਵਿਰੋਧੀ ਕੈਂਪ ਕਾਂਗਰਸ ਹਾਈਕਮਾਨ ਵੱਲੋਂ ਦੋ ਸਾਬਕਾ ਪ੍ਰਧਾਨਾਂ ਸ਼ਮਸ਼ੇਰ ਸਿੰਘ ਦੂਲੋ ਅਤੇ ਪ੍ਰਤਾਪ ਸਿੰਘ ਬਾਜਵਾ ਨੂੰ ਰਾਜ ਸਭਾ ਲਈ ਟਿਕਟਾਂ ਦੇਣ ਤੋਂ ਬਾਗੋਬਾਗ ਹੈ ਅਤੇ ਇਸ ਫੈਸਲੇ ਨਾਲ ਕੈਪਟਨ ਧੜੇ ਨੂੰ ਹਾਲ ਦੀ ਘੜੀ ਸੱਟ ਲੱਗੀ ਹੈ, ਪਰ ਉਹ ਇਸ ਗੱਲ 'ਤੇ ਸੰਤੁਸ਼ਟ ਹਨ ਕਿ ਵਿਧਾਨ ਸਭਾ ਚੋਣਾਂ ਲਈ ਪਾਰਟੀ ਦੀ ਅਗਵਾਈ ਤੇ ਮੁੱਖ ਮੰਤਰੀ ਦੀ ਭਵਿੱਖੀ ਕੁਰਸੀ ਉਨ੍ਹਾਂ ਕੋਲ ਹੈ।

### ਭਾਜਪਾ ਨੇ ਨਵਜੋਤ ਸਿੰਘ ਸਿੱਧੂ ਨੂੰ ਅਣਗੌਲਿਆ

**ਚੰਡੀਗੜ੍ਹ:** ਕਾਂਗਰਸ ਨੇ ਹੰਸਰਾਜ ਹੰਸ ਦੀ ਥਾਂ ਸ਼ਮਸ਼ੇਰ ਸਿੰਘ ਦੂਲੋ ਤੇ ਭਾਜਪਾ ਨੇ ਸਾਬਕਾ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਦੀ ਥਾਂ ਅੰਮ੍ਰਿਤਸਰ ਦੇ ਸਾਬਕਾ ਮੇਅਰ ਸ਼ਵੇਤ ਮਲਿਕ ਨੂੰ ਰਾਜ ਸਭਾ ਦੀ ਟਿਕਟ ਦੇ ਦਿੱਤੀ। ਹੰਸਰਾਜ ਤੇ ਸਿੱਧੂ ਦਾ ਨਾਂ ਕਾਫੀ ਚਰਚਾ ਵਿਚ ਸੀ, ਪਰ ਦੋਵੇਂ ਹੱਥ ਮਲਦੇ ਹੀ ਰਹਿ ਗਏ। ਸਿੱਧੂ ਪਹਿਲਾਂ ਹੀ ਲੋਕ ਸਭਾ ਦੀ ਟਿਕਟ ਨਾ ਦੇਣ ਕਰਕੇ ਪਾਰਟੀ ਤੋਂ ਖਫਾ ਹਨ। ਮੰਨਿਆ ਜਾ ਰਿਹਾ ਸੀ ਕਿ ਪਾਰਟੀ ਉਨ੍ਹਾਂ ਨੂੰ ਰਾਜ ਸਭਾ ਭੇਜ ਕੇ ਮਾਮਲਾ ਸ਼ਾਂਤ ਕਰਨ ਦੀ ਕੋਸ਼ਿਸ਼ ਕਰੇਗੀ।

### 'ਆਪ' ਨੇ ਪਾਇਆ ਹੰਸ ਨੂੰ 'ਚੋਗਾ'

**ਜਲੰਧਰ:** ਕਾਂਗਰਸ ਹਾਈਕਮਾਨ ਵੱਲੋਂ ਐਨ ਆਖਰੀ ਮੌਕੇ ਹੰਸ ਰਾਜ ਹੰਸ ਦੀ ਟਿਕਟ ਕੱਟੇ ਜਾਣ ਤੋਂ ਖਫ਼ਾ ਵਾਲਮੀਕ ਭਾਈਚਾਰੇ ਦੇ ਲੋਕਾਂ ਵੱਲੋਂ ਕੁਝ ਸੀਨੀਅਰ ਕਾਂਗਰਸੀ ਆਗੂਆਂ ਵਿਰੁੱਧ ਕੀਤੇ ਜਾ ਰਹੇ ਰੋਸ ਪ੍ਰਦਰਸ਼ਨਾਂ ਦੇ ਚੱਲਦਿਆਂ 'ਆਪ' ਦੇ ਆਗੂਆਂ ਨੇ ਹੰਸ ਰਾਜ ਹੰਸ ਨਾਲ ਚਾਹ ਦੀਆਂ ਚੁਸਕੀਆਂ ਲਈਆਂ। 'ਆਪ' ਦੇ ਜਲੰਧਰ ਜੋਨ ਦੇ ਅਬਜ਼ਰਵਰ ਰਾਜੀਵ ਚੌਧਰੀ ਵੱਲੋਂ ਹੰਸ ਰਾਜ ਹੰਸ ਦੇ ਘਰ ਉਨ੍ਹਾਂ ਨਾਲ ਤਕਰੀਬਨ 15 ਮਿੰਟ ਬੰਦ ਕਮਰਾ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿਚ ਦੋਆਬੇ ਦੇ ਵਾਲਮੀਕ ਭਾਈਚਾਰੇ ਦੇ ਆਗੂ ਵੀ ਹਾਜ਼ਰ ਸਨ। 'ਆਪ' ਦੇ ਆਗੂ ਨਾਲ ਹੋਈ ਇਸ ਗੱਲਬਾਤ ਦੀ ਪੁਸ਼ਟੀ ਖੁਦ ਹੰਸ ਰਾਜ ਹੰਸ ਨੇ ਕੀਤੀ ਹੈ। ਉਨ੍ਹਾਂ ਕਿਹਾ ਕਿ 'ਆਪ' ਦੇ ਆਗੂ ਦਾ ਇਸ ਸਮੇਂ 'ਤੇ ਘਰ ਆਉਣ ਦਾ ਮਤਲਬ ਤਾਂ ਸਭ ਜਾਣਦੇ ਹੀ ਹਨ। 'ਆਪ' ਦੇ ਆਗੂ ਰਾਜੀਵ ਚੌਧਰੀ ਨੇ ਵੀ ਇਹ ਗੱਲ ਮੰਨੀ ਹੈ ਕਿ ਉਸ ਨੇ ਹੰਸ ਰਾਜ ਹੰਸ ਦੇ ਘਰ ਗੱਲਬਾਤ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਮੀਟਿੰਗ ਗੈਰ-ਸਿਆਸੀ ਸੀ।

# ਪਾਕਿ ਨੂੰ ਪਸੰਦ ਨਾ ਆਈਆਂ ਭਾਰਤੀ ਸਬਜ਼ੀਆਂ

**ਅੰਮ੍ਰਿਤਸਰ:** ਪਾਕਿਸਤਾਨ ਨੇ ਭਾਰਤ ਤੋਂ ਜਾਣ ਵਾਲੀਆਂ ਸਬਜ਼ੀਆਂ ਦੀ ਵਿਕਰੀ 'ਤੇ ਰੋਕ ਲਗਾ ਦਿੱਤੀ ਹੈ। ਦੋਵਾਂ ਮੁਲਕਾਂ ਵਿਚਕਾਰ ਹੁੰਦੇ ਵਪਾਰ ਤਹਿਤ ਭੇਜੀਆਂ ਜਾਣ ਵਾਲੀਆਂ ਹਰੀਆਂ ਸਬਜ਼ੀਆਂ ਪਾਕਿਸਤਾਨ ਸਰਕਾਰ ਨੂੰ ਪਸੰਦ ਨਹੀਂ ਆ ਰਹੀਆਂ। ਪਾਕਿਸਤਾਨ ਵਿਚ ਇਨ੍ਹਾਂ ਸਬਜ਼ੀਆਂ ਦੀ ਕੀਤੀ ਗਈ ਜਾਂਚ ਤੋਂ ਬਾਅਦ ਵਿਕਰੀ 'ਤੇ ਰੋਕ ਲਗਾਈ ਗਈ ਹੈ।



ਜਾਣਕਾਰੀ ਮੁਤਾਬਕ ਭਾਰਤ ਤੋਂ ਪਾਕਿਸਤਾਨ ਜਾ ਰਹੀਆਂ ਹਰੀਆਂ ਸਬਜ਼ੀਆਂ ਨੂੰ ਵਾਹਗਾ ਵਿਚ ਜਾਂਚਣ ਵਾਲੀ ਵਿਸ਼ੇਸ਼ ਟੀਮ (ਪੌਦੇ ਇਨਫੈਕਸ਼ਨ ਸੁਰੱਖਿਆ) ਵੱਲੋਂ ਲਗਾਤਾਰ ਕੀਤੀ ਜਾਣ ਵਾਲੀ ਜਾਂਚ ਰਿਪੋਰਟ ਤੋਂ ਬਾਅਦ ਹੀ ਪਾਕਿਸਤਾਨ ਅੰਦਰ ਦਾਖਲ ਹੋਣ ਲਈ ਮਨਜ਼ੂਰੀ ਦਿੱਤੀ ਜਾਂਦੀ ਰਹੀ ਹੈ। ਇਸੇ ਤਹਿਤ ਪਿਛਲੇ ਕਈ ਦਿਨਾਂ ਤੋਂ ਪਾਕਿਸਤਾਨ ਵਾਸੀਆਂ ਦੀ ਮੰਗ 'ਤੇ ਭਾਰਤੀ ਵਪਾਰੀਆਂ ਵੱਲੋਂ ਭੇਜੇ ਭਾਰਤੀ ਲਸਣ ਨੂੰ ਸਬੰਧਤ ਵਿਭਾਗ ਵੱਲੋਂ ਜਾਂਚ ਦੇ ਘੇਰੇ ਵਿਚ ਲਿਆਂਦਾ ਗਿਆ। ਹੋਰ ਹਰੀਆਂ ਸਬਜ਼ੀਆਂ ਦੇ ਨਾਲ-ਨਾਲ ਲਸਣ ਦੀ ਜਾਂਚ ਲਈ ਸਰਕਾਰੀ ਨੈਸ਼ਨਲ ਐਗਰੀਕਲਚਰ ਰੀਸਰਚ ਸੈਂਟਰ ਇਸਲਾਮਾਬਾਦ ਵਿਖੇ ਭੇਜਿਆ ਗਿਆ ਸੀ। ਜਿਥੇ ਜਾਂਚ ਤੋਂ ਬਾਅਦ ਭਾਰਤੀ ਲਸਣ ਵਿਚ ਸਮੱਟ ਡਜ਼ੀਜ਼ ਵਿਨਾਸ਼ਕਾਰੀ ਉੱਲੀ ਬੀਮਾਰੀ ਪਾਏ ਜਾਣ ਕਾਰਨ ਭਾਰਤੀ ਲਸਣ 'ਤੇ ਰੋਕ ਲਗਾਈ ਗਈ ਹੈ। ਹੁਕਮ ਮੁਤਾਬਕ ਪਾਕਿਸਤਾਨ ਦੀਆਂ ਮੰਡੀਆਂ ਵਿਚ ਭਾਰਤੀ ਲਸਣ ਨਹੀਂ ਵਿਕੇਗਾ। ਅਜਿਹੇ 'ਚ ਲਸਣ ਵਾਹਗਾ ਪਾਕਿਸਤਾਨ ਵਪਾਰ ਸਥਾਨ ਉਤੇ ਹੀ ਰੁਲ ਰਿਆ ਹੈ।

ਉਧਰ, ਭਾਰਤੀ ਵਪਾਰੀਆਂ ਵੱਲੋਂ ਭੇਜੇ ਲਸਣ ਨੂੰ ਸਹੀ ਦੱਸਦਿਆਂ ਪਾਕਿਸਤਾਨੀ ਵਪਾਰੀਆਂ ਵੱਲੋਂ ਉਕਤ ਲਸਣ ਦੀ ਪਰਖ ਲਈ ਪ੍ਰਾਈਵੇਟ ਐਗਰੀਕਲਚਰ ਐਂਡ ਐਗਰੀਬਿਜ਼ਨਸ ਮੈਨੇਜਮੈਂਟ ਯੂਨੀਵਰਸਿਟੀ ਕਰਾਚੀ ਵਿਖੇ ਭੇਜਿਆ ਗਿਆ ਜਿਥੇ ਕਰਾਚੀ ਜਾਂਚ ਲੈਬੋਟਰੀ ਵੱਲੋਂ ਕਿਸੇ ਤਰ੍ਹਾਂ ਦੀ ਬੀਮਾਰੀ ਨਾ ਪਾਏ ਜਾਣ ਦੀ ਰਿਪੋਰਟ ਆਈ ਹੈ। ਨਿੱਜੀ ਲੈਬ ਵੱਲੋਂ ਕਰਵਾਈ ਗਈ ਜਾਂਚ ਦੀ ਰਿਪੋਰਟ ਆਉਣ ਤੋਂ ਬਾਅਦ ਪਾਕਿਸਤਾਨ ਵਿਖੇ ਸਬੰਧਤ ਵਿਭਾਗ ਦੇ ਅਧਿਕਾਰੀ ਕਸੂਤੀ ਸਥਿਤੀ ਵਿਚ ਫਸੇ ਹੋਏ ਹਨ।

ਸਰਕਾਰੀ ਅਤੇ ਨਿੱਜੀ ਲੈਬ ਦੀ ਜਾਂਚ ਰਿਪੋਰਟ 'ਚ ਫਸੇ ਅਧਿਕਾਰੀ ਫਿਲਹਾਲ ਸਰਕਾਰ ਦੇ ਹੁਕਮ ਦੀ ਉਡੀਕ ਵਿਚ ਹਨ ਕਿ ਇਸ ਲਸਣ ਨੂੰ ਪਾਕਿਸਤਾਨ ਦੀਆਂ ਮੰਡੀਆਂ ਵਿਚ ਭੇਜਿਆ ਜਾਵੇ ਜਾਂ ਫਿਰ ਭਾਰਤੀ ਵਪਾਰੀਆਂ ਨੂੰ ਵਾਪਸ ਭੇਜ ਦਿੱਤਾ ਜਾਵੇ। ਫਿਲਹਾਲ ਭਾਰਤ ਵੱਲੋਂ ਭੇਜਿਆ ਗਿਆ ਸਾਰਾ ਲਸਣ ਪਾਕਿਸਤਾਨ ਦੇ ਵਾਹਗਾ ਵਿਖੇ ਖੁੱਲੇ ਅਸਮਾਨ ਥੱਲੇ ਰੁਲ ਰਿਹਾ ਹੈ ਅਤੇ ਬਰਸਾਤ ਆਉਣ ਕਰਕੇ ਇਸ ਦੇ ਖਰਾਬ ਹੋਣ ਦਾ ਵੀ ਡਰ ਹੈ।

# ਦਿੱਲੀ ਨੂੰ ਚੰਡੀਗੜ੍ਹ ਦੇ ਹੋਰ ਨੇੜੇ ਕਰੇਗੀ ਸ਼ਤਾਬਦੀ ਐਕਸਪ੍ਰੈੱਸ

**ਚੰਡੀਗੜ੍ਹ :** ਚੰਡੀਗੜ੍ਹ ਅਤੇ ਦਿੱਲੀ ਵਿਚਾਲੇ ਚੱਲਣ ਵਾਲੀ ਸ਼ਤਾਬਦੀ ਐਕਸਪ੍ਰੈੱਸ ਹੋਰ ਤੇਜ਼ ਟਰੈਕ ਉੱਤੇ ਦੌੜੇਗੀ। ਸ਼ਤਾਬਦੀ ਦੀ ਸਪੀਡ ਵਧਾਉਣ ਬਾਰੇ ਰੇਲਵੇ ਸੇਫਟੀ ਬੋਰਡ ਨੇ ਆਪਣੀ ਮਨਜ਼ੂਰੀ ਦੇ ਦਿੱਤੀ ਹੈ। ਸਪੀਡ ਵਧਣ ਨਾਲ ਇਹ ਗੱਡੀ ਚੰਡੀਗੜ੍ਹ ਅਤੇ ਦਿੱਲੀ ਵਿਚਾਲੇ ਸਾਢੇ ਤਿੰਨ ਘੰਟਿਆਂ ਵਿਚ ਦੂਰੀ ਤੈਅ ਕਰੇਗੀ।



ਫਿਲਹਾਲ ਇਹ ਦੂਰੀ ਚਾਰ ਘੰਟਿਆਂ ਵਿਚ ਤੈਅ ਕਰਦੀ ਹੈ। ਰੇਲਵੇ ਸੇਫਟੀ ਬੋਰਡ ਵੱਲੋਂ ਮਿਲੀ ਮਨਜ਼ੂਰੀ ਤੋਂ ਬਾਅਦ ਸ਼ਤਾਬਦੀ ਦਿੱਲੀ-ਅੰਬਾਲਾ-ਲੁਧਿਆਣਾ ਰੂਟ ਉਤੇ 110 ਦੀ ਥਾਂ 130 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਦੌੜੇਗੀ। ਇਸ ਨਾਲ 20 ਤੋਂ 25 ਮਿੰਟ ਦਾ ਟਾਈਮ ਘੱਟ ਟਾਈਮ ਲੱਗੇਗਾ। ਰੇਲਵੇ ਅੰਬਾਲਾ ਡਵੀਜ਼ਨ ਦੇ ਮੈਨੇਜਰ ਦਿਨੇਸ਼ ਕੁਮਾਰ ਨੇ ਦੱਸਿਆ ਕਿ ਬੋਰਡ ਵੱਲੋਂ ਮਨਜ਼ੂਰੀ ਮਿਲਣ ਤੋਂ ਬਾਅਦ ਜੁਲਾਈ ਵਿਚ ਸ਼ਤਾਬਦੀ ਦੀ ਸਪੀਡ ਵਿਚ ਵਾਧਾ ਕਰ ਦਿੱਤਾ ਜਾਵੇਗਾ।

ਜੁਲਾਈ ਵਿਚ ਹੀ ਰੇਲਵੇ ਦਾ ਨਵਾਂ ਟਾਈਮ ਟੇਬਲ ਲਾਗੂ ਕੀਤਾ ਜਾਂਦਾ ਹੈ। ਯਾਦ ਰਹੇ ਕਿ ਇਸ ਰੂਟ ਉਤੇ ਸ਼ਤਾਬਦੀ ਦੀ ਸਪੀਡ ਵਧਾਉਣ ਸਬੰਧੀ ਕਾਫੀ ਸਮੇਂ ਤੋਂ ਯਾਤਰੀਆਂ ਵੱਲੋਂ ਮੰਗ ਕੀਤੀ ਜਾ ਰਹੀ ਸੀ ਜਿਸ ਨੂੰ ਇਸ ਸਾਲ ਜੁਲਾਈ ਵਿਚ ਪੂਰਾ ਕੀਤਾ ਜਾ ਰਿਹਾ ਹੈ। ਚੰਡੀਗੜ੍ਹ ਰੂਟ ਉਤੇ ਇਸ ਸਮੇਂ ਦੋ ਸ਼ਤਾਬਦੀ ਗੱਡੀਆਂ ਚੱਲਦੀਆਂ ਹਨ।

# ਸ੍ਰੀ ਸ੍ਰੀ ਦੇ ਮੰਚ ਤੋਂ ਲੱਗੇ ਪਾਕਿ ਜ਼ਿੰਦਾਬਾਦ ਦੇ ਨਾਅਰੇ

**ਨਵੀਂ ਦਿੱਲੀ:** ਦਿੱਲੀ ਵਿਚ ਯਮੁਨਾ ਕਿਨਾਰੇ ਚੱਲੇ ਸ੍ਰੀ ਸ੍ਰੀ ਰਵੀਸ਼ੰਕਰ ਦੇ ਸਮਾਗਮ ਦੌਰਾਨ ਸਟੇਜ ਤੋਂ ਪਾਕਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਗਾਏ ਗਏ। ਇਸ ਵੇਲੇ ਮੰਚ 'ਤੇ ਗ੍ਰਹਿ ਮੰਤਰੀ ਰਾਜਨਾਥ ਸਿੰਘ ਵੀ ਮੌਜੂਦ ਸਨ। ਕੇਂਦਰੀ ਗ੍ਰਹਿ ਮੰਤਰੀ ਦੀ ਮੌਜੂਦਗੀ ਵਿਚ ਜਦ ਅਚਾਨਕ 'ਜੈ ਹਿੰਦ ਤੇ ਪਾਕਿਸਤਾਨ ਜ਼ਿੰਦਾਬਾਦ' ਦੇ ਨਾਅਰੇ ਲੱਗੇ ਤਾਂ ਇਕ ਦਮ ਹੈਰਾਨੀ ਵਾਲਾ ਮਾਹੌਲ ਬਣ ਗਿਆ। ਉਸ ਤੋਂ ਪਹਿਲਾਂ ਕਿ ਮਾਹੌਲ ਵਿਗੜਦਾ, ਸ੍ਰੀ ਸ੍ਰੀ ਨੇ ਇਨ੍ਹਾਂ ਨਾਅਰਿਆਂ ਪਿੱਛੇ ਛਿਪਿਆ ਸੰਦੇਸ਼ ਜਾਹਿਰ ਕੀਤਾ। ਉਨ੍ਹਾਂ ਪੁੱਛਿਆ ਕਿ ਆਖਰ ਕਿਉਂ ਇਕੱਠੇ ਜੈ ਹਿੰਦ ਤੇ ਪਾਕਿਸਤਾਨ ਜ਼ਿੰਦਾਬਾਦ ਦੇ ਨਾਅਰੇ ਨਹੀਂ ਲੱਗ ਸਕਦੇ।

ਉਨ੍ਹਾਂ ਦੋਵਾਂ ਦੇਸ਼ਾਂ ਦੀ ਤਰੱਕੀ ਨੂੰ ਲੈ ਕੇ ਕਿਹਾ ਕਿ ਪਾਕਿਸਤਾਨ ਵੀ ਅੱਤਿਵਾਦ ਨਾਲ ਲੜ ਰਿਹਾ ਹੈ ਤੇ ਜੇਕਰ ਅਜਿਹੀ ਸਥਿਤੀ 'ਚ ਦੋਵੇਂ ਦੇਸ਼ ਇਕ ਦੂਜੇ ਦੇ ਨੇੜੇ ਆਉਂਦੇ ਹਨ ਤਾਂ ਇਸ ਇਲਾਕੇ ਦੀ ਕਾਫੀ ਤਰੱਕੀ ਹੋ ਸਕਦੀ ਹੈ। ਜਦ ਜੈ ਹਿੰਦ ਤੇ ਪਾਕਿਸਤਾਨ ਜ਼ਿੰਦਾਬਾਦ ਦੇ ਨਾਅਰੇ ਲੱਗੇ ਤਾਂ ਮੰਚ 'ਤੇ ਪਾਕਿਸਤਾਨ ਦੇ ਮੁਫਤੀ ਮੁਹੰਮਦ ਸਈਅਦ ਖਾਨ ਵੀ ਮੌਜੂਦ ਸਨ। ਮੁਫਤੀ ਸਈਅਦ ਨੇ ਸਹਿਣਸ਼ੀਲਤਾ ਦੀ ਮਹੱਤਤਾ 'ਤੇ ਆਪਣੀ ਗੱਲ ਰੱਖੀ।



### ਸ੍ਰੀ ਸ੍ਰੀ ਵੱਲੋਂ ਜੁਰਮਾਨਾ ਦੇਣ ਤੋਂ ਕੋਰੀ ਨਾਂਹ

**ਨਵੀਂ ਦਿੱਲੀ:** ਯਮੁਨਾ ਕਿਨਾਰੇ ਸੰਮੇਲਨ ਕਰਵਾਉਣ ਨੂੰ ਲੈ ਕੇ ਐਨ.ਜੀ.ਟੀ. ਵੱਲੋਂ ਲਗਾਏ ਪੰਜ ਕਰੋੜ ਦੇ ਜੁਰਮਾਨੇ ਦਾ ਭੁਗਤਾਨ ਕਰਨ ਤੋਂ 'ਆਰਟ ਆਫ ਲਿਵਿੰਗ' ਦੇ ਸੰਸਥਾਪਕ ਸ੍ਰੀ ਸ੍ਰੀ ਰਵੀ ਸ਼ੰਕਰ ਨੇ ਕੋਰੀ ਨਾਂਹ ਕਰ ਦਿੱਤੀ ਹੈ। ਇਸ ਤੋਂ ਪਹਿਲਾਂ ਵੀ ਸ੍ਰੀ ਸ੍ਰੀ ਇਹ ਜੁਰਮਾਨਾ ਭਰਨ ਤੋਂ ਇਨਕਾਰ ਕਰ ਚੁੱਕੇ ਹਨ। ਹਾਲਾਂਕਿ ਰਵੀ ਸ਼ੰਕਰ ਨੇ ਕਿਹਾ ਕਿ ਉਹ ਮਹਾਂ ਉਤਸਵ ਦੇ ਸਮਾਰੋਹ ਸਥਲ ਦੇ 'ਵਿਕਾਸ' ਦਾ ਦਿਲੋਂ ਸਮਰਥਨ ਕਰਦੇ ਹਨ। ਉਨ੍ਹਾਂ ਕਿਹਾ ਕਿ ਐਨ.ਜੀ.ਟੀ. ਨੇ 'ਆਰਟ ਆਫ ਲਿਵਿੰਗ' ਨੂੰ ਜਿਸ ਰਕਮ ਦਾ ਭੁਗਤਾਨ ਕਰਨ ਲਈ ਕਿਹਾ ਹੈ, ਉਹ ਮੁੜ ਸਵਾਰਨ ਲਈ ਹੈ, ਨਾ ਕਿ ਜੁਰਮਾਨਾ ਹੈ। ਫਿਲਹਾਲ ਐਨ.ਜੀ.ਟੀ. ਨੇ ਕਿਹਾ ਹੈ ਕਿ 25 ਲੱਖ ਰੁਪਏ ਹੁਣੇ ਜਮ੍ਹਾਂ ਕਰਵਾਏ ਜਾਣ ਤੇ ਬਾਕੀ ਰਕਮ ਤਿੰਨ ਹਫਤਿਆਂ 'ਚ ਅਦਾ ਕੀਤੀ ਜਾਵੇ।

# ਹੁਣ ਰੋਡਵੇਜ਼ ਦੀਆਂ ਬੱਸਾਂ ਵਿਚ ਲੱਗਣਗੇ ਸੀ.ਸੀ.ਟੀ.ਵੀ. ਕੈਮਰੇ

**ਪਟਿਆਲਾ:** ਪੰਜਾਬ ਵਿਚ ਉਪਰੋਂ ਥਲੀ ਬੱਸਾਂ ਅੰਦਰ ਵਾਪਰੀਆਂ ਮੰਦਭਾਗੀਆਂ ਘਟਨਾਵਾਂ ਨੂੰ ਦੇਖਦਿਆਂ ਜਨਤਕ ਦਬਾਅ ਵਿਚ ਆਈ ਸਰਕਾਰ ਨੇ ਮਸਲੇ ਦੇ ਹੱਲ ਲਈ ਕੋਸ਼ਿਸ਼ਾਂ ਤੇਜ਼ ਕਰ ਦਿੱਤੀਆਂ ਹਨ। ਬੱਸ ਮੁਸਾਫਰਾਂ ਦੀ ਸੁਰੱਖਿਆ ਲਈ ਸਿਫਾਰਸ਼ਾਂ ਦੇਣ ਲਈ ਕਮਿਸ਼ਨ ਨੂੰ ਜ਼ਿੰਮੇਵਾਰੀ ਸੌਂਪੀ ਗਈ ਹੈ।

ਇਸੇ ਨੂੰ ਧਿਆਨ ਵਿਚ ਰੱਖਦਿਆਂ ਪੰਜਾਬ ਰੋਡਵੇਜ਼ ਅਤੇ ਪਨਬਸਾਂ ਵਿਚ ਵੀ 100 ਦੇ ਕਰੀਬ ਸੀ.ਸੀ.ਟੀ.ਵੀ. ਕੈਮਰੇ ਲਾਉਣ ਦਾ ਫੈਸਲਾ ਕੀਤਾ ਹੈ। ਇਹੋ ਨਹੀਂ ਇਸ ਦੇ ਆਪਣੇ ਤਿੰਨ ਬੱਸ ਅੱਡਿਆਂ ਅਤੇ 18 ਦੇ ਕਰੀਬ ਵਰਕਸ਼ਾਪਾਂ ਵਿਚ ਵੀ ਨਿਗਰਾਨੀ ਵਾਸਤੇ ਸੀ.ਸੀ.ਟੀ.ਵੀ. ਕੈਮਰੇ ਲਗਾਉਣੇ ਹਨ। ਪੰਜਾਬ ਰੋਡਵੇਜ਼ ਦੇ ਡਾਇਰੈਕਟਰ ਟਰਾਂਸਪੋਰਟ ਅਸ਼ਵਨੀ ਕੁਮਾਰ ਜੋ ਕਿ ਪੰਜਾਬ ਰੋਡਵੇਜ਼ ਦੇ ਡਾਇਰੈਕਟਰ



ਵੀ ਹਨ, ਨੇ ਕਿਹਾ ਕਿ ਇਹ ਸਿਸਟਮ ਪਹਿਲਾਂ ਏ.ਸੀ. ਅਤੇ ਵਾਲਵੋ ਬੱਸਾਂ ਵਿਚ ਲਾਇਆ ਜਾ ਰਿਹਾ ਹੈ।

**Punjab Times**

**Established in 2000**
**17th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਬਜ਼ੁਰਗਾਂ ਦੀ ਥਾਂ ਨੌਜਵਾਨਾਂ ਨੂੰ ਕਰਵਾਈ ਜਾ ਰਹੀ ਹੈ ਤੀਰਥ ਯਾਤਰਾ

**ਬਠਿੰਡਾ:** ਪੰਜਾਬ ਸਰਕਾਰ ਨੌਜਵਾਨਾਂ ਤੇ ਬੱਚਿਆਂ ਨੂੰ ਵੀ ਤੀਰਥ ਯਾਤਰਾ ਕਰਾ ਰਹੀ ਹੈ, ਜਦੋਂ ਕਿ ਯਾਤਰਾ ਬਜ਼ੁਰਗਾਂ ਲਈ ਸ਼ੁਰੂ ਕੀਤੀ ਗਈ ਸੀ। ਮੁੱਖ ਮੰਤਰੀ ਤੀਰਥ ਯਾਤਰਾ ਦੀ ਪਹਿਲੀ ਤਿਮਾਹੀ ਮੁਕੰਮਲ ਹੋਣ ਵਾਲੀ ਹੈ, ਜਿਸ 'ਤੇ ਕਰੀਬ 34.50 ਕਰੋੜ ਰੁਪਏ ਦਾ ਖਰਚਾ ਆਵੇਗਾ। ਤੀਰਥ ਯਾਤਰਾ ਰੇਲ ਗੱਡੀਆਂ ਤੇ ਬੱਸਾਂ ਦਾ ਹਾਰ-ਸ਼ਿੰਗਾਰ ਤੇ ਢੋਲ-ਢਮੱਕਾ ਕਰੀਬ 60 ਲੱਖ ਰੁਪਏ ਵਿਚ ਖ਼ਜ਼ਾਨੇ ਨੂੰ ਪਿਆ ਹੈ।

ਪੰਜਾਬ ਤੀਰਥ ਯਾਤਰਾ ਯੋਜਨਾ ਲਾਗੂ ਕਰਨ ਵਾਲਾ ਦੇਸ਼ ਦਾ ਪੰਜਵਾਂ ਸੂਬਾ ਹੈ। ਭਾਜਪਾ ਸਰਕਾਰਾਂ ਨੇ ਤੀਰਥ ਯਾਤਰਾ ਯੋਜਨਾ ਸਭ ਤੋਂ ਪਹਿਲਾਂ ਲਾਗੂ ਕੀਤੀ ਸੀ। ਪੰਜਾਬ ਸਰਕਾਰ ਨੇ ਦੂਜੇ ਸੂਬਿਆਂ ਦੀ ਨਕਲ 'ਤੇ ਇਹ ਯੋਜਨਾ ਸ਼ੁਰੂ ਕੀਤੀ ਪਰ ਰਾਜ ਨੇ ਇਸ ਯੋਜਨਾ ਨੂੰ ਆਪਣੇ ਰੰਗ ਵਿਚ ਰੰਗ ਲਿਆ। ਦੂਜੇ ਸੂਬੇ ਸਿਰਫ਼ 60 ਸਾਲ ਤੋਂ ਉਪਰ ਦੇ ਬਜ਼ੁਰਗਾਂ ਨੂੰ ਸਰਕਾਰੀ ਖਰਚੇ 'ਤੇ



ਤੀਰਥ ਯਾਤਰਾ ਕਰਾ ਰਹੇ ਹਨ, ਜਦੋਂ ਕਿ ਪੰਜਾਬ ਸਰਕਾਰ ਨੌਜਵਾਨਾਂ ਤੇ ਬੱਚਿਆਂ ਨੂੰ ਵੀ ਤੀਰਥ ਯਾਤਰਾ ਕਰਾ ਰਹੀ ਹੈ। ਮੱਧ ਪ੍ਰਦੇਸ਼ ਸਰਕਾਰ ਨੇ ਸਭ ਤੋਂ ਪਹਿਲਾਂ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਅਕਤੂਬਰ 2012 ਵਿਚ ਸ਼ੁਰੂ ਕੀਤੀ ਸੀ। ਮੱਧ ਪ੍ਰਦੇਸ਼ ਸਰਕਾਰ ਵੱਲੋਂ ਸਿਰਫ਼ 60 ਸਾਲ ਤੋਂ ਉਪਰ ਦੇ ਬਜ਼ੁਰਗਾਂ ਨੂੰ ਇਹ ਯਾਤਰਾ ਕਰਾਈ ਜਾ ਰਹੀ ਹੈ। ਉਸ ਮਗਰੋਂ ਛਤੀਸਗੜ੍ਹ ਸਰਕਾਰ ਨੇ ਜਨਵਰੀ 2013 ਵਿਚ ਇਸ ਯੋਜਨਾ ਦੀ ਸ਼ੁਰੂਆਤ ਕੀਤੀ।

ਛਤੀਸਗੜ੍ਹ ਸਰਕਾਰ ਵੱਲੋਂ 60 ਸਾਲ ਤੋਂ ਉਪਰ ਦੇ ਸਿਰਫ਼ ਉਨ੍ਹਾਂ ਬਜ਼ੁਰਗਾਂ ਨੂੰ ਮੁਫ਼ਤ ਯਾਤਰਾ ਕਰਾਈ ਜਾ ਰਹੀ ਹੈ। ਅਗਸਤ 2015 ਤੋਂ ਰਾਜਸਥਾਨ ਸਰਕਾਰ ਨੇ ਤੀਰਥ ਯਾਤਰਾ ਯੋਜਨਾ ਸ਼ੁਰੂ ਕੀਤੀ ਹੈ ਅਤੇ ਰਾਜਸਥਾਨ ਸਰਕਾਰ ਵੱਲੋਂ ਵੀ 60 ਸਾਲ ਤੋਂ ਉਪਰ ਦੇ ਬਜ਼ੁਰਗਾਂ ਲਈ ਇਹ ਯੋਜਨਾ ਲਾਗੂ ਕੀਤੀ ਗਈ ਹੈ। ਉੱਤਰ ਪ੍ਰਦੇਸ਼ ਸਰਕਾਰ ਵੱਲੋਂ ਵੀ ਹੁਣ ਸਿਰਫ਼ ਸੀਨੀਅਰ ਸਿਟੀਜਨਜ਼ ਲਈ ਇਹ ਯੋਜਨਾ ਸ਼ੁਰੂ ਕੀਤੀ ਗਈ ਹੈ। ਇਧਰ ਪੰਜਾਬ ਸਰਕਾਰ ਬੱਚਿਆਂ ਤੇ ਜਵਾਨਾਂ ਨੂੰ ਵੀ ਤੀਰਥ ਯਾਤਰਾ ਕਰਾ ਰਹੀ ਹੈ। ਪੰਜਾਬ ਸਰਕਾਰ ਨੇ ਇਸ ਤੀਰਥ ਯਾਤਰਾ ਵਿਚ ਉਮਰ ਹੱਦ ਦੀ ਕੋਈ ਸ਼ਰਤ ਨਹੀਂ ਰੱਖੀ।

# ਬੇਮੌਸਮੀ ਬਾਰਸ਼ ਨੇ ਮੁੜ ਝੰਬੀ ਕਿਸਾਨੀ

**ਚੰਡੀਗੜ੍ਹ:** ਅਗਲੇ ਮਹੀਨੇ ਵਾਢੀ ਲਈ ਤਿਆਰ ਹਾੜ੍ਹੀ ਦੀਆਂ ਫਸਲਾਂ 'ਤੇ ਬੇਮੌਸਮਾ ਮੀਂਹ ਕਹਿਰ ਬਣ ਕੇ ਵਰ੍ਹਿਆ ਹੈ। ਬਠਿੰਡਾ, ਅੰਮ੍ਰਿਤਸਰ, ਕਪੂਰਥਲਾ ਅਤੇ ਜਲੰਧਰ ਵਿਚ ਗੜੇਮਾਰੀ ਹੋਈ ਹੈ। ਨੀਵੇਂ ਥਾਂਵਾਂ 'ਤੇ ਪਾਣੀ ਭਰਨ ਕਾਰਨ ਕਣਕ ਪੀਲੀ ਪੈਣ ਲੱਗੀ ਹੈ। ਪੰਜਾਬ ਵਿਚ ਔਸਤਨ 12.4 ਮਿਲੀਮੀਟਰ ਮੀਂਹ ਰਿਕਾਰਡ ਕੀਤਾ ਗਿਆ ਹੈ। ਪਿਛਲੇ ਤਿੰਨ ਸਾਲਾਂ ਤੋਂ ਮਾਰਚ ਮਹੀਨੇ ਦੀ ਇਹ ਸਭ ਤੋਂ ਭਾਰੀ ਬਾਰਸ਼ ਹੈ। ਕਈ ਜ਼ਿਲ੍ਹਿਆਂ ਵਿਚ ਮੀਂਹ ਅਤੇ ਹਨੇਰੀ ਕਾਰਨ ਖੜ੍ਹੀਆਂ ਫਸਲਾਂ ਧਰਤੀ 'ਤੇ ਵਿਛ ਗਈਆਂ ਹਨ। ਇਸ ਤੋਂ ਇਲਾਵਾ ਸਬਜ਼ੀਆਂ, ਸਰ੍ਹੋਂ, ਲੀਚੀ, ਅੰਬ, ਸਟਰਾਬੇਰੀ ਅਤੇ ਨਿੰਬੂ ਜਾਤੀ ਦੇ ਫਲਾਂ ਦਾ ਭਾਰੀ ਨੁਕਸਾਨ ਹੋਇਆ। ਅੰਮ੍ਰਿਤਸਰ, ਜਲੰਧਰ, ਗੁਰਦਾਸਪੁਰ, ਫਤਿਹਗੜ੍ਹ ਸਾਹਿਬ, ਸੰਗਰੂਰ, ਕਪੂਰਥਲਾ, ਹੁਸ਼ਿਆਰਪੁਰ, ਲੁਧਿਆਣਾ, ਫਰੀਦਕੋਟ, ਮੋਗਾ ਅਤੇ ਫਾਜ਼ਿਲਕਾ ਜ਼ਿਲ੍ਹਿਆਂ ਵਿਚ ਫਸਲਾਂ ਦਾ ਭਾਰੀ ਨੁਕਸਾਨ ਹੋਇਆ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਪਹਿਲਾਂ ਚਿੱਟੀ ਮੱਖੀ ਨੇ ਉਨ੍ਹਾਂ ਦਾ ਆਰਥਕ ਤੌਰ 'ਤੇ ਸੱਟ ਮਾਰੀ ਹੈ ਅਤੇ ਹੁਣ ਕਣਕ ਦੀ ਫਸਲ ਖਰਾਬ ਹੋਣ ਨਾਲ ਤਾਂ ਉਹ ਕੱਖੋਂ ਹੌਲੇ ਹੋਏ ਮਹਿਸੂਸ ਕਰ ਰਹੇ।

ਖੇਤੀ ਸੰਕਟ ਕਾਰਨ ਸੂਬੇ ਵਿਚ ਪਹਿਲਾਂ ਹੀ ਪੰਜਾਬ ਦਾ ਕਿਸਾਨ ਖੁਦਕੁਸ਼ੀਆਂ ਦੇ ਰਾਹ ਪਿਆ ਹੋਇਆ ਹੈ। ਇਸ ਬਾਰਸ਼ ਨਾਲ ਆਰਥਿਕ ਤੰਗੀਆਂ ਨਾਲ ਜੂਝ ਰਹੇ ਕਿਸਾਨਾਂ ਦੀਆਂ ਚਿੰਤਾਵਾਂ ਵਿਚ ਵਾਧਾ ਕਰ ਦਿੱਤਾ। ਸੇਮ ਤੋਂ ਪ੍ਰਭਾਵਿਤ ਨੀਵੇਂ ਤੇ ਛੰਭ ਦੇ ਇਲਾਕਿਆਂ ਵਿਚ ਖੇਤਾਂ ਵਿਚ ਪਾਣੀ ਦਾ ਨਿਕਾਸ ਨਾ ਹੋਣ ਕਾਰਨ ਸਿੱਧੇ ਤੌਰ 'ਤੇ ਕਣਕ ਦੀ ਗੁਣਵਤਾ ਤੇ ਪੈਦਾਵਾਰ 'ਤੇ ਅਸਰ ਪਵੇਗਾ। ਇਕ ਅਨੁਮਾਨ ਅਨੁਸਾਰ ਸੂਬੇ ਅੰਦਰ ਕਣਕ ਹੇਠਲੇ ਤਕਰੀਬਨ 35 ਲੱਖ ਹੈਕਟੇਅਰ ਰਕਬੇ ਵਿਚ ਸਮੇਂ ਸਿਰ ਬੀਜੀ ਗਈ ਕਣਕ ਨਿਸਰ ਚੁੱਕੀ ਹੈ। ਕਮਾਦ ਦੀ ਕਟਾਈ ਤੇ ਬਿਜਾਈ ਪਛੜੀ ਦੂਜੇ ਪਾਸੇ ਇਸ ਸਾਲ ਮਾਰਚ ਦਾ ਪਹਿਲਾ ਪੰਦਰਵਾੜਾ ਬੀਤਣ ਦੇ ਬਾਵਜੂਦ ਵੀ ਪੰਜਾਬ ਦੀਆਂ ਵੱਖ-ਵੱਖ ਮਿੱਲਾਂ ਅਧੀਨ ਗੰਨੇ ਦੀ ਫ਼ਸਲ ਖੇਤਾਂ 'ਚ ਖੜੀ ਹੈ ਤੇ ਸੂਬੇ ਦੀਆਂ ਸਾਰੀਆਂ ਮਿੱਲਾਂ ਅਜੇ ਵੀ ਗੰਨਾ ਪੀੜ ਰਹੀਆਂ ਹਨ। ਕਿਸਾਨਾਂ ਮੁਤਾਬਕ ਇਸ ਬਾਰਸ਼ ਨੇ ਕਣਕ, ਸਬਜ਼ੀਆਂ ਦਾ ਨੁਕਸਾਨ ਕੀਤਾ ਹੈ, ਜਿਸ ਨਾਲ ਕਿਸਾਨਾਂ ਨੂੰ ਵੱਡਾ ਨੁਕਸਾਨ ਉਠਾਉਣਾ ਪਵੇਗਾ। ਕਿਸਾਨਾਂ ਮੰਗ ਕੀਤੀ ਹੈ ਕਿ ਸਰਕਾਰ ਨੂੰ ਬਾਰਸ਼ ਕਾਰਨ ਨੁਕਸਾਨੀਆਂ ਫਸਲਾਂ ਲਈ ਤੁਰੰਤ ਮੁਆਵਜ਼ੇ ਦਾ ਐਲਾਨ ਕਰਨਾ ਚਾਹੀਦਾ ਹੈ ਨਹੀਂ ਤਾਂ ਕਿਸਾਨਾਂ ਸਿਰ ਕਰਜ਼ੇ ਦੀ ਪੰਡ ਹੋ ਭਾਰੀ ਹੋ ਜਾਵੇਗਾ।

# ਬਾਦਲ ਦੇ ਪੈਂਤੜੇ ਨਾਲ ਵਿਰੋਧੀ ਚਿੱਤ

*(ਸਫਾ ਇਕ ਦੀ ਬਾਕੀ)*

ਨੂੰ ਹੈਰਾਨ ਕਰ ਦਿੱਤਾ, ਉਥੇ ਕੈਪਟਨ ਨੂੰ ਵੀ ਇਕ ਵਾਰ ਤਾਂ ਮਾਤ ਦੇ ਦਿੱਤੀ ਹੈ।

ਦੂਜੇ ਪਾਸੇ ਇਸ ਮੁੱਦੇ 'ਤੇ ਹਰਿਆਣਾ ਸਰਕਾਰ ਨੇ ਪੰਜਾਬ ਦੀ ਇਸ ਕਾਰਵਾਈ ਨੂੰ ਮੰਦਭਾਗੀ ਦੱਸਦਿਆਂ ਆਪਣੇ ਹੱਕ ਲਈ ਹਰ ਸੰਭਵ ਕਾਨੂੰਨੀ ਤੇ ਸਿਆਸੀ ਲੜਾਈ ਲੜਨ ਦਾ ਅਹਿਦ ਦੁਹਰਾਇਆ ਹੈ। ਦਰਅਸਲ, 1966 ਵਿਚ ਹੀ ਪੰਜਾਬ ਦੇ ਬਟਵਾਰੇ ਮੌਕੇ ਉਸ ਸਮੇਂ ਦੀ ਕੇਂਦਰ ਸਰਕਾਰ ਨੇ ਦਰਿਆਈ ਪਾਣੀਆਂ, ਰਾਜਧਾਨੀ ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕਿਆਂ ਦੇ ਮਾਮਲਿਆਂ ਨੂੰ ਅਜਿਹੀਆਂ ਪੀਚਵੀਆਂ ਗੰਢਾਂ ਦੇ ਦਿੱਤੀਆਂ ਜਿਨ੍ਹਾਂ ਨੂੰ ਖੋਲ੍ਹਣ ਲਈ ਕੀਤਾ ਜਾਂਦਾ ਹਰ ਯਤਨ ਇਨ੍ਹਾਂ ਨੂੰ ਹੋਰ ਉਲਝਾਉਂਦਾ ਚਲਾ ਗਿਆ। ਦੇਸ਼ ਅਤੇ ਸਬੰਧਤ ਸੂਬਿਆਂ ਦੇ ਹਿੱਤਾਂ ਨਾਲੋਂ ਸੌੜੇ ਸਿਆਸੀ ਹਿੱਤਾਂ ਨੂੰ ਪਹਿਲ ਦੇਣ ਕਾਰਨ ਇਹ ਮਾਮਲੇ ਨਾਸੂਰ ਬਣ ਗਏ ਹਨ।

ਪਿਛਲੇ ਸਾਢੇ ਤਿੰਨ ਦਹਾਕਿਆਂ ਦੌਰਾਨ ਐਸ.ਵਾਈ.ਐਲ. ਨਹਿਰ ਵਿਚ ਪਾਣੀ ਭਾਵੇਂ ਨਹੀਂ ਵਗਿਆ, ਪਰ ਹਜ਼ਾਰਾਂ ਨਿਰਦੋਸ਼ਾਂ ਦਾ ਖ਼ੂਨ ਜ਼ਰੂਰ ਇਸ ਦੀ ਭੇਟ ਚੜ੍ਹ ਚੁੱਕਿਆ ਹੈ। ਜਾਣਕਾਰ ਅਧਿਕਾਰੀਆਂ ਅਨੁਸਾਰ ਸਰਕਾਰ ਨੇ ਕਿਸਾਨਾਂ ਨੂੰ ਜ਼ਮੀਨ ਮੁਫਤ ਵਿਚ ਮੋੜਨ ਦੇ ਨਾਲ ਹੀ ਹਰਿਆਣਾ ਨੂੰ ਉਹ ਪੈਸਾ ਵਿਆਜ ਸਮੇਤ ਵਾਪਸ ਕਰਨ ਦਾ ਫੈਸਲਾ ਕੀਤਾ ਹੈ ਜੋ ਉਸ ਨੇ ਨਹਿਰ ਚਲਾਉਣ ਤੇ ਇਸ ਦੀ ਸਾਂਭ-ਸੰਭਾਲ ਵਾਸਤੇ ਦਿੱਤਾ ਸੀ। ਪੰਜਾਬ ਸਰਕਾਰ ਤਕਰੀਬਨ 390 ਕਰੋੜ ਰੁਪਏ ਵਿਚ ਵਿਆਜ ਜੋੜ ਕੇ ਹਰਿਆਣਾ ਨੂੰ ਮੋੜੇਗੀ।

# 'ਗਰੀਬ' ਸਰਕਾਰ ਦਾ ਅਮੀਰ ਬਜਟ

*(ਸਫਾ ਇਕ ਦੀ ਬਾਕੀ)*

ਦੀਆਂ ਅਦਾਇਗੀਆਂ ਅਤੇ ਹੋਰ ਮਾਲ ਖਰਚੇ ਹੀ 59,500 ਕਰੋੜ ਦੇ ਲਗਪਗ ਬਣ ਜਾਂਦੇ ਹਨ ਜਦੋਂਕਿ ਸਰਕਾਰੀ ਰਿਣਾਂ ਦੀਆਂ ਅਦਾਇਗੀਆਂ ਅਤੇ ਕਰਜ਼ੇ ਦੀਆਂ ਪੇਸ਼ਗੀਆਂ ਦੀ ਰਕਮ ਵੀ 3919 ਕਰੋੜ ਰੁਪਏ ਬਣਦੀ ਹੈ। ਬਜਟ ਵਿਚ ਦਿੱਤੀਆਂ ਖ਼ੈਰਾਤਾਂ ਤੇ ਵਿਕਾਸ ਕਾਰਜਾਂ ਲਈ ਤਾਂ ਸਰਕਾਰ ਕੋਲ ਮਾਮੂਲੀ ਪੂੰਜੀ ਹੀ ਬਚਦੀ ਜਾਪਦੀ ਹੈ। ਹੁਣ ਮਾਹਰਾਂ ਵੱਲੋਂ ਸਵਾਲ ਕੀਤਾ ਜਾ ਰਿਹਾ ਹੈ ਕਿ ਖਾਲੀ ਖਜ਼ਾਨਾ ਸਰਕਾਰ ਦੇ ਦਾਅਵਿਆਂ ਦੀ ਪੂਰਤੀ ਕਿਵੇਂ ਕਰੇਗਾ।

ਸਰਕਾਰ ਨੇ ਮਾਲੀ ਪ੍ਰਾਪਤੀਆਂ ਤੇ ਖਰਚਿਆਂ ਦੇ ਪਾੜੇ ਨੂੰ ਪੂਰਨ ਲਈ ਕੋਈ ਠੋਸ ਯੋਜਨਾਬੰਦੀ ਨਹੀਂ ਕੀਤੀ ਗਈ। ਅਗਲੇ ਵਿੱਤੀ ਸਾਲ ਤੱਕ ਸੂਬੇ ਸਿਰਫ ਕਰਜ਼ੇ ਦਾ ਭਾਰ ਵਧ ਕੇ 1,38,165.53 ਕਰੋੜ ਹੋ ਜਾਵੇਗਾ, ਪਰ ਵਿੱਤ ਮੰਤਰੀ ਨੇ ਇਹ ਕਰਜ਼ ਭਾਰ ਘਟਾਉਣ ਲਈ ਕੋਈ ਤਜਵੀਜ਼ ਪੇਸ਼ ਨਹੀਂ ਕੀਤੀ। ਸੂਬਾ ਪੱਧਰੀ ਕੁੱਲ ਮਾਲੀ ਵਾਧੇ ਵਿਚ ਖੇਤੀਬਾੜੀ ਅਤੇ ਉਦਯੋਗਿਕ ਖੇਤਰ ਦਾ ਹਿੱਸਾ ਘਟਦਾ ਜਾ ਰਿਹਾ ਹੈ।

ਆਰਥਿਕ ਸਰਵੇਖਣ ਅਨੁਸਾਰ ਕੁੱਲ ਰਾਜ ਮਾਲੀ ਵਾਧੇ ਵਿਚ ਖੇਤੀ ਦਾ ਹਿੱਸਾ 2011-12 ਦੇ 19.73 ਫੀਸਦੀ ਮੁਕਾਬਲੇ ਘਟ ਕੇ ਸਾਲ 2015-16 ਵਿਚ 17.03 ਫੀਸਦੀ ਰਹਿ ਗਿਆ ਹੈ। ਖੇਤੀਬਾੜੀ ਵਿਚ ਸਹਾਇਕ ਧੰਦੇ ਜੋੜ ਦੇਣ ਨਾਲ ਇਸੇ ਸਮੇਂ ਦੌਰਾਨ ਹਿੱਸਾ 30.81 ਫੀਸਦੀ ਤੋਂ ਘਟ ਕੇ 27.22 ਫੀਸਦੀ ਰਹਿ ਗਿਆ ਹੈ। ਉਦਯੋਗ ਦਾ ਕੁੱਲ ਮਾਲੀ ਹਿੱਸਾ 2011-12 ਵਿਚਲੇ 25.40 ਫੀਸਦੀ ਤੋਂ ਘਟ ਕੇ 23.88 ਫੀਸਦੀ ਰਹਿ ਗਿਆ ਹੈ, ਜਦਕਿ ਸੇਵਾਵਾਂ ਦਾ ਹਿੱਸਾ 43.79 ਫੀਸਦੀ ਤੋਂ ਵਧ ਕੇ 48.49 ਫੀਸਦੀ ਹੋ ਗਿਆ ਹੈ। ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਬਜਟ ਵਿਚ ਪੰਜ ਏਕੜ ਵਾਲੇ ਕਿਸਾਨਾਂ ਨੂੰ 50 ਹਜ਼ਾਰ ਰੁਪਏ ਤੱਕ ਵਿਆਜ ਮੁਕਤ ਕਰਜ਼ ਦੇਣ ਦਾ ਐਲਾਨ ਕੀਤਾ ਹੈ, ਪਰ ਕਰਜ਼ੇ ਦੇ ਬੋਝ ਹੇਠ ਦਬੇ ਕਿਸਾਨਾਂ ਦੀ ਆਮਦਨ ਵਧਾਉਣ ਦਾ ਕੋਈ ਉਪਰਾਲਾ ਨਜ਼ਰ ਨਹੀਂ ਆ ਰਿਹਾ। ਉਨ੍ਹਾਂ ਮੁਤਾਬਕ ਪੰਜਾਬ ਦੇ ਕਿਸਾਨਾਂ ਸਿਰ ਕਰਜ਼ਾ 35 ਹਜ਼ਾਰ ਕਰੋੜ ਹੈ, ਜਦਕਿ ਪੰਜਾਬੀ ਯੂਨੀਵਰਸਿਟੀ ਦੀ ਹਾਲੀਆ ਰਿਪੋਰਟ ਮੁਤਾਬਕ ਇਹ ਕਰਜ਼ਾ 70 ਹਜ਼ਾਰ ਕਰੋੜ ਦੇ ਕਰੀਬ ਹੈ।

ਸਰਵੇਖਣ ਅਨੁਸਾਰ ਮਾਲੀ ਪ੍ਰਾਪਤੀਆਂ ਦੇ ਮੁਕਾਬਲੇ ਕਰਜ਼ੇ ਦਾ ਬੋਝ ਤੇਜ਼ੀ ਨਾਲ ਵਧ ਰਿਹਾ ਹੈ। ਕੰਪਟਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ ਵਿਚ ਵੀ ਇਸ ਦਾ ਜ਼ਿਕਰ ਕਰਦਿਆਂ ਕਿਹਾ ਗਿਆ ਸੀ ਕਿ ਜੇਕਰ ਇਹੀ ਹਾਲਤ ਰਹੀ ਤਾਂ ਪੰਜਾਬ ਦੀ ਵਿੱਤੀ ਹਾਲਤ ਘੋਰ ਸੰਕਟ ਵਿੱਨਹਿਰ ਲਈ ਗ੍ਰਹਿ 'ਚ ਫਸ ਸਕਦੀ ਹੈ। ਸਾਲ 2015-16 ਦੇ ਬਜਟ ਅਨੁਮਾਨ ਅਨੁਸਾਰ ਕਰਜ਼ਾ ਵਧ ਕੇ 1 ਲੱਖ 24 ਹਜ਼ਾਰ 471 ਕਰੋੜ ਰੁਪਏ ਹੋ ਗਿਆ ਸੀ। ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਵੱਲੋਂ ਪੇਸ਼ ਕੀਤੇ ਗਏ ਬਜਟ ਅਨੁਸਾਰ 2016-17 ਦੌਰਾਨ ਕਰਜ਼ੇ ਦਾ ਬੋਝ ਵਧ ਕੇ 1 ਲੱਖ 38 ਹਜ਼ਾਰ 165 ਕਰੋੜ ਰੁਪਏ ਹੋ ਜਾਣ ਦਾ ਅਨੁਮਾਨ ਹੈ। ਬਜਟ ਘਾਟਾ ਲਗਾਤਾਰ ਵਧ ਰਿਹਾ ਹੈ। ਸਾਲ 2015-16 ਦਾ ਮਾਲੀ ਘਾਟਾ 7561.04 ਕਰੋੜ ਸੀ ਜੋ 2016-17 ਦੇ ਬਜਟ ਵਿੱਚ 7982.83 ਕਰੋੜ ਰੁਪਏ ਤੱਕ ਪੁੱਜਣ ਦਾ ਅਨੁਮਾਨ ਹੈ।

# ਕੈਨੇਡਾ ਦੀ ਨਾਗਰਿਕਤਾ ਲੈਣੀ ਹੋਈ ਸੌਖੀ

**ਟੋਰਾਂਟੋ:** ਕੈਨੇਡਾ ਦੀ ਲਿਬਰਲ ਸਰਕਾਰ ਨੇ ਪਰਵਾਸੀਆਂ ਲਈ ਆਪਣੇ ਦਰਵਾਜ਼ੇ ਖੋਲ੍ਹ ਦਿੱਤੇ ਹਨ। ਸਰਕਾਰ ਵੱਲੋਂ ਇਮੀਗ੍ਰੇਸ਼ਨ ਸਬੰਧੀ ਸੰਸਦ ਵਿਚ ਪੇਸ਼ ਰਿਪੋਰਟ ਤੋਂ ਇਸ ਗੱਲ ਦਾ ਖ਼ੁਲਾਸਾ ਹੋਇਆ ਹੈ। ਇਮੀਗ੍ਰੇਸ਼ਨ ਮੰਤਰੀ ਜਾਨ ਮੈਕਲਮ ਅਨੁਸਾਰ ਸਰਕਾਰ ਸਾਲ 2016 ਵਿਚ ਤਿੰਨ ਲੱਖ ਪਰਵਾਸੀਆਂ ਨੂੰ ਕੈਨੇਡਾ ਵਿਚ ਰਹਿਣ ਦਾ ਮੌਕਾ ਦੇਵੇਗੀ। ਇਸ ਤੋਂ ਇਲਾਵਾ ਸਰਕਾਰ ਨੇ ਇੰਮੀਗ੍ਰੇਸ਼ਨ ਨਿਯਮ ਵੀ ਸੌਖੇ ਕੀਤੇ ਹਨ।

ਇਸ ਨਾਲ ਬਜ਼ੁਰਗ ਮਾਪਿਆਂ, ਕੈਨੇਡਾ ਜਾ ਕੇ ਪੱਕੀ ਨਾਗਰਿਕਤਾ ਹਾਸਲ ਕਰਨ ਵਾਲਿਆਂ ਅਤੇ ਸ਼ਰਨਾਰਥੀਆਂ ਨੂੰ ਸਭ ਤੋਂ ਜ਼ਿਆਦਾ ਫ਼ਾਇਦਾ ਮਿਲੇਗਾ। ਮੰਤਰੀ ਅਨੁਸਾਰ, ਨਵੇਂ ਨਿਯਮਾਂ ਨਾਲ ਬੱਚਿਆਂ ਨੂੰ ਆਪਣੇ ਮਾਪਿਆਂ ਨਾਲ ਰਹਿਣ ਦਾ ਮੌਕਾ ਮਿਲੇਗਾ। ਕੈਨੇਡਾ ਸਰਕਾਰ ਦਾ ਦੂਜਾ ਵੱਡਾ ਫ਼ੈਸਲਾ ਸਥਾਈ ਨਾਗਰਿਕਤਾ ਨੂੰ ਲੈ ਕੇ ਹੈ ਜਿਸ ਦਾ ਕੋਟਾ ਵਧਾ ਕੇ 3.05 ਲੱਖ ਕਰ ਦਿੱਤਾ ਹੈ।

ਪ੍ਰਿੰਸੀਪਲ ਨੌਮੀਨੇਸ਼ਨ ਤੇ ਸਿਕਲਡ ਕੈਟਾਗਰੀ ਤਹਿਤ ਇੱਕ ਲੱਖ 51 ਹਜ਼ਾਰ ਲੋਕਾਂ ਨੂੰ ਕੈਨੇਡਾ ਆਉਣ ਦਾ ਮੌਕਾ ਇਸ ਸਾਲ ਦਿੱਤਾ ਜਾਵੇਗਾ। ਨਵੇਂ ਪ੍ਰੋਗਰਾਮ ਤਹਿਤ ਫੈਮਲੀ ਕੈਟਾਗਰੀ ਵਿਚ 75000 ਤੋਂ 82000 ਅਰਜ਼ੀਆਂ (ਬਜ਼ੁਰਗ, ਬੱਚਿਆਂ, ਪਾਰਟਨਰ, ਸਪਾਊਸ) ਸਵੀਕਾਰ ਕੀਤੀਆਂ ਜਾਣਗੀਆਂ। ਕੈਨੇਡਾ ਸਰਕਾਰ ਆਪਣੀ ਨਵੀਂ ਇਮੀਗ੍ਰੇਸ਼ਨ ਨੀਤੀ ਤਹਿਤ ਸਭ ਤੋਂ ਜ਼ਿਆਦਾ ਜ਼ੋਰ ਪਰਿਵਾਰਕ ਵੀਜ਼ਾ ਕੈਟਾਗਰੀ ਉਤੇ ਦੇ ਰਹੀ ਹੈ। ਇਸ ਦਾ ਮਕਸਦ ਵਿਛੜੇ ਪਰਿਵਾਰਾਂ ਨੂੰ ਮਿਲਾਉਣਾ ਹੈ। ਫੈਮਲੀ ਰੀ-ਯੂਨੀਫਿਕੇਸ਼ਨ ਕੈਟਾਗਰੀ ਵਿਚ ਪਿਛਲੇ ਸਾਲ ਦੇ ਮੁਕਾਬਲੇ 10 ਹਜ਼ਾਰ ਜ਼ਿਆਦਾ ਅਰਜ਼ੀਆਂ ਲਈਆਂ ਜਾਣਗੀਆਂ।

ਇਸ ਤਹਿਤ ਕੈਨੇਡਾ ਦੀ ਨਾਗਰਿਕਤਾ ਪਾਉਣ ਵਾਲੇ ਵਿਅਕਤੀ ਆਪਣੇ ਮਾਤਾ-ਪਿਤਾ, ਦਾਦਾ-ਦਾਦੀ ਨੂੰ ਆਪਣੇ ਨਾਲ ਰੱਖ ਸਕਣਗੇ। ਮਾਨਵਤਾ ਦੇ ਆਧਾਰ ਉਤੇ 51000 ਤੋਂ 75000 ਸ਼ਰਨਾਰਥੀਆਂ ਨੂੰ ਸ਼ਰਨ ਦਿੱਤੀ ਜਾਵੇਗੀ। ਕੈਨੇਡਾ ਸਰਕਾਰ ਪਿਛਲੇ ਚਾਰ ਮਹੀਨਿਆਂ ਵਿਚ 25000 ਸ਼ਰਨਾਰਥੀਆਂ ਨੂੰ ਪਨਾਹ ਦੇ ਚੁੱਕੀ ਹੈ। ਕਿਹਾ ਜਾ ਰਿਹਾ ਹੈ ਕਿ ਇਮੀਗ੍ਰੇਸ਼ਨ ਨੀਤੀ ਪਹਿਲਾਂ ਦੇ ਮੁਕਾਬਲੇ ਸੌਖੀ ਕਰਨ ਪਿੱਛੇ ਪੰਜਾਬੀ ਸੰਸਦ ਮੈਂਬਰਾਂ ਦਾ ਜ਼ਿਆਦਾ ਹੱਥ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

## ਮੰਤਰੀ ਵੀ ਆਰ.ਟੀ.ਆਈ. ਕਾਨੂੰਨ ਦੇ ਘੇਰੇ ਵਿਚ

**ਨਵੀਂ ਦਿੱਲੀ:** ਕੇਂਦਰੀ ਸੂਚਨਾ ਕਮਿਸ਼ਨ ਨੇ ਕਿਹਾ ਹੈ ਕਿ ਕੇਂਦਰ ਤੇ ਰਾਜਾਂ ਦੇ ਕੈਬਨਿਟ ਮੰਤਰੀ ਸਰਕਾਰੀ ਅਹੁਦੇਦਾਰ ਹਨ ਅਤੇ ਸੂਚਨਾ ਅਧਿਕਾਰ ਕਾਨੂੰਨ ਤਹਿਤ ਜਨਤਾ ਦੇ ਸੁਆਲਾਂ ਦਾ ਉੱਤਰ ਦੇਣ ਲਈ ਜੁਆਬਦੇਹ ਹਨ।

ਮੰਤਰੀਆਂ ਨੂੰ ਆਰ.ਟੀ.ਆਈ. ਕਾਨੂੰਨ ਤਹਿਤ ਜਵਾਬਦੇਹ ਕਰਾਰ ਦੇਣ ਵਾਲੇ ਇਸ ਨਿਰਦੇਸ਼ ਦਾ ਇਹ ਅਰਥ ਹੈ ਕਿ ਲੋਕ ਅਰਜ਼ੀ ਦਾਇਰ ਕਰਕੇ ਕਿਸੇ ਵੀ ਮੰਤਰੀ ਨੂੰ ਸਿੱਧੇ ਸੁਆਲ ਭੇਜ ਸਕਦੇ ਹਨ। ਉਨ੍ਹਾਂ ਨਿਰਦੇਸ਼ ਦਿੱਤਾ ਕਿ ਭੇਤ ਰੱਖਣ ਦੀ ਸਹੁੰ ਦੀ ਥਾਂ ਪਾਰਦਰਸ਼ਤਾ ਦੀ ਸਹੁੰ ਸ਼ਬਦ ਵਰਤੇ ਜਾਣੇ ਚਾਹੀਦੇ ਹਨ।

# ਕਾਂਗਰਸੀ ਵਿਧਾਇਕ ਛੇ ਮਹੀਨੇ ਲਈ ਮੁਅੱਤਲ

**ਚੰਡੀਗੜ੍ਹ:** ਹਰਿਆਣਾ ਵਿਧਾਨ ਸਭਾ ਦੇ ਸਪੀਕਰ ਕੰਵਰ ਪਾਲ ਨੇ ਰਾਜਪਾਲ ਕਪਤਾਨ ਸਿੰਘ ਸੋਲੰਕੀ ਦੇ ਭਾਸ਼ਣ ਦੀਆਂ ਕਾਪੀਆਂ ਪਾੜਨ ਵਾਲੇ ਕਾਂਗਰਸ ਦੇ ਤਿੰਨ ਵਿਧਾਇਕਾਂ ਨੂੰ ਛੇ ਮਹੀਨਿਆਂ ਲਈ ਵਿਧਾਨ ਸਭਾ ਅਤੇ ਇਕ ਸਾਲ ਲਈ ਵਿਧਾਨ ਸਭਾ ਦੀਆਂ ਕਮੇਟੀਆਂ ਵਿਚੋਂ ਮੁਅੱਤਲ ਕਰ ਦਿੱਤਾ ਹੈ। ਮੁਅੱਤਲ ਕੀਤੇ ਗਏ ਵਿਧਾਇਕਾਂ ਵਿਚ ਹਰਿਆਣਾ ਵਿਧਾਨ ਸਭਾ ਦੇ ਸਾਬਕਾ ਸਪੀਕਰ ਕੁਲਦੀਪ ਸ਼ਰਮਾ, ਜਗਬੀਰ ਮਲਿਕ ਅਤੇ ਜੈਵੀਰ ਸ਼ਾਮਲ ਹਨ। ਇਸ ਤੋਂ ਪਹਿਲਾਂ ਸਿਹਤ ਮੰਤਰੀ ਅਨਿਲ ਵਿੱਜ ਨੇ ਰਾਜਪਾਲ ਦੇ ਭਾਸ਼ਣ ਵਿਚ ਵਿਘਨ ਪਾਉਣ ਅਤੇ ਭਾਸ਼ਣ ਦੀਆਂ ਕਾਪੀਆਂ ਪਾੜਨ ਵਾਲੇ ਕਾਂਗਰਸੀ ਵਿਧਾਇਕਾਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਸੀ। ਸੰਸਦੀ ਮਾਮਲਿਆਂ ਬਾਰੇ ਮੰਤਰੀ ਰਾਮ ਬਿਲਾਸ ਸ਼ਰਮਾ ਨੇ ਭਾਸ਼ਣ ਦੀਆਂ ਕਾਪੀਆਂ ਪਾੜਨ ਵਾਲੇ ਤਿੰਨੋਂ ਵਿਧਾਇਕਾਂ ਨੂੰ ਛੇ ਮਹੀਨਿਆਂ ਲਈ ਸਦਨ ਅਤੇ ਸਾਲ ਵਾਸਤੇ ਸਦਨ ਦੀਆਂ ਕਮੇਟੀਆਂ 'ਚੋਂ ਮੁਅੱਤਲ ਕਰਨ ਲਈ ਮਤਾ ਪੇਸ਼ ਕੀਤਾ। ਮਤਾ ਪਾਸ ਹੋਣ ਬਾਅਦ ਸਪੀਕਰ ਨੇ ਇਨ੍ਹਾਂ ਵਿਧਾਇਕਾਂ ਖ਼ਿਲਾਫ਼ ਕਾਰਵਾਈ ਕਰ ਦਿੱਤੀ।

ਇੰਡੀਅਨ ਨੈਸ਼ਨਲ ਲੋਕ ਦਲ ਦੇ ਆਗੂ ਅਭੈ ਚੌਟਾਲਾ ਨੇ ਕਿਹਾ ਕਿ ਪਹਿਲਾਂ ਵੀ ਰਾਜਪਾਲ ਦੇ ਭਾਸ਼ਣ ਦੀਆਂ ਕਾਪੀਆਂ ਪਾੜੀਆਂ ਗਈਆਂ ਸਨ, ਪਰ ਅਜਿਹੀ ਸਜ਼ਾ ਕਦੀ ਨਹੀਂ ਦਿੱਤੀ ਗਈ, ਇਹ ਸਜ਼ਾ ਬਹੁਤ ਜ਼ਿਆਦਾ ਹੈ।


## Matrimonial

### ਲੜਕੀ ਦੀ ਲੋੜ ਹੈ

Ramgariah family looking for a suitable Ramgariah girl for their US born Sr. financial analyst son 32 years. Please contact: jsnov1973@aol.com 12-15

Wanted suitable girl preferable in medical field for a US Citizen Kharti Sikh boy, Age 30, Bachelor in premed biology. Contact, Ph: 630-506-7888 11-

ਰਵਿਦਾਸੀਏ ਸਿੱਖ, ਉਮਰ 28 ਸਾਲ, 5'-11", ਫਾਰਮੇਸੀ ਡਿਗਰੀ ਅਤੇ ਐਮ ਬੀ ਏ ਵਰਕ ਪਰਮਿਟ 'ਤੇ ਆਏ ਲੜਕੇ ਲਈ ਅਮਰੀਕੀ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਸੰਪਰਕ ਕਰੋ, ਫੋਨ: 972-814-4087 9-12

**Punjab Time**
*Punjabtimes1@gmail.com*


# ਦਲਿਤਾਂ 'ਤੇ ਵਧੀਕੀਆਂ ਵਾਲੇ ਕੇਸਾਂ ਦੀ ਜਾਂਚ ਕਰਾਵਾਂਗੇ: ਕੇਜਰੀਵਾਲ

ਕੀਰਤਪੁਰ ਸਾਹਿਬ: ਆਮ ਆਦਮੀ ਪਾਰਟੀ ਦੇ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਨੇੜਲੇ ਪਿੰਡ ਪ੍ਰਿਥੀਪੁਰ ਬੁੰਗਾ ਸਾਹਿਬ ਵਿਖੇ ਮਰਹੂਮ ਦਲਿਤ ਆਗੂ ਕਾਂਸ਼ੀ ਰਾਮ ਦੇ 82ਵੇਂ ਜਨਮ ਦਿਹਾੜੇ ਮੌਕੇ ਕਿਹਾ ਕਿ ਅਕਾਲੀ-ਭਾਜਪਾ ਗੱਠਜੋੜ ਸਰਕਾਰ ਪੰਜਾਬ ਦੇ ਦਲਿਤਾਂ ਉਤੇ ਅਤਿਆਚਾਰ ਕਰ ਰਹੀ ਹੈ। ਅਬੋਹਰ ਵਿਚ ਦਲਿਤ ਨੌਜਵਾਨ ਦਾ ਕਤਲ ਇਸ ਦੀ ਮਿਸਾਲ ਹੈ।

ਉਨ੍ਹਾਂ ਕਿਹਾ ਕਿ ਅਬੋਹਰ ਕਾਂਡ ਵਿਚ ਦਲਿਤ ਨੌਜਵਾਨ ਭੀਮ ਦਾ ਸਿਰਫ਼ ਇਹੀ ਕਸੂਰ ਸੀ ਕਿ ਉਸ ਨੇ ਅਕਾਲੀ ਆਗੂ ਦੀ ਨੌਕਰੀ ਛੱਡ ਕੇ ਆਪਣਾ ਕੰਮ ਸ਼ੁਰੂ ਕਰ ਲਿਆ ਸੀ। ਲੁਧਿਆਣਾ ਵਿਚ ਦੋ ਦਲਿਤ ਨੌਜਵਾਨਾਂ ਦੀ ਹੱਤਿਆ ਦੇ ਮਾਮਲੇ ਨੂੰ ਵੀ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ 'ਆਪ' ਦੀ ਸਰਕਾਰ ਬਣਨ ਉਤੇ ਇਨ੍ਹਾਂ ਮਾਮਲਿਆਂ ਦੀ ਪੜਤਾਲ ਲਈ ਵਿਸ਼ੇਸ਼ ਜਾਂਚ ਟੀਮ ਕਾਇਮ ਕੀਤੀ ਜਾਵੇਗੀ। ਨਾਲ ਹੀ ਤਾਕੀਦ ਕੀਤੀ ਕਿ ਜਦੋਂ ਤਕ ਜਿਉਂਦੇ ਹਾਂ, ਉਦੋਂ ਤੱਕ ਆਰ.ਐਸ.ਐਸ. ਦਾ ਰਾਖਵਾਂਕਰਨ ਬੰਦ ਕਰਨ ਦਾ ਸੁਪਨਾ ਪੂਰਾ ਨਹੀਂ ਹੋਣ ਦਿਆਂਗੇ। ਉਨ੍ਹਾਂ ਮੰਗ ਕੀਤੀ ਕਿ ਬਾਬੂ ਕਾਂਸ਼ੀ ਰਾਮ ਨੂੰ ਦਲਿਤ ਭਲਾਈ ਵਾਲੇ ਕਾਰਜਾਂ ਬਦਲੇ 'ਭਾਰਤ ਰਤਨ' ਪੁਰਸਕਾਰ ਮਿਲਣਾ ਚਾਹੀਦਾ ਹੈ। ਉਨ੍ਹਾਂ ਮੰਚ 'ਤੇ ਖੜ੍ਹੇ ਸੰਸਦ ਮੈਂਬਰ ਭਗਵੰਤ ਮਾਨ ਨੂੰ ਕਿਹਾ ਕਿ ਉਹ ਸੰਸਦ ਵਿਚ ਇਸ ਬਾਰੇ ਆਵਾਜ਼ ਉਠਾਉਣ ਅਤੇ ਉਹ ਬਾਹਰ ਆਵਾਜ਼ ਬੁਲੰਦ ਕਰਨਗੇ।

ਸ੍ਰੀ ਕੇਜਰੀਵਾਲ ਦੀ ਫੇਰੀ ਦੇ ਮੱਦੇਨਜ਼ਰ ਚਰਚਾ ਸੀ ਕਿ ਕਾਂਸ਼ੀ ਰਾਮ ਦਾ ਪਰਿਵਾਰ 'ਆਪ' ਵਿਚ ਸ਼ਾਮਲ ਹੋਣ ਦਾ ਐਲਾਨ ਕਰ ਸਕਦਾ ਹੈ, ਪਰ ਕੇਜਰੀਵਾਲ ਦੀ ਫੇਰੀ ਤੋਂ ਘੰਟਾ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੂੰ ਬੁੰਗਾ ਸਾਹਿਬ ਵਿਖੇ ਲਿਜਾਣ ਵਾਲੇ ਸਾਬਕਾ ਕਾਂਗਰਸੀ ਵਿਧਾਇਕ ਰਾਣਾ ਕੇ.ਪੀ. ਸਿੰਘ ਨੇ ਬਾਬੂ ਕਾਂਸ਼ੀ ਰਾਮ ਦੀ ਭੈਣ ਸਵਰਨ ਕੌਰ ਅਤੇ ਹੋਰ ਪਰਿਵਾਰਕ ਮੈਂਬਰਾਂ ਨਾਲ ਤਕਰੀਬਨ ਅੱਧਾ ਘੰਟਾ ਗੁਪਤ ਬੈਠਕ ਕੀਤੀ।


**Prince's Barber Shop**

37477 Fremont Blvd, suite C, Fremont, CA 94536

**Men & Children's Hair Cut**

*Threading
*Men's Facials
*Custom Designing
*Line-ups
*Custom Text
*Hair Coler
*Shave &
*Head Massage

*ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ*



Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)



**Cell: (510)-677-9942**
**Shop: (510)-505-9605**
*www.princebarbershop.com*

**ਕੁਕ ਤੇ ਵੇਟਰ ਦੀ ਲੋੜ ਹੈ**

ਫਲੋਰਿਡਾ ਵਿਚ ਇੰਡੀਅਨ ਰੈਸਟੋਰੈਂਟ ਲਈ
ਕੁਕ ਤੇ ਵੇਟਰ ਦੀ ਲੋੜ ਹੈ
*ਸੰਪਰਕ ਕਰੋ:*
ਫੋਨ: 850-510-3046

**ਐਚ ਡੀ ਅਤੇ ਆਈ ਪੀ ਕੈਮਰਿਆਂ ਦੀਆਂ**
**ਬਹੁਤ ਹੀ ਵਾਜਬ ਕੀਮਤਾਂ**

ਪੀ ਓ ਐਸ ਤੇ ਕੈਸ਼
ਰਜਿਸਟਰ ਲਈ
ਇੰਟਰਫੇਸ ਉਪਲਬਧ ਹੈ






**Upgrade your Security Cameras to High Definition at very reasonable prices**

*For a Free Demo of our new HD Cameras*
*Please Contact us*: Balbir S Sidhu
209-495-3905 (Cell)
www.dvrunlimited.com
Toll Free (888) 233-4566

**DVRunlimited Inc.**
Installation Available

**Golden State Realty**

9912 Kapalua Ln., Elk Grove, CA 95624

*Please Contact For*
**Commercial or Residential Needs**



Sohanpreet (Sam) Chahal
CA Lic. 01504071
Realtor/CEO
CRE Group Inc.
Multi Million Dollar Producers
2009 to 2014

ਅਸੀਂ ਲੋਨ ਲੈਣ ਵਿਚ
ਤੁਹਾਡੀ ਮਦਦ ਕਰਦੇ ਹਾਂ

*Call: Sohanpreet 'Sam' Chahal*
**Ph: 916-612-5773**

email: samchahal@hotmail.com

**Serving all over California**

# ਸ੍ਰੀ ਹਰਿਮੰਦਰ ਸਾਹਿਬ ਵਿਚ ਸੰਗਤਾਂ ਨੇ ਛਕਿਆ ਜੈਵਿਕ ਲੰਗਰ

**ਅੰਮ੍ਰਿਤਸਰ:** ਹਰਿਮੰਦਰ ਸਾਹਿਬ ਵਿਖੇ ਸੰਗਤਾਂ ਹੁਣ ਕੀਟਨਾਸ਼ਕਾਂ ਤੋਂ ਮੁਕਤ ਲੰਗਰ ਛਕਣਗੀਆਂ। ਸ੍ਰੀ ਗੁਰੂ ਰਾਮ ਦਾਸ ਲੰਗਰ ਹਾਲ ਵਿਚ ਜੈਵਿਕ ਲੰਗਰ ਪਕਾਉਣ ਦੀ ਸ਼ੁਰੂਆਤ ਹੋ ਗਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਿਛਲੇ ਸਾਲ ਸ਼ੁਰੂ ਕੁਦਰਤੀ ਤੇ ਜੈਵਿਕ ਖੇਤੀ ਤੋਂ ਤਿਆਰ ਕੀਤੀਆਂ ਵਸਤਾਂ ਹੀ ਹੁਣ ਸੰਗਤਾਂ ਨੂੰ ਲੰਗਰ ਵਿਚ ਵਰਤਾਈਆਂ ਜਾਣਗੀਆਂ।



ਦਰਅਸਲ, ਸ਼੍ਰੋਮਣੀ ਕਮੇਟੀ ਵੱਲੋਂ ਅਟਾਰੀ ਨੇੜੇ ਇਤਿਹਾਸਕ ਗੁਰਦੁਆਰਾ ਸੁਤਲਾਣੀ ਸਾਹਿਬ ਅਧੀਨ ਆਉਂਦੀ ਜ਼ਮੀਨ ਵਿਚ ਕੁਦਰਤੀ ਖੇਤੀ ਦਾ ਕੰਮ ਸ਼ੁਰੂ ਕੀਤਾ ਗਿਆ ਸੀ। ਇਸ ਦਾ ਮੁੱਖ ਮੰਤਵ ਇਹ ਸੀ ਕਿ ਸ਼੍ਰੋਮਣੀ ਕਮੇਟੀ ਅਧੀਨ ਆਉਂਦੇ ਗੁਰਦੁਆਰਿਆਂ ਵਿਚ ਕੁਦਰਤੀ ਖੇਤੀ ਤੋਂ ਤਿਆਰ ਸਬਜ਼ੀਆਂ ਤੇ ਅਨਾਜ ਹੀ ਲੰਗਰ ਵਿਚ ਵਰਤੀਆਂ ਜਾਣ ਤਾਂ ਜੋ ਲੋਕਾਂ ਦੀ ਸਿਹਤ ਦਾ ਧਿਆਨ ਰੱਖਿਆ ਜਾ ਸਕੇ। ਸ਼੍ਰੋਮਣੀ ਕਮੇਟੀ ਦੇ ਇਸ ਫੈਸਲੇ ਤੋਂ ਬਾਅਦ ਸੁਤਲਾਣੀ ਸਾਹਿਬ ਵਿਖੇ ਕਣਕ, ਚੌਲ ਤੇ ਕਈ ਤਰ੍ਹਾਂ ਦੀਆਂ ਸਬਜ਼ੀਆਂ ਦੀ ਪੈਦਾਵਾਰ ਕੀਤੀ ਗਈ ਸੀ ਜਿਸ ਨੂੰ ਹੁਣ ਗੁਰੂ ਰਾਮ ਦਾਸ ਲੰਗਰ ਹਾਲ ਵਿਖੇ ਲਿਆ ਕੇ ਪਕਾਇਆ ਜਾ ਰਿਹਾ ਹੈ। ਕਮੇਟੀ ਵੱਲੋਂ ਕੁਦਰਤੀ ਖੇਤੀ ਦੀ ਪਹਿਲ ਸੁਲਤਾਣੀ ਸਾਹਿਬ ਵਿਖੇ ਸੱਤ ਏਕੜ ਜ਼ਮੀਨ ਵਿਚ ਬਿਨਾ ਕੀਟਨਾਸ਼ਕ ਤੋਂ ਖੇਤੀ ਕਰਕੇ ਕੀਤੀ ਗਈ ਹੈ। ਗੁਰਦੁਆਰੇ ਦੇ ਮੈਨੇਜਰ ਰਾਜਿੰਦਰ ਸਿੰਘ ਰੂਬੀ ਨੇ ਦੱਸਿਆ ਕਮੇਟੀ ਵੱਲੋਂ ਸ਼ੁਰੂ ਕੀਤੀ ਗਈ ਕੁਦਰਤੀ ਖੇਤੀ ਦਾ ਤਜਰਬਾ ਸਫਲ ਹੋ ਰਿਹਾ ਹੈ। ਇਸ ਸਾਲ ਜ਼ਮੀਨ ਉਤੇ ਉਗਾਏ ਗਏ 10 ਕੁਇੰਟਲ ਮਟਰ, 20 ਕੁਇੰਟਲ ਗਾਜਰ, ਚਾਰ ਕੁਇੰਟਲ ਪਾਲਕ, ਸਾਗ ਤੇ ਇਸ ਤੋਂ ਇਲਾਵਾ ਕਈ ਕੁਇੰਟਲ ਮੂਲੀ, ਸ਼ਲਗਮ ਤੇ ਹੋਰ ਸਬਜ਼ੀਆਂ ਗੁਰੂ ਰਾਮਦਾਸ ਲੰਗਰ ਘਰ ਲਈ ਭੇਜੀਆਂ ਜਾ ਚੁੱਕੀਆਂ ਹਨ। ਮੌਸਮ ਵਿਚ ਤਬਦੀਲੀ ਆਉਣ ਤੋਂ ਬਾਅਦ ਗਰਮੀਆਂ ਵਿਚ ਉਗਾਈਆਂ ਜਾਣ ਵਾਲੀਆਂ ਸਬਜ਼ੀਆਂ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਸ਼੍ਰੋਮਣੀ ਕਮੇਟੀ ਵੱਲੋਂ ਇਸ ਸਫਲ ਤਜਰਬੇ ਤੋਂ ਬਾਅਦ ਅਜਿਹੀ ਖੇਤੀ ਪਟਿਆਲਾ, ਆਨੰਦਪੁਰ ਸਾਹਿਬ ਤੇ ਪੰਜਾਬ ਦੇ ਕਈ ਇਤਿਹਾਸਕ ਗੁਰਦੁਆਰਿਆਂ ਦੀਆਂ ਜ਼ਮੀਨਾਂ ਵਿਚ ਜਲਦ ਸ਼ੁਰੂ ਕੀਤੀ ਜਾਵੇਗੀ।

### ਹੋਰ ਗੁਰਦੁਆਰਿਆਂ ਵਿਚ ਵੀ ਹੋਵੇਗਾ ਤਜਰਬਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠਲੇ ਪੰਜਾਬ, ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਵਿਚਲੇ ਗੁਰਦੁਆਰਿਆਂ ਦੇ ਨਾਂ 'ਤੇ ਤਕਰੀਬਨ 13 ਹਜ਼ਾਰ ਏਕੜ ਜ਼ਮੀਨ ਹੈ, ਜਿਸ ਵਿਚੋਂ ਕੁਝ ਜ਼ਮੀਨ ਠੇਕੇ ਉਤੇ ਦਿੱਤੀ ਹੋਈ ਹੈ ਤੇ ਕੁਝ ਜ਼ਮੀਨ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਖੇਤੀਬਾੜੀ ਕੀਤੀ ਜਾਂਦੀ ਹੈ। ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਤੇ ਬੁਲਾਰੇ ਦਿਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਕੁਦਰਤੀ ਖੇਤੀ ਦਾ ਤਜਰਬਾ ਸਫਲ ਸਾਬਤ ਹੋਇਆ ਹੈ। ਹੁਣ ਪਟਿਆਲਾ, ਮਾਛੀਵਾੜਾ, ਆਨੰਦਪੁਰ ਸਾਹਿਬ ਤੇ ਹੋਰਨਾਂ ਥਾਂਵਾਂ ਉਤੇ ਇਤਿਹਾਸਕ ਗੁਰਦੁਆਰਿਆਂ ਦੀਆਂ ਜ਼ਮੀਨਾਂ ਵਿਚ ਕੁਦਰਤੀ ਖੇਤੀ ਸ਼ੁਰੂ ਕੀਤੀ ਜਾ ਰਹੀ ਹੈ।

## ਸੁਸ਼ਮਾ ਵੱਲੋਂ ਇਰਾਕ 'ਚ ਫਸੇ ਪੰਜਾਬੀਆਂ ਦੀ ਛੇਤੀ ਵਾਪਸੀ ਦਾ ਭਰੋਸਾ

**ਨਵੀਂ ਦਿੱਲੀ:** ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਕਿਹਾ ਹੈ ਕਿ ਇਰਾਕ ਵਿਚ ਇਸਲਾਮਕ ਸਟੇਟ (ਆਈ.ਐਸ.) ਦੇ ਅਤਿਵਾਦੀਆਂ ਵੱਲੋਂ ਅਗਵਾ ਕੀਤੇ ਗਏ 40 ਪੰਜਾਬੀ ਜਿਉਂਦੇ ਹਨ ਤੇ ਭਾਰਤ ਸਰਕਾਰ ਉਨ੍ਹਾਂ ਨੂੰ ਵਾਪਸ ਲਿਆਉਣ ਲਈ ਹਰ ਸੰਭਵ ਕਦਮ ਚੁੱਕ ਰਹੀ ਹੈ। ਦੱਸਣਯੋਗ ਹੈ ਕਿ ਪਿਛਲੇ ਲੰਬੇ ਸਮੇਂ ਤੋਂ ਇਰਾਕ 'ਚ 40 ਭਾਰਤੀ ਫਸੇ ਹੋਏ ਹਨ। ਇਨ੍ਹਾਂ ਵਿਚੋਂ ਹਰਜੀਤ ਮਸੀਹ ਨਾਂ ਦੇ ਪੰਜਾਬੀ ਨੇ ਭਾਰਤ ਆ ਕੇ ਦਾਅਵਾ ਕੀਤਾ ਸੀ ਕਿ ਇਰਾਕ 'ਚ ਸਾਰੇ ਭਾਰਤੀ ਮਾਰ ਦਿੱਤੇ ਗਏ ਹਨ। ਲੋਕ ਸਭਾ 'ਚ ਪ੍ਰਸ਼ਨ ਕਾਲ ਦੌਰਾਨ ਸੁਸ਼ਮਾ ਸਵਰਾਜ ਨੇ ਕਿਹਾ ਕਿ ਸਰਕਾਰ ਉਨ੍ਹਾਂ ਨੂੰ ਬਹੁਤ ਪਹਿਲਾਂ ਛੁਡਵਾ ਸਕਦੀ ਸੀ, ਪਰ ਉਹ ਅਤਿਵਾਦੀਆਂ ਦੀ ਹਿਰਾਸਤ 'ਚ ਸਨ। ਉਨ੍ਹਾਂ ਕਿਹਾ ਕਿ"ਮੈਂ ਪੂਰੇ ਵਿਸ਼ਵਾਸ ਨਾਲ ਕਹਿੰਦੀ ਹਾਂ ਕਿ ਉਨ੍ਹਾਂ ਲੋਕਾਂ ਦੀ ਮੌਤ ਨਹੀਂ ਹੋਈ ਹੈ। ਸਵਰਾਜ ਨੇ ਕਿਹਾ ਕਿ ਅਰਬ ਦੇਸ਼ਾਂ 'ਚ ਹੋਈ 15 ਮੰਤਰੀਆਂ ਦੀ ਕਾਨਫਰੰਸ ਵਿਚ ਉਨ੍ਹਾਂ ਨੇ ਹਿੱਸਾ ਲਿਆ ਸੀ ਤੇ ਦੋ ਵੱਡੇ ਦੇਸ਼ਾਂ ਦੇ ਮੁਖੀਆਂ ਨੇ ਕਿਹਾ ਹੈ ਕਿ ਭਾਰਤੀ ਜ਼ਿੰਦਾ ਹਨ।




ਸੰਸਦ ਵਿਚ ਕਈ ਪਾਰਟੀਆਂ ਦੇ ਆਗੂਆਂ ਨੇ ਸੁਸ਼ਮਾ ਸਵਰਾਜ ਦੀ ਵਿਦੇਸ਼ੀ 'ਚ ਭਾਰਤੀਆਂ ਨੂੰ ਆ ਰਹੀਆਂ ਸਮੱਸਿਆਵਾਂ ਦੀ ਮਦਦ ਲਈ ਪ੍ਰਸੰਸਾ ਕੀਤੀ ਹੈ। ਆਮ ਆਦਮੀ ਪਾਰਟੀ ਤੇ ਬੀ.ਜੇ.ਡੀ. ਦੇ ਲੋਕ ਸਭਾ ਮੈਂਬਰਾਂ ਨੇ ਕਿਹਾ ਹੈ ਕਿ ਸੁਸ਼ਮਾ ਸਵਰਾਜ ਵਿਦੇਸ਼ਾਂ 'ਚ ਫਸੇ ਨੌਜਵਾਨਾਂ ਦੀ ਮਦਦ ਕਰਦੇ ਹਨ। ਦੱਸਣਯੋਗ ਹੈ ਇਰਾਕ 'ਚ ਫਸੇ ਭਾਰਤੀਆਂ ਬਾਰੇ ਹਰਜੀਤ ਮਸੀਹ ਤੇ ਬੰਗਲਾਦੇਸ਼ੀਆਂ ਨੇ ਸੁਸ਼ਮਾ ਸਵਰਾਜ ਤੋਂ ਉਲਟ ਖੁਲਾਸੇ ਕੀਤੇ ਸਨ। ਉਨ੍ਹਾਂ ਦਾ ਕਹਿਣਾ ਹੈ ਕਿ ਹਰਜੀਤ ਮਸੀਹ ਦੇ ਭੱਜਣ ਵਾਲੀ ਰਾਤ ਹੀ ਸਾਰੇ ਭਾਰਤੀਆਂ ਨੂੰ ਆਈ.ਐਸ. ਵੱਲੋਂ ਮਾਰ ਦਿੱਤਾ ਗਿਆ ਸੀ।

## ਦੁਨੀਆਂ ਦੀਆਂ 3 ਮਹਾਨ ਔਰਤਾਂ 'ਚ ਮਾਈ ਭਾਗੋ ਸ਼ਾਮਲ

**ਲੰਡਨ:** ਮਹਿਲਾ ਦਿਵਸ ਮੌਕੇ ਬ੍ਰਿਟਿਸ਼ ਬ੍ਰੌਡਕਾਸਟਿੰਗ ਕਾਰਪੋਰੇਸ਼ਨ (ਬੀ.ਬੀ.ਸੀ.) ਨੇ ਦੁਨੀਆਂ ਦੀਆਂ ਤਿੰਨ ਬਹੁਤ ਮਹਾਨ ਔਰਤਾਂ ਦੀ ਸੂਚੀ ਵਿਚ ਮਾਈ ਭਾਗੋ ਦਾ ਵਿਸ਼ੇਸ਼ ਤੌਰ ਉਤੇ ਨਾਂ ਦਰਜ ਕੀਤਾ ਹੈ। ਇਹ ਖਾਸ ਤੇ ਮਹਾਨ ਔਰਤਾਂ ਦੇ ਜਾਰੀ ਕੀਤੇ ਨਾਂਵਾਂ ਵਿਚ ਬੀ.ਬੀ.ਸੀ. ਨੇ 1600 ਦੇ ਆਖਰ ਤੇ 1700 ਦੇ ਸ਼ੁਰੂਆਤੀ ਸਮੇਂ ਦੌਰਾਨ ਦਾ ਜ਼ਿਕਰ ਕਰਦਿਆਂ ਮਾਈ ਭਾਗੋ ਨੂੰ 'ਮੋਸਟ ਬਾਦਾਸ' ਔਰਤ ਕਿਹਾ ਹੈ।

ਬੀ.ਬੀ.ਸੀ. ਅਨੁਸਾਰ ਜਦੋਂ ਸਿੱਖਾਂ ਤੇ ਮੁਗਲਾਂ ਵਿਚਕਾਰ ਲਗਾਤਾਰ ਜੰਗ ਹੁੰਦੀ ਸੀ ਤਾਂ ਮਾਈ ਭਾਗੋ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਬੇਦਾਵਾ ਦੇ ਕੇ ਆਉਣ ਵਾਲੇ 40 ਸਿੰਘਾਂ ਨੂੰ ਤਾਹਨੇ ਮਾਰੇ ਤਾਂ ਉਨ੍ਹਾਂ ਦੀ ਸੋਚ ਮੁੜ ਬਦਲੀ ਤੇ ਉਹ ਮੁੜ ਜੰਗ ਦੇ ਮੈਦਾਨ ਪਹੁੰਚੇ। ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਨੂੰ ਜੰਗ ਦੇ ਮੈਦਾਨ ਵਿਚ ਹੀ ਮੁਆਫ ਕੀਤਾ ਤੇ ਟੁੱਟੀ-ਗੰਢੀ ਮੈਦਾਨੇ ਜੰਗ ਵਿਚ ਮਾਤਾ ਭਾਗੋ ਵੀ ਬਹਾਦਰੀ ਨਾਲ ਲੜੀ ਤੇ ਬਾਅਦ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਅੰਗ ਰੱਖਿਅਕ ਬਣੀ। ਇਸ ਸੂਚੀ ਵਿਚ 1775-1844 ਚੀਨ ਦੀ ਜੰਮਪਲ ਚਿੰਗ ਸ਼ੀਹ ਦਾ ਨਾਂ ਹੈ, ਜਿਸ ਨੇ ਸਮੁੰਦਰੀ ਡਾਕੂ ਕੈਪਟਨ ਪਤੀ ਦੀ ਮੌਤ ਤੋਂ ਬਾਅਦ 1807 ਵਿਚ ਰੈੱਡ ਫਲੈਗ ਫਲੀਟ 'ਤੇ ਕੰਟਰੋਲ ਕੀਤਾ ਤੇ ਖੁਦ ਦਾ ਸ਼ਾਸਨ ਕਾਇਮ ਕੀਤਾ।

ਉਸ ਨੇ ਹੁਕਮ ਦਿੱਤਾ ਕਿ ਕਿਸੇ ਵੀ ਸਹਾਇਤਾ ਕਰਨ ਵਾਲੇ ਸ਼ਹਿਰ ਵਿਚ ਲੁੱਟ ਨਹੀਂ ਕਰਨੀ ਤੇ ਨਾ ਹੀ ਕਿਸੇ ਔਰਤ ਨਾਲ ਜਬਰ ਜਨਾਹ ਕਰਨਾ ਹੈ। ਅਜਿਹਾ ਕਰਨ ਵਾਲੇ ਦਾ ਉਹ ਸਿਰ ਕਲਮ ਕਰ ਦੇਵੇਗੀ, ਜਿਸ ਨੂੰ ਖਤਮ ਕਰਨ ਲਈ ਚੀਨ ਦੀ ਸਰਕਾਰ ਨੇ ਬਹੁਤ ਕੋਸ਼ਿਸ਼ਾਂ ਕੀਤੀਆਂ, ਪਰ ਆਖਰ ਉਸ ਨੇ ਖੁਦ ਆਪਣੀ ਤਲਵਾਰ ਨੀਵੀਂ ਕਰ ਦਿੱਤੀ।



ਇਸ ਸੂਚੀ ਵਿਚ 1880-1973 ਦੀ ਜੈਨੇਟ ਰੈਂਕਿਨ ਦਾ ਨਾਂ ਵੀ ਸ਼ਾਮਲ ਹੈ, ਜਿਸ ਨੇ ਅਮਰੀਕਾ ਦੀ ਜਾਪਾਨ ਨਾਲ ਪਹਿਲੀ ਸੰਸਾਰ ਜੰਗ ਵਿਚ ਹਿੱਸਾ ਲੈਣ ਦੇ ਵਿਰੋਧ ਵਿਚ ਆਵਾਜ਼ ਬੁਲੰਦ ਕੀਤੀ ਸੀ। 1916 ਵਿਚ ਉਹ ਯੂ.ਐਸ. ਕਾਂਗਰਸ ਵਿਚ ਚੁਣੀ ਜਾਣ ਵਾਲੀ ਪਹਿਲੀ ਔਰਤ ਸੀ, ਜਦ ਕਿ ਇਸ ਤੋਂ ਚਾਰ ਸਾਲ ਪਹਿਲਾਂ ਹੀ ਅਮਰੀਕਾ ਵਿਚ ਔਰਤਾਂ ਨੂੰ ਵੋਟ ਪਾਉਣ ਦਾ ਹੱਕ ਮਿਲਿਆ ਸੀ। ਉਹ ਔਰਤਾਂ ਦੇ ਹੱਕਾਂ ਲਈ ਹਮੇਸ਼ਾ ਆਵਾਜ਼ ਬੁਲੰਦ ਕਰਦੀ ਰਹੀ ਸੀ।

## ਸਿੱਖ 'ਤੇ ਹਮਲਾ ਕਰਨ ਵਾਲੇ ਨੂੰ ਸਮਾਜ ਸੇਵਾ ਦੀ ਸਜ਼ਾ

**ਸ਼ਿਕਾਗੋ:** ਸ਼ਿਕਾਗੋ ਵਿਚ ਇਕ ਸਿੱਖ ਵਿਅਕਤੀ ਉਤੇ ਨਸਲੀ ਹਮਲਾ ਕਰਨ ਵਾਲੇ ਅਮਰੀਕੀ ਲੜਕੇ ਨੂੰ ਅਦਾਲਤ ਨੇ ਦੋ ਸਾਲ ਲਈ ਨਿਗਰਾਨੀ ਹੇਠ ਰੱਖਣ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ ਉਸ ਨੂੰ ਸਿੱਖ ਭਾਈਚਾਰੇ ਲਈ ਸੋਸ਼ਲ ਸਰਵਿਸ ਕਰਨ ਦਾ ਵੀ ਹੁਕਮ ਸੁਣਾਇਆ ਹੈ।



ਦੋਸ਼ੀ ਨੇ ਇੰਦਰਜੀਤ ਸਿੰਘ ਮੱਕੜ ਨਾਲ ਕੁੱਟਮਾਰ ਤੇ ਉਸ ਪ੍ਰਤੀ ਨਸਲੀ ਟਿੱਪਣੀਆਂ ਕੀਤੀਆਂ ਸਨ। ਨੌਜਵਾਨ ਨੇ ਮੱਕੜ ਨੂੰ "ਉਸਾਮਾ ਬਿਨ ਲਾਦਿਨ ਤੇ ਅਤਿਵਾਦੀ" ਵੀ ਕਿਹਾ ਸੀ। ਦਰਅਸਲ, ਦੋਸ਼ੀ ਅਮਰੀਕੀ ਨਾਬਾਲਗ ਹੈ। ਉਸ ਨੂੰ ਦਸੰਬਰ ਮਹੀਨੇ ਦੋਸ਼ੀ ਐਲਾਨ ਦਿੱਤਾ ਗਿਆ ਸੀ। 53 ਸਾਲਾ ਇੰਦਰਜੀਤ ਸਿੰਘ ਅੱਠ ਸਤੰਬਰ ਨੂੰ ਜਦੋਂ ਕਾਰ ਰਾਹੀਂ ਖਰੀਦਦਾਰੀ ਕਰਨ ਲਈ ਜਾ ਰਿਹਾ ਸੀ ਤਾਂ ਇਕ ਨੌਜਵਾਨ ਨੇ ਉਸ 'ਤੇ ਹਮਲਾ ਕਰ ਦਿੱਤਾ ਸੀ। ਉਸ ਨੇ ਇੰਦਰਜੀਤ ਸਿੰਘ ਨਾਲ ਕੁੱਟਮਾਰ ਕੀਤੀ ਤੇ ਉਸ ਨੂੰ ਅਤਿਵਾਦੀ ਕਿਹਾ।

ਹਮਲੇ ਕਾਰਨ ਇੰਦਰਜੀਤ ਸਿੰਘ ਦੇ ਨੱਕ ਦੀ ਹੱਡੀ ਟੁੱਟ ਗਈ ਸੀ। ਇਸ ਮੁੱਦੇ ਉਤੇ ਪੁਲਿਸ ਨੇ ਨੌਜਵਾਨ ਦੇ ਖਿਲਾਫ ਮਾਮਲਾ ਦਰਜ ਕੀਤਾ ਸੀ। 'ਦਿ ਸਿੱਖ ਕੁਲੀਸ਼ਨ' ਦੇ ਲੀਗਲ ਡਾਇਰੈਕਟਰ ਇੰਦਰਜੀਤ ਤੇ ਅਟਾਰਨੀ ਹਰਸਿਮਰਨ ਕੌਰ ਨੇ ਦੱਸਿਆ ਕਿ ਮੁਲਜ਼ਮ ਦੀ ਪਛਾਣ ਉਸ ਦੀ ਲਾਇਸੈਂਸ ਨੰਬਰ ਪਲੇਟ ਤੋਂ ਹੋਈ ਸੀ।

## ਸੁਖਬੀਰ ਦੀ ਪਾਣੀ ਵਾਲੀ ਬੱਸ ਤਿਆਰ ਬਰ ਤਿਆਰ

**ਬਠਿੰਡਾ:** ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਪਾਣੀ ਵਿਚ ਬੱਸਾਂ ਚਲਾਉਣ ਦਾ ਸੁਪਨਾ ਛੇਤੀ ਹੀ ਪੂਰਾ ਹੋਣ ਵਾਲਾ ਹੈ। ਕੇਂਦਰੀ ਵਾਤਾਵਰਨ ਮੰਤਰਾਲੇ ਨੇ ਹਰੀਕੇ ਰੱਖ ਵਿਚ ਜਲ ਬੱਸ ਚਲਾਏ ਜਾਣ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਸਰਕਾਰ ਚੋਣਾਂ ਤੋਂ ਪਹਿਲਾਂ ਪੰਜਾਬ ਦੇ ਲੋਕਾਂ ਨੂੰ ਜਲ ਬੱਸ ਚਲਾ ਕੇ ਦਿਖਾਉਣਾ ਚਾਹੁੰਦੀ ਹੈ। ਸੈਰ-ਸਪਾਟਾ ਵਿਭਾਗ ਪੰਜਾਬ ਨੇ ਵਿਦੇਸ਼ੀ ਕੰਪਨੀ ਤੋਂ ਜਲ ਬੱਸ ਖਰੀਦ ਲਈ ਹੈ, ਜਿਸ ਦੀ ਹੁਣ ਵਿਦੇਸ਼ ਵਿਚ ਬਾਡੀ ਲੱਗ ਰਹੀ ਹੈ। ਸਵੀਡਿਸ਼ ਆਟੋਮੋਟਿਵ ਕੰਪਨੀ ਸਕੈਨੀਆਂ ਵੱਲੋਂ ਇਹ ਬੱਸ ਤਿਆਰ ਕੀਤੀ ਜਾ ਰਹੀ ਹੈ ਅਤੇ ਛੇਤੀ ਹੀ ਇਹ ਪੰਜਾਬ ਪੁੱਜ ਜਾਵੇਗੀ।



ਪੰਜਾਬ ਵਿਰਾਸਤ ਤੇ ਸੈਰ ਸਪਾਟਾ ਪ੍ਰੋਤਸ਼ਾਹਨ ਬੋਰਡ ਵੱਲੋਂ ਜਲ ਬੱਸ ਦਾ ਪ੍ਰੋਜੈਕਟ ਤਿਆਰ ਕੀਤਾ ਗਿਆ ਹੈ। ਦਸੰਬਰ ਵਿਚ ਇਸ ਦੇ ਟੈਂਡਰ ਲਗਾਏ ਗਏ ਸਨ। ਇਹ ਬੱਸ ਹਰੀਕੇ ਪੱਤਣ ਵਿਚ ਤਕਰੀਬਨ ਡੇਢ ਤੋਂ ਦੋ ਕਿਲੋਮੀਟਰ ਦਾ ਰਸਤਾ ਪਾਣੀ ਵਿਚ ਤੈਅ ਕਰੇਗੀ। ਇਹ ਬੱਸ ਪਾਣੀ ਤੇ ਧਰਤੀ ਦੋਵਾਂ ਥਾਂਵਾਂ ਉਤੇ ਹੀ ਚੱਲ ਸਕੇਗੀ। ਵਿਦੇਸ਼ੀ ਸੈਲਾਨੀਆਂ ਨੂੰ ਖਿੱਚਣ ਵਾਸਤੇ ਇਹ ਪ੍ਰੋਜੈਕਟ ਤਿਆਰ ਕੀਤਾ ਗਿਆ ਹੈ। ਇਸ ਜਲ ਬੱਸ ਦੀ ਸਮਰੱਥਾ ਕਰੀਬ 60 ਸੈਲਾਨੀਆਂ ਦੀ ਹੋਵੇਗੀ। ਪ੍ਰੋਜੈਕਟ ਵਿਚ ਸੁਰੱਖਿਆ ਦਾ ਮੁੱਖ ਧਿਆਨ ਰੱਖਿਆ ਗਿਆ ਹੈ।

ਪੰਜਾਬ ਦੇ ਚੀਫ ਵਾਈਲਡ ਲਾਈਫ ਵਾਰਡਨ ਧਰੇਂਦਰਾ ਸਿੰਘ ਦਾ ਕਹਿਣਾ ਹੈ ਕਿ ਜਲ ਬੱਸ ਦੇ ਪ੍ਰੋਜੈਕਟ ਨੂੰ ਵਾਤਾਵਰਨ ਕਲੀਅਰੈਂਸ ਦੇ ਦਿੱਤੀ ਗਈ ਹੈ। ਹਰੀਕੇ ਰੱਖ ਦਾ ਕੁਦਰਤੀ ਢਾਂਚਾ ਇਸ ਜਲ ਬੱਸ ਨਾਲ ਪ੍ਰਭਾਵਿਤ ਨਹੀਂ ਹੋਵੇਗਾ। ਜਾਣਕਾਰੀ ਅਨੁਸਾਰ ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ (ਪੀ.ਆਈ.ਡੀ.ਬੀ) ਤਰਫੋਂ ਜਲ ਬੱਸ ਪ੍ਰੋਜੈਕਟ ਦਾ ਕੁੱਲ ਖਰਚਾ ਚੁੱਕਿਆ ਜਾਣਾ ਹੈ। ਪੀ.ਆਈ.ਡੀ.ਬੀ ਦੇ ਮੈਨੇਜਿੰਗ ਡਾਇਰੈਕਟਰ ਏ. ਵੇਣੂੰ ਪ੍ਰਸ਼ਾਦ ਨੇ ਦੱਸਿਆ ਕਿ ਪੀ.ਆਈ.ਡੀ.ਬੀ ਤਰਫੋਂ ਹੁਣ ਤੱਕ ਜਲ ਬੱਸ ਪ੍ਰੋਜੈਕਟ ਲਈ ਦੋ ਕਰੋੜ ਰੁਪਏ ਦੇ ਫੰਡ ਜਾਰੀ ਕੀਤੇ ਜਾ ਚੁੱਕੇ ਹਨ ਅਤੇ ਜੇਕਰ ਸਰਕਾਰ ਹੋਰ ਫੰਡ ਮੰਗੇਗੀ ਤਾਂ ਮੁਹੱਈਆ ਕਰਾਏ ਜਾਣਗੇ। ਉਨ੍ਹਾਂ ਆਖਿਆ ਕਿ ਪ੍ਰੋਜੈਕਟ ਦੀ ਕੁੱਲ ਲਾਗਤ ਬਾਰੇ ਕੋਈ ਜਾਣਕਾਰੀ ਨਹੀਂ ਹੈ।

ਸੈਰ-ਸਪਾਟਾ ਵਿਭਾਗ ਦੇ ਡਾਇਰੈਕਟਰ ਨਵਜੋਤਪਾਲ ਸਿੰਘ ਰੰਧਾਵਾ ਦਾ ਕਹਿਣਾ ਸੀ ਕਿ ਇਕ ਜਲ ਬੱਸ 'ਤੇ ਤਕਰੀਬਨ ਚਾਰ ਤੋਂ ਪੰਜ ਕਰੋੜ ਰੁਪਏ ਖਰਚਾ ਆਵੇਗਾ ਅਤੇ ਇਸ ਵੇਲੇ ਬੱਸ ਦੀ ਵਿਦੇਸ਼ ਵਿਚ ਬਾਡੀ ਲੱਗ ਰਹੀ ਹੈ। ਜਲ ਬੱਸ ਪ੍ਰੋਜੈਕਟ ਲਈ ਲੋੜੀਂਦੀ ਹਰ ਪ੍ਰਵਾਨਗੀ ਲੈ ਲਈ ਗਈ ਹੈ। ਪ੍ਰੋਜੈਕਟ ਦੀ ਪੂਰੀ ਲਾਗਤ ਬਾਰੇ ਰਿਕਾਰਡ ਵੇਖ ਕੇ ਹੀ ਦੱਸਿਆ ਜਾ ਸਕਦਾ ਹੈ। ਦੱਸਣਯੋਗ ਹੈ ਕਿ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਇਸ ਪ੍ਰੋਜੈਕਟ ਵਿਚ ਵਿਸ਼ੇਸ਼ ਦਿਲਚਸਪੀ ਦਿਖਾਈ ਜਾ ਰਹੀ ਹੈ।

## ਪਾਕਿਸਤਾਨ ਤੇ ਚੀਨ ਨਾਲ ਇਕੋ ਵੇਲੇ ਜੰਗ ਲੜਨ ਦੇ ਸਮਰੱਥ ਨਹੀਂ ਫੌਜ: ਧਨੋਆ

**ਨਵੀਂ ਦਿੱਲੀ:** ਭਾਰਤੀ ਹਵਾਈ ਫੌਜ ਇਸ ਵੇਲੇ ਪਾਕਿਸਤਾਨ ਤੇ ਚੀਨ ਨਾਲ ਇਕੱਠੇ ਜੰਗ ਲੜਨ ਦੇ ਸਮਰੱਥ ਨਹੀਂ ਹੈ। ਹਵਾਈ ਫੌਜ ਦਾ ਕਹਿਣਾ ਹੈ ਕਿ ਉਹ ਇਸ ਵੇਲੇ ਮੌਜੂਦ ਫਾਈਟਰ ਜਹਾਜ਼ਾਂ ਦੀ ਘੱਟ ਗਿਣਤੀ ਦੇ ਚਲਦੇ ਇਕੋ ਵੇਲੇ ਦੋ ਪਾਸੇ ਜੰਗ ਲੜਨ ਦੀ ਸਥਿਤੀ ਵਿਚ ਨਹੀਂ।

ਹਵਾਈ ਫੌਜ ਦੇ ਉਪ ਮੁਖੀ ਏਅਰ ਮਾਰਸ਼ਲ ਬੀ.ਐਸ. ਧਨੋਆ ਨੇ ਕਿਹਾ ਕਿ ਸਾਡੇ ਕੋਲ ਇਕੋ ਵੇਲੇ ਦੋ ਪਾਸੇ ਜੰਗ ਲੜਨ ਲਈ ਜ਼ਰੂਰੀ ਜਹਾਜ਼ਾਂ ਦੀ ਲੋੜੀਂਦੀ ਗਿਣਤੀ ਨਹੀਂ ਹੈ। ਸਰਕਾਰ ਨੂੰ ਇਸ ਸਥਿਤੀ ਬਾਰੇ ਪੂਰੀ ਤਰ੍ਹਾਂ ਜਾਣਕਾਰੀ ਹੈ ਤੇ ਇਸ ਪੱਖ ਤੋਂ ਕੰਮ ਕੀਤਾ ਜਾ ਰਿਹਾ ਹੈ। ਏਅਰ ਫੋਰਸ ਮੁਤਾਬਕ ਇਸ ਵੇਲੇ ਤਿੰਨ ਸੁਕਾਡਰਨ ਪੁਰਾਣੇ ਇਕ ਇੰਜਣ ਵਾਲੇ ਸੋਵੀਅਤ ਦੇ ਬਣੇ ਮਿਗ-21 ਤੇ ਮਿਗ-27 ਦੀਆਂ ਹਨ, ਜਿਹੜੇ ਇਸ ਸਾਲ ਪਹਿਲੀ ਜਨਵਰੀ ਤੱਕ ਆਪਣੀ ਮਿਆਦ ਪੂਰੀ ਚੁੱਕੇ ਹਨ। ਭਾਰਤੀ ਹਵਾਈ ਫੌਜ ਕੋਲ ਸਿਰਫ 33 ਸੁਕਾਡਰਨ ਹਨ, ਹਰੇਕ ਸੁਕਾਡਰਨ 'ਚ 16-18 ਜਹਾਜ਼ ਹਨ। ਇਸ ਸਮਰੱਥਾ ਦੇ ਮੁਤਾਬਕ ਹਵਾਈ ਫੌਜ ਕੋਲ 9 ਸੁਕਾਡਰਨ ਘੱਟ ਹਨ। ਇਕੋ ਵੇਲੇ ਪਾਕਿਸਤਾਨ ਤੇ ਚੀਨ ਨਾਲ ਦੋ ਪਾਸੇ ਤੋਂ ਜੰਗ ਲੜਨ ਲਈ ਘੱਟ ਤੋਂ ਘੱਟ 42 ਸੁਕਾਡਰਨ ਦੀ ਜ਼ਰੂਰਤ ਹੈ।

# ਨਸ਼ਿਆਂ ਦੇ ਦਰਿਆ ’ਚ ਪੰਜਾਬ ਪੁਲਿਸ ਨੇ ਲਾਈ ਟੁੱਭੀ

**ਬਠਿੰਡਾ:** ਪੰਜਾਬ ਪੁਲਿਸ ਦੇ ਤਿੰਨ ਵਰ੍ਹਿਆਂ ਵਿਚ ਤਕਰੀਬਨ ਸੌ ਮੁਲਾਜ਼ਮ (ਹੋਮਗਾਰਡ ਤੋਂ ਥਾਣੇਦਾਰ ਤੱਕ) ਨਸ਼ਿਆਂ ਦੀ ਤਸਕਰੀ ਦੇ ਮਾਮਲੇ ਵਿਚ ਗ੍ਰਿਫਤਾਰ ਕੀਤੇ ਗਏ ਹਨ। ਪੰਜਾਬ ਦੇ ਥਾਣਿਆਂ ਵਿਚ ਤਿੰਨ ਵਰ੍ਹਿਆਂ ਦੌਰਾਨ 78 ਅਜਿਹੇ ਪੁਲਿਸ ਕੇਸ ਦਰਜ ਹੋਏ ਹਨ, ਜਿਨ੍ਹਾਂ ਵਿਚ ਨਸ਼ਿਆਂ ਦੀ ਤਸਕਰੀ ਵਿਚ ਪੁਲਿਸ ਦੇ ਥਾਣੇਦਾਰ ਤੇ ਹੋਰ ਮੁਲਾਜ਼ਮ ਸ਼ਾਮਲ ਹਨ।

ਇਹ ਤੱਥ ਪੰਜਾਬ ਦੇ ਗ੍ਰਹਿ ਵਿਭਾਗ ਵੱਲੋਂ ਕੇਂਦਰ ਸਰਕਾਰ ਨੂੰ ਭੇਜੀ ਗਈ ਰਿਪੋਰਟ ਵਿਚ ਉਜਾਗਰ ਹੋਏ ਹਨ। ਕੇਂਦਰੀ ਗ੍ਰਹਿ ਮੰਤਰਾਲੇ ਦੇ ਤਾਜ਼ਾ ਵੇਰਵਿਆਂ ਅਨੁਸਾਰ ਪੰਜਾਬ ਪੁਲਿਸ ਨੇ ਨਸ਼ਿਆਂ ਦੀ ਤਸਕਰੀ ਕਰਨ ਵਾਲੇ 32 ਮੁਲਾਜ਼ਮਾਂ ਨੂੰ ਨੌਕਰੀ ਵਿਚੋਂ ਕੱਢ ਦਿੱਤਾ ਹੈ। ਪੰਜਾਬ ਵਿਚ ਹਰ ਵਰ੍ਹੇ ਔਸਤਨ 30 ਤੋਂ 35 ਪੁਲਿਸ ਮੁਲਾਜ਼ਮ ਨਸ਼ਿਆਂ ਦੀ ਤਸਕਰੀ ਕਰਦੇ ਫੜੇ ਜਾ ਰਹੇ ਹਨ। ਜ਼ਿਲ੍ਹਾ ਮੋਗਾ ਦੇ ਕਈ ਮੁਲਾਜ਼ਮ ਇਸ ਕਾਰੋਬਾਰ ਵਿਚ ਗ੍ਰਿਫਤਾਰ ਕੀਤੇ ਗਏ ਹਨ। ਫ਼ਰੀਦਕੋਟ ਪੁਲਿਸ ਨੇ ਤਿੰਨ ਜੁਲਾਈ 2015 ਨੂੰ ਹੀ ਇਕ ਹੌਲਦਾਰ ਖਿਲਾਫ਼ ਕੇਸ ਦਰਜ ਕੀਤਾ ਹੈ, ਜੋ ਤਸਕਰੀ ਕਰ ਰਿਹਾ ਸੀ। ਮੋਗਾ ਪੁਲਿਸ ਦੇ ਕਈ ਮੁਲਾਜ਼ਮ ਇਸ ਮਾਮਲੇ ਵਿਚ ਮੁਅੱਤਲ ਕੀਤੇ ਜਾ ਚੁੱਕੇ ਹਨ। ਸਰਕਾਰੀ ਵੇਰਵਿਆਂ ਅਨੁਸਾਰ ਜਨਵਰੀ 2013 ਤੋਂ ਦਸੰਬਰ 2015 ਦੌਰਾਨ ਨਸ਼ਿਆਂ ਦਾ ਕਾਰੋਬਾਰ ਕਰਨ ਵਾਲੇ ਦੋ ਸਬ ਇੰਸਪੈਕਟਰ, ਅੱਠ ਏ.ਐਸ.ਆਈ., 36 ਹੌਲਦਾਰ, 17 ਸਿਪਾਹੀ, ਨੌਂ ਹੋਮਗਾਰਡ ਜਵਾਨ ਅਤੇ 15 ਜੇਲ੍ਹ ਮੁਲਾਜ਼ਮਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਲੰਘੇ ਵਰ੍ਹੇ (2015) ਦੌਰਾਨ ਮੁਲਾਜ਼ਮਾਂ ਖਿਲਾਫ਼ ਨਸ਼ਿਆਂ ਦੀ ਤਸਕਰੀ ਦੇ 26 ਕੇਸ ਦਰਜ ਹੋਏ ਸਨ ਤੇ 36 ਮੁਲਾਜ਼ਮ ਤੇ ਥਾਣੇਦਾਰ ਗ੍ਰਿਫਤਾਰ ਕੀਤੇ ਗਏ ਸਨ। ਸਾਲ 2015 ਵਿਚ ਚੰਡੀਗੜ੍ਹ ਪੁਲਿਸ ਦਾ ਇਕ, ਏਅਰ ਫੋਰਸ ਦਾ ਇਕ, ਬੀ.ਐਸ.ਐਫ. ਦਾ ਇਕ ਅਤੇ ਆਰ. ਪੀ. ਐਫ. ਦਾ ਵੀ ਇਕ ਜਵਾਨ ਗ੍ਰਿਫਤਾਰ ਕੀਤਾ ਗਿਆ ਸੀ।

ਸਾਲ 2014 ਵਿਚ ਗ੍ਰਿਫਤਾਰ ਕੀਤੇ ਗਏ 29 ਮੁਲਾਜ਼ਮਾਂ ਵਿਚ ਜੰਮੂ ਕਸ਼ਮੀਰ ਪੁਲਿਸ ਦਾ ਵੀ ਇਕ ਮੁਲਾਜ਼ਮ ਸ਼ਾਮਲ ਹੈ। ਵਰ੍ਹਾ 2013 ਵਿਚ 27 ਪੁਲਿਸ ਕੇਸ ਦਰਜ ਹੋਏ ਸਨ ਅਤੇ 35 ਮੁਲਾਜ਼ਮ ਤੇ ਥਾਣੇਦਾਰ ਗ੍ਰਿਫਤਾਰ ਕੀਤੇ ਗਏ ਸਨ।


## ਭਾਰਤੀ ਰੈਸਟੋਰੈਂਟ ਵਿਕਾਊ ਹੈ

**ਇੰਡੀਅਨਐਪੋਲਿਸ, ਇੰਡੀਆਨਾ ਵਿਚ**
**ਵਧੀਆ ਲੋਕੇਸ਼ਨ ‘ਤੇ ਸਥਿਤ 80 ਸੀਟਾਂ ਵਾਲਾ**
**ਭਾਰਤੀ ਰੈਸਟੋਰੈਂਟ ਵਿਕਾਊ ਹੈ**

**New India Restaurant For Sale**

■80 Seats ■Cater Large/Small Parties
■Liquor Licenses ■Free Parking For Customers

**ਸੰਪਰਕ ਕਰੋ: 317-313-9651**

12



## ਸ਼ੈਫ, ਕਿਚਨ ਹੈਲਪਰ ਅਤੇ ਵੇਟਰ ਦੀ ਲੋੜ ਹੈ

**ਅਟਲਾਂਟਾ, ਜਾਰਜੀਆ ’ਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤਜ਼ਰਬੇਕਾਰ ਸ਼ੈਫ, ਕਿਚਨ ਹੈਲਪਰ ਅਤੇ ਵੇਟਰ ਦੀ ਫੌਰੀ ਲੋੜ ਹੈ। ਚੰਗੀ ਤਨਖਾਹ, ਮੁਫਤ ਰਿਹਾਇਸ਼**

*ਸੰਪਰਕ ਕਰੋ: ਜਸਵੀਰ ਸਿੰਘ ਢੀਂਡਸਾ*

**ਫੋਨ: 757-240-9348**

12-14



**ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?**
*ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ*

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

**Homeopathic natural medicines supply**



*Gurdip Singh Sandhu*

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**EX Member:**
*The California Homeopathic Society*
National Center For Homeopathy- USA

**Ph:(408) 687-1899**
**(408) 729-6691**
Fax:(408)292-6200

Email: Homeomdicine@yahoo.com
Website: www.Homeopathyatoz.com

***Toll Free: 1-877-OK-HOMEO (1-877-654-6636)***



## Satwant Singh Insurance Services

*We serve all over California*

**Auto, Home, Life, Business, Workers Comp.**

*See how much you can save. Get free quote for Auto, Home, Life and Business.*

*Compare Auto, Home quotes online at our website: www.satwantins.com*

Visit our web page and you’ll find an online tool that helps you compare different policies in just minutes. All you have to do is type in your name and a few details about your home or vehicle, and within a few minutes you’ll have several price quotes waiting for you to review.

**ਸੱਤੇ ਦਿਨ ਖੁੱਲ੍ਹਾ, ਅਸੀਂ ਸੱਤੇ ਦਿਨ 24 ਘੰਟੇ ਫੋਨ ’ਤੇ ਜਵਾਬ ਦਿੰਦੇ ਹਾਂ**



Satwant Singh, CLCS, MBA
*(CA Lic # 0H11256)*

**Now we have 3 locations:**

**San Jose:** 2774 Aborn Road
San Jose, CA 95121

**Sunnyvale:** 830 Stewart Dr Ste #126
Sunnyvale, CA 94085

**Fremont:** 44790 S Grimmer Blvd,
Fremont, CA 94538

Allied Insurance
a Nationwide Insurance® company

**Call today for your FREE, no-obligation quote: 1-408-771-2438**
satwant@satwantins.com



## ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

**National Truck Driving School**

**ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ**

**ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ**
*ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ*

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**


**Kashmir S. Thandi**
**Office: (866) 933-3038**
**Balhar S. Ranu Cell:916-502-7733**
**Yuba City Ph:530-419-5058**

**1816 Main Ave., Secramento CA, 95838**

# ਕਮਾਈ ਪੱਖੋਂ ਤੈਅ ਟੀਚੇ ਦੇ ਨੇੜੇ-ਤੇੜੇ ਵੀ ਨਾ ਪੁੱਜੀ ਪੰਜਾਬ ਸਰਕਾਰ

**ਚੰਡੀਗੜ੍ਹ:** ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਇਸ ਮਹੀਨੇ ਦੇ ਸ਼ੁਰੂ ਵਿਚ ਪੰਜਾਬ ਦੀ ਵਿੱਤੀ ਹਾਲਤ ਦੀ ਵਧੀਆ ਤਸਵੀਰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਅੰਕੜੇ ਹੋਰ ਹੀ ਤੱਥ ਬਿਆਨਦੇ ਹਨ। ਅਕਾਲੀ-ਭਾਜਪਾ ਸਰਕਾਰ ਮੌਜੂਦਾ ਵਿੱਤੀ ਵਰ੍ਹੇ ਲਈ ਰੱਖੇ ਗਏ ਮਾਲੀਏ ਵਿਚ ਵਾਧੇ ਦੀ ਦਰ ਦੇ ਟੀਚੇ ਪੂਰੇ ਕਰਨ ਵਿਚ ਨਾਕਾਮ ਰਹੀ ਹੈ। ਮੌਜੂਦਾ ਵਿੱਤੀ ਵਰ੍ਹੇ ਦੌਰਾਨ ਸੂਬੇ ਦੇ ਆਪਣੀ ਟੈਕਸ ਉਗਰਾਹੀ ਤੋਂ 10 ਫੀਸਦੀ ਉਛਾਲ ਦਾ ਟੀਚਾ ਹਾਸਲ ਹੋਣ ਦਾ ਅਨੁਮਾਨ ਸੀ, ਪਰ ਇਹ ਦਰ ਮਸਾਂ ਪੰਜ ਫੀਸਦੀ ਰਹੀ ਹੈ। ਜੇਕਰ ਕੇਂਦਰੀ ਟੈਕਸਾਂ ਦਾ ਸਹਾਰਾ ਨਾ ਮਿਲਦਾ ਤਾਂ ਰਾਜ ਦੇ ਕਰਾਂ ਦੀ ਵਸੂਲੀ ਵਿਚ ਵਾਧਾ ਵੀ ਇਕਹਿਰੇ ਅੰਕੜੇ ਵਿਚ ਰਹਿੰਦਾ। ਇਸ ਸਾਲ ਪੰਜਾਬ ਨੂੰ ਕੇਂਦਰ ਤੋਂ ਹੋਰ ਫੰਡ ਮਿਲਣ ਨਾਲ ਰਾਜ ਦੀ ਮਾਲੀਆ ਪ੍ਰਾਪਤੀ 'ਚ 13 ਫੀਸਦੀ ਦਾ ਵਾਧਾ ਹੋਣ ਦਾ ਅਨੁਮਾਨ ਹੈ। ਉਂਜ ਪੰਜਾਬ ਨੂੰ ਇਸ ਸਾਲ ਆਪਣੇ ਟੈਕਸਾਂ ਤੋਂ 18.46 ਫੀਸਦੀ ਵਿਕਾਸ ਦਰ ਹਾਸਲ ਹੋਣ ਦਾ ਅਨੁਮਾਨ ਹੈ।

ਵਿੱਤ ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਪੰਜਾਬ ਵਿਕਾਸ ਦਰ




ਹਾਸਲ ਕਰਨ ਵਿਚ ਨਾਕਾਮ ਰਹੇਗਾ। ਉਸ ਮੁਤਾਬਕ ਪੰਜਾਬ ਹੀ ਨਹੀਂ ਸਗੋਂ ਦੇਸ਼ ਦੇ ਕਈ ਹੋਰ ਸੂਬੇ ਵੀ ਮੰਦੀ ਦਾ ਸਾਹਮਣਾ ਕਰ ਰਹੇ ਹਨ। ਪੰਜਾਬ ਵਿਚ ਕਰਾਂ ਦੀ ਵਸੂਲੀ ਵਿਚ ਗਿਰਾਵਟ ਦਾ ਮੁੱਖ ਕਾਰਨ ਵੈਟ ਹੈ, ਖਾਸ ਕਰ ਕੇ ਪੈਟਰੋਲ ਅਤੇ ਡੀਜ਼ਲ ਦੀ ਪਰਚੂਨ ਵਿਕਰੀ 'ਤੇ ਵੈਟ ਵਿਚ ਗਿਰਾਵਟ ਦਰਜ ਹੋਈ ਹੈ। ਅਧਿਕਾਰੀ ਨੇ ਕਿਹਾ ਕਿ ਪਿਛਲੇ ਇਕ ਸਾਲ ਤੋਂ ਤੇਲ ਦੀਆਂ ਕੀਮਤਾਂ ਵਿਚ ਕਮੀ ਨੇ ਸੂਬੇ ਦੇ ਕਰਾਂ 'ਤੇ ਵੱਡਾ ਅਸਰ ਪਾਇਆ। ਸੂਬੇ ਨੂੰ ਵੈਟ ਤੋਂ ਤਕਰੀਬਨ ਪੰਜ ਫੀਸਦੀ ਮਾਲੀਆ ਮਿਲਿਆ ਹੈ ਅਤੇ ਇਸ ਦੇ ਆਪਣੇ ਗੈਰ ਟੈਕਸ ਮਾਲੀਏ ਵਿਚ ਕਰੀਬ 20 ਫੀਸਦੀ ਦੀ ਨਾਂਹ ਪੱਖੀ ਗਿਰਾਵਟ ਦਰਜ ਹੋਈ ਹੈ।

### ਅੱਧਿਓਂ ਵੱਧ ਕਮਾਈ ਤਨਖਾਹਾਂ 'ਤੇ ਖਰਚ

**ਚੰਡੀਗੜ੍ਹ:** ਮੌਜੂਦਾ ਸਮੇਂ ਵਿਚ ਸੂਬੇ ਦੇ ਕੁਲ ਮਾਲੀਏ ਵਿਚੋਂ 55 ਫੀਸਦੀ ਪੈਸਾ ਤਨਖਾਹਾਂ ਅਤੇ ਪੈਨਸ਼ਨਾਂ ਦੇਣ ਵਿਚ ਚਲਾ ਜਾਂਦਾ ਹੈ। ਵਿੱਤ ਵਿਭਾਗ ਦੇ ਸਰਕਾਰੀ ਸੂਤਰਾਂ ਦਾ ਕਹਿਣਾ ਹੈ ਕਿ ਨਵੀਂ ਭਰਤੀ ਨਾਲ ਖਜ਼ਾਨੇ 'ਤੇ ਵਾਧੂ ਬੋਝ ਨਹੀਂ ਪਏਗਾ ਕਿਉਂਕਿ ਮੁਲਾਜ਼ਮਾਂ ਦੀ ਭਰਤੀ ਦੀਆਂ ਸ਼ਰਤਾਂ ਵਿਚ ਵੀ ਬਦਲਾਅ ਕੀਤਾ ਗਿਆ ਹੈ। ਅਗਲੇ ਮਾਲੀ ਵਰ੍ਹੇ ਦੌਰਾਨ ਰਾਜ ਦਾ ਕੁੱਲ ਕਰਜ਼ਾ ਵੀ ਵਧ ਕੇ 1.35 ਲੱਖ ਕਰੋੜ ਰੁਪਏ 'ਤੇ ਪੁੱਜਣ ਦੇ ਆਸਾਰ ਹਨ।

# ਸੁਪਰੀਮ ਕੋਰਟ ਵੱਲੋਂ ਸਿੱਖ ਕਤਲੇਆਮ ਦੀ ਜਾਂਚ ਬਾਰੇ ਪਟੀਸ਼ਨ ਰੱਦ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਾਈ ਉਸ ਜਨਹਿਤ ਪਟੀਸ਼ਨ ਨੂੰ ਰੱਦ ਕਰ ਦਿੱਤਾ, ਜਿਸ ਵਿਚ 1984 ਦੇ ਦਿੱਲੀ ਸਿੱਖ ਕਤਲ-ਏ-ਆਮ ਦੀ ਜਾਂਚ ਅਦਾਲਤ ਦੀ ਨਿਗਰਾਨੀ ਹੇਠ ਵਿਸ਼ੇਸ਼ ਜਾਂਚ ਟੀਮ ਪਾਸੋਂ ਕਰਵਾਉਣ ਦੀ ਮੰਗ ਕੀਤੀ ਗਈ ਸੀ। ਕਮੇਟੀ ਨੇ ਅਦਾਲਤ ਵਿਚ ਦਲੀਲ ਦਿੱਤੀ ਕਿ ਇਸ ਮਾਮਲੇ ਵਿਚ ਅਜਿਹੀ ਜਾਂਚ ਦੀ ਬਹੁਤ ਲੋੜ ਹੈ ਕਿਉਂਕਿ ਦਿੱਲੀ ਪੁਲਿਸ ਤੇ ਕੇਂਦਰ ਵੱਲੋਂ ਬਣਾਈ ਵਿਸ਼ੇਸ਼ ਜਾਂਚ ਟੀਮ ਨੇ ਕਈ ਕੇਸਾਂ ਨੂੰ ਦਰਜ ਕਰਨ ਤੋਂ ਹੀ ਇਨਕਾਰ ਕਰ ਦਿੱਤਾ ਹੈ।




ਇਸ ਪਟੀਸ਼ਨ ਨੂੰ ਰੱਦ ਕਰਦਿਆਂ ਚੀਫ ਜਸਟਿਸ ਟੀ.ਐਸ. ਠਾਕੁਰ ਤੇ ਜਸਟਿਸ ਯੂਯੂ ਲਲਿਤ ਨੇ ਦਿੱਲੀ ਕਮੇਟੀ ਸੁਆਲ ਕੀਤਾ ਕਿ ਉਹ 32 ਸਾਲਾਂ ਬਾਅਦ ਸੁਪਰੀਮ ਕੋਰਟ ਕੋਲ ਕਿਉਂ ਪਹੁੰਚ ਕਰ ਰਹੀ ਹੈ, ਜਦ ਕਿ ਪੀੜਤਾਂ ਨੂੰ ਸਿੱਧੇ ਤੌਰ 'ਤੇ ਨਿਆਪਾਲਿਕਾ ਕੋਲ ਆਉਣ ਦੀ ਪੂਰੀ ਆਜ਼ਾਦੀ ਹੈ। ਪਟੀਸ਼ਨਰ ਨੇ ਕਿਹਾ ਕਿ ਪੀੜਤਾਂ ਦਾ ਵਿਵਸਥਾ ਵਿਚ ਭਰੋਸਾ ਨਹੀਂ ਰਿਹਾ ਤੇ ਹੁਣ ਉਨ੍ਹਾਂ ਨੂੰ ਆਸ ਹੈ ਕਿ ਸੁਪਰੀਮ ਕੋਰਟ ਹੀ ਉਨ੍ਹਾਂ ਦੇ ਇਨਸਾਫ਼ ਦਿਵਾ ਸਕਦੀ ਹੈ। ਕਮੇਟੀ ਨੇ ਸਰਵਉਚ ਅਦਾਲਤ ਵਿਚ ਅਜਿਹੇ 80 ਤੋਂ ਵੱਧ ਕੇਸਾਂ ਦਾ ਵੇਰਵਾ ਦਿੱਤਾ ਹੈ, ਜਿਨ੍ਹਾਂ 'ਤੇ ਵਿਸ਼ੇਸ਼ ਜਾਂਚ ਟੀਮ ਗੌਰ ਕਰਨ ਦੀ ਗੱਲ ਕਹੀ ਸੀ, ਪਰ ਕੀਤਾ ਕੁਝ ਨਹੀਂ। ਇਸ 'ਤੇ ਬੈਂਚ ਨੇ ਪਟੀਸ਼ਨਰ ਨੂੰ ਕਿਹਾ ਕਿ ਜੇ ਤੁਸੀਂ ਸਚਮੁੱਚ ਗੰਭੀਰ ਹੋ ਤਾਂ ਇਸ ਮਾਮਲੇ ਨੂੰ ਢੁਕਵੀਂ ਥਾਂ 'ਤੇ ਰੱਖੋ।

# ਕਤਲ ਕੇਸ ਵਿਚ ਨਾਮਜ਼ਦ ਪੰਜ ਦੋਸ਼ੀਆਂ ਨੂੰ ਉਮਰ ਕੈਦ ਤੇ ਜੁਰਮਾਨਾ

**ਬਰਨਾਲਾ:** ਅਦਾਲਤ ਨੇ ਇਕ ਕਤਲ ਕੇਸ ਦਾ ਅਹਿਮ ਫੈਸਲਾ ਸੁਣਾਉਂਦਿਆਂ ਨਾਮਜ਼ਦ ਦੋਸ਼ੀ ਮਹਿੰਦਰ ਸਿੰਘ ਪੁੱਤਰ ਬੰਤ ਸਿੰਘ, ਗੁਰਤੇਜ ਸਿੰਘ ਪੁੱਤਰ ਮਹਿੰਦਰ ਸਿੰਘ, ਮੱਖਣ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀਆਨ ਤਾਜੋਕੇ, ਸੁਖਚਰਨ ਸਿੰਘ ਪੁੱਤਰ ਗੁਰਜੰਟ ਸਿੰਘ ਤੇ ਗੁਰਜੀਤ ਸਿੰਘ ਪੁੱਤਰ ਗੁਰਜੰਟ ਸਿੰਘ ਵਾਸੀਆਨ ਦਰਾਜ ਨੂੰ ਉਮਰ ਕੈਦ ਤੇ 10-10 ਹਜ਼ਾਰ ਰੁਪਏ ਜੁਰਮਾਨੇ ਦਾ ਫੈਸਲਾ ਸੁਣਾਇਆ ਹੈ।



ਇਸਤਗਾਸਾ ਮੁਤਾਬਕ ਕਰਮਜੀਤ ਸਿੰਘ ਪੁੱਤਰ ਰਾਮ ਸਿੰਘ ਵਾਸੀ ਤਾਜੋਕੇ ਦੇ ਖੇਤ ਵਿਚ ਕਬਜ਼ਾ ਕਰ ਕੇ ਜ਼ਮੀਨ ਵਾਹੁਣ ਦੀ ਕੋਸ਼ਿਸ਼ ਕੀਤੀ ਗਈ ਸੀ, ਪਰ ਪਤਾ ਲੱਗਣ 'ਤੇ ਕਰਮਜੀਤ ਸਿੰਘ, ਬਲਜੀਤ ਸਿੰਘ ਨੂੰ ਨਾਲ ਲੈ ਕੇ ਗਿਆ, ਪਰ ਜਾਂਦੇ ਸਾਰ ਹੀ ਉਕਤ ਦੋਸ਼ੀਆਂ ਨੇ ਮੁੱਦਈ ਪਾਰਟੀ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਤੇ ਮਾਰ ਦੇਣ ਦੀ ਨੀਅਤ ਨਾਲ ਬਲਜੀਤ ਸਿੰਘ ਉਤੇ ਫਾਇਰ ਕੀਤਾ। ਗੋਲੀ ਲੱਗਣ ਨਾਲ ਇਕ ਵਿਅਕਤੀ ਦੀ ਮੌਤ ਹੋ ਗਈ। ਪੁਲਿਸ ਨੇ ਕਰਮਜੀਤ ਸਿੰਘ ਦੇ ਬਿਆਨਾਂ ਉਤੇ ਪੰਜ ਜੂਨ, 2011 ਨੂੰ ਉਕਤ ਦੋਸ਼ੀਆਂ ਖਿਲਾਫ ਥਾਣਾ ਤਪਾ ਵਿਖੇ ਪਰਚਾ ਦਰਜ ਕੀਤਾ ਸੀ।

# ਅਤਿਵਾਦ ਨਾਲ ਟਾਕਰੇ ਲਈ ਭਾਰਤ ਤੇ ਅਮਰੀਕਾ ਇਕਜੁਟ

**ਵਾਸ਼ਿੰਗਟਨ:** ਭਾਰਤ ਤੇ ਅਮਰੀਕਾ ਨੇ ਪਾਕਿਸਤਾਨ ਦੇ ਦਹਿਸ਼ਤਗਰਦ ਸੰਗਠਨ ਲਸ਼ਕਰ-ਏ-ਤਾਇਬਾ ਤੇ ਜੈਸ਼-ਏ-ਮੁਹੰਮਦ ਖਿਲਾਫ਼ ਮਿਲ ਕੇ ਕਾਰਵਾਈ ਕਰਨ ਦਾ ਫੈਸਲਾ ਕੀਤਾ ਹੈ। ਇਸ ਬਾਰੇ ਫੈਸਲਾ ਭਾਰਤ ਦੇ ਵਿਦੇਸ਼ ਸਕੱਤਰ ਐਸ. ਜੈ ਸ਼ੰਕਰ ਤੇ ਅਮਰੀਕਾ ਦੇ ਸੁਰੱਖਿਆ ਸਲਾਹਕਾਰ ਸੂਸੈਨ ਈ ਰਾਈਸ ਵਿਚਾਲੇ ਵਾਈਟ ਹਾਊਸ ਵਿਚ ਮੀਟਿੰਗ ਦੌਰਾਨ ਲਿਆ ਗਿਆ। ਭਾਰਤ ਅਨੁਸਾਰ ਇਸ ਸਾਲ ਪਠਾਨਕੋਟ ਵਿਚ ਦੋ ਜਨਵਰੀ ਨੂੰ ਹੋਏ ਦਹਿਸ਼ਤਗਰਦ ਹਮਲੇ ਪਿੱਛੇ ਜੈਸ਼-ਏ-ਮੁਹੰਮਦ ਦਾ ਹੱਥ ਹੈ ਤੇ ਇਸ ਤੋਂ ਪਹਿਲਾਂ 2008 ਵਿਚ ਮੁੰਬਈ ਉਤੇ ਕੀਤੇ ਦਹਿਸ਼ਤਗਰਦ ਹਮਲੇ ਲਈ ਲਸ਼ਕਰ-ਏ-ਤੋਇਬਾ ਨੂੰ ਜ਼ਿੰਮੇਵਾਰ ਮੰਨਿਆ ਗਿਆ ਹੈ।

ਮੀਟਿੰਗ ਦੌਰਾਨ ਦੋਵਾਂ ਦੇਸ਼ਾਂ ਨੂੰ ਵਾਤਾਵਰਨ ਪਰਿਵਰਤਨ, ਵਪਾਰ ਤੇ ਰੱਖਿਆ ਖੇਤਰ ਵਿਚ ਸਹਿਯੋਗ ਕਰਨ ਦੀ ਵੀ ਹਾਮੀ ਭਰੀ ਹੈ। ਇਸ ਤੋਂ ਇਲਾਵਾ 31 ਮਾਰਚ ਨੂੰ ਅਮਰੀਕਾ ਵਿਚ ਹੋਣ ਵਾਲੇ ਪਰਮਾਣੂ ਸੰਮੇਲਨ ਦੇ ਮੁੱਦੇ ਉਤੇ ਵੀ ਦੋਵਾਂ ਦੇਸ਼ਾਂ ਦੇ ਅਧਿਕਾਰੀਆਂ ਦੀ ਮੀਟਿੰਗ ਹੋਈ। ਸੰਮੇਲਨ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਹਿੱਸਾ ਲੈਣ ਲਈ ਅਮਰੀਕਾ ਜਾ ਰਹੇ ਹਨ।

ਇਸ ਸੰਮੇਲਨ ਵਿਚ ਦੁਨੀਆਂ ਦੇ 50 ਪ੍ਰਮੁੱਖ ਆਗੂ ਹਿੱਸਾ ਲੈਣਗੇ ਜਿਨ੍ਹਾਂ ਵਿਚ ਪਾਕਿਸਤਾਨ ਦੇ ਪ੍ਰਧਾਨ ਮੰਤਰ ਨਵਾਜ਼ ਸ਼ਰੀਫ਼ ਵੀ ਸ਼ਾਮਲ ਹਨ। ਇਹ ਵੀ ਸੰਭਾਵਨਾ ਪ੍ਰਗਟਾਈ ਜਾ ਰਹੀ ਹੈ ਕਿ ਦੋਵਾਂ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਵਿਚਾਲੇ ਇਸ ਸੰਮੇਲਨ ਤੋਂ ਵੱਖਰੇ ਤੌਰ ਉਤੇ ਮੁਲਾਕਾਤ ਹੋ ਸਕਦੀ ਹੈ, ਪਰ ਦੋਵਾਂ ਦੇਸ਼ਾਂ ਨੇ ਇਸ ਦੀ ਪੁਸ਼ਟੀ ਨਹੀਂ ਕੀਤੀ। ਦੋਵਾਂ ਦੇਸ਼ਾਂ ਦੇ ਆਗੂਆਂ ਦੀ ਅੰਤਿਮ ਮੀਟਿੰਗ 25 ਦਸੰਬਰ ਨੂੰ ਲਾਹੌਰ ਵਿਚ ਹੋਈ ਸੀ।

# ਬੈਲਜੀਅਮ 'ਚ 25 ਸਿੱਖ ਹਿਰਾਸਤ ਵਿਚ ਲਏ

**ਲੰਡਨ:** ਬੈਲਜੀਅਮ ਵਿਚ ਇਕ ਟਰੱਕ ਅੰਦਰ ਲੁਕ ਕੇ ਜਾ ਰਹੇ 25 ਸਿੱਖਾਂ ਨੂੰ ਪੁਲਿਸ ਨੇ ਫੜ ਲਿਆ ਹੈ। ਇਹ ਸਿੱਖ ਬੱਚਿਆਂ ਸਮੇਤ ਰੋਮਾਨੀਆ ਦੇ ਟਰੱਕ ਦੇ ਇਕ ਖੁਫ਼ੀਆ ਹਿੱਸੇ ਵਿਚ ਛੁਪੇ ਹੋਏ ਸਨ।

ਮਨੁੱਖੀ ਤਸਕਰੀ ਬਾਰੇ ਸੂਹ ਮਿਲਣ ਤੋਂ ਬਾਅਦ ਪੁਲਿਸ ਨੇ ਟਰੱਕ ਨੂੰ ਰੋਕਿਆ ਤਾਂ ਉਸ 'ਚੋਂ ਦੋ ਸਾਲ ਦੇ ਬੱਚੇ ਤੋਂ ਲੈ ਕੇ 88 ਸਾਲ ਤੱਕ ਦਾ ਬਜ਼ੁਰਗ ਵੀ ਮਿਲਿਆ। ਟਰੱਕ ਅੰਦਰ ਪਿਆਜ਼ਾਂ ਦੇ ਢੇਰ ਪਿੱਛੇ ਚਾਰ ਵਰਗ ਮੀਟਰ ਦਾ ਇਕ ਪਿੰਜਰਾ ਸੀ ਜਿਸ 'ਚ ਇਨ੍ਹਾਂ ਸਿੱਖਾਂ ਨੂੰ ਤੁੜਿਆ ਗਿਆ ਸੀ। ਰੋਮਾਨੀਆ ਦੇ ਦੋ ਡਰਾਈਵਰਾਂ ਅਤੇ ਕਾਰ ਧੋਣ ਵਾਲੀ ਕੰਪਨੀ ਦੇ ਮੈਨੇਜਰ ਨੂੰ ਵੀ ਹਿਰਾਸਤ 'ਚ ਲਿਆ ਗਿਆ ਹੈ।

# ਮੋਦੀ ਸਰਕਾਰ ਨੇ ਦਿੱਤਾ ਸਹਿਜਧਾਰੀ ਸਿੱਖਾਂ ਨੂੰ ਤਕੜਾ ਝਟਕਾ

**ਨਵੀਂ ਦਿੱਲੀ:** ਕੇਂਦਰੀ ਵਜ਼ਾਰਤ ਨੇ ਸਿੱਖ ਗੁਰਦੁਆਰਾ ਐਕਟ 1925 ਵਿਚ ਸੋਧ ਨੂੰ ਪ੍ਰਵਾਨਗੀ ਦੇ ਦਿੱਤੀ ਹੈ ਜਿਸ ਨਾਲ ਸਹਿਜਧਾਰੀ ਸਿੱਖਾਂ ਨੂੰ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਵੋਟਿੰਗ ਦਾ ਅਧਿਕਾਰ ਨਹੀਂ ਮਿਲੇਗਾ। ਸ਼੍ਰੋਮਣੀ ਅਕਾਲੀ ਦਲ ਵੱਲੋਂ ਸਹਿਜਧਾਰੀ ਸਿੱਖਾਂ ਨੂੰ ਵੋਟਿੰਗ ਦਾ ਅਧਿਕਾਰ ਨਾ ਦੇਣ ਲਈ ਲੰਬੇ ਸਮੇਂ ਤੋਂ ਮੰਗ ਕੀਤੀ ਜਾ ਰਹੀ ਸੀ। ਇਸ ਫੈਸਲੇ ਨਾਲ ਸਹਿਜਧਾਰੀ ਸਿੱਖਾਂ ਨੂੰ ਝਟਕਾ ਲੱਗਿਆ ਹੈ।

ਸੂਤਰਾਂ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਹੋਈ ਬੈਠਕ ਦੌਰਾਨ ਐਕਟ ਵਿਚ ਸੋਧ ਨੂੰ ਪ੍ਰਵਾਨਗੀ ਦਿੱਤੀ ਗਈ। ਸਿੱਖ ਗੁਰਦੁਆਰਾ ਐਕਟ ਵਿਚ ਸੋਧ ਪਾਸ ਕਰਾਉਣ ਲਈ ਹੁਣ ਇਸ ਨੂੰ ਸੰਸਦ ਵਿਚ ਪੇਸ਼ ਕੀਤਾ ਜਾਇਗਾ।

ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਦੀਆਂ ਪਿਛਲੀਆਂ ਚੋਣਾਂ 18 ਸਤੰਬਰ 2011 ਤੋਂ ਬਾਅਦ ਇਹ ਮਾਮਲਾ ਸੁਪਰੀਮ ਕੋਰਟ ਦੇ ਵਿਚਾਰਧੀਨ ਹੈ। ਸੁਪਰੀਮ ਕੋਰਟ ਨੇ ਸ਼੍ਰੋਮਣੀ ਕਮੇਟੀ ਦਾ ਕੰਮਕਾਜ ਚਲਾਉਣ ਲਈ ਅੰਤਰਿਮ ਤੌਰ 'ਤੇ ਪ੍ਰਬੰਧ ਕੀਤਾ ਹੋਇਆ ਹੈ। ਸ਼੍ਰੋਮਣੀ ਅਕਾਲੀ ਦਲ ਵੱਲੋਂ ਪੰਜਾਬ ਵਿਚ ਆਪਣੀ ਭਾਈਵਾਲ ਪਾਰਟੀ ਤੇ ਕੇਂਦਰ ਵਿਚ ਭਾਜਪਾ ਦੀ ਅਗਵਾਈ ਹੇਠਲੀ ਐਨ.ਡੀ.ਏ. ਸਰਕਾਰ ਕੋਲ ਦਬਾਅ ਬਣਾਇਆ ਜਾ ਰਿਹਾ ਸੀ ਕਿ ਸਹਿਜਧਾਰੀ ਮਸਲੇ ਦਾ ਹੱਲ 1925 ਦੇ ਐਕਟ ਵਿਚ ਸੋਧ ਰਾਹੀਂ ਛੇਤੀ ਤੋਂ ਛੇਤੀ ਕੀਤਾ ਜਾਵੇ ਕਿਉਂਕਿ ਅਟਲ ਬਿਹਾਰੀ ਵਾਜਪਈ ਦੀ ਅਗਵਾਈ ਹੇਠਲੀ ਪਿਛਲੀ ਐਨ.ਡੀ.ਏ. ਸਰਕਾਰ ਨੇ ਹੁਕਮਾਂ ਰਾਹੀਂ ਐਕਟ ਵਿਚ ਬਦਲਾਅ ਕੀਤਾ ਸੀ। ਸ਼੍ਰੋਮਣੀ ਕਮੇਟੀ ਦੀਆਂ ਪਿਛਲੀਆਂ ਚੋਣਾਂ 18 ਸਤੰਬਰ 2011 ਨੂੰ ਹੋਈਆਂ ਸਨ ਅਤੇ ਪੰਜ ਦਸੰਬਰ 2011 ਨੂੰ ਹੀ ਕੋ-ਆਪਸ਼ਨ ਰਾਹੀਂ 15 ਮੈਂਬਰਾਂ ਦੀ ਚੋਣ ਕੀਤੀ ਗਈ ਸੀ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ 20 ਦਸੰਬਰ 2011 ਨੂੰ 2003 ਦਾ ਨੋਟੀਫਿਕੇਸ਼ਨ ਰੱਦ ਕਰ ਕੇ ਸਹਿਜਧਾਰੀ ਸਿੱਖਾਂ ਨੂੰ ਵੋਟਿੰਗ ਦਾ ਅਧਿਕਾਰ ਰੱਦ ਕਰ ਦਿੱਤਾ ਸੀ।

### ਨਹੀਂ ਮਿਲੇਗਾ ਸ਼੍ਰੋਮਣੀ ਕਮੇਟੀ ਚੋਣਾਂ 'ਚ ਵੋਟ ਦਾ ਅਧਿਕਾਰ



### ਮੱਕੜ ਵੱਲੋਂ ਫੈਸਲੇ ਦਾ ਸਵਾਗਤ



**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਦੇ ਇਸ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਅੱਠ ਅਕਤੂਬਰ 2003 ਨੂੰ ਸਹਿਜਧਾਰੀਆਂ ਦੀ ਵੋਟ ਖਤਮ ਕਰਨ ਸਬੰਧੀ ਜੋ ਨੋਟੀਫਿਕੇਸ਼ਨ ਜਾਰੀ ਹੋਇਆ ਸੀ, ਨੂੰ ਹੁਣ ਮੁੜ ਕੇਂਦਰੀ ਮੰਤਰੀ ਮੰਡਲ ਵੱਲੋਂ ਪ੍ਰਵਾਨਗੀ ਦਿੱਤੀ ਗਈ ਹੈ। ਪੰਥਕ ਤਾਲਮੇਲ ਜਥੇਬੰਦੀ ਦੇ ਕਨਵੀਨਰ ਤੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ, ਅਕਾਲ ਪੁਰਖ ਕੀ ਫੌਜ ਜਥੇਬੰਦੀ ਦੇ ਮੁਖੀ ਤੇ ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ ਜਸਵਿੰਦਰ ਸਿੰਘ ਐਡਵੋਕੇਟ ਅਤੇ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਵੀ ਕੇਂਦਰੀ ਮੰਤਰੀ ਮੰਡਲ ਦੇ ਇਸ ਫੈਸਲੇ ਨੂੰ ਦਰੁਸਤ ਕਰਾਰ ਦਿੱਤਾ।

### ਸੁਪਰੀਮ ਕੋਰਟ ਤੈਅ ਕਰੇਗੀ ਸ਼੍ਰੋਮਣੀ ਕਮੇਟੀ ਦੇ ਹਾਊਸ ਦਾ ਭਵਿੱਖ

**ਅੰਮ੍ਰਿਤਸਰ:** ਕੇਂਦਰੀ ਮੰਤਰੀ ਮੰਡਲ ਵੱਲੋਂ ਸਹਿਜਧਾਰੀ ਸਿੱਖਾਂ ਨੂੰ ਵੋਟ ਪਾਉਣ ਤੋਂ ਰੋਕਣ ਬਾਰੇ ਕਾਨੂੰਨ ਬਣਾਉਣ ਨੂੰ ਭਾਵੇਂ ਸਹਿਮਤੀ ਦੇ ਦਿੱਤੀ ਗਈ ਹੈ, ਪਰ ਸ਼੍ਰੋਮਣੀ ਕਮੇਟੀ ਦੇ 2011 ਵਿਚ ਚੁਣੇ ਗਏ ਸਦਨ ਦਾ ਭਵਿੱਖ ਅਜੇ ਵੀ ਹਵਾ ਵਿਚ ਹੈ ਅਤੇ ਇਸ ਦਾ ਫੈਸਲਾ ਸੁਪਰੀਮ ਕੋਰਟ ਵੱਲੋਂ ਕੀਤਾ ਜਾਵੇਗਾ।

ਸ਼੍ਰੋਮਣੀ ਕਮੇਟੀ ਦਾ ਸਤੰਬਰ 2011 ਵਿਚ ਚੁਣਿਆ ਗਿਆ ਨਵਾਂ ਹਾਊਸ ਹੁਣ ਤੱਕ ਕਾਰਜਸ਼ੀਲ ਨਹੀਂ ਹੋਇਆ ਹੈ। ਹਾਈ ਕੋਰਟ ਨੇ ਉਸ ਵੇਲੇ ਸਹਿਜਧਾਰੀਆਂ ਨੂੰ ਵੋਟ ਪਾਉਣ ਤੋਂ ਰੋਕਣ ਸਬੰਧੀ ਨੋਟੀਫਿਕੇਸ਼ਨ ਰੱਦ ਹੋਣ ਤੋਂ ਬਾਅਦ ਨਵੇਂ ਬਣੇ ਸਦਨ ਨੂੰ ਮਾਨਤਾ ਦੇਣ ਤੋਂ ਨਾਂਹ ਕਰ ਦਿੱਤੀ ਸੀ। ਹਾਈ ਕੋਰਟ ਦੇ ਇਸ ਫੈਸਲੇ ਨੂੰ ਸ਼੍ਰੋਮਣੀ ਕਮੇਟੀ ਨੇ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਸੀ। ਇਹ ਮਾਮਲਾ ਅੱਜ ਵੀ ਸੁਪਰੀਮ ਕੋਰਟ ਦੇ ਵਿਚਾਰ ਅਧੀਨ ਹੈ ਅਤੇ ਅਦਾਲਤ ਵੱਲੋਂ ਸਿੱਖ ਸੰਸਥਾ ਦੇ ਨਿੱਤ ਦਿਨ ਦੇ ਕੰਮ ਨੂੰ ਚਲਾਉਣ ਲਈ 2010 ਵਿਚ ਨਾਮਜ਼ਦ ਕੀਤੀ ਹੋਈ ਅੰਤ੍ਰਿੰਗ ਕਮੇਟੀ ਨੂੰ ਅਧਿਕਾਰ ਦਿੱਤੇ ਗਏ ਹੋਏ ਹਨ।

### ਪੀ.ਐਸ. ਰਾਨੂ ਵੱਲੋਂ ਫੈਸਲੇ ਦਾ ਵਿਰੋਧ




**ਚੰਡੀਗੜ੍ਹ:** ਕੇਂਦਰੀ ਕੈਬਨਿਟ ਵੱਲੋਂ ਕੀਤੇ ਇਸ ਫੈਸਲੇ ਦਾ ਵਿਰੋਧ ਕਰਦਿਆਂ ਸਹਿਜਧਾਰੀ ਸਿੱਖ ਪਾਰਟੀ ਦੇ ਪ੍ਰਧਾਨ ਪੀ.ਐਸ. ਰਾਨੂ ਨੇ ਆਖਿਆ ਕਿ ਇਹ ਮੰਦਭਾਗਾ ਫੈਸਲਾ ਹੈ। ਜਥੇਬੰਦੀ ਵੱਲੋਂ ਰਾਸ਼ਟਰਪਤੀ, ਲੋਕ ਸਭਾ ਦੇ ਸਪੀਕਰ ਅਤੇ ਹੋਰ ਸੰਸਦ ਮੈਂਬਰਾਂ ਨੂੰ ਪੱਤਰ ਲਿਖ ਕੇ ਅਪੀਲ ਕੀਤੀ ਗਈ ਹੈ ਕਿ ਉਹ ਸਹਿਜਧਾਰੀ ਸਿੱਖਾਂ ਦੇ ਵੋਟ ਦੇ ਹੱਕ ਨੂੰ ਖਤਮ ਕਰਨ ਬਾਰੇ ਇਸ ਫੈਸਲੇ ਦਾ ਸਮਰਥਨ ਨਾ ਕਰਨ। ਉਨ੍ਹਾਂ ਆਖਿਆ ਕਿ ਜੇਕਰ ਇਸ ਨੂੰ ਕਾਨੂੰਨ ਦਾ ਰੂਪ ਦਿੱਤਾ ਗਿਆ ਅਤੇ ਸੁਪਰੀਮ ਕੋਰਟ ਵੱਲੋਂ ਵੀ ਪ੍ਰਵਾਨਗੀ ਦੇ ਕੇ 2011 ਦੇ ਸਦਨ ਨੂੰ ਬਹਾਲ ਕਰਨ ਦਾ ਫੈਸਲਾ ਕੀਤਾ ਗਿਆ ਤਾਂ ਉਹ ਇਸ ਨੂੰ ਮੁੜ ਚੁਣੌਤੀ ਦੇਣਗੇ।

## ਮੀਰੀ-ਪੀਰੀ ਰੈਸਲਿੰਗ ਕਲੱਬ ਨੇ ਜਿੱਤੇ 4 ਸੋਨ ਤਮਗੇ

**ਐਬਟਸਫੋਰਡ, ਬ੍ਰਿਟਿਸ਼ ਕੋਲੰਬੀਆ (ਕੈਨੇਡਾ):** ਇਥੇ 25 ਤੋਂ 27 ਫਰਵਰੀ ਤਕ ਸੀਨੀਅਰ ਹਾਈ ਸਕੂਲ ਪ੍ਰੋਵਿੰਸ਼ੀਅਲ ਚੈਂਪੀਅਨਸ਼ਿਪ ਕੁਸ਼ਤੀ ਮੁਕਾਬਲੇ ਕਰਵਾਏ ਗਏ, ਜਿਨ੍ਹਾਂ ਵਿਚ ਸੋਨੇ ਦੇ ਕੁੱਲ 17 ਤਮਗਿਆਂ ਵਿਚੋਂ ਮੀਰੀ-ਪੀਰੀ ਰੈਸਲਿੰਗ ਕਲੱਬ ਨੇ 4 ਤਮਗੇ ਜਿੱਤ ਲਏ। ਜ਼ਿਕਰਯੋਗ ਹੈ ਕਿ ਇਹ ਕੈਨੇਡਾ ਦੀ ਸਭ ਤੋਂ ਵਡੀ ਹਾਈ ਸਕੂਲ ਰੈਸਲਿੰਗ ਚੈਂਪੀਅਨਸ਼ਿਪ ਹੈ।

ਮੀਰੀ-ਪੀਰੀ ਕਲੱਬ ਦੇ ਨਵਦੀਪ ਤੂਰ ਨੇ 57 ਕਿਲੋ ਭਾਰ ਵਰਗ ਵਿਚ ਸੋਨੇ ਦਾ ਤਮਗਾ ਜਿੱਤਿਆ। ਇਸ ਸੀਜ਼ਨ ਵਿਚ ਉਸ ਨੇ ਇਕ ਵੀ ਮੁਕਾਬਲਾ ਨਹੀਂ ਹਾਰਿਆ। ਉਹ 34 ਕੁਸ਼ਤੀਆਂ ਵਿਚ



ਕੁੱਲ 340 ਅੰਕ ਬਣਾ ਕੇ ਸਭ ਤੋਂ ਉਪਰ ਰਿਹਾ। ਉਸ ਦੇ ਛੋਟੇ ਭਰਾ ਰਵਦੀਪ ਤੂਰ ਨੇ ਵੀ 48 ਕਿਲੋ ਵਰਗ ਵਿਚ ਸੋਨੇ ਦਾ ਤਮਗਾ ਜਿੱਤਿਆ। ਇਹ ਉਸ ਦੀ ਪਹਿਲੀ ਪ੍ਰੋਵਿੰਸ਼ੀਅਲ ਚੈਂਪੀਅਨਸ਼ਿਪ ਸੀ।

ਇਸੇ ਤਰ੍ਹਾਂ 51 ਮਿਲੋ ਭਾਰ ਵਰਗ ਵਿਚ ਪ੍ਰਿਤਪਾਲ ਜੌਹਲ ਅਤੇ 41 ਕਿਲੋ ਭਾਰ ਵਰਗ ਦੇ ਉਸ ਦੇ ਕਜ਼ਨ ਪਰਮਜੋਤ ਸਿੱਧੂ ਨੇ ਸੋਨੇ ਦੇ ਤਮਗੇ ਜਿੱਤੇ। ਇਨ੍ਹਾਂ ਦਾ ਇਕ ਹੋਰ ਕਜ਼ਨ ਮਨਰਾਜ ਜੌਹਲ 74 ਕਿਲੋ ਭਾਰ ਵਰਗ ਵਿਚ ਚੌਥੇ ਸਥਾਨ ਉਤੇ ਰਿਹਾ। ਇਨ੍ਹਾਂ ਖਿਡਾਰੀਆਂ ਦੇ ਕੋਚ ਸੁੱਚਾ ਮਾਨ ਹਨ ਜੋ ਪਿਛਲੇ 20 ਸਾਲ ਤੋਂ ਬ੍ਰਿਟਿਸ਼ ਕੋਲੰਬੀਆ (ਕੈਨੇਡਾ) ਵਿਚ ਕੁਸ਼ਤੀ ਦੀ ਕੋਚਿੰਗ ਦੇ ਰਹੇ ਹਨ। ਇਸ ਤੋਂ ਪਹਿਲਾਂ ਉਹ ਭਾਰਤੀ ਕੌਮੀ ਟੀਮ ਦੇ ਮੈਂਬਰ ਰਹੇ ਹਨ। ਉਹ ਰੋਹਤਕ (ਹਰਿਆਣਾ) ਦੇ ਇਕ ਕੁਸ਼ਤੀ ਪਰਿਵਾਰ ਨਾਲ ਸਬੰਧਤ ਹਨ।


## ਰੈਸਟੋਰੈਂਟ ਲੀਜ਼ 'ਤੇ ਉਪਲਬਧ

ਫਲੋਰਿਡਾ ਵਿਚ ਵਧੀਆ ਚਲਦਾ ਇੰਡੀਅਨ ਰੈਸਟੋਰੈਂਟ ਲੀਜ਼ 'ਤੇ ਉਪਲਬਧ ਹੈ

ਸੇਲ: $60,000 ਪ੍ਰਤੀ ਮਹੀਨਾ

ਹੋਰ ਜਾਣਕਾਰੀ ਲਈ ਸੰਪਰਕ ਕਰੋ

ਫੋਨ: 850-510-3466


## ਵਿਜੈ ਮਾਲਿਆ ਦੀ ਵਿਦੇਸ਼ ਉਡਾਰੀ ਨੇ ਖੜ੍ਹੇ ਕੀਤੇ ਸਵਾਲ

**ਨਵੀਂ ਦਿੱਲੀ:** ਅਦਾਲਤੀ ਹੁਕਮਾਂ ਦੇ ਬਾਵਜੂਦ ਕਾਰੋਬਾਰੀ ਵਿਜੈ ਮਾਲਿਆ ਵੱਲੋਂ ਦੇਸ਼ ਤੋਂ ਫਰਾਰ ਹੋਣ ਨਾਲ ਵੱਡੇ ਸਵਾਲ ਖੜ੍ਹੇ ਹੋ ਗਏ ਹਨ। 17 ਬੈਂਕਾਂ ਦੇ ਸਮੂਹ ਨੇ ਸੁਪਰੀਮ ਕੋਰਟ ਵਿਚ ਪਹੁੰਚ ਕੀਤੀ ਕਿ ਯੂਬੀ ਗਰੁੱਪ ਦੇ ਚੇਅਰਮੈਨ ਤੇ ਦੀਵਾਲੀਆ ਹੋ ਚੁੱਕੇ ਕਿੰਗਫਿਸ਼ਰ ਏਅਰਲਾਈਨਜ਼ ਦੇ ਸਾਬਕਾ ਪ੍ਰਮੋਟਰ ਨੂੰ ਵਿਦੇਸ਼ ਜਾਣ ਤੋਂ ਰੋਕਿਆ ਜਾਵੇ।

ਅਦਾਲਤੀ ਹੁਕਮਾਂ ਤੋਂ ਅਗਲੇ ਦਿਨ ਸਰਕਾਰ ਨੇ ਸਰਬਉੱਚ ਅਦਾਲਤ ਨੂੰ ਸੂਚਿਤ ਕੀਤਾ ਕਿ ਮਾਲਿਆ ਪਹਿਲਾਂ ਹੀ ਦੋ ਮਾਰਚ ਨੂੰ ਬ੍ਰਿਟੇਨ ਚਲਾ ਗਿਆ ਸੀ। ਸਵਾਲ ਇਹ ਕੀਤਾ ਜਾ ਰਿਹਾ ਹੈ ਕਿ ਜਿਸ ਸ਼ਖਸ ਖਿਲਾਫ਼ ਕਰਦਾਤਿਆਂ ਤੇ ਛੋਟੇ ਬੱਚਤਕਾਰਾਂ ਦਾ ਪੈਸਾ, ਬੈਂਕਾਂ ਦੀ ਮਿਲੀਭੁਗਤ ਰਾਹੀਂ ਬੇਕਿਰਕੀ ਨਾਲ ਉਡਾਉਣ ਦੇ ਦੋਸ਼ ਸਨ



ਅਤੇ ਜਿਸ ਵੱਲ ਬੈਂਕਾਂ ਦੇ 9 ਹਜ਼ਾਰ ਕਰੋੜ ਰੁਪਏ ਬਕਾਇਆ ਹਨ, ਉਸ ਉਤੇ ਸਰਕਾਰੀ ਏਜੰਸੀਆਂ ਨੇ ਨਜ਼ਰ ਰੱਖਣੀ ਵੀ ਵਾਜਬ ਨਹੀਂ ਸਮਝੀ ਅਤੇ ਉਸ ਨੂੰ ਉਡਾਰੀ ਮਾਰਨ ਦੀ ਖੁੱਲ੍ਹ ਦੇ ਦਿੱਤੀ ਗਈ।

ਸਰਕਾਰੀ ਹਲਕਿਆਂ ਦਾ ਕਹਿਣਾ ਹੈ ਕਿ ਮਾਲਿਆ, ਜੋ ਕਿ ਰਾਜ ਸਭਾ ਦਾ ਆਜ਼ਾਦ ਮੈਂਬਰ ਹੈ, ਨੇ ਪਹਿਲੀ ਮਾਰਚ ਨੂੰ ਰਾਜ ਸਭਾ ਦੀ ਬੈਠਕ ਵਿਚ ਹਿੱਸਾ ਲਿਆ ਅਤੇ ਉਸ ਤੋਂ ਅਗਲੇ ਹੀ ਦਿਨ ਗਾਇਬ ਹੋ ਗਿਆ। ਇਹ ਉਹ ਦਿਨ ਸੀ ਜਦੋਂ 17 ਬੈਂਕਾਂ ਨੇ ਉਸ ਖਿਲਾਫ਼ ਕਰਜ਼-ਵਸੂਲੀ ਟ੍ਰਿਬਿਊਨਲ (ਡੀ.ਬੀ.ਟੀ.) ਵਿਚ ਦਾਅਵਾ ਦਾਇਰ ਕੀਤਾ। ਜ਼ਾਹਿਰ ਹੈ ਕਿ ਸਰਕਾਰੀ ਏਜੰਸੀਆਂ ਨੇ ਮਾਲਿਆ ਖਿਲਾਫ਼ ਬੇਲੋੜੀ ਢਿੱਲ-ਮੱਠ ਤੋਂ ਕੰਮ ਲਿਆ। ਸੁਪਰੀਮ ਕੋਰਟ ਨੇ ਵੀ ਇਸ 'ਤੇ ਨਾਖੁਸ਼ੀ ਜ਼ਾਹਿਰ ਕੀਤੀ।

## ਮਾਲਿਆ ਵਿਰੁਧ ਵਾਰੰਟ ਜਾਰੀ

**ਨਵੀਂ ਦਿੱਲੀ:** ਵਿਵਾਦਾਂ ਵਿਚ ਘਿਰੇ ਕਾਰੋਬਾਰੀ ਵਿਜੈ ਮਾਲਿਆ (60) ਦੀਆਂ ਮੁਸ਼ਕਲਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਹੈਦਰਾਬਾਦ ਦੀ ਅਦਾਲਤ ਨੇ ਚੈੱਕ ਬਾਊਂਸ ਦੇ ਇਕ ਮਾਮਲੇ 'ਚ ਪੇਸ਼ ਨਾ ਹੋਣ 'ਤੇ ਮਾਲਿਆ ਖਿਲਾਫ਼ ਗੈਰ ਜ਼ਮਾਨਤੀ ਵਾਰੰਟ ਜਾਰੀ ਕਰ ਦਿੱਤੇ ਹਨ।ਜੀ.ਐਮ.ਆਰ. ਹੈਦਰਾਬਾਦ ਇੰਟਰਨੈਸ਼ਨਲ ਏਅਰਪੋਰਟ ਲਿਮਟਿਡ ਨੂੰ ਦਿੱਤੇ ਗਏ 50 ਲੱਖ ਰੁਪਏ ਦਾ ਚੈੱਕ ਬਾਊਂਸ ਹੋਣ ਤੋਂ ਬਾਅਦ ਅਦਾਲਤ ਵੱਲੋਂ ਮਾਲਿਆ ਖਿਲਾਫ਼ ਇਹ ਹੁਕਮ ਜਾਰੀ ਕੀਤੇ ਗਏ ਹਨ। ਇਸ ਦੌਰਾਨ ਕੇਂਦਰੀ ਕਿਰਤ ਮੰਤਰੀ ਬੰਡਾਰੂ ਦੱਤਾਤ੍ਰੇਅ ਨੇ ਕਿਹਾ ਹੈ ਕਿ ਮਾਲਿਆ ਦੀ ਕਿੰਗਫਿਸ਼ਰ ਏਅਰਲਾਈਨਜ਼ 'ਚ ਮੁਲਾਜ਼ਮਾਂ ਦੇ ਪ੍ਰਾਵੀਡੈਂਟ ਫੰਡ ਨਾਲ ਛੇੜਖਾਨੀ ਦੀ ਜਾਂਚ ਵੀ ਕੀਤੀ ਜਾਏਗੀ।

## ਜਾਟ ਅੰਦੋਲਨ ਦੌਰਾਨ ਔਰਤਾਂ 'ਤੇ ਤਸ਼ੱਦਦ 'ਤੇ ਚਿੰਤਾ ਦਾ ਪ੍ਰਗਟਾਵਾ

**ਰੈਂਟਨ, ਵਾਸ਼ਿੰਗਟਨ (ਬਿਊਰੋ):** ਪੰਜਾਬੀ ਲਿਖਾਰੀ ਸਭਾ ਸਿਆਟਲ ਦੀ ਗੁਰਦੁਆਰਾ ਸਿੰਘ ਸਭਾ ਰੈਂਟਨ ਦੇ ਗੈਸਟ ਹਾਊਸ ਵਿਚ ਐਤਵਾਰ, 6 ਮਾਰਚ ਨੂੰ ਹੋਈ ਮੀਟਿੰਗ ਵਿਚ ਹਾਜ਼ਰ ਲੇਖਕਾਂ ਨੇ ਹਰਿਆਣਾ ਸੂਬੇ ਅੰਦਰ ਜਾਟ ਅੰਦੋਲਨ ਦੌਰਾਨ ਪੰਜਾਬੀਆਂ ਦੇ ਹੋਏ ਨੁਕਸਾਨ ਅਤੇ ਔਰਤਾਂ ਨਾਲ ਹੋਈ ਬਦਤਮੀਜ਼ੀ ਤੇ ਤਸ਼ੱਦਦ ਉਤੇ ਗਹਿਰੀ ਚਿੰਤਾ ਪ੍ਰਗਟਾਈ ਹੈ।

ਸਭਾ ਦੀ ਮੀਟਿੰਗ ਦੌਰਾਨ ਇਸ ਗੱਲ 'ਤੇ ਅਫਸੋਸ ਪ੍ਰਗਟਾਇਆ ਗਿਆ ਕਿ ਜਾਟ ਅੰਦੋਲਨ ਦੌਰਾਨ ਕੇਂਦਰ ਤੇ ਹਰਿਆਣਾ ਸਰਕਾਰਾਂ ਪੰਜਾਬੀਆਂ ਨੂੰ ਸੁਰੱਖਿਆ ਤੇ ਇਨਸਾਫ ਦੇਣ ਤੋਂ ਅਸਮਰਥ ਰਹੀਆਂ। ਖਾਸ ਕਰ ਕੇ ਬਾਹਰਲੇ ਦੇਸ਼ਾਂ ਤੋਂ ਜਾਣ ਵਾਲੇ ਯਾਤਰੂਆਂ ਦਾ ਬਹੁਤਾ ਨੁਕਸਾਨ ਹੋਇਆ ਹੈ। ਸਭਾ ਨੇ ਇਕ ਮਤੇ ਰਾਹੀਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਪੰਜਾਬ 'ਚ ਅੰਮ੍ਰਿਤਸਰ ਅਤੇ ਮੋਹਾਲੀ ਏਅਰਪੋਰਟ ਤੋਂ ਇੰਟਰਨੈਸ਼ਨਲ ਫਲਾਈਟਾਂ ਦੀ ਗਿਣਤੀ ਵਧਾਈ ਜਾਵੇ ਤਾਂ ਜੋ ਵਿਦੇਸ਼ਾਂ ਤੋਂ ਪੰਜਾਬ ਨੂੰ ਆਉਣ-ਜਾਣ ਵਾਲੇ ਯਾਤਰੀਆਂ ਨੂੰ ਦਿੱਲੀ ਨਾ ਜਾਣਾ ਪਵੇ।

ਮੀਟਿੰਗ ਦੌਰਾਨ ਲੇਖਕਾਂ ਨੇ ਔਰਤਾਂ ਵਲੋਂ ਆਪਣੀ ਰੱਖਿਆ ਆਪ ਕਰਨ 'ਤੇ ਵੀ ਜੋਰ ਦਿੱਤਾ। ਉਨ੍ਹਾਂ ਦਾ ਵਿਚਾਰ ਸੀ ਕਿ ਅਕਸਰ ਹੀ ਔਰਤ ਜ਼ੁਲਮ ਦਾ ਸ਼ਿਕਾਰ ਹੁੰਦੀ ਆਈ ਹੈ, ਇਸ ਲਈ ਉਸ ਨੂੰ ਸਿੰਘਣੀਆਂ ਵਾਂਗ ਹਥਿਆਰਬੰਦ ਰਹਿਣਾ ਚਾਹੀਦਾ ਹੈ ਅਤੇ ਹੋਰ ਵੀ ਬਚਾਓ ਦੇ ਸਾਧਨ ਕੋਲ ਰੱਖਣੇ ਚਾਹੀਦੇ ਹਨ।

ਇਸ ਮੌਕੇ ਹਾਜ਼ਰ ਲਿਖਾਰੀਆਂ ਵਿਚ ਹਰਭਜਨ ਸਿੰਘ ਬੈਂਸ, ਅਵਤਾਰ ਸਿੰਘ ਆਦਮਪੁਰੀ, ਕਰਨੈਲ ਕੈਲ, ਬਲਿਹਾਰ ਲਹਿਲ, ਮਨਜੀਤ ਕੌਰ ਗਿੱਲ, ਸ਼ੰਗਾਰ ਸਿੰਘ ਸਿੱਧੂ, ਅਮਰਜੀਤ ਸਿੰਘ ਤਰਸਿੱਕਾ, ਡਾ. ਜੇ ਬੀ ਸਿੰਘ, ਹਰਪਾਲ ਸਿੱਧੂ, ਮਹਿੰਦਰ ਸਿੰਘ ਚੀਮਾ, ਈਸ਼ਰ ਸਿੰਘ ਗਰਚਾ, ਮਲਕੀਤ ਸਿੰਘ ਅਤੇ ਕੁਲਦੀਪ ਸਿੰਘ ਨੇ ਜਿੱਥੇ ਆਪਣੇ ਵਿਚਾਰਾਂ ਦੀ ਸਾਂਝ ਪਾਈ, ਉਥੇ ਆਪਣੀਆਂ ਲਿਖਤਾਂ ਵੀ ਸੁਣਾਈਆਂ।

ਇਸੇ ਦੌਰਾਨ ਪੰਜਾਬੀ ਲਿਖਾਰੀ ਸਭਾ ਨੇ ਵਾਸ਼ਿੰਗਟਨ ਸਟੇਟ ਵਿਚ ਵਸਦੇ ਪੰਜਾਬੀ ਲੇਖਕਾਂ ਦੀ ਛਪ ਰਹੀ ਸਾਂਝੀ ਕਿਤਾਬ ਲਈ ਰਚਨਾਵਾਂ ਭੇਜਣ ਲਈ ਹੁਣ ਸਮਾਂ 30 ਮਾਰਚ 2016 ਤੱਕ ਵਧਾ ਦਿੱਤਾ ਹੈ। ਰਚਨਾਵਾਂ ਭੇਜਣ ਲਈ ਅਵਤਾਰ ਸਿੰਘ ਆਦਮਪੁਰੀ ਨਾਲ ਫੋਨ 253-335-6062 ਜਾਂ avtarsinghadampuri@gmail.com ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।


DHOL RADIO

WEBSITE - DHOLRADIO.CO

DHOL RADIO

ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ

REQUEST SONG
MUSIC 24/7
LISTEN ON PHONE

ਹੁਣ ਸ਼ਿਕਾਗੋ ਤੋਂ

Application For Android and iPhone - Dhol Radio

LIVE CALLS ➡ USA 951-824-6365

skype - DHOLRADIO.ORG

LISTEN BY CALL ➡ USA 702-489-0211

Sukhpal Gill 10 pm to 12 am (IST)

Puran singh waraich 2:30 pm to 4 pm (IST)



# ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

GLOBAL

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening

• 8 Drive Tires For $3300 Kelly KDA

• Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210

FAX: 209.547.9211

www.gfbontime.com, raj@gfbontime.com

## REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖ਼ਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

## REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

ਪੰਜਾਬ ਟਾਈਮਜ਼

*ਸਨਿਚਰਵਾਰ, 19 ਮਾਰਚ 2016*

## ਪੰਜਾਬ ਦੀਆਂ ਚੋਣ-ਛੱਲਾਂ

ਪੰਜਾਬ ਦੇ ਪਾਣੀਆਂ ਦਾ ਮੁੱਦਾ ਇਕ ਵਾਰ ਫਿਰ ਭਖ ਗਿਆ ਹੈ। ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਨੇ 'ਪੰਜਾਬ ਸਤਲੁਜ-ਯਮੁਨਾ ਲਿੰਕ ਨਹਿਰ ਜ਼ਮੀਨ ਬਿੱਲ' ਪਾਸ ਕਰ ਦਿੱਤਾ ਹੈ, ਜਿਸ ਵਿਚ ਸਬੰਧਤ ਕਿਸਾਨਾਂ ਨੂੰ ਨਹਿਰ ਵਾਲੀ ਜ਼ਮੀਨ ਮੁਫਤ ਦੇਣ ਦਾ ਪ੍ਰਬੰਧ ਹੈ। ਇਹੀ ਨਹੀਂ, ਪੰਜਾਬ ਸਰਕਾਰ ਨੇ ਹਰਿਆਣਾ ਸਰਕਾਰ ਨੂੰ ਇਸ ਨਹਿਰ ਦੀ ਉਸਾਰੀ ਉਤੇ ਲੱਗੀ ਰਕਮ ਦੇਣ ਦਾ ਫੈਸਲਾ ਵੀ ਕਰ ਲਿਆ ਹੈ। ਬਿਨਾਂ ਸ਼ੱਕ, ਪੰਜਾਬ ਦੇ ਪਾਣੀਆਂ ਉਤੇ ਸਿਰਫ ਪੰਜਾਬ ਦਾ ਹੀ ਹੱਕ ਹੈ, ਇਸ ਬਾਰੇ ਕੋਈ ਦੋ ਰਾਵਾਂ ਨਹੀਂ ਹਨ, ਪਰ ਹਰ ਵਾਰ ਮਹਿਜ਼ ਸਿਆਸਤ ਕਾਰਨ ਪਾਣੀਆਂ ਦੀ ਵੰਡ ਦਾ ਮਸਲਾ ਉਭਾਰ ਦਿੱਤਾ ਜਾਂਦਾ ਰਿਹਾ ਹੈ। ਇਸ ਮਸਲੇ ਨੂੰ ਲੈ ਕੇ ਜਿੰਨੇ ਵੀ ਸਮਝੌਤੇ ਹੋਏ, ਪੰਜਾਬ ਦੇ ਖਿਲਾਫ ਹੀ ਹੋਏ। ਇਸੇ ਕਰ ਕੇ ਜਦੋਂ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੇਲੇ ਪਹਿਲਾਂ ਹੋਏ ਸਾਰੇ ਸਮਝੌਤਿਆਂ ਉਤੇ ਲਕੀਰ ਫੇਰੀ ਗਈ, ਤਾਂ ਸਭ ਨੇ ਕੈਪਟਨ ਸਰਕਾਰ ਦੇ ਇਸ ਫੈਸਲੇ ਦਾ ਸਵਾਗਤ ਕੀਤਾ ਸੀ। ਹੁਣ ਵੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਤਾਜ਼ਾ ਫੈਸਲੇ ਦਾ ਸਵਾਗਤ ਕਰਨਾ ਬਣਦਾ ਹੈ, ਪਰ ਇਸ ਦੇ ਨਾਲ ਹੀ ਕੌੜਾ ਸੱਚ ਇਹ ਹੈ ਕਿ ਇਸ ਮਸਲੇ ਦੀਆਂ ਪੇਚੀਦਗੀਆਂ ਗਾਹੇ-ਬਗਾਹੇ ਅਕਾਲੀ ਆਗੂਆਂ ਦੀ ਪਹੁੰਚ ਕਾਰਨ ਹੀ ਪਈਆਂ। ਇਸ ਮਸਲੇ ਉਤੇ ਪ੍ਰਕਾਸ਼ ਸਿੰਘ ਬਾਦਲ ਦਾ ਦੋਗਲਾ ਕਿਰਦਾਰ ਤਾਂ ਹੁਣ ਕਿਸੇ ਤੋਂ ਲੁਕਿਆ ਨਹੀਂ ਹੈ। ਹੁਣ ਜਦੋਂ ਇਹ ਮਾਮਲਾ ਇਕ ਵਾਰ ਫਿਰ ਉਭਰਿਆ ਹੈ ਤਾਂ ਆਸ ਕੀਤੀ ਜਾ ਰਹੀ ਹੈ ਕਿ ਇਸ ਮਸਲੇ ਸਬੰਧੀ ਸਮੁੱਚੀ ਕਾਰਵਾਈ ਜਾਂ ਪੈਰਵੀ ਪੰਜਾਬ ਦੇ ਹਿਤਾਂ ਨੂੰ ਧਿਆਨ ਵਿਚ ਰੱਖ ਕੇ ਹੀ ਕੀਤੀ ਜਾਵੇ, ਸੌੜੀ ਸਿਆਸਤ ਨੂੰ ਦੂਰੋਂ ਹੀ ਸਲਾਮ ਆਖ ਦਿੱਤੀ ਜਾਵੇ; ਕਿਉਂਕਿ ਸੌੜੀ ਸਿਆਸਤ ਕਾਰਨ ਪੰਜਾਬ ਅਤੇ ਪੰਜਾਬ ਦੇ ਲੋਕਾਂ ਨੇ ਬਹੁਤ ਦੁੱਖ ਝਾਗੇ ਹਨ। ਪੰਜਾਬ ਦੇ ਹਰ ਖੈਰ-ਖਵਾਹ ਦੀ ਰਾਏ ਇਹੀ ਹੈ ਕਿ ਇਸ ਮਸਲੇ ਉਤੇ ਸੂਬੇ ਦੇ ਹਿਤਾਂ ਨੂੰ ਪਹਿਲ ਦਿੱਤੀ ਜਾਵੇ।

ਅਜਿਹਾ ਵਾਰ-ਵਾਰ ਇਸ ਕਰ ਕੇ ਆਖਿਆ ਜਾ ਰਿਹਾ ਹੈ ਕਿਉਂਕਿ ਪੰਜਾਬ ਅੱਜ ਕੱਲ੍ਹ ਚੋਣ-ਪਟੜੀ ਉਤੇ ਚੜ੍ਹਿਆ ਹੋਇਆ ਹੈ। ਕਾਂਗਰਸ ਨੂੰ ਜਾਪਦਾ ਹੈ ਕਿ ਸੱਤਾ ਸਾਂਭਣ ਦੀ ਵਾਰੀ ਹੁਣ ਇਸ ਪਾਰਟੀ ਦੀ ਹੈ। ਪਾਰਟੀ ਦੀ ਹਾਈ ਕਮਾਨ ਵੀ ਇਸ ਪਾਸੇ ਆਮ ਨਾਲੋਂ ਵਧੇਰੇ ਧਿਆਨ ਲਾ ਰਹੀ ਹੈ। ਕੈਪਟਨ ਅਮਰਿੰਦਰ ਸਿੰਘ ਵੀ ਇਹ ਚੋਣ ਆਪਣੀ ਆਖਰੀ ਸਿਆਸੀ ਜੰਗ ਵਜੋਂ ਹੀ ਲੜ ਰਹੇ ਜਾਪਦੇ ਹਨ। ਪਿਛਲੇ ਸਮੇਂ ਦੌਰਾਨ ਸੂਬੇ ਵਿਚ ਤਕੜੀ ਤਾਕਤ ਵਜੋਂ ਉਭਰੀ ਆਮ ਆਦਮੀ ਪਾਰਟੀ (ਆਪ) ਦਾ ਦਾਈਆ ਹੈ ਕਿ ਕਾਂਗਰਸ ਅਤੇ ਅਕਾਲੀ ਦਲ ਤੋਂ ਅੱਕੇ-ਥੱਕੇ ਤੇ ਔਖੇ ਹੋਏ ਲੋਕ, ਸਰਕਾਰ ਬਣਾਉਣ ਦਾ ਮੌਕਾ ਇਸ ਪਾਰਟੀ ਨੂੰ ਹੀ ਦੇਣਗੇ। ਪਾਰਟੀ ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਹਾਲ ਹੀ ਵਿਚ ਪੰਜਾਬ ਦਾ ਉਚੇਚਾ ਦੌਰਾ ਕਰ ਕੇ ਗਏ ਹਨ ਅਤੇ ਬਸਪਾ ਆਗੂ ਮਰਹੂਮ ਕਾਂਸ਼ੀ ਰਾਮ ਦੇ ਜਨਮ ਦਿਨ ਮੌਕੇ ਉਨ੍ਹਾਂ ਫਿਰ ਸੂਬੇ ਦਾ ਗੇੜਾ ਮਾਰਿਆ ਹੈ। ਇਸ ਵਾਰ ਉਨ੍ਹਾਂ ਦਾ ਨਿਸ਼ਾਨਾ ਦਲਿਤਾਂ ਦੀਆਂ ਵੋਟਾਂ ਹਨ। ਸੱਤਾਧਾਰੀ ਅਕਾਲੀ ਦਲ ਦਾ ਸਾਰਾ ਦਾਰੋਮਦਾਰ ਆਉਣ ਵਾਲੇ ਸਮੇਂ ਵਿਚ ਬਣਨ ਵਾਲੇ ਸਿਆਸੀ ਸਮੀਕਰਨਾਂ ਉਤੇ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਾਲੀਆਂ ਘਟਨਾਵਾਂ ਤੋਂ ਬਾਅਦ ਜਿਸ ਤਰ੍ਹਾਂ ਦੀ ਹਨੇਰੀ ਅਕਾਲੀ ਦਲ ਖਿਲਾਫ ਉਠੀ ਸੀ, ਉਹ ਹੁਣ ਅਕਾਲੀ ਆਗੂਆਂ ਨੂੰ ਮੱਠੀ ਪੈ ਗਈ ਲਗਦੀ ਹੈ। ਉਂਜ ਵੀ ਸੱਤਾ ਵਿਚ ਹੋਣ ਕਰ ਕੇ ਅਕਾਲੀ ਦਲ ਦਾ ਹੱਥ ਰਤਾ ਕੁ ਉਪਰ ਤਾਂ ਹੈ ਹੀ। ਸਤਲੁਜ-ਯਮੁਨਾ ਲਿੰਕ ਨਹਿਰ ਵਾਲਾ ਮਾਮਲਾ ਇਸ ਦੀ ਮਿਸਾਲ ਬਣ ਗਿਆ ਹੈ। ਹੁਣ ਜਿਸ ਤਰ੍ਹਾਂ ਦਾ ਬਜਟ ਪੇਸ਼ ਕੀਤਾ ਗਿਆ ਹੈ, ਉਸ ਤੋਂ ਵੀ ਸਾਫ ਜਾਪਦਾ ਹੈ ਕਿ ਚੋਣਾਂ ਆਉਣ ਤੱਕ ਪੂਰੀ ਪੈਂਠ ਬਣਾਉਣ ਖਾਤਰ ਅਕਾਲੀ ਦਲ ਦਾ ਕਿੰਨਾ ਜ਼ੋਰ ਲੱਗਿਆ ਹੋਇਆ ਹੈ। ਜਾਹਰ ਹੈ ਕਿ ਹਰ ਧਿਰ ਆਪੋ-ਆਪਣੀ ਸਿਆਸਤ ਚਮਕਾਉਣ ਲਈ ਤਰਲੋਮੱਛੀ ਹੋ ਰਹੀ ਹੈ।

ਇਹੀ ਉਹ ਹਾਲਾਤ ਹੁੰਦੇ ਹਨ, ਜਿਨ੍ਹਾਂ ਕਰ ਕੇ ਹਰ ਮਸਲਾ ਸੁੰਗੜ ਕੇ ਸਿਆਸਤ ਦੀ ਲੀਹ ਉਤੇ ਜਾ ਚੜ੍ਹਦਾ ਹੈ। ਹਰ ਧਿਰ ਦੀ ਇਹੀ ਕੋਸ਼ਿਸ਼ ਹੁੰਦੀ ਹੈ ਕਿ ਹਰ ਮਸਲਾ ਆਪਣੀ ਹੀ ਸਿਆਸਤ ਅਤੇ ਇਸ ਨਾਲ ਜੁੜਦੇ ਫਾਇਦਿਆਂ ਤੇ ਲਾਭਾਂ ਨਾਲ ਜੋੜਿਆ ਜਾਵੇ ਤਾਂ ਕਿ ਵੋਟਾਂ ਦੀ ਭਰਵੀਂ ਖੇਤੀ ਕੀਤੀ ਜਾ ਸਕੇ। ਜਦੋਂ ਕੈਪਟਨ ਅਮਰਿੰਦਰ ਸਿੰਘ ਨੇ ਪਾਣੀਆਂ ਬਾਰੇ ਹੋਏ ਸਾਰੇ ਸਮਝੌਤੇ ਰੱਦ ਕਰਵਾਏ ਸਨ ਤਾਂ ਅਕਾਲੀ ਆਗੂਆਂ ਨੇ ਵਾਅਦਾ ਕੀਤਾ ਸੀ ਕਿ ਉਹ ਐਕਟ ਦੀ ਧਾਰਾ 5 ਨੂੰ ਖਤਮ ਕਰ ਕੇ ਪਾਣੀਆਂ ਉਤੇ ਪੰਜਾਬ ਦਾ ਦਾਅਵਾ ਹੋਰ ਮਜ਼ਬੂਤ ਕਰਨਗੇ। ਸੱਚਮੁੱਚ ਅਕਾਲੀ ਆਗੂਆਂ ਦਾ ਇਹ ਦਾਅਵਾ ਪੰਜਾਬ ਦੇ ਹੱਕ ਵਿਚ ਸੀ ਅਤੇ ਇਸ ਨੇ ਅਗਾਂਹ ਕਈ ਹੋਰ ਮਸਲੇ ਹੱਲ ਕਰਨ ਵੱਲ ਰਾਹ ਖੋਲ੍ਹਣਾ ਸੀ, ਪਰ ਅਕਾਲੀ ਦਲ ਨੇ ਇਸ ਮਸਲੇ ਨੂੰ ਅੱਗੇ ਤਾਂ ਕੀ ਲਿਜਾਣਾ ਸੀ, ਇਹ ਮਸਲਾ ਗੌਲਿਆ ਤੱਕ ਨਹੀਂ ਗਿਆ। ਅਕਾਲੀ ਦਲ ਪਿਛਲੇ ਨੌਂ ਸਾਲ ਤੋਂ ਸਰਕਾਰ ਚਲਾ ਰਿਹਾ ਹੈ, ਵਿਧਾਨ ਸਭਾ ਦੇ ਕਿੰਨੇ ਸੈਸ਼ਨ ਲੰਘ ਗਏ, ਪਰ ਧਾਰਾ 5 ਖਤਮ ਨਹੀਂ ਹੋ ਸਕੀ। ਨੌਂ ਸਾਲ ਬਾਅਦ ਵੀ ਲੜਾਈ ਸਮਝੌਤੇ ਨੂੰ ਬਰਕਰਾਰ ਰੱਖਣ ਦੀ ਚੱਲ ਰਹੀ ਹੈ। ਅਸਲ ਵਿਚ, ਸਿਆਸੀ ਪਾਰਟੀਆਂ ਲਈ ਹਰ ਮਸਲਾ ਚੋਣ ਮੁਹਿੰਮਾਂ ਨਾਲ ਜਾ ਜੁੜਦਾ ਹੈ। ਇਹੀ ਉਹ ਕਾਣ ਹੈ ਜਿਸ ਕਰ ਕੇ ਪੰਜਾਬ ਅਤੇ ਪੰਜਾਬੀਆਂ ਨੂੰ ਵਾਰ-ਵਾਰ ਅਗਨ ਪ੍ਰੀਖਿਆ ਵਿਚੋਂ ਲੰਘਣਾ ਪੈ ਰਿਹਾ ਹੈ। ਹੁਣ ਵੀ ਸੱਤਾਧਾਰੀ ਦਲ ਦਾ ਸਾਰਾ ਜ਼ੋਰ ਮਸਲੇ ਨੂੰ ਕਿਸੇ ਤਣ-ਪੱਤਣ ਲਾਉਣ ਦੀ ਥਾਂ, ਚੋਣਾਂ ਦੇ ਮੱਦੇਨਜ਼ਰ ਵੋਟਾਂ ਪੱਕੀਆਂ ਕਰਨ 'ਤੇ ਲੱਗਿਆ ਹੋਇਆ ਹੈ। ਜਿੰਨਾ ਚਿਰ ਨਿੱਜੀ ਹਿਤ ਤਿਆਗ ਕੇ ਪਿੜ ਨਹੀਂ ਮੱਲਿਆ ਜਾਂਦਾ, ਗੱਲ ਅਗਾਂਹ ਨਹੀਂ ਤੁਰਨੀ। ਅਜਿਹੇ ਅਹਿਮ ਮਸਲੇ ਮੰਗ ਕਰਦੇ ਹਨ ਕਿ ਸਿਆਸਤ ਤੋਂ ਉਪਰ ਉਠ ਕੇ ਇਨ੍ਹਾਂ ਮਸਲਿਆਂ ਦੀ ਪੈਰਵੀ ਕੀਤੀ ਜਾਵੇ ਅਤੇ ਸਾਰੀਆਂ ਧਿਰਾਂ ਪੂਰਾ ਟੁੱਕ ਬੰਨ੍ਹਣ ਲਈ ਪਿੜ ਵਿਚ ਉਤਰਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਲੂਣ ਦੇ ਪਿੰਨੇ?*

ਆਈ ਰੀਤ ਇਹ ਚੱਲਦੀ ਮੁੱਢ ਤੋਂ ਹੀ, ਕਿੱਸੇ ਨਵੇਂ ਇਹ ਕੱਲ੍ਹ ਜਾਂ ਅੱਜ ਦੇ ਨਾ।
ਸਹੁੰ ਚੁੱਕਦੇ ਗੱਦੀ 'ਤੇ ਬਹਿਣ ਵੇਲੇ, ਐਪਰ ਆਖਰ ਨੂੰ ਨਿਕਲਦੇ ਚੱਜ ਦੇ ਨਾ।
'ਸ਼ੀਸ਼ਾ' ਦੇਖਦੇ ਸਾਹਮਣੇ ਸੱਚ ਦਾ ਜੋ, ਲੋਕੀਂ 'ਦਾਅਵਿਆਂ' ਨਾਲ ਉਹ ਰੱਜਦੇ ਨਾ।
ਜਨਤਾ ਹੋਈ ਚੇਤੰਨ ਹੁਣ ਜਾਣਦੀ ਏ, ਪਰਦੇ 'ਐਡਾਂ' ਦੇ ਕੁਫਰ ਨੂੰ ਕੱਜਦੇ ਨਾ।
ਆ ਕੇ ਚੁੱਪ-ਚਪੀਤੇ ਹੀ ਕਰਨ ਵਰਖਾ, ਵਰ੍ਹਨਾ ਜਿਨ੍ਹਾਂ ਨੇ ਹੁੰਦਾ, ਉਹ ਗੱਜਦੇ ਨਾ।
ਦੱਸੇ ਕੌਣ ਸਿਆਸਤੀ ਲੋਟੂਆਂ ਨੂੰ, ਪਿੰਨੇ ਲੂਣ ਦੇ ਕਦੇ ਵੀ ਬੱਝਦੇ ਨਾ!

# ਰਵੀ ਸ਼ੰਕਰ ਦੇ ਮੁਲਕ ਵਿਚ ਨਿਵੇਦਤਾ ਮੈਨਨ ਦਾ ਕਸੂਰ

ਜਵਾਹਰਲਾਲ ਨਹਿਰੂ ਯੂਨੀਵਰਸਿਟੀ ਲਗਾਤਾਰ ਚਰਚਾ ਵਿਚ ਹੈ। ਦੇਸ਼ ਧਰੋਹ ਦੇ ਇਲਜ਼ਾਮਾਂ ਤੋਂ ਬਾਅਦ ਹੁਣ ਯੂਨੀਵਰਸਿਟੀ ਨੇ ਵਿਦਿਆਰਥੀਆਂ ਖ਼ਿਲਾਫ਼ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸੇ ਦੌਰਾਨ ਦਿੱਲੀ ਵਿਚ ਆਲਮੀ ਸਭਿਆਚਾਰਕ ਮੇਲਾ (ਵਰਲਡ ਕਲਚਰਲ ਫੈਸਟੀਵਲ) ਹੋਇਆ ਜਿਸ ਦੇ ਇਸ਼ਤਿਹਾਰ ਜਵਾਹਰਲਾਲ ਨਹਿਰੂ ਯੂਨੀਵਰਸਿਟੀਆਂ ਦੀਆਂ ਕੰਧਾਂ ਉਤੇ ਵੀ ਲਗਾਏ ਗਏ। ਯੂਨੀਵਰਸਿਟੀ ਤੋਂ ਇਸ ਮੇਲੇ ਉਤੇ ਯਮੁਨਾ ਪਾਰ ਜਾਣ ਲਈ ਬੱਸਾਂ ਦਾ ਖ਼ਾਸ ਬੰਦੋਬਸਤ ਕੀਤਾ ਗਿਆ। ਇਸ ਬੰਦੋਬਸਤ ਦੀਆਂ ਤਫ਼ਸੀਲਾਂ ਇਸ਼ਤਿਹਾਰਾਂ ਵਿਚ ਦਰਜ ਸਨ। ਇਸੇ ਦੌਰਾਨ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਵਿਚ ਰਾਸ਼ਟਰਵਾਦ ਉਤੇ ਖੁੱਲ੍ਹੀ ਜਮਾਤ ਚੱਲ ਰਹੀ ਹੈ। ਇਸ ਜਮਾਤ ਵਿਚ ਵੱਖ-ਵੱਖ ਮਾਹਰ ਵਿਦਿਆਰਥੀਆਂ ਨੂੰ ਮੁਖ਼ਾਤਬ ਹੋ ਰਹੇ ਹਨ। ਨਾਰੀਵਾਦੀ ਵਿਦਵਾਨ ਨਿਵੇਦਿਤਾ ਮੈਨਨ ਖ਼ਿਲਾਫ਼ ਦੇਸ਼ ਧਰੋਹ ਦੀ ਸ਼ਿਕਾਇਤ ਪੁਲਿਸ ਨੂੰ ਦਿੱਤੀ ਗਈ ਹੈ। ਇਸੇ ਨਿਵੇਦਿਤਾ ਮੈਨਨ ਖ਼ਿਲਾਫ਼ ਭਾਜਪਾ ਦੀ ਵਿਦਿਆਰਥੀ ਜਥੇਬੰਦੀ ਅਖਿਲ ਭਾਰਤੀਆ ਵਿਦਿਆਰਥੀ ਪ੍ਰੀਸ਼ਦ ਦੇ



**ਦਲਜੀਤ ਅਮੀ**
ਫੋਨ: +91-97811-21873

ਕਾਰਕੁਨ ਨਾਅਰੇ ਲਗਾਉਂਦੇ ਹਨ- ਨਿਵੇਦਿਤਾ ਮੈਨਨ ਮੁਰਦਾਬਾਦ, ਨਕਸਲਵਾਦੀ ਅਧਿਆਪਕ ਮੁਰਦਾਬਾਦ। ਜਦੋਂ ਨਿਵੇਦਿਤਾ ਮੈਨਨ ਨੂੰ ਨਕਸਲਵਾਦੀ ਕਹਿ ਕੇ ਦੇਸ਼ ਧਰੋਹੀ ਸਾਬਤ ਕੀਤਾ ਜਾ ਰਿਹਾ ਹੈ ਤਾਂ ਵਰਲਡ ਕਲਚਰਲ ਫੈਸਟੀਵਲ ਦਾ ਪ੍ਰਬੰਧਕ ਰਵੀ ਸ਼ੰਕਰ ਰਾਜਸਥਾਨ ਦੇ ਇੱਕ ਸਕੂਲ ਵਿਚ ਸਮਾਗਮ ਦੌਰਾਨ ਕਹਿੰਦਾ ਹੈ ਕਿ ਸਰਕਾਰੀ ਸਕੂਲ ਨਕਸਲਵਾਦੀ ਪੈਦਾ ਕਰਦੇ ਹਨ। ਰਵੀ ਸ਼ੰਕਰ ਸਲਾਹ ਦਿੰਦਾ ਹੈ ਕਿ ਸਰਕਾਰੀ ਸਕੂਲ ਬੰਦ ਕਰ ਦਿੱਤੇ ਜਾਣੇ ਚਾਹੀਦੇ ਹਨ, ਕਿਉਂਕਿ ਇਨ੍ਹਾਂ ਵਿਚ ਪੜ੍ਹਨ ਵਾਲੇ ਨਕਸਲਵਾਦੀ ਬਣ ਜਾਂਦੇ ਹਨ। ਉਨ੍ਹਾਂ ਨੇ ਅੱਗੇ ਕਿਹਾ ਕਿ ਸਰਕਾਰੀ ਸਕੂਲਾਂ ਦੀ ਥਾਂ ਪ੍ਰਾਈਵੇਟ ਸਕੂਲ ਹੋਣੇ ਚਾਹੀਦੇ ਹਨ।

ਜਵਾਹਰਲਾਲ ਯੂਨੀਵਰਸਿਟੀ ਅਤੇ ਰਵੀ ਸ਼ੰਕਰ ਦੇ ਸਮਾਗਮ ਦਾ ਆਪਸੀ ਰਿਸ਼ਤਾ ਸਿਰਫ਼ ਨਕਸਲਵਾਦੀ ਸ਼ਬਦ ਜਾਂ ਸਮਾਗਮ ਦੇ ਇਸ਼ਤਿਹਾਰਾਂ ਤੱਕ ਮਹਿਦੂਦ ਨਹੀਂ ਹੈ। ਮੌਜੂਦਾ ਦੌਰ ਦੀ ਪੇਚੀਦਗੀ ਨੂੰ ਸਮਝਣ ਲਈ ਇਸ ਰਿਸ਼ਤੇ ਨੂੰ ਬਾਰੀਕੀ ਨਾਲ ਸਮਝਣਾ ਜ਼ਰੂਰੀ ਹੈ। ਇਸ ਤੋਂ ਪਹਿਲਾਂ ਰਵੀ ਸ਼ੰਕਰ ਦੇ ਸਮਾਗਮ ਦੀ ਤਫ਼ਸੀਲ ਨੂੰ ਸਮਝ ਲੈਣਾ ਲਾਜ਼ਮੀ ਹੈ। ਰਵੀ ਸ਼ੰਕਰ ਦੀ ਸੰਸਥਾ ਦਾ ਨਾਮ 'ਆਰਟ ਆਫ਼ ਲਿਵਿੰਗ' ਹੈ ਜਿਸ ਨੇ ਆਪਣੇ 35 ਸਾਲ ਪੂਰੇ ਹੋਣ ਮੌਕੇ ਇਹ ਸਮਾਗਮ ਕੀਤਾ ਹੈ। ਸਮਾਗਮ ਯਮੁਨਾ ਦੇ ਕੰਢੇ, ਹੜ੍ਹਾਂ ਦੀ ਜੱਦ ਵਿਚ ਰਹਿੰਦੇ ਇਲਾਕੇ ਵਿਚ ਕੀਤਾ ਗਿਆ। ਇਸ ਸਮਾਗਮ ਲਈ ਇੱਕ ਹਜ਼ਾਰ ਏਕੜ ਦੀ ਜ਼ਮੀਨ ਦਿੱਤੀ ਗਈ ਜਿਸ ਉਤੇ ਛੋਟੇ ਕਿਸਾਨ ਠੇਕੇ ਉਤੇ ਸਬਜ਼ੀ ਬੀਜਦੇ ਹਨ। ਇਸ ਇਲਾਕੇ ਨੂੰ ਸਮਾਗਮ ਲਾਇਕ ਬਣਾਉਣ ਲਈ ਲੋੜੀਂਦਾ ਕਰਾਹ ਫੇਰਿਆ ਗਿਆ। ਸਮਾਗਮ ਦੀ ਸਹੂਲਤ ਲਈ ਯਮੁਨਾ ਉਤੇ ਦੋ ਆਰਜ਼ੀ ਪੁਲ ਫ਼ੌਜ ਨੇ ਬਣਾਏ। ਇਸ ਸਮਾਗਮ ਦੀ ਸੁਰੱਖਿਆ ਲਈ ਪੰਜ ਹਜ਼ਾਰ ਪੁਲਿਸ ਮੁਲਾਜ਼ਮ ਤਾਇਨਾਤ ਕੀਤੇ ਗਏ। ਪ੍ਰਬੰਧਕਾਂ ਦੇ ਦਾਅਵੇ ਮੁਤਾਬਕ ਤਕਰੀਬਨ 35 ਲੱਖ ਲੋਕਾਂ ਨੇ ਇਸ ਸਮਾਗਮ ਵਿਚ ਸ਼ਿਰਕਤ ਕੀਤੀ। ਤਕਰੀਬਨ 35 ਹਜ਼ਾਰ ਕਲਾਕਾਰ ਨੇ ਪੇਸ਼ਕਾਰੀਆਂ ਕੀਤੀਆਂ। ਇਸ ਤੋਂ ਇਲਾਵਾ ਵੱਖ-ਵੱਖ ਖੇਤਰਾਂ ਦੇ ਮਾਹਰਾਂ ਨੇ ਤਕਰੀਰਾਂ ਕੀਤੀਆਂ। ਅਜਿਹੇ ਸਮਾਗਮ ਲਈ ਲੋੜੀਂਦੀਆਂ ਪ੍ਰਵਾਨਗੀਆਂ ਲਗਾਤਾਰ ਚਰਚਾ ਵਿਚ ਰਹੀਆਂ।

ਇਸ ਸਮਾਗਮ ਦਾ ਮਕਸਦ 'ਕੌਮਾਂਤਰੀ ਅਮਨ, ਆਲਮੀ ਭਾਈਚਾਰਾ ਅਤੇ (ਐਥੀਕਲ ਬਿਜ਼ਨਸ) ਸਿਧਾਂਤਕ ਕਾਰੋਬਾਰ' ਕਰਾਰ ਦਿੱਤਾ ਗਿਆ ਸੀ। ਸਮਾਗਮ ਦੇ ਆਮਦਨ-ਖ਼ਰਚ ਦਾ ਸੋਮਾ ਜਾਣਕਾਰੀ ਦੇ ਘੇਰੇ ਵਿਚੋਂ ਬਾਹਰ ਹੈ। ਉਨ੍ਹਾਂ ਨੇ ਗੋਲ-ਮੋਲ ਲਿਖਿਆ ਹੈ ਕਿ ਇਹ 'ਲੋਕਾਂ ਨੇ ਲੋਕਾਂ ਲਈ ਖ਼ਰਚਾ ਕੀਤਾ' ਹੈ। ਸਮਾਗਮ ਦੀ ਚਮਕ-ਦਮਕ ਅਤੇ ਸ਼ਾਨੋ-ਸ਼ੌਕਤ ਦਾ ਅੰਦਾਜ਼ਾ ਕੁਝ ਤੱਥਾਂ ਤੋਂ ਲੱਗਦਾ ਹੈ। ਬਿਰਜੂ ਮਹਾਰਾਜ ਦੀ ਅਗਵਾਈ ਵਿਚ ਇੱਕ ਹਜ਼ਾਰ ਕਥਕ ਕਲਾਕਾਰਾਂ ਨੇ ਪੇਸ਼ਕਾਰੀ ਕੀਤੀ। ਇੱਕ ਹਜ਼ਾਰ ਕਲਾਕਾਰਾਂ ਨੇ ਰਵਿੰਦਰਨਾਥ ਟੈਗੋਰ ਦਾ ਕਲਾਮ ਪੇਸ਼ ਕੀਤਾ।

ਇਸ ਸਮਾਗਮ ਨੂੰ ਕਰਨ ਲਈ ਚੌਗਿਰਦਾ, ਬਿਜਲੀ, ਪਾਣੀ, ਸੀਵਰੇਜ ਅਤੇ ਸੁਰੱਖਿਆ ਸਮੇਤ ਬਹੁਤ ਸਾਰੇ ਮਹਿਕਮਿਆਂ ਦੀ ਪ੍ਰਵਾਨਗੀ ਲੋੜੀਂਦੀ ਹੈ। ਤਿੰਨ ਸਾਲ ਪਹਿਲਾਂ ਭਾਰਤ-ਜਰਮਨ ਦੇ ਸਾਂਝੇ ਯਮੁਨਾ-ਅਲਬੀ ਆਰਟ ਪ੍ਰੋਜੈਕਟ ਲਈ ਤਿੰਨ ਏਕੜ ਥਾਂ ਦੀ ਪ੍ਰਵਾਨਗੀ ਲਈ ਪੂਰਾ ਸਾਲ ਲੱਗਿਆ ਸੀ। ਹੁਣ ਇੱਕ ਹਜ਼ਾਰ ਏਕੜ ਉਤੇ ਸਮਾਗਮ ਕਰਨ ਦੀ ਪ੍ਰਵਾਨਗੀ ਹੱਥੋ-ਹੱਥ ਦੇ ਦਿੱਤੀ ਗਈ। ਪਿਛਲੇ ਦਿਨਾਂ ਵਿਚ ਆਲਮੀ ਪੱਧਰ ਦੇ ਸਭ ਤੋਂ ਮਕਬੂਲ ਹਾਸਰਸ ਕਲਾਕਾਰ ਜੈਰੀ ਸ਼ੈਨਫੀਲਡ ਨੇ ਮੁੰਬਈ ਵਿਚ ਪੇਸ਼ਕਾਰੀ ਕਰਨੀ ਸੀ। ਇਸ ਸਮਾਗਮ ਦੀ ਪ੍ਰਵਾਨਗੀ ਦੋ ਦਿਨ ਪਹਿਲਾਂ ਰੱਦ ਕਰ ਦਿੱਤੀ ਗਈ। ਕਿਥੇ ਉਸ ਦਾ ਅੱਸੀ ਕਲਾਕਾਰਾਂ ਦਾ ਜਥਾ ਅਤੇ ਕਿਥੇ ਰਵੀ ਸ਼ੰਕਰ ਦੇ 35000 ਹਜ਼ਾਰ ਕਲਾਕਾਰ! ਰਵੀ ਸ਼ੰਕਰ ਦੇ ਸਮਾਗਮ ਉਤੇ ਬਹੁਤ ਸਾਰੇ ਸੁਆਲ ਅਤੇ ਸਰਕਾਰੀ ਮਹਿਕਮਿਆਂ ਨੂੰ ਇਤਰਾਜ਼ ਹੋਣ ਦੇ ਬਾਵਜੂਦ ਇਹ ਸਮਾਗਮ ਕੀਤਾ ਗਿਆ। ਨੈਸ਼ਨਲ ਗਰੀਨ ਟ੍ਰਿਬਿਊਨਲ ਨੇ ਇਸ ਸਮਾਗਮ ਦੇ ਪ੍ਰਬੰਧਕਾਂ ਉਤੇ ਚੌਗਿਰਦੇ ਨੂੰ ਹੋਣ ਵਾਲੇ ਨੁਕਸਾਨ ਦੀ ਪੂਰਤੀ ਲਈ ਪੰਜ ਕਰੋੜ ਰੁਪਏ ਦਾ ਜੁਰਮਾਨਾ ਲਗਾਇਆ। ਰਵੀ ਸ਼ੰਕਰ ਨੇ ਬਿਆਨ ਦਿੱਤਾ ਕਿ ਉਹ ਜੇਲ੍ਹ ਜਾਣ ਨੂੰ ਤਿਆਰ ਹੈ, ਪਰ ਜੁਰਮਾਨੇ ਵਿਚ ਧੇਲਾ ਨਹੀਂ ਦੇਵੇਗਾ। ਸਰਕਾਰੀ ਮਹਿਕਮੇ ਨਾਲ ਇਸ ਤਰ੍ਹਾਂ ਦੇ ਵਿਹਾਰ ਤੋਂ ਬਾਅਦ ਵੀ ਰਵੀ ਸ਼ੰਕਰ ਇਹ ਸਮਾਗਮ ਧੜੱਲੇ ਨਾਲ ਕਰਦਾ ਹੈ। ਉਸ ਦੀ ਇਸ ਮੂੰਹਜ਼ੋਰੀ ਦਾ ਰਾਜ਼ ਕੀ ਹੈ? ਇਹ ਵੱਖਰੀ ਗੱਲ ਹੈ ਕਿ ਉਹ ਇਸ ਜੁਰਮਾਨੇ ਵਿਚੋਂ ਪੱਚੀ ਲੱਖ ਰੁਪਏ ਜਮ੍ਹਾਂ ਕਰਵਾ ਦਿੰਦੇ ਹਨ।

ਇਹ ਪ੍ਰਾਈਵੇਟ ਸੰਸਥਾ ਦਾ ਸਮਾਗਮ ਸੀ। ਇਸ ਸਮਾਗਮ ਦੇ ਮਾਮਲੇ ਵਿਚ ਲੋੜੀਂਦੀਆਂ ਪ੍ਰਵਾਨਗੀਆਂ ਨੂੰ ਦਰਕਿਨਾਰ ਕੀਤੇ ਜਾਣ ਦਾ ਮਸਲਾ ਕੇਂਦਰ ਅਤੇ ਦਿੱਲੀ ਸਰਕਾਰ ਦੀ ਸ਼ਮੂਲੀਅਤ ਨਾਲ ਸਮਝ ਆਉਂਦਾ ਹੈ। ਇਸ ਸਮਾਗਮ ਵਿਚ ਪ੍ਰਧਾਨ ਮੰਤਰੀ ਅਤੇ ਰਾਸ਼ਟਰਪਤੀ ਦੀ ਸ਼ਮੂਲੀਅਤ ਬਾਰੇ ਜਾਣਕਾਰੀ ਸਭ ਨੂੰ ਸੀ। ਇਸ ਸ਼ਮੂਲੀਅਤ ਦੇ ਪਤਾ ਲੱਗਣ ਨਾਲ ਹੀ ਸਰਕਾਰੀ ਮਹਿਕਮਿਆਂ ਨੂੰ ਇਸ਼ਾਰਾ ਮਿਲ ਜਾਂਦਾ ਹੈ ਕਿ ਇਹ ਸਮਾਗਮ ਹਰ ਹਾਲਤ ਵਿਚ ਹੋਣਾ ਚਾਹੀਦਾ ਹੈ। ਇਸ ਤੋਂ ਬਾਅਦ ਜਦੋਂ ਸਮਾਗਮ ਉਤੇ ਸੁਆਲ ਹੁੰਦੇ ਹਨ ਤਾਂ ਰਾਸ਼ਟਰਪਤੀ ਪ੍ਰਣਬ ਮੁਖਰਜੀ ਆਪਣੀ ਸ਼ਮੂਲੀਅਤ ਰੱਦ ਕਰ ਦਿੰਦੇ ਹਨ। ਪ੍ਰਧਾਨ ਮੰਤਰੀ ਨੇ ਇਸ ਸਮਾਗਮ ਵਿਚ ਉਦਘਾਟਨੀ ਤਕਰੀਰ ਦਿੱਤੀ ਅਤੇ ਇਸ ਨੂੰ 'ਸਭਿਆਚਾਰਾਂ ਦਾ ਮਹਾਕੁੰਭ' ਕਰਾਰ ਦਿੱਤਾ। ਇਸ ਤੋਂ ਬਾਅਦ ਬਾਕੀ ਮੰਤਰੀਆਂ ਨੇ ਇਸੇ ਤਰਜ਼ ਉਤੇ ਬਿਆਨ ਦਿੱਤੇ ਜਾਂ ਤਕਰੀਰਾਂ ਕੀਤੀਆਂ।

ਕੇਂਦਰੀ ਸ਼ਹਿਰੀ ਵਿਕਾਸ ਮੰਤਰੀ ਵੈਂਕਈਆ ਨਾਇਡੂ ਨੇ ਜੁਆਬੀ ਹਮਲਾ ਸ਼ੁਰੂ ਕੀਤਾ, "ਯਮੁਨਾ ਨੂੰ ਦੇਖੋ। ਇਹ ਸਾਫ਼, ਹਰੀ-ਭਰੀ ਅਤੇ ਸ਼ਾਂਤ ਵਗਦੀ ਹੈ। ਕੁਝ ਦਿਮਾਗ਼ ਪਲੀਤ ਹੋਏ ਹੋਏ ਹਨ। ਮੈਂ ਆਸ ਕਰਦਾ ਹਾਂ ਕਿ ਗੁਰੂ ਜੀ ਦੀਆਂ ਸਿੱਖਿਆਵਾਂ ਉਨ੍ਹਾਂ ਨੂੰ ਵੀ ਠੀਕ ਕਰ ਦੇਣਗੀਆਂ।" ਵਿੱਤ ਮੰਤਰੀ ਅਰੁਣ ਜੇਤਲੀ ਨੇ ਰਵੀ ਸ਼ੰਕਰ ਨੂੰ ਵਧਾਈ ਦਿੱਤੀ, "ਮੈਂ ਅਜਿਹਾ ਸੰਗਮ ਕਦੇ ਨਹੀਂ ਦੇਖਿਆ। ਇਹ ਭਾਰਤੀਆਂ ਲਈ ਮਾਣ ਦੀ ਗੱਲ ਹੈ ਜੋ ਸ੍ਰੀ ਸ੍ਰੀ ਨੇ ਕਰ ਦਿਖਾਇਆ ਹੈ।" ਭਾਜਪਾ ਦੇ ਮੁਖੀ ਅਮਿਤ ਸ਼ਾਹ ਨੇ ਸੋਵੀਨਾਰ ਜਾਰੀ ਕੀਤਾ ਅਤੇ 'ਆਰਟ ਆਫ਼ ਲਿਵਿੰਗ' ਦੇ 35 ਸਾਲਾਂ ਦੇ ਸਫ਼ਰ ਨੂੰ 'ਮਨੁੱਖਤਾ ਦੀ ਸੇਵਾ' ਕਰਾਰ ਦਿੱਤਾ, "ਤੁਸੀਂ ਦਹਾਕਿਆਂ ਬੱਧੀ ਮੁਲਕਾਂ ਅਤੇ ਲੋਕਾਂ ਨੂੰ ਜੋੜਨ ਦਾ ਕੰਮ ਕਾਮਯਾਬੀ ਨਾਲ ਕੀਤਾ ਹੈ। ਇਹ ਆਲਮੀ ਸਭਿਆਚਾਰਕ ਮੇਲਾ ਇਸ ਕਾਮਯਾਬੀ ਦੀ ਗਵਾਹੀ ਭਰਦਾ ਹੈ।" ਇਨ੍ਹਾਂ ਤੋਂ ਇਲਾਵਾ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ, ਵਿਗਿਆਨ ਅਤੇ ਤਕਨੀਕ ਮੰਤਰੀ ਹਰਸ਼ ਵਰਧਨ, ਰੇਲ ਮੰਤਰੀ ਸੁਰੇਸ਼ ਪ੍ਰਭੂ ਅਤੇ ਬਿਜਲੀ ਮੰਤਰੀ ਪਿਊਸ਼ ਗੋਇਲ ਸਮੇਤ ਹੋਰ ਮੰਤਰੀਆਂ ਨੇ ਸਮਾਗਮ ਵਿਚ ਸ਼ਮੂਲੀਅਤ ਕੀਤੀ। ਆਖ਼ਰ ਰਵੀ ਸ਼ੰਕਰ ਨੇ ਧੰਨਵਾਦੀ ਸ਼ਬਦ ਕਹੇ, "ਅਸੀਂ ਸਾਰੇ ਇਕਰਾਰ ਕਰਦੇ ਹਾਂ ਕਿ ਸੜਕਾਂ ਉਤੇ ਥੁੱਕ ਨਹੀਂ ਸੁੱਟਾਂਗੇ। ਅਸੀਂ ਕਿਤੇ ਕਚਰਾ ਨਹੀਂ ਸੁੱਟਾਂਗੇ। ਅਸੀਂ ਯਮੁਨਾ ਨੂੰ ਸਾਫ਼ ਰੱਖਾਂਗੇ। ਇਹ ਸਾਡਾ ਸਾਂਝਾ ਟੀਚਾ ਹੈ।"

ਹੁਣ ਇਹ ਦੇਖਣਾ ਬਣਦਾ ਹੈ ਕਿ ਕਾਨੂੰਨ ਨਾਲ ਟਕਰਾਅ ਵਿਚ ਆਏ ਸਮਾਗਮ ਉਤੇ ਇਸ ਤਰ੍ਹਾਂ ਦੀ ਸਰਕਾਰੀ ਸ਼ਮੂਲੀਅਤ ਕੀ ਸੁਨੇਹਾ ਦਿੰਦੀ ਹੈ? ਕਾਇਦੇ ਅਤੇ ਸਰਕਾਰੀ ਸਲੀਕੇ ਮੁਤਾਬਕ ਸਰਕਾਰੀ ਨੁਮਾਇੰਦਿਆਂ ਦੀ ਸ਼ਮੂਲੀਅਤ ਵਿਚ ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਸਮਾਗਮ ਜਾਂ ਪ੍ਰਬੰਧਕ ਦਾ ਕਾਨੂੰਨ ਨਾਲ ਕੋਈ ਟਕਰਾਅ ਨਹੀਂ ਹੈ। ਚੰਡੀਗੜ੍ਹ ਵਿਚ ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਇੱਕ ਹੋਟਲ ਉਤੇ ਜਾਣਾ ਇਸ ਲਈ ਰੱਦ ਕੀਤਾ ਸੀ ਕਿ ਹੋਟਲ ਖ਼ਿਲਾਫ਼ ਚੰਡੀਗੜ੍ਹ ਪ੍ਰਸ਼ਾਸਨ ਕਾਰਵਾਈ ਕਰ ਰਿਹਾ ਸੀ। ਜੇ ਕੈਨੇਡਾ ਦਾ ਪ੍ਰਧਾਨ ਮੰਤਰੀ ਭਾਰਤੀ ਕਾਨੂੰਨ ਦਾ ਧਿਆਨ ਰੱਖਦਾ ਹੈ, ਤਾਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਸ਼ਮੂਲੀਅਤ ਕੀ ਦਰਸਾਉਂਦੀ ਹੈ? ਇਸ ਦਾ ਸਾਫ਼ ਸੁਨੇਹਾ ਹੈ ਕਿ ਰਵੀ ਸ਼ੰਕਰ ਦਾ ਸਮਾਗਮ ਕਿਸੇ ਕਾਨੂੰਨ ਜਾਂ ਸਰਕਾਰੀ ਮਹਿਕਮਿਆਂ ਤੋਂ ਵੱਡਾ ਹੈ।

ਜਦੋਂ ਸਰਕਾਰ ਅਤੇ ਭਾਜਪਾ ਰਵੀ ਸ਼ੰਕਰ ਦੇ ਸਮਾਗਮ ਨੂੰ ਭਾਰਤੀ ਸਭਿਆਚਾਰ ਅਤੇ ਵਿਰਾਸਤ ਦਾ ਨੁਮਾਇੰਦਾ ਬਣਾਉਣ ਲਈ ਸਾਰੇ ਕਾਇਦੇ-ਕਾਨੂੰਨ ਛਿੱਕੇ ਟੰਗਦੇ ਹਨ ਤਾਂ ਇਹ ਉਨ੍ਹਾਂ ਦਾ ਸਿਆਸੀ ਖ਼ਾਸਾ ਉਜਾਗਰ ਕਰਦੇ ਹਨ। ਇਸ ਸਮਾਗਮ ਵਿਚ ਬਹੁਤ ਸਾਰੇ ਮੁਲਕਾਂ ਦੇ ਕਾਰੋਬਾਰੀ, ਫ਼ੌਜੀ ਅਤੇ ਧਾਰਮਿਕ ਨੁਮਾਇੰਦੇ ਆਉਂਦੇ ਹਨ। ਵੱਡੀ ਗਿਣਤੀ ਵਿਚ ਸਾਈਬਰ ਮਾਹਰਾਂ ਦੀ ਸ਼ਮੂਲੀਅਤ ਆਪਣੇ-ਆਪ ਵਿਚ ਕਈ ਇਸ਼ਾਰੇ ਕਰਦੀ ਹੈ। ਇਹ ਸਰਕਾਰ ਸ਼ਰਧਾ ਦੇ ਕਾਰੋਬਾਰ ਨੂੰ ਸਰਪ੍ਰਸਤੀ ਦਿੰਦੀ ਹੈ ਅਤੇ ਮੁਲਕ ਤੋਂ ਲੈ ਕੇ ਦੇਸ਼ ਭਗਤੀ ਦੀ ਵਿਆਖਿਆ ਸ਼ਰਧਾਮਈ ਢੰਗ ਨਾਲ ਕਰਦੀ ਹੈ। ਇਸ ਲਿਹਾਜ਼ ਨਾਲ ਰਵੀ ਸ਼ੰਕਰ ਮੌਜੂਦਾ ਸਰਕਾਰ ਦੇ ਰਾਜ ਗੁਰੂਆਂ ਵਿਚੋਂ ਇੱਕ ਹਨ। ਉਹ ਸਭ ਦੇ ਭਲੇ ਦੀ ਸਿੱਖਿਆ ਦਿੰਦਾ ਹੋਇਆ ਸਰਕਾਰੀ ਸਕੂਲਾਂ ਨੂੰ ਬੰਦ ਕਰਨ ਅਤੇ ਪ੍ਰਾਈਵੇਟ ਸਕੂਲਾਂ ਦੀ ਵਕਾਲਤ ਕਰਦਾ ਹੈ। ਇਹੋ ਰਵੀ ਸ਼ੰਕਰ ਪਹਿਲਾਂ ਕਸ਼ਮੀਰੀਆਂ ਤੇ ਸਰਕਾਰ ਵਿਚ ਅਤੇ ਬਾਅਦ ਵਿਚ ਨਕਸਲਵਾਦੀਆਂ ਤੇ ਸਰਕਾਰ ਵਿਚਕਾਰ ਸਾਲਸ ਬਣਨ ਦੀ ਤਜਵੀਜ਼ ਪੇਸ਼ ਕਰ ਚੁੱਕਿਆ ਹੈ। ਹੁਣ ਇਸ ਸਮਾਗਮ ਵਿਚ ਉਸ ਨੇ ਯਮੁਨਾ ਦੀ ਸਫ਼ਾਈ ਨੂੰ ਸਾਂਝੀ ਜ਼ਿੰਮੇਵਾਰੀ ਕਰਾਰ ਦੇ ਕੇ ਆਪਣੇ-ਆਪ ਨੂੰ ਸਰਕਾਰ ਤੇ ਆਵਾਮ ਵਿਚਕਾਰ ਚੌਗਿਰਦਾ ਸਾਲਸ ਥਾਪ ਲਿਆ ਹੈ। ਉਸ ਦਾ ਕਾਰੋਬਾਰ ਦੁਨੀਆਂ ਵਿਚ 'ਮੇਡ ਇਨ ਇੰਡੀਆ' ਦੀ ਨਿਰੋਲ ਮਿਸਾਲ ਹੈ। ਧਰਮ, ਸਰਕਾਰ ਅਤੇ ਪੂੰਜੀਵਾਦ ਦਾ ਇਹੋ ਗੱਠਜੋੜ ਮੌਜੂਦਾ ਸਰਕਾਰ ਦਾ ਖ਼ਾਸਾ ਹੈ।

ਸਰਕਾਰ ਨੇ ਰਵੀ ਸ਼ੰਕਰ ਦੇ ਸਮਾਗਮ ਰਾਹੀਂ ਸਾਬਤ ਕਰ ਦਿੱਤਾ ਹੈ ਕਿ ਇਸ ਮੁਲਕ ਦੀ ਪਤਵੰਤਸ਼ਾਹੀ ਵਿਚ ਦਰਜਾਬੰਦੀ ਕਿਵੇਂ ਤੈਅ ਹੁੰਦੀ ਹੈ। ਇੱਕ ਪਾਸੇ ਗ਼ਰੀਬਾਂ ਦੇ ਸਕੂਲਾਂ ਨੂੰ ਬੰਦ ਕਰਨ ਦੀ ਵਕਾਲਤ ਕਰਨ ਵਾਲਿਆਂ ਦੇ ਗ਼ੈਰ-ਕਾਨੂੰਨੀ ਸਮਾਗਮਾਂ ਨੂੰ ਸਰਕਾਰੀ ਸਰਪ੍ਰਸਤੀ ਮਿਲ ਰਹੀ ਹੈ ਅਤੇ ਦੂਜੇ ਪਾਸੇ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੀ ਘੇਰਾਬੰਦੀ ਹੋ ਰਹੀ ਹੈ। ਇਹ ਇੰਦਰਾ ਗਾਂਧੀ ਦੇ 'ਗ਼ਰੀਬੀ ਹਟਾਓ' ਦੇ ਨਾਅਰੇ ਨਾਲ ਜੁੜੀ 'ਗ਼ਰੀਬ ਹਟਾਉਣ' ਦੀ ਵਿਉਂਤਬੰਦੀ ਦੀ ਭਾਜਪਾਈ ਵੰਨਗੀ ਹੈ ਕਿ ਜੇ ਪੜ੍ਹਿਆ ਲਿਖਿਆ ਸੁਆਲ ਕਰਦਾ ਹੈ ਤਾਂ ਸਕੂਲ ਬੰਦ ਕਰ ਦਿਓ, ਜਾਂ ਯੂਨੀਵਰਸਿਟੀ ਵਿਚ ਆਉਣ ਦਾ ਰਾਹ ਬੰਦ ਕਰ ਦਿਓ। ਰਵੀ ਸ਼ੰਕਰ ਵਰਗੇ ਰਾਜ ਗੁਰੂਆਂ ਦੀ ਰਹਿਨੁਮਾਈ ਵਿਚ ਚੱਲ ਰਹੇ ਮੁਲਕ ਵਿਚ, ਨਿਵੇਦਤਾ ਮੈਨਨ ਨੂੰ ਦੇਸ਼ ਧਰੋਹੀ ਕਰਾਰ ਦਿੱਤਾ ਜਾਣਾ ਕੋਈ ਅਲੋਕਾਰੀ ਗੱਲ ਤਾਂ ਨਹੀਂ ਹੈ! ਉਹ ਪਿਤਾਪੁਰਖੀ ਕਦਰਾਂ-ਕੀਮਤਾਂ ਅਤੇ ਮਰਦਾਵੇਂ ਗਲਬੇ ਉਤੇ ਸੁਆਲ ਕਰਨ ਦੀ ਵਕਾਲਤ ਕਰਦੀ ਹੈ, ਪਰ ਸਰਕਾਰ ਸ਼ਰਧਾ ਨੂੰ ਦੇਸ਼ ਭਗਤੀ ਦਾ ਮੰਤਰ ਮੰਨਦੀ ਹੈ। ਇਸ ਹਾਲਤ ਵਿਚ ਨਿਵੇਦਤਾ ਮੈਨਨ ਦੀਆਂ ਗੱਲਾਂ ਵਿਚੋਂ ਕਿਸੇ ਗਲੀਲੀਓ ਦੇ ਨਕਸ਼ ਕਿਉਂ ਉਘੜਦੇ ਹਨ?

-0-

# ਦਰਿਆਈ ਪਾਣੀਆਂ ਦੇ ਮਾਮਲੇ ਦਾ ਕੱਚ-ਸੱਚ

ਦਰਿਆਈ ਪਾਣੀਆਂ ਦੇ ਅਤਿ ਨਾਜ਼ੁਕ ਮਾਮਲੇ ਉਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਕੀਤੀਆਂ ਇਤਿਹਾਸਕ ਗਲਤੀਆਂ ਦਾ ਧੋਣਾ ਧੋਣ ਦੀ ਕੋਸ਼ਿਸ਼ ਕਰਦਿਆਂ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਅਕਾਲੀ-ਭਾਜਪਾ ਸਰਕਾਰ ਵੱਲੋਂ ਸਤਲੁਜ-ਯਮਨਾ ਲਿੰਕ ਨਹਿਰ ਲਈ ਗ੍ਰਹਿਣ ਕੀਤੀ ਗਈ ਜ਼ਮੀਨ ਡੀ-ਨੋਟੀਫਾਈ ਕਰ ਕੇ ਮਾਲਕਾਂ ਨੂੰ ਵਾਪਸ ਦੇਣ ਦੇ ਐਲਾਨ ਨਾਲ ਪਾਣੀਆਂ ਦੀ ਵੰਡ ਦੇ ਮਾਮਲੇ ਉਤੇ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦਰਮਿਆਨ ਚੱਲ ਰਹੀ ਖਿੱਚੋਤਾਣ ਵਧ ਗਈ ਹੈ। ਕਾਂਗਰਸ ਤਾਂ ਲੰਮੇ ਸਮੇਂ ਤੋਂ ਇਸ ਮਾਮਲੇ ਉਤੇ ਪੰਜਾਬ ਨਾਲ ਲਗਾਤਾਰ ਧੱਕੇ ਤੇ ਬੇਇਨਸਾਫੀਆਂ ਕਰਦੀ ਆਈ ਹੈ, ਪਰ ਬਾਦਲ ਨੇ ਇਸ ਮਾਮਲੇ ਉਤੇ ਪਹਿਲੀ ਵਾਰ ਐਨੀ ਸਿਆਸੀ ਜੁਰਅਤ ਦਿਖਾਈ ਹੈ,



**ਜਗਤਾਰ ਸਿੰਘ**
ਫੋਨ: +91-97797-11201

ਭਾਵੇਂ ਇਸ ਮਾਮਲੇ ਉਤੇ ਚੈਂਪੀਅਨ ਹੋਣ ਦਾ ਦਾਅਵਾ ਕਰਨ ਵਾਲੇ ਅਕਾਲੀ ਦਲ ਨੇ ਵੀ ਵਾਰ-ਵਾਰ ਇਸ ਅਤਿ ਗੰਭੀਰ ਮੁੱਦੇ ਉਤੇ ਪੰਜਾਬੀਆਂ ਨਾਲ ਵਿਸਾਹਘਾਤ ਕੀਤਾ। ਇਸ ਪੂਰੇ ਮਾਮਲੇ ਵਿਚ ਪਹਿਲੇ ਦਿਨ ਤੋਂ ਹੀ ਜਿਹੜਾ ਤੱਥ ਲਗਾਤਾਰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ, ਉਹ ਇਹ ਹੈ ਕਿ ਅਸਲ ਮੁੱਦਾ ਪੰਜਾਬ ਦੇ ਦਰਿਆਈ ਪਾਣੀਆਂ ਦੀ ਹਿੱਸੇਦਾਰੀ ਜਾਂ ਇਸ ਦੀ ਵੰਡ ਦਾ ਨਹੀਂ ਹੈ, ਸਗੋਂ ਇਨ੍ਹਾਂ ਉਤੇ ਸਿਰਫ਼ ਤੇ ਸਿਰਫ਼ ਪੰਜਾਬ ਦੀ ਮਾਲਕੀ ਦਾ ਹੱਕ ਹੋਣ ਦਾ ਹੈ। ਇਸ ਲਈ ਇਹ ਮਾਮਲਾ ਮਾਲਕੀ ਦੇ ਹੱਕ ਪੱਖੋਂ ਬਦਲੇ ਹੋਏ ਹਾਲਾਤ ਅਨੁਸਾਰ ਖਰਚ-ਲਾਭ ਦੇ ਵਿਸ਼ਲੇਸ਼ਣ ਅਤੇ ਵਾਤਾਵਰਨ ਦੀ ਕੀਮਤ ਨੂੰ ਧਿਆਨ ਵਿਚ ਰੱਖਦਿਆਂ ਮੁੜ ਵਿਚਾਰਿਆ ਜਾਣਾ ਚਾਹੀਦਾ ਹੈ।

ਦਰਿਆਈ ਪਾਣੀਆਂ ਦੇ ਝਗੜੇ ਵਿਚ ਕੇਂਦਰੀ ਸਰਕਾਰ ਦੇ ਦਖਲ ਸਬੰਧੀ ਮੁਲਕ ਦੇ ਸੰਵਿਧਾਨ ਦੀ ਧਾਰਾ 262 ਸਪਸ਼ਟ ਹੈ ਕਿ ਇਹ ਦਖਲ ਸਿਰਫ਼ ਅੰਤਰ-ਰਾਜੀ ਦਰਿਆਵਾਂ ਦੇ ਮਾਮਲੇ ਵਿਚ ਹੀ ਦਿੱਤਾ ਜਾ ਸਕਦਾ ਹੈ। ਇਸ ਧਾਰਾ ਅਨੁਸਾਰ, 'ਪਾਰਲੀਮੈਂਟ ਸਿਰਫ਼ ਅੰਤਰ-ਰਾਜੀ ਦਰਿਆ ਜਾਂ ਦਰਿਆਈ ਘਾਟੀ ਦੇ ਪਾਣੀਆਂ ਦੀ ਵਰਤੋਂ, ਵੰਡ ਜਾਂ ਕੰਟਰੋਲ ਵਿਚ ਹੀ ਕਾਨੂੰਨ ਰਾਹੀਂ ਦਖ਼ਲਅੰਦਾਜ਼ੀ ਕਰ ਸਕਦੀ ਹੈ।' ਆਜ਼ਾਦੀ ਤੋਂ ਪਹਿਲਾਂ ਜਦੋਂ ਰਾਜਸਥਾਨ ਨੂੰ ਪਾਣੀ ਦੇਣ ਲਈ ਹੁਸੈਨੀਵਾਲਾ ਤੋਂ ਗੰਗ ਕਨਾਲ ਕੱਢੀ ਗਈ ਸੀ ਤਾਂ ਉਸ ਵੇਲੇ ਰਾਜਸਥਾਨ ਇਸ ਪਾਣੀ ਬਦਲੇ ਪੰਜਾਬ ਨੂੰ ਰਾਇਲਟੀ ਦਿੰਦਾ ਸੀ। ਦਰਿਆਈ ਪਾਣੀਆਂ ਦੀ ਵੰਡ ਸਬੰਧੀ ਚਰਚਾ ਦਾ ਵਿਸ਼ਾ ਬਣੇ ਹੋਏ ਰਿਪੇਰੀਅਨ ਸਿਧਾਂਤ ਦੀ ਪਹਿਲੀ ਉਲੰਘਣਾ ਤਾਂ ਭਾਖੜਾ ਬਿਆਸ ਪ੍ਰੋਜੈਕਟ ਨਾਲ ਹੀ ਹੋ ਗਈ ਸੀ, ਕਿਉਂਕਿ ਇਸ ਦਾ ਪਾਣੀ ਰਾਜਸਥਾਨ ਨੂੰ ਦਿੱਤਾ ਜਾਣਾ ਤੈਅ ਹੋਇਆ ਸੀ। ਇਹ ਪ੍ਰੋਜੈਕਟ 1955 ਵਿਚ ਰਾਜਸਥਾਨ ਨੂੰ 8 ਐਮ.ਏ.ਐਫ਼. ਪਾਣੀ ਅਲਾਟ ਕਰਨ ਤੋਂ ਪਹਿਲਾਂ ਦਾ ਸੀ, ਪਰ ਅਕਾਲੀ ਦਲ ਨੇ ਕਦੇ ਵੀ ਇਸ ਫ਼ੈਸਲੇ ਦਾ ਵਿਰੋਧ ਨਹੀਂ ਕੀਤਾ। ਪਾਕਿਸਤਾਨ ਨਾਲ 'ਇੰਡਸ ਵਾਟਰ ਟਰੀਟੀ' ਨਾਂ ਹੇਠਾਂ 1960 ਵਿਚ ਹੋਏ ਸਮਝੌਤੇ ਤਹਿਤ ਹੀ ਸਤਲੁਜ, ਬਿਆਸ ਤੇ ਰਾਵੀ ਦਰਿਆਵਾਂ ਦੇ ਪਾਣੀਆਂ ਉਤੇ 31 ਮਾਰਚ, 1970 ਨੂੰ ਭਾਰਤ ਦਾ ਮੁਕੰਮਲ ਹੱਕ ਹੋ ਗਿਆ ਸੀ। ਭਾਖੜਾ ਕਨਾਲ ਸਿਸਟਮ ਰਾਹੀਂ ਅੱਜ ਦੇ ਹਰਿਆਣਾ ਇਲਾਕੇ ਦਾ 1.16 ਮਿਲੀਅਨ ਏਕੜ, ਪੰਜਾਬ ਦਾ 0.84 ਮਿਲੀਅਨ ਏਕੜ ਅਤੇ ਰਾਜਸਥਾਨ ਦਾ 0.372 ਮਿਲੀਅਨ ਏਕੜ ਰਕਬਾ ਸਿੰਜਿਆ ਜਾਣਾ ਤੈਅ ਹੋਇਆ ਸੀ। ਸਾਲ 1966 ਵਿਚ ਵੱਖਰਾ ਸੂਬਾ ਬਣਨ ਵੇਲੇ ਹਰਿਆਣਾ ਪਹਿਲਾਂ ਹੀ ਭਾਖੜਾ ਪ੍ਰਾਜੈਕਟ ਦੇ ਪਾਣੀ ਵਿਚੋਂ ਸਭ ਤੋਂ ਵੱਧ ਹਿੱਸਾ ਲੈ ਰਿਹਾ ਸੀ। ਇਸ ਦੇ ਬਾਵਜੂਦ ਹਰਿਆਣੇ ਨੂੰ ਪੰਜਾਬ ਪੁਨਰਗਠਨ ਐਕਟ-1966 ਦੀ ਧਾਰਾ 78 ਤੋਂ 80 ਅਧੀਨ ਪੰਜਾਬ ਕੋਲ ਬਚਦੇ ਦਰਿਆਵਾਂ ਦੇ ਪਾਣੀ ਵਿਚੋਂ ਵੀ ਹਿੱਸਾ ਦੇ ਦਿੱਤਾ ਗਿਆ।

ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਜਦੋਂ 1976 ਵਿਚ ਐਮਰਜੈਂਸੀ ਦੌਰਾਨ ਇਸ ਐਕਟ ਦੀ ਧਾਰਾ 78 ਅਧੀਨ ਦਰਿਆਈ ਪਾਣੀਆਂ ਦੀ ਵੰਡ ਦੇ ਮਾਮਲੇ ਵਿਚ ਦਖ਼ਲ ਦਿੱਤਾ ਤਾਂ ਉਸ ਸਮੇਂ ਉਸ ਨੂੰ ਇਸ ਦੇ ਨਿਕਲਣ ਵਾਲੇ ਗੰਭੀਰ ਸਿੱਟਿਆਂ ਬਾਰੇ ਸ਼ਾਇਦ ਰੱਤੀ ਭਰ ਵੀ ਅਹਿਸਾਸ ਨਹੀਂ ਹੋਣਾ। ਕੁਝ ਸਾਲਾਂ ਬਾਅਦ ਹੀ ਦਰਿਆਈ ਪਾਣੀਆਂ ਸਬੰਧੀ ਉਸ ਵੱਲੋਂ ਦਿੱਤੇ ਗਏ ਫ਼ੈਸਲੇ ਨੇ ਪੰਜਾਬ ਵਿਚ ਅਜਿਹਾ ਸਿਆਸੀ ਤੇ ਖਾੜਕੂਵਾਦ ਦਾ ਭਾਂਬੜ ਬਾਲਿਆ ਕਿ ਉਹ ਖ਼ੁਦ ਵੀ ਇਸ ਵਿਚ ਝੁਲਸੀ ਗਈ। ਇਸ ਮਾਮਲੇ 'ਤੇ ਅਕਾਲੀ ਦਲ ਦੇ ਆਗੂਆਂ ਨੇ ਵੀ ਇੱਕ ਵਾਰ ਨਹੀਂ, ਵਾਰ-ਵਾਰ ਪੰਜਾਬ ਦੇ ਲੋਕਾਂ ਨਾਲ ਗਦਾਰੀ ਕੀਤੀ। ਅਕਾਲੀ ਕਹਿੰਦੇ ਕੁਝ ਹੋਰ ਰਹੇ ਅਤੇ ਕਰਦੇ ਕੁਝ ਹੋਰ ਰਹੇ ਹਨ।

ਇਸ ਐਵਾਰਡ ਵਿਚ ਹਰਿਆਣੇ ਦਾ ਨੰਗਾ ਚਿੱਟਾ ਪੱਖ ਪੂਰਿਆ ਗਿਆ ਸੀ। ਪੰਜਾਬ ਵਿਚ ਰਹਿ ਗਏ ਦਰਿਆਵਾਂ ਦਾ ਪਾਣੀ ਤਾਂ ਦੋਹਾਂ ਰਾਜਾਂ ਵਿਚ ਵੰਡ ਦਿੱਤਾ ਗਿਆ ਸੀ, ਪਰ ਹਰਿਆਣਾ ਵਿਚ ਰਹਿ ਗਏ ਦਰਿਆ ਯਮਨਾ ਦੇ ਪਾਣੀ ਨੂੰ ਵੰਡ ਵਿਚ ਸ਼ਾਮਲ ਨਹੀਂ ਕੀਤਾ ਗਿਆ। ਇਥੋਂ ਤਕ ਕਿ ਅਣਵੰਡੇ ਪੰਜਾਬ ਵਿਚ ਵਹਿੰਦੇ ਯਮਨਾ ਦਰਿਆ ਦਾ ਜ਼ਿਕਰ ਪੰਜਾਬ ਪੁਨਰਗਠਨ ਐਕਟ-1966 ਵਿਚ ਵੀ ਨਹੀਂ ਸੀ ਕੀਤਾ ਗਿਆ। ਪੰਜਾਬ ਪੁਨਰਗਠਨ ਐਕਟ-1966 ਆਪਣੇ ਆਪ ਵਿਚ ਹੀ ਪੰਜਾਬ ਨਾਲ ਹੋਏ ਧੱਕੇ ਦੀ ਪ੍ਰਤੱਖ ਮਿਸਾਲ ਹੈ। ਪੰਜਾਬੀ ਸੂਬੇ ਲਈ ਲੜਾਈ ਲੜਨ ਵਾਲੇ ਸ਼੍ਰੋਮਣੀ ਅਕਾਲੀ ਦਲ ਨੂੰ ਇਸ ਨੁਕਸਦਾਰ ਤੇ ਪੰਜਾਬ ਵਿਰੋਧੀ ਐਕਟ ਨੂੰ ਉਸ ਵੇਲੇ ਹੀ ਰੱਦ ਕਰ ਦੇਣਾ ਚਾਹੀਦਾ ਸੀ।



ਪੰਜਾਬ ਦੇ ਦਰਿਆਈ ਪਾਣੀਆਂ ਦੀ ਵੰਡ ਸਬੰਧੀ ਸਭ ਤੋਂ ਪਹਿਲਾਂ ਲਿਖਤੀ ਰਸਮੀ ਰੋਸ 1972 ਤੋਂ 77 ਤਕ ਸੂਬੇ ਦੇ ਮੁੱਖ ਮੰਤਰੀ ਰਹੇ ਗਿਆਨੀ ਜ਼ੈਲ ਸਿੰਘ ਨੇ 19 ਨਵੰਬਰ 1976 ਨੂੰ ਪ੍ਰਗਟਾਇਆ ਸੀ। ਇਸੇ ਦੌਰਾਨ 12 ਜੂਨ 1977 ਨੂੰ ਪੰਜਾਬ ਤੇ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਆ ਗਈਆਂ ਅਤੇ ਚੋਣਾਂ ਤੋਂ ਬਾਅਦ ਪੰਜਾਬ ਵਿਚ ਪ੍ਰਕਾਸ਼ ਸਿੰਘ ਬਾਦਲ ਤੇ ਹਰਿਆਣਾ ਵਿਚ ਉਸ ਦਾ ਮਿੱਤਰ ਚੌਧਰੀ ਦੇਵੀ ਲਾਲ ਮੁੱਖ ਮੰਤਰੀ ਬਣੇ। ਪੰਜਾਬ ਸਰਕਾਰ ਨੇ 4 ਜੁਲਾਈ 1978 ਨੂੰ ਹਰਿਆਣਾ ਸਰਕਾਰ ਨੂੰ ਪੱਤਰ ਲਿਖ ਕੇ ਸਤਲੁਜ-ਯਮਨਾ ਲਿੰਕ ਨਹਿਰ ਪ੍ਰੋਜੈਕਟ ਸ਼ੁਰੂ ਕਰਨ ਲਈ 3 ਕਰੋੜ ਰੁਪਏ ਤੁਰੰਤ ਜਾਰੀ ਕਰਨ ਦੀ ਮੰਗ ਕੀਤੀ। ਜੇ ਬਾਦਲ ਨੇ 1976 ਦੇ ਐਵਾਰਡ ਦਾ ਵਿਰੋਧ ਕੀਤਾ ਸੀ ਤਾਂ ਫਿਰ ਇਹ ਪੱਤਰ ਕਿਸ ਨੇ ਅਤੇ ਕਿਉਂ ਲਿਖਿਆ? ਇਹ ਪੱਤਰ ਲਿਖਣ ਤੋਂ ਪਹਿਲਾਂ ਪੰਜਾਬ ਦੀ ਬਾਦਲ ਸਰਕਾਰ ਨੇ ਨਹਿਰ ਲਈ ਜ਼ਮੀਨ ਪ੍ਰਾਪਤ ਕਰਨ ਲਈ 20 ਫਰਵਰੀ 1978 ਨੂੰ ਭੋਂ ਪ੍ਰਾਪਤੀ ਕਾਨੂੰਨ 1894 ਦੀ ਧਾਰਾ 4 ਤਹਿਤ ਦੋ ਨੋਟਿਸ ਜਾਰੀ ਕੀਤੇ। ਸਪਸ਼ਟ ਹੈ ਕਿ ਪੰਜਾਬ ਸਰਕਾਰ ਵੱਲੋਂ ਮੰਗੀ ਰਾਸ਼ੀ ਜ਼ਮੀਨ ਪ੍ਰਾਪਤ ਕਰਨ ਦੀ ਕਾਰਵਾਈ ਉਤੇ ਹੋਣ ਵਾਲੇ ਖ਼ਰਚ ਵਜੋਂ ਲਈ ਗਈ ਸੀ। ਪੰਜਾਬ ਦੀ ਮੰਗ 'ਤੇ ਹਰਿਆਣਾ ਸਰਕਾਰ ਨੇ 31 ਮਾਰਚ 1979 ਨੂੰ ਇੱਕ ਕਰੋੜ ਰੁਪਏ ਭੇਜੇ; ਉਦੋਂ ਬਾਦਲ ਹੀ ਮੁੱਖ ਮੰਤਰੀ ਸਨ।

1980 ਵਿਚ ਸੱਤਾ ਵਿਚੋਂ ਬਾਹਰ ਹੋ ਜਾਣ ਤੋਂ ਬਾਅਦ ਅਕਾਲੀ ਦਲ ਨੇ ਦਰਿਆਈ ਪਾਣੀਆਂ ਦੇ ਮਾਮਲੇ ਨੂੰ ਮੁੱਦਾ ਬਣਾ ਲਿਆ ਅਤੇ ਇੰਦਰਾ ਗਾਂਧੀ ਨੂੰ 1981 ਵਿਚ ਦਿੱਤੇ ਗਏ 45 ਮੰਗਾਂ ਦੀ ਸੂਚੀ ਵਿਚ ਪਾਣੀਆਂ ਦੀ ਵੰਡ ਮੁੜ ਕਰਨ ਦੀ ਮੰਗ ਵੀ ਸ਼ਾਮਲ ਸੀ। ਇਸੇ ਪ੍ਰਸੰਗ ਵਿਚ ਇੰਦਰਾ ਗਾਂਧੀ ਨੇ ਇਸ ਮਾਮਲੇ ਵਿਚ ਮੁੜ ਦਖ਼ਲ ਦਿੰਦਿਆਂ ਪੰਜਾਬ ਦੇ ਮੁੱਖ ਮੰਤਰੀ ਦਰਬਾਰਾ ਸਿੰਘ ਨੂੰ ਰਾਜਸਥਾਨ ਤੇ ਹਰਿਆਣਾ ਦੇ ਮੁੱਖ ਮੰਤਰੀਆਂ ਨਾਲ 31 ਦਸੰਬਰ 1981 ਨੂੰ ਨਵੇਂ ਸਮਝੌਤੇ ਉਤੇ ਦਸਤਖ਼ਤ ਕਰਨ ਲਈ ਮਜਬੂਰ ਕੀਤਾ। ਇਸ ਸਮਝੌਤੇ ਵਿਚ ਦਰਿਆਵਾਂ ਦੇ 1921-45 ਲੜੀ ਵਹਿਣ ਅਨੁਸਾਰ ਪ੍ਰਾਪਤ ਹੋ ਰਹੇ 15.85 ਮਿਲੀਅਨ ਏਕੜ ਫੁੱਟ ਪਾਣੀ ਦੀ ਥਾਂ 1921-59 ਲੜੀ ਵਹਿਣ ਮਿੱਥ ਕੇ 17.17 ਐਮ.ਏ.ਐਫ਼. ਪ੍ਰਾਪਤ ਪਾਣੀ ਮੰਨ ਲਿਆ ਗਿਆ। ਇਸ ਆਧਾਰ ਉਤੇ ਹੀ ਕਾਗਜ਼ੀ-ਪੱਤਰੀਂ ਪੰਜਾਬ ਦਾ ਹਿੱਸਾ 3.50 ਤੋਂ ਵਧਾ ਕੇ 4.22 ਐਮ.ਏ.ਐਫ਼. ਕਰ ਦਿੱਤਾ ਗਿਆ, ਪਰ ਇਸ ਨਾਲ ਅਕਾਲੀ ਦਲ ਦੀ ਸੰਤੁਸ਼ਟੀ ਨਹੀਂ ਸੀ ਹੋਣੀ, ਕਿਉਂਕਿ ਸੱਤਾ ਤੋਂ ਬਾਹਰ ਹੋਣ ਕਾਰਨ ਉਸ ਨੂੰ ਕਿਸੇ ਨਾ ਕਿਸੇ ਮੁੱਦੇ ਦੀ ਲੋੜ ਸੀ ਅਤੇ ਇਹ ਅਜਿਹਾ ਮੁੱਦਾ ਸੀ ਜਿਹੜਾ ਅਕਾਲੀ ਦਲ ਨੂੰ ਠੀਕ ਬੈਠਦਾ ਸੀ। ਉਸ ਵੇਲੇ ਤਕ ਬਾਦਲ ਦਾ ਸਤਲੁਜ-ਯਮਨਾ ਲਿੰਕ ਨਹਿਰ ਦੀ ਉਸਾਰੀ ਵਿਚ ਦੋਗਲਾ ਤੇ ਸ਼ੱਕੀ ਰੋਲ ਲੋਕਾਂ ਦੇ ਸਾਹਮਣੇ ਨਹੀਂ ਆਇਆ ਸੀ।

ਇੰਦਰਾ ਗਾਂਧੀ ਨੇ 8 ਅਪਰੈਲ 1982 ਨੂੰ ਪਟਿਆਲਾ ਜ਼ਿਲ੍ਹੇ ਦੇ ਕਪੂਰੀ ਪਿੰਡ ਵਿਚ ਸਤਲੁਜ-ਯਮਨਾ ਲਿੰਕ ਨਹਿਰ ਦੀ ਉਸਾਰੀ ਦਾ ਨੀਂਹ ਪੱਥਰ ਰੱਖਿਆ। ਉਸ ਸਮੇਂ ਤਕ ਪੰਜਾਬ ਵਿਚ ਖਾੜਕੂਵਾਦ ਨੇ ਸਿਰ ਚੁੱਕ ਲਿਆ ਸੀ ਅਤੇ ਕਈ ਅਕਾਲੀ ਧੜੇ ਵੀ ਆਪਸ ਵਿਚ ਜ਼ੋਰ ਅਜ਼ਮਾਈ ਕਰਨ ਲੱਗ ਪਏ ਸਨ। ਅਕਾਲੀ ਦਲ ਨੇ ਨਹਿਰ ਦੀ ਉਸਾਰੀ ਰੋਕਣ ਲਈ 24 ਅਪਰੈਲ 1982 ਨੂੰ ਮੋਰਚਾ ਲਾ ਦਿੱਤਾ। ਹਰਿਆਣਾ ਨੇ 30 ਕਰੋੜ ਰੁਪਏ ਦੇ ਖ਼ਰਚ ਨਾਲ ਆਪਣੇ ਹਿੱਸੇ ਦੀ 91 ਕਿਲੋਮੀਟਰ ਨਹਿਰ ਦੀ ਉਸਾਰੀ ਤਾਂ ਜੂਨ 1980 ਤਕ ਹੀ ਪੂਰੀ ਕਰ ਦਿੱਤੀ ਸੀ ਕਿਉਂਕਿ ਉਥੇ 1976 ਦੇ ਐਵਾਰਡ ਤੋਂ ਤੁਰੰਤ ਬਾਅਦ ਕੰਮ ਸ਼ੁਰੂ ਹੋ ਗਿਆ ਸੀ।

ਆਪਣੀ ਮਾਤਾ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਜਦੋਂ 1984 ਵਿਚ ਰਾਜੀਵ ਗਾਂਧੀ ਪ੍ਰਧਾਨ ਮੰਤਰੀ ਬਣਿਆ ਤਾਂ ਉਸ ਨੇ ਸਿੱਖਾਂ ਨਾਲ ਹੋ ਰਹੇ ਟਕਰਾਅ ਨੂੰ ਖ਼ਤਮ ਕਰਨ ਲਈ ਯਤਨ ਆਰੰਭੇ। ਇਸ ਦਿਸ਼ਾ ਵਿਚ ਚੱਲੀ ਗੱਲਬਾਤ ਤੋਂ ਬਾਅਦ ਉਸ ਨੇ 24 ਜੁਲਾਈ 1985 ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨਾਲ ਸਮਝੌਤੇ ਉਤੇ ਦਸਤਖ਼ਤ ਕੀਤੇ ਜਿਹੜਾ ਬਾਅਦ ਵਿਚ ਭੁੱਲ-ਭੁਲਾ ਦਿੱਤਾ ਗਿਆ। ਇਸ ਸਮਝੌਤੇ ਦੀ ਇੱਕ ਮੱਦ ਅਨੁਸਾਰ ਸਤਲੁਜ-ਯਮਨਾ ਲਿੰਕ ਨਹਿਰ ਦੀ ਉਸਾਰੀ ਇੱਕ ਸਾਲ ਦੇ ਅੰਦਰ ਅੰਦਰ ਮੁਕੰਮਲ ਕੀਤੀ ਜਾਣੀ ਸੀ ਅਤੇ ਇਸ ਮੱਦ ਉਤੇ ਅਮਲ ਕਰਦਿਆਂ ਹੀ 1985 ਵਿਚ ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਵਿਚ ਬਣੀ ਅਕਾਲੀ ਦਲ ਦੀ ਸਰਕਾਰ ਨੇ ਇਸ ਨਹਿਰ ਦੀ ਉਸਾਰੀ ਜ਼ੋਰ-ਸ਼ੋਰ ਨਾਲ ਸ਼ੁਰੂ ਕਰਵਾਈ। ਅਕਾਲੀ ਦਲ ਵੱਲੋਂ ਪੰਜਾਬ ਦੇ ਲੋਕਾਂ ਨਾਲ ਕੀਤਾ ਗਿਆ ਇਹ ਇੱਕ ਹੋਰ ਧੋਖਾ ਸੀ।

*(ਬਾਕੀ ਸਫ਼ਾ 22 ਉਤੇ)*

# ਪੰਜਾਬ ਦੇ ਪਾਣੀਆਂ ਤੋਂ ਮੁੜ ਲਾਂਬੂ ਲੱਗਣ ਦਾ ਡਰ

ਪੰਜਾਬ ਦੇ ਪਾਣੀਆਂ ਨੂੰ ਲੈ ਕੇ ਫਿਰ ਅੱਗ ਲਾਉਣ ਦੀਆਂ ਘਾਤਤਾਂ ਘੜੀਆਂ ਜਾ ਰਹੀਆਂ ਹਨ। ਜੇ ਪੰਜਾਬ ਦੀਆਂ ਰਾਜਸੀ ਪਾਰਟੀਆਂ ਪੰਜਾਬੀਆਂ ਦੇ ਹਿੱਤ ਵਿਚ ਦਿਲੋਂ 'ਕੱਠੀਆਂ ਨਾ ਹੋਈਆਂ ਤਾਂ ਲਾਂਬੂ ਸੱਚਮੁਚ ਲੱਗ ਸਕਦਾ ਹੈ। 1947 ਦੀ ਵੰਡ ਤੇ 1984 ਦੇ ਘੱਲੂਘਾਰੇ ਦਾ ਸੰਤਾਪ ਪੰਜਾਬੀਆਂ ਨੂੰ ਅਜੇ ਤਕ ਨਹੀਂ ਭੁੱਲਿਆ। ਦਰਿਆਈ ਪਾਣੀਆਂ ਦਾ ਮਸਲਾ ਮੁੜ ਸੰਤਾਪ ਦੀ ਦਸਤਕ ਦੇ ਰਿਹਾ ਹੈ। ਪੰਜਾਬ ਦਾ ਨਾਂ ਹੀ ਪਾਣੀਆਂ ਸਦਕਾ ਪੰਜਾਬ ਪਿਆ ਸੀ। ਕਿਸੇ ਨੇ ਨਹੀਂ ਸੋਚਿਆ ਹੋਣਾ ਕਿ ਪਾਣੀਆਂ ਦਾ ਦੇਸ਼ ਪੰਜਾਬ ਕਿਸੇ ਦਿਨ ਤਿਹਾਇਆ ਮਰੇਗਾ। ਰਾਜਸੀ ਆਗੂ ਵੋਟਾਂ ਲਈ ਤਾਂ ਜਾਗਦੇ ਰਹੇ ਹਨ, ਪਰ ਪੰਜਾਬੀਆਂ ਨੂੰ ਤਿਹਾਏ ਮਾਰਨ ਤੋਂ ਬਚਾਉਣ ਲਈ



**ਪ੍ਰਿੰ. ਸਰਵਣ ਸਿੰਘ**
ਫੋਨ: 905-799-1661

ਗ਼ਫ਼ਲਤ ਦੀ ਨੀਂਦ ਸੁੱਤੇ ਰਹੇ ਹਨ। ਉਨ੍ਹਾਂ ਨੂੰ ਜੇ ਕਦੇ ਜਾਗ ਆਈ ਤਾਂ ਫੋਕੀ ਬਿਆਨਬਾਜ਼ੀ ਤੇ ਇਕ ਦੂਜੇ ਦੀਆਂ ਲੱਤਾਂ ਖਿੱਚਣ ਤਕ ਸੀਮਤ ਰਹੀ।

ਪੰਜਾਬ ਦੇ ਤੱਤਕਾਲੀ ਕਾਂਗਰਸੀ ਮੁੱਖ ਮੰਤਰੀ ਦਰਬਾਰਾ ਸਿੰਘ ਤੋਂ ਕੇਂਦਰ ਦੀ ਕਾਂਗਰਸ ਸਰਕਾਰ ਨੇ ਦਬਾਅ ਨਾਲ ਪੰਜਾਬ ਦਾ ਕੇਸ ਸੁਪਰੀਮ ਕੋਰਟ 'ਚੋਂ ਵਾਪਸ ਕਰਵਾਇਆ ਸੀ। 8 ਅਪਰੈਲ 1982 ਨੂੰ ਭਾਰਤ ਦੀ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਫੁੱਲਾਂ ਵਾਲੀ ਸਾੜ੍ਹੀ ਲਾ ਕੇ ਪਿੰਡ ਕਪੂਰੀ ਪੁੱਜੀ ਸੀ। ਸਭਨਾਂ ਨੇ ਟੀ.ਵੀ. ਅਤੇ ਅਖ਼ਬਾਰੀ ਤਸਵੀਰਾਂ 'ਚੋਂ ਵੇਖਿਆ ਸੀ, ਪ੍ਰਧਾਨ ਮੰਤਰੀ ਮੁਸਕਰਾਉਂਦੀ ਐਸ.ਵਾਈ.ਐਲ. ਨਹਿਰ ਦਾ ਟੱਕ ਲਾ ਰਹੀ ਸੀ। ਅਸੀਂ ਜਿਨ੍ਹਾਂ ਨੇ ਸਾਲਾਂ ਤੋਂ ਪੰਜਾਬ ਦੇ ਪਿੰਡਾਂ ਵਿਚ ਨਹਿਰੀ ਪਾਣੀ ਦੀਆਂ ਵਾਰੀਆਂ ਪਿੱਛੇ ਖ਼ੂਨ ਹੁੰਦੇ ਵੇਖੇ ਸਨ, ਉਸ ਟੱਕ ਨੂੰ ਪੰਜਾਬ ਦੀ ਸ਼ਾਹਰਗ 'ਤੇ ਲੱਗਿਆ ਟੱਕ ਸਮਝ ਰਹੇ ਸਾਂ। ਇਹ ਹੋਇਆ ਵੀ ਸੱਚ।

ਪੰਜਾਬ ਦੀ ਸ਼ਾਹਰਗ 'ਤੇ ਲੱਗੇ ਉਸ ਟੱਕ ਨੇ ਪੰਜਾਬੀਆਂ ਦਾ ਇੰਨਾ ਖ਼ੂਨ ਵਹਾਇਆ ਕਿ ਪੰਜਾਬ ਅਜੇ ਤਕ ਤਾਬ ਨਹੀਂ ਆਇਆ। ਯੂਨਾਨੀ ਨਾਟਕਾਂ ਦੇ ਦੁਖਾਂਤ ਵਾਂਗ ਟੱਕ ਲਾਉਣ ਵਾਲੀ ਪ੍ਰਧਾਨ ਮੰਤਰੀ ਵੀ ਉਸੇ ਖ਼ੂਨ ਵਿਚ ਵਹੀ। ਉਸ ਖ਼ੂਨ ਵਿਚ ਕਸੂਰਵਾਰ ਤੇ ਬੇਕਸੂਰੇ ਮਾਰੇ ਜਾਣ ਦੀ ਕੋਈ ਨਿੰਦ-ਵਿਚਾਰ ਨਾ ਰਹੀ। ਬਾਰਾਂ ਸਾਲ ਮਰਨ-ਮਾਰਨ ਦਾ ਅੰਨ੍ਹਾ ਦੌਰ ਚੱਲਿਆ। ਦਿੱਲੀ ਵਿਚ ਸਿੱਖਾਂ ਦਾ ਕਤਲੇਆਮ ਨਾਦਰ ਸ਼ਾਹ ਦੇ ਕਤਲੇਆਮ ਨੂੰ ਮਾਤ ਪਾ ਗਿਆ। ਦੇਸ਼ ਵੰਡ ਦੇ ਉਜਾੜੇ ਪਿੱਛੋਂ ਪੰਜਾਬ ਮਸਾਂ ਮਾੜਾ ਮੋਟਾ ਸੰਭਲਿਆ ਸੀ ਕਿ ਕਈ ਦਹਾਕੇ ਪਿੱਛੇ ਜਾ ਪਿਆ। ਕੇਂਦਰ ਨੇ ਸੁਰੱਖਿਆ ਦਸਤਿਆਂ ਦਾ ਕਰਜ਼ਾ ਪੰਜਾਬ ਸਿਰ ਅਜਿਹਾ ਮੜ੍ਹਿਆ ਜੋ ਹੁਣ ਸਵਾ ਲੱਖ ਕਰੋੜ ਤੋਂ ਵੀ ਟੱਪ ਗਿਆ ਹੈ।

ਜਦੋਂ ਇਹ ਟੱਕ ਲੱਗਾ ਸੀ ਤਾਂ ਅਕਾਲੀ ਦਲ ਤੇ ਮਾਰਕਸਵਾਦੀ ਕਮਿਊਨਿਸਟ ਪਾਰਟੀ ਨੇ 24 ਅਪਰੈਲ 1982 ਨੂੰ ਨਹਿਰ ਦੀ ਖ਼ੁਦਾਈ ਵਿਰੁਧ ਮੋਰਚਾ ਲਾ ਦਿੱਤਾ ਸੀ। 4 ਅਗਸਤ ਨੂੰ ਇਹ ਮੋਰਚਾ ਧਰਮ ਯੁੱਧ ਬਣ ਗਿਆ ਜਿਸ ਕਰ ਕੇ ਮਾਰਕਸੀ ਪਾਰਟੀ ਪਿੱਛੇ ਹਟ ਗਈ। ਮੋਰਚਾ ਵੀ ਕਪੂਰੀ ਦੀ ਥਾਂ ਅੰਮ੍ਰਿਤਸਰ ਜਾਂਦਾ ਰਿਹਾ। ਦਰਬਾਰ ਸਾਹਿਬ ਤੋਂ ਪਹਿਲੇ ਜਥੇ ਦੀ ਅਗਵਾਈ ਅਜੋਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕੀਤੀ। 34 ਸਾਲ ਬਾਅਦ ਗੱਲ ਫਿਰ ਕਪੂਰੀ ਵਾਲੀ ਥਾਂ ਆ ਪੁੱਜੀ ਹੈ। ਪੰਜਾਬ ਦੀ ਧੌਣ 'ਤੇ ਤਲਵਾਰ ਦਾ ਵਾਰ ਕਰਨ ਦੀਆਂ ਫਿਰ ਤਿਆਰੀਆਂ ਹਨ।

ਪਹਿਲਾਂ ਤਾਂ ਇਹ ਕਹਿ ਕੇ ਸਰ ਜਾਂਦਾ ਸੀ ਕਿ ਕੇਂਦਰ ਦੀ ਕਾਂਗਰਸ ਸਰਕਾਰ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਦੀ ਹੈ। ਪੰਜਾਬ ਰਾਜ ਦੀਆਂ ਘਾਟਾਂ ਕੇਂਦਰੀ ਸਰਕਾਰ ਸਿਰ ਮੜ੍ਹ ਦਿੱਤੀਆਂ ਜਾਂਦੀਆਂ ਸਨ। ਹੁਣ ਤਾਂ ਕੇਂਦਰ ਸਰਕਾਰ ਵੀ 'ਆਪਣੀ' ਹੈ ਜਿਸ ਵਿਚ ਅਕਾਲੀ ਦਲ ਖ਼ੁਦ ਸ਼ਾਮਲ ਹੈ। ਚੰਡੀਗੜ੍ਹ ਤੇ ਪੰਜਾਬੀ ਬੋਲਦੇ ਇਲਾਕੇ, ਦਰਿਆਈ ਪਾਣੀ, ਕਰਜ਼ਾ ਮੁਆਫ਼ੀ, ਵਿਸ਼ੇਸ਼ ਆਰਥਿਕ ਪੈਕੇਜ, ਖੇਤੀ ਆਧਾਰਿਤ ਸਨਅਤ, ਸਰਹੱਦੀ ਸੂਬੇ ਵਾਲੀਆਂ ਸਹੂਲਤਾਂ, ਕਿਸਾਨੀ ਜਿਣਸਾਂ ਦੇ ਰਾਮਾਨਾਥਨ ਰਿਪੋਰਟ ਅਨੁਸਾਰ ਭਾਅ ਤੇ ਸੂਬਿਆਂ ਨੂੰ ਵੱਧ ਹੱਕਾਂ ਵਾਲਾ ਅਨੰਦਪੁਰ ਸਾਹਿਬ ਦਾ ਮਤਾ। ਅਕਾਲੀ ਦਲ ਦੇ ਚੋਣ ਮੈਨੀਫੈਸਟੋ ਅਜਿਹੀਆਂ ਮੰਗਾਂ ਨਾਲ ਭਰੇ ਪਏ ਹਨ। 1950ਵਿਆਂ ਦੇ ਭਾਰੇ ਮੀਂਹਾਂ ਨਾਲ ਹੋਈ ਸੇਮ ਵੇਲੇ ਪੰਜਾਬ ਕੋਲ ਪਾਣੀ ਵਾਫਰ ਸੀ, ਪਰ ਪੰਜਾਬ ਹੁਣ 1950ਵਿਆਂ ਤੇ 60ਵਿਆਂ ਵਾਲਾ ਪੰਜਾਬ ਨਹੀਂ ਰਿਹਾ। ਪਾਣੀ ਦੀਆਂ ਛੱਲਾਂ ਵਾਲਾ ਪੰਜਾਬ ਹੁਣ ਪਾਣੀ ਦੀ ਬੂੰਦ ਬੂੰਦ ਨੂੰ ਤਰਸ ਰਿਹਾ ਹੈ। ਹੁਣ ਪੰਜਾਬ ਦੇ ਦਰਿਆਵਾਂ ਦਾ 11 ਮਿਲੀਅਨ ਏਕੜ ਫੁੱਟ ਪਾਣੀ ਰਾਜਸਥਾਨ ਲੈ ਰਿਹਾ ਹੈ ਤੇ 6.2 ਮਿਲੀਅਨ ਏਕੜ ਫੁੱਟ ਪਾਣੀ ਹਰਿਆਣਾ। ਪੰਜਾਬ ਦਾ 2.8 ਮਿਲੀਅਨ ਏਕੜ ਫੁੱਟ ਪਾਣੀ ਉਂਜ ਹੀ 30 ਸਾਲਾਂ 'ਚ ਬਾਰਸ਼ਾਂ ਘਟਣ ਨਾਲ ਘਟ ਗਿਆ। ਪਾਣੀਆਂ ਦਾ ਸਾਰਾ ਘਾਟਾ ਪੰਜਾਬ ਨੂੰ ਪਿਆ।

ਉਤੋਂ ਦੇਸ਼ ਦੀ ਬਹੁਕਰੋੜੀ ਜਨਤਾ ਦਾ ਢਿੱਡ ਭਰਨ ਲਈ ਪੰਜਾਬ ਨੂੰ ਝੋਨਾ ਲਾਉਣਾ ਪਿਆ ਤਾਂ ਨਹਿਰੀ ਪਾਣੀ ਦੀ ਘਾਟ ਕਾਰਨ ਲੱਖਾਂ ਟਿਊਬਵੈੱਲ ਲਾਉਣੇ ਪਏ। ਨਹਿਰੀ ਪਾਣੀ ਘਟਣ ਨਾਲ ਧਰਤੀ ਦੀ ਰੱਤ ਪੀਤੀ ਜਾਣ ਲੱਗੀ। ਹੁਣ ਪੰਜਾਬ ਦੀ ਧਰਤੀ ਵਿਚ ਲੱਖਾਂ ਬੋਰ ਹਨ ਜਿਨ੍ਹਾਂ ਰਾਹੀਂ ਧਰਤੀ ਦਾ ਅਰਬਾਂ ਖਰਬਾਂ ਗੈਲਨ ਬੇਸ਼ਕੀਮਤੀ ਪਾਣੀ ਝੋਨੇ ਲਈ ਵਰਤਿਆ ਜਾ ਰਿਹਾ ਹੈ, ਪਰ ਇਕ ਕਿੱਲੋ ਚੌਲਾਂ ਦੇ ਉਨੇ ਪੈਸੇ ਵੀ ਨਹੀਂ ਮਿਲਦੇ ਜਿੰਨਿਆਂ ਨਾਲ ਬਾਜ਼ਾਰ 'ਚੋਂ ਲੀਟਰ ਪਾਣੀ ਦੀ ਬੋਤਲ ਹੀ ਖਰੀਦੀ ਜਾ ਸਕੇ। ਪੰਜਾਬ ਦਾ ਪਾਣੀ ਤਾਂ ਮੁੱਕ ਈ ਰਿਹਾ ਹੈ, ਬਚਦੇ ਬੰਦੇ ਵੀ ਨਹੀਂ।

1960ਵਿਆਂ ਤੇ 70ਵਿਆਂ ਵਿਚ ਤਿੰਨ ਹਾਰਸ ਪਾਵਰ ਦੀ ਮੋਟਰ, ਬੋਰ ਦੇ ਪਾਣੀ ਦੀਆਂ ਲਹਿਰਾਂ ਲਾ ਦਿੰਦੀ ਸੀ। ਹੁਣ ਪੰਦਰਾਂ ਵੀਹ ਹਾਰਸ ਪਾਵਰ ਦੀਆਂ ਮੋਟਰਾਂ ਵੀ ਪਾਣੀ ਨਹੀਂ ਚੁੱਕਦੀਆਂ। ਪਾਣੀ ਚੁੱਕਣ ਲਈ ਬੋਰਾਂ ਨਾਲ ਖੂਹ ਬਣਾਏ, ਫਿਰ ਡੂੰਘੇ ਕੀਤੇ, ਮੋਟਰਾਂ ਨਾਲ ਡੀਜ਼ਲ ਇੰਜਣ ਰੱਖੇ, ਸਬਮਰਸੀਬਲ ਬੋਰ ਕੀਤੇ ਤੇ ਟਰੈਕਟਰਾਂ ਨਾਲ ਜੈਨਰੇਟਰ ਜੋੜੇ। ਦੇਸ਼ ਦਾ ਢਿੱਡ ਭਰਨ ਲਈ ਪੰਜਾਬੀਆਂ ਨੇ ਅਰਬਾਂ ਖਰਬਾਂ ਦੇ ਖ਼ਰਚੇ ਆਪਣੇ ਕੋਲੋਂ ਕੀਤੇ। ਕਾਹਦੇ ਲਈ? ਨਹਿਰੀ ਪਾਣੀ ਦੀ ਥੁੜ ਪੂਰੀ ਕਰਨ ਲਈ। ਪੰਜਾਬ ਦੇ 138 ਬਲਾਕਾਂ ਵਿਚੋਂ 110 ਬਲਾਕ ਖ਼ਤਰੇ ਦੇ ਖੇਤਰ ਵਿਚ ਚਲੇ ਗਏ ਹਨ ਤੇ ਬਾਕੀ ਜਾ ਰਹੇ ਹਨ।

ਕੈਪਟਨ ਅਮਰਿੰਦਰ ਸਿੰਘ ਜਦੋਂ ਅਕਾਲੀ ਦਲ ਵਿਚ ਸੀ ਤਾਂ ਉਸ ਨੇ ਕੰਢੂਖੇੜੇ ਪਹਿਰਾ ਦੇ ਕੇ ਪੰਜਾਬ ਦਾ ਅਬੋਹਰ-ਫਾਜ਼ਿਲਕਾ ਦਾ ਇਲਾਕਾ ਬਚਾ ਲਿਆ ਸੀ। ਚੌਧਰੀ ਭਜਨ ਲਾਲ ਦੇ ਬੰਦਿਆਂ ਨੇ ਘੁਸਪੈਠ ਕਰ ਕੇ ਕੰਢੂਖੇੜੇ ਨੂੰ ਬਹੁਗਿਣਤੀ ਹਿੰਦੀ-ਭਾਸ਼ੀ ਪਿੰਡ ਬਣਾਉਣਾ ਮਿਥਿਆ ਸੀ ਜਿਸ ਨਾਲ ਲਿੰਕ ਪਿੰਡ ਦੀ ਕੜੀ ਟੁੱਟ ਜਾਣੀ ਸੀ। ਕਸ਼ਮੀਰੀਆਂ ਦੀ ਰਾਏਸ਼ੁਮਾਰੀ ਹੋਵੇ ਨਾ ਹੋਵੇ, ਅਬੋਹਰ-ਫਾਜ਼ਿਲਕਾ ਦੇ ਪਿੰਡਾਂ ਦੀ ਕਰਾਈ ਗਈ। ਮੈਂ ਫਾਜ਼ਿਲਕਾ ਦੇ ਪਿੰਡ ਕੋਠਾ ਲੁਕਮਾਨਪੁਰ ਵਿਚ ਸਾਂ ਕਿ ਚੌਧਰੀ ਦੇ ਬੰਦੇ ਰਾਏ ਸਿੱਖਾਂ ਤੇ ਕੰਬੋਆਂ ਨੂੰ ਆਪਣੀ ਮਾਤ ਭਾਸ਼ਾ ਹਿੰਦੀ ਲਿਖਾਉਣ ਬਦਲੇ ਜੱਟ ਸਿੱਖਾਂ ਦੀਆਂ ਜ਼ਮੀਨਾਂ ਦੇਣ ਦੇ ਲਾਰੇ ਲਾ ਰਹੇ ਸਨ। ਇਹ ਕੈਪਟਨ ਹੀ ਸੀ ਜਿਸ ਨੇ ਕਾਂਗਰਸ ਦੇ ਪ੍ਰਭੂਆਂ ਦੀ ਪਰਵਾਹ ਕੀਤੇ ਬਿਨਾ ਪੰਜਾਬ ਵਿਧਾਨ ਸਭਾ ਵਿਚ ਸਭ ਪਾਰਟੀਆਂ ਦੀ ਹਮਾਇਤ ਨਾਲ ਪਾਣੀਆਂ ਦੇ ਪਿਛਲੇ ਸਮਝੌਤੇ ਰੱਦ ਕੀਤੇ।

ਦਰਿਆ ਉਸ ਰਾਜ ਦੇ ਹੁੰਦੇ ਹਨ ਜਿਥੇ ਵਗਦੇ ਹਨ। ਇਹ ਰਿਪੇਰੀਅਨ ਸਿਧਾਂਤ ਹੈ। ਦਰਿਆ ਜੇ ਸੁਖ ਦਿੰਦੇ ਹਨ ਤਾਂ ਦੁੱਖ ਵੀ ਘੱਟ ਨਹੀਂ ਦਿੰਦੇ। ਦਰਿਆਵਾਂ ਦੇ ਹੜ੍ਹ ਜਾਨ ਮਾਲ ਤੇ ਫਸਲਾਂ ਦਾ ਖੌ ਬਣਦੇ ਹਨ। ਉਪਜਾਊ ਜ਼ਮੀਨ ਦਰਿਆਵਾਂ ਨੇ ਹੀ ਦੱਬੀ ਹੁੰਦੀ ਹੈ। ਹਜ਼ਾਰਾਂ ਨਹੀਂ ਲੱਖਾਂ ਏਕੜ। ਨਹਿਰਾਂ ਨੇ ਵੱਖ। ਕੀ ਪੰਜਾਬ ਦੇ ਦਰਿਆਵਾਂ ਦਾ ਪਾਣੀ ਲੈਣ ਵਾਲੇ, ਪੰਜਾਬ ਦੀ ਦਰਿਆਈ ਜ਼ਮੀਨ, ਨਹਿਰੀ ਜ਼ਮੀਨ, ਪੰਜਾਬ ਦੇ ਦਰਿਆਵਾਂ ਉਤੇ ਪੁਲ ਬਣਾਉਣ, ਬੰਨ੍ਹ ਬੰਨ੍ਹਣ, ਕਿਨਾਰੇ ਪੱਕੇ ਕਰਨ ਤੇ ਪਾਣੀ ਸਾਫ ਰੱਖਣ ਦੇ ਖਰਚਿਆਂ ਵਿਚ ਹਿੱਸਾ ਪਾਉਂਦੇ ਹਨ? ਕਿਸੇ ਰਾਜ 'ਚੋਂ ਕੋਲਾ ਨਿਕਲਦਾ ਹੈ, ਕਿਸੇ 'ਚੋਂ ਪੱਥਰ, ਕਿਸੇ 'ਚੋਂ ਤੇਲ ਤੇ ਕਿਸੇ 'ਚੋਂ ਕੋਈ ਹੋਰ ਖਣਿਜ। ਕੋਈ ਮੁਫ਼ਤ ਨਹੀਂ ਦਿੰਦਾ, ਸਭ ਰਾਇਲਟੀ ਲੈਂਦੇ ਹਨ। ਪੰਜਾਬ ਦੇ ਪਾਣੀਆਂ ਦੀ ਰਾਇਲਟੀ ਕਿਥੇ ਹੈ? ਇਸ ਤੋਂ ਪਹਿਲਾਂ ਕਿ ਪੰਜਾਬੀ ਭੁੱਖੇ ਤਿਹਾਏ ਮਰਨ, ਰਾਜਸੀ ਮਤਭੇਦ ਭੁਲਾ ਕੇ ਸਾਰੇ ਪੰਜਾਬੀਆਂ ਨੂੰ ਪੰਜਾਬ ਦੇ ਹਿਤ ਵਿਚ ਇਕ ਮੱਤ ਹੋ ਜਾਣਾ ਚਾਹੀਦਾ ਹੈ।

ਭਾਰਤੀ ਸੰਵਿਧਾਨ ਦੇ ਸ਼ਡਿਊਲ 7, ਸੂਚੀ 2 ਦੀ ਐਂਟਰੀ 17 ਅਨੁਸਾਰ ਦਰਿਆਈ ਪਾਣੀ ਰਾਜਾਂ ਦੇ ਅਧਿਕਾਰ ਖੇਤਰ ਵਿਚ ਹਨ। ਕੇਂਦਰ ਦਾ ਦਖ਼ਲ ਅਨਉਚਿਤ ਹੈ। ਦਰਿਆਈ ਪਾਣੀ ਤੇ ਹੈੱਡ ਵਰਕਸ ਬਾਰੇ ਪੰਜਾਬ ਪੁਨਰ ਗਠਨ ਦੇ ਐਕਟ 1966 ਦੀਆਂ ਧਾਰਾਵਾਂ 78 ਤੋਂ 80 ਭਾਰਤੀ ਸੰਵਿਧਾਨ ਦੀ ਉਲੰਘਣਾ ਹਨ। ਪੰਜਾਬ ਨੂੰ ਇਸ ਮੁੱਦੇ ਉਤੇ ਮੁਕੱਦਮਾ ਲੜਨਾ ਚਾਹੀਦਾ ਹੈ। ਪੰਜਾਬ ਦੇ ਦਰਿਆਈ ਪਾਣੀ ਪੰਜਾਬੀਆਂ ਦੀ ਮਰਜ਼ੀ ਅਨੁਸਾਰ ਹੀ ਦਿੱਤੇ ਜਾ ਸਕਦੇ ਹਨ ਤੇ ਉਹ ਵੀ ਮਿਥੀ ਕੀਮਤ 'ਤੇ। ਕੇਂਦਰ ਸਰਕਾਰ ਭਾਵੇਂ ਕਾਂਗਰਸ ਦੀ ਹੋਵੇ, ਭਾਵੇਂ ਭਾਜਪਾ ਦੀ, ਸੰਵਿਧਾਨ ਅਨੁਸਾਰ ਉਸ ਦੀ ਦਖ਼ਲਅੰਦਾਜ਼ੀ ਸ਼ੋਭਾ ਨਹੀਂ ਦਿੰਦੀ।

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

# ਕੀੜੀਆਂ, ਕਾਂਵਾਂ-ਰੌਲੀ ਤੇ ਕਟਾਖਸ਼

ਕਈ ਵਾਰ ਜ਼ਿਹਨ ਵਿਚ ਜਮ੍ਹਾਂ ਹੋਈਆਂ ਸੁਣੀਆਂ-ਸੁਣਾਈਆਂ ਕਥਾ-ਕਹਾਣੀਆਂ ਜਾਂ ਘਟਨਾਵਾਂ ਦੇ ਦ੍ਰਿਸ਼, ਅੱਖਾਂ ਸਾਹਮਣੇ ਦਿਸ ਰਹੇ ਵਰਤਾਰਿਆਂ ਨਾਲ ਇਨ-ਬਿਨ ਹੀ ਮਿਲ ਜਾਂਦੇ ਹਨ। ਇਉਂ ਲੱਗਦਾ ਹੈ ਕਿ ਦਿਲ-ਦਿਮਾਗ ਵਿਚ ਦੱਬੀ ਪਈ ਗੱਲ ਅਜੋਕੇ ਮਾਹੌਲ ਵਿਚ ਦੁਹਰਾਈ ਜਾ ਰਹੀ ਹੈ, ਬਸ, ਪਾਤਰਾਂ ਦੀ ਹੀ ਅਦਲਾ-ਬਦਲੀ ਹੋਈ ਹੈ।

ਮਿਸਾਲ ਵਜੋਂ ਇਨ੍ਹੀਂ ਦਿਨੀਂ ਪੰਜਾਬ ਵਿਚ ਸਰਗਰਮ ਮੁੱਖ ਤਿੰਨ ਰਾਜਨੀਤਕ ਧਿਰਾਂ ਨੇ, ਜੋ 2017 ਦੀਆਂ ਚੋਣਾਂ ਲਈ ਕਮਰ ਕੱਸ ਰਹੀਆਂ ਹਨ। ਜਿਵੇਂ ਛਿੰਝ ਸ਼ੁਰੂ ਹੋਣ ਤੋਂ ਪਹਿਲਾਂ ਵੱਜਦੇ ਢੋਲ ਦੇ ਮੂਹਰੇ-ਮੂਹਰੇ ਮੋਟੇ-ਤਕੜੇ ਜੁੱਸਿਆਂ ਵਾਲੇ ਭਲਵਾਨ ਦਰਸ਼ਕਾਂ ਸਾਹਮਣੇ ਆਪਣਾ ਬਾਹੂ-ਬਲ ਦਿਖਾਉਂਦੇ ਹਨ, ਇਵੇਂ ਹੀ ਇਨ੍ਹਾਂ ਨੇ ਆਪੋ-ਆਪਣੀ ਨੁਮਾਇਸ਼ੀ ਦੌੜ ਲਾਈ ਹੋਈ ਹੈ। ਚੋਣਾਂ ਵਿਚ ਭਾਵੇਂ ਸਾਲ ਪਿਆ ਹੈ, ਪਰ ਸਿਆਸੀ ਧਮੱਚੜ ਇੰਜ ਪਿਆ ਹੋਇਐ, ਜਿਵੇਂ ਚੋਣਾਂ ਐਨ ਸਿਰ 'ਤੇ ਆ ਚੁੱਕੀਆਂ ਹੋਣ।

ਬਾਹਾਂ ਕੱਢ-ਕੱਢ ਕੇ ਸੱਤਾਧਾਰੀ ਬਾਦਲ ਦਲ ਅਤੇ ਭਾਜਪਾ ਲਲਕਾਰੇ ਮਾਰਦੇ ਕਹੀ ਜਾਂਦੇ ਨੇ ਕਿ ਸ਼ਾਨਦਾਰ 'ਲੀਡ' ਬਣਾਵਾਂਗੇ। ਉਹ ਕਦੇ ਕਹਿ ਦਿੰਦੇ ਨੇ ਕਿ ਪੰਜਾਬ ਵਿਚ 'ਆਪ' ਦਾ ਕੋਈ ਵਜੂਦ ਹੀ ਨਹੀਂ, ਸਾਡਾ ਮੁਕਾਬਲਾ ਕਾਂਗਰਸ ਨਾਲ ਹੋਵੇਗਾ। ਕਦੇ ਉਨ੍ਹਾਂ ਦਾ ਕੋਈ ਵੱਡਾ ਲੀਡਰ ਇੰਜ ਵੀ ਕਹਿ ਦਿੰਦਾ ਹੈ ਕਿ ਕਾਂਗਰਸ ਦਾ ਆਧਾਰ ਖਤਮ ਹੋ ਚੁੱਕਾ ਹੈ, ਆਮ ਆਦਮੀ ਪਾਰਟੀ ਨੂੰ ਅਸੀਂ ਅਸਾਨੀ ਨਾਲ ਹੀ ਧੂਲ ਚਟਾ ਦਿਆਂਗੇ, ਜੇਤੂ ਅਸੀਂ ਹੀ ਰਹਾਂਗੇ।

ਇਵੇਂ ਹੀ ਕਾਂਗਰਸੀ ਖੇਮੇ ਵਿਚੋਂ ਵੀ ਦੋ ਰੰਗੀਆਂ ਆਵਾਜ਼ਾਂ ਆਉਂਦੀਆਂ ਨੇ। ਕਦੇ ਉਹ ਆਪਣਾ ਮੁੱਖ ਮੁਕਾਬਲਾ ਬਾਦਲ ਦਲ ਤੇ ਭਾਜਪਾ ਨਾਲ ਦੱਸਦੇ ਹਨ ਅਤੇ ਕਦੀ 'ਆਪ' ਨੂੰ 'ਚਨੇ ਚਬਾਉਣ' ਦੀਆਂ ਦਹਾੜਾਂ ਮਾਰਦੇ ਹੋਏ ਆਪਣੀ ਸਰਕਾਰ 'ਵੱਟ ਉਤੇ ਪਈ' ਹੋਣ ਦਾ ਦਾਅਵਾ ਕਰਦੇ ਹਨ। ਮਤਲਬ ਕਿ ਪੰਜਾਬ ਦੇ ਅਜੋਕੇ ਸਿਆਸੀ ਘਮਸਾਣ ਵਿਚ ਉਹ ਖੁਦ ਨੂੰ ਮੋਹਰੀ ਮੰਨਦੇ ਹਨ।

ਤੀਸਰੀ ਧਿਰ ਨੱਕ ਦੀ ਸੇਧ ਤੁਰੀ ਹੋਈ, ਸ੍ਰੀ ਅਰਵਿੰਦ ਕੇਜਰੀਵਾਲ ਦੀ 'ਆਪ' ਹੈ, ਉਹ ਬਾਦਲ ਦਲ ਤੇ ਭਾਜਪਾ ਗਠਜੋੜ ਨੂੰ ਪਹਿਲੋਂ ਹੀ 'ਹਾਰ ਚੁੱਕਾ' ਮੰਨ ਕੇ ਚੱਲ ਰਹੀ ਹੈ। ਉਹ ਬੜੀ ਦ੍ਰਿੜ੍ਹਤਾ ਨਾਲ ਕਹਿ ਰਹੇ ਨੇ ਕਿ ਮੁਕਾਬਲਾ ਹੈ ਈ ਕਾਂਗਰਸ ਨਾਲ। ਸੱਤਾਧਾਰੀਆਂ ਨੂੰ ਉਹ ਕਿਸੇ ਗਿਣਤੀ ਵਿਚ ਹੀ ਨਹੀਂ ਸਮਝਦੇ। ਸ੍ਰੀ ਮੁਕਤਸਰ ਸਾਹਿਬ ਦੀ ਰਿਕਾਰਡ ਤੋੜ ਰੈਲੀ ਤੋਂ ਬਾਅਦ ਉਨ੍ਹਾਂ ਦੇ ਚਿਹਰਿਆਂ 'ਤੇ ਛਾਈ ਹੋਈ ਲਾਲੀ, ਪਹਿਲਾਂ ਨਾਲੋਂ ਵੀ ਵੱਧ 'ਚਮਕਦੀ ਭਾਅ' ਮਾਰਨ ਲੱਗ ਪਈ ਹੈ। 'ਆਪ' ਵਾਲੇ ਪਹਿਲੇ ਦੋਹਾਂ ਨਾਲੋਂ ਦੋ ਕਦਮ ਹੋਰ ਅੱਗੇ ਜਾ ਕੇ, ਆਪਣੀਆਂ 'ਜੇਤੂ ਸੀਟਾਂ' ਦੇ ਅੰਕੜੇ ਵੀ ਦੱਸ ਰਹੇ ਹਨ; ਅਖੇ, ਸੌ ਸੀਟਾਂ ਜਿੱਤ ਕੇ ਸਰਕਾਰ ਬਣਾਵਾਂਗੇ।

ਸਵੈ-ਵਿਸ਼ਵਾਸ, ਦ੍ਰਿੜ੍ਹਤਾ ਅਤੇ ਚੜ੍ਹਦੀ ਕਲਾ ਵਾਲੀ ਭਾਵਨਾ ਨਾਲ ਓਤ-ਪੋਤ ਹੋਏ 'ਆਪ' ਵਾਲੇ ਆਪਣੇ ਦੋਹਾਂ ਸ਼ਰੀਕਾਂ ਨੂੰ ਪੰਜਾਬ ਵਿਚ 'ਗਏ ਗੁਜ਼ਰੇ' ਦੱਸ ਦੇ ਆਪਣੀ ਪਾਰਟੀ ਨੂੰ ਸਭ ਤੋਂ ਮੂਹਰੇ ਜਾ ਰਹੀ ਪ੍ਰਚਾਰਦੇ ਨੇ।

ਇਨ੍ਹਾਂ ਤਿੰਨਾਂ ਧਿਰਾਂ ਦੇ ਦਾਅਵੇ, ਪ੍ਰਤੀ-ਦਾਅਵੇ, ਪੜ੍ਹਦਿਆਂ-ਸੁਣਦਿਆਂ ਮੈਨੂੰ ਮਿਡਲ ਸਕੂਲ ਸ਼ੇਖਪੁਰ ਬਾਗ ਵਿਚ ਪੜ੍ਹਨ ਵੇਲੇ ਦਾ ਚੁਟਕਲਾ ਯਾਦ ਆ ਗਿਆ। ਸ਼ਨਿਚਰਵਾਰ ਦੀ ਬਾਲ ਸਭਾ ਵਿਚ ਸਾਨੂੰ ਇਹ ਰਾਹੋਂ ਵਾਲੇ ਮਾਸਟਰ ਸ੍ਰੀ ਯਸ਼ਪਾਲ ਪਾਠਕ ਨੇ ਸੁਣਾਇਆ ਸੀ।

ਕਹਿੰਦੇ, ਇਕ ਅਧਿਆਪਕ ਸਕੂਲ ਵਿਚ ਨਵਾਂ-ਨਵਾਂ ਗਿਆ। ਪਹਿਲੇ ਦਿਨ ਉਹ ਖੁਦ ਨੂੰ 'ਅਲਾਟ' ਹੋਈ ਕਲਾਸ ਵਿਚ ਗਿਆ ਤੇ ਉਸ ਨੇ ਬੱਚਿਆਂ ਦਾ ਗਿਆਨ ਪੱਧਰ ਪਰਖਣਾ ਚਾਹਿਆ। ਉਸ ਨੇ ਬੱਚਿਆਂ ਨੂੰ ਕਈ ਤਰ੍ਹਾਂ ਦੇ ਸਵਾਲ ਪੁੱਛੇ। ਜਦ ਉਸ ਨੇ ਸਵਾਲ-ਜਵਾਬ ਬੰਦ ਕੀਤੇ ਤਾਂ ਕਲਾਸ ਦਾ ਸ਼ਰਾਰਤੀ ਜਿਹਾ ਮੁੰਡਾ ਉਠ ਕੇ ਕਹਿੰਦਾ, ਮਾਸਟਰ ਜੀ, ਜਿਵੇਂ ਤੁਸੀਂ ਸਾਨੂੰ ਕਈ ਸਵਾਲ ਪੁੱਛੇ ਹਨ, ਕੀ ਮੈਂ ਵੀ ਆਪ ਜੀ ਨੂੰ ਇਕ ਸਵਾਲ ਪੁੱਛ ਸਕਦਾ ਹਾਂ?

ਮਾਸਟਰ ਨੇ ਸੋਚਿਆ ਕਿ ਇਹ ਸਕੂਲੀ ਪਾੜ੍ਹਾ ਛੋਕਰਾ ਮੈਥੋਂ ਕਿਹੜਾ ਅੱਲੋਕਾਰਾ ਸਵਾਲ ਪੁੱਛ ਲਵੇਗਾ। ਉਸ ਨੇ ਬੜੇ ਭਰੋਸੇ ਨਾਲ ਕਿਹਾ, ਹਾਂ ਬੇਟਾ, ਬੇਝਿਜਕ ਹੋ ਕੇ ਪੁੱਛੋ।

"ਮਾਸਟਰ ਜੀ ਗੱਲ ਏਦਾਂ ਐ ਜੀ...!" ਮੁੰਡੇ ਨੇ ਸਵਾਲ ਪਾਇਆ, "ਧਰਤੀ 'ਤੇ ਤਿੰਨ ਕੀੜੀਆਂ ਤੁਰੀਆਂ ਜਾ ਰਹੀਆਂ ਸਨ। ਇਕ ਸਭ ਤੋਂ ਮੂਹਰੇ, ਦੂਸਰੀ ਵਿਚਕਾਰ ਅਤੇ ਤੀਜੀ ਸਭ ਤੋਂ ਪਿੱਛੇ।...ਮੂਹਰੇ ਤੁਰੀ ਜਾਂਦੀ ਕੀੜੀ ਕਹਿੰਦੀ ਕਿ ਮੇਰੇ ਪਿੱਛੇ ਦੋ ਕੀੜੀਆਂ ਹੋਰ ਤੁਰੀਆਂ ਆ ਰਹੀਆਂ ਨੇ। ਵਿਚਕਾਰ ਵਾਲੀ ਕਹਿੰਦੀ ਕਿ ਮੇਰੇ ਪਿੱਛੇ ਹਨ ਦੋ ਕੀੜੀਆਂ। ਦੋਹਾਂ ਦੇ ਦਾਅਵੇ ਸੁਣ ਕੇ ਤੀਸਰੀ ਵੀ ਇਹੀ ਬੋਲੀ, ਅਖੇ, ਸਭ ਤੋਂ ਮੂਹਰੇ ਤਾਂ ਮੈਂ ਹਾਂ, ਮੇਰੇ ਪਿੱਛੇ ਨੇ ਦੋ ਕੀੜੀਆਂ!...ਕੀੜੀਆਂ ਦੇ ਇਸ ਰੌਲੇ ਦਾ ਕੀ ਜਵਾਬ ਦਿਉਗੇ ਮਾਸਟਰ ਜੀ?"

ਸ਼ਸ਼ੋਪੰਜ ਵਿਚ ਪਏ ਮਾਸਟਰ ਨੇ ਕਈ ਤਰ੍ਹਾਂ ਦੇ ਜਵਾਬ ਦਿੱਤੇ। ਕਦੇ ਉਹ ਕਹੇ ਕਿ ਹੋ ਸਕਦਾ ਐ ਕਿ ਤਿੰਨ ਦੇ ਪਿੱਛੇ ਦੋ ਬਹੁਤ ਬਰੀਕ ਕੀੜੀਆਂ ਤੁਰੀਆਂ ਆਉਂਦੀਆਂ ਹੋਣਗੀਆਂ। ਕਦੇ ਕੁਝ ਪਲ ਸੋਚ ਕੇ ਕਹੇ ਕਿ ਗਭਲੀ ਤੇ ਸਭ ਤੋਂ ਪਿਛਲੀ ਕੀੜੀ ਕਿਸੇ-ਕਿਸੇ ਵੇਲੇ ਭੱਜ ਕੇ ਮੂਹਰੇ ਹੋ ਜਾਂਦੀਆਂ ਹੋਣਗੀਆਂ। ਕਦੇ ਇਹ ਕਹੇ ਕਿ ਬੇਟਾ, ਹੋ ਸਕਦੈ ਮੂਹਰਲੀ ਕੀੜੀ ਨੂੰ ਛੱਡ ਕੇ, ਪਿਛਲੀਆਂ ਦੋਵੇਂ ਅੰਨ੍ਹੀਆਂ ਹੋਣ? ਇਸ ਕਾਰਨ ਉਨ੍ਹਾਂ ਨੂੰ ਭੁਲੇਖਾ ਲੱਗ ਰਿਹਾ ਹੋਵੇ; ਪਰ ਚਲਾਕ ਮੁੰਡਾ, ਮਾਸਟਰ ਦਾ ਹਰ ਜਵਾਬ ਸੁਣ ਕੇ 'ਨਾਂਹ' ਵਿਚ ਸਿਰ ਘੁਮਾਈ ਗਿਆ।

ਵਿਚਾਰੇ ਮਾਸਟਰ ਨੇ ਆਪਣੀ ਇੱਜ਼ਤ ਬਚਾਉਣ ਲਈ ਬੜੇ 'ਲੱਲੇ-ਭੱਬੇ' ਲਾਏ, ਪਰ ਉਹ ਸਹੀ ਜਵਾਬ ਨਾ ਦੇ ਸਕਿਆ। ਆਖਰ ਉਹ ਮੁੰਡੇ ਨੂੰ ਬਹਾਨੇ ਨਾਲ ਦਫਤਰ ਵਿਚ ਲੈ ਗਿਆ। ਉਸ ਨੂੰ ਦਸਾਂ ਦਾ ਨੋਟ ਫੜਾਉਂਦਿਆਂ ਕਹਿੰਦਾ, ਬੇਟਾ, ਆਹ ਲੈ ਤੇਰਾ ਇਨਾਮ!...ਕੁਝ ਖਾ-ਪੀ ਲਵੀਂ!! ਇਕ ਤਾਂ ਮੈਨੂੰ ਆਪਣੇ ਸਵਾਲ ਦਾ ਉਤਰ ਦੱਸ ਦੇ, ਤੇ ਦੂਜਾ ਕਲਾਸ ਵਿਚ ਜਾ ਕੇ ਕਹਿ ਦੇਵੀਂ ਕਿ ਮਾਸਟਰ ਜੀ ਨੇ ਸਵਾਲ ਬੁੱਝ ਹੀ ਲਿਆ ਦਫਤਰ ਜਾ ਕੇ!!!

ਭੋਲਾ ਜਿਹਾ ਮੂੰਹ ਬਣਾ ਕੇ ਮੁੰਡਾ ਬੋਲਿਆ, "ਮਾਸਟਰ ਜੀ, ਗੱਲ ਤਾਂ ਸਿਰਫ ਇਨੀ ਐਂ ਕਿ ਵਿਚਕਾਰ ਵਾਲੀ ਕੀੜੀ ਅਤੇ ਅਖੀਰ ਵਾਲੀ ਦੋਵੇਂ ਹੀ ਝੂਠ ਬੋਲਦੀਆਂ ਸਨ।"

ਪੰਜਾਬ ਦੇ ਵਰਤਮਾਨ ਸਿਆਸੀ ਪ੍ਰਚਾਰ-ਪਿੜ ਅਤੇ ਇਸ ਲਤੀਫੇ ਦਾ ਫਰਕ ਸਿਰਫ ਇਨਾ ਕੁ ਹੈ ਕਿ ਸਵਾਲ ਕਰਤਾ ਮੁੰਡੇ ਨੇ ਘੜੀ-ਘੰਟੇ ਵਿਚ ਹੀ ਦੋਹਾਂ ਕੀੜੀਆਂ ਦਾ ਝੂਠ ਨੰਗਾ ਕਰ ਦਿੱਤਾ, ਪਰ ਪੰਜਾਬ ਦੀ ਜਨਤਾ ਨੂੰ ਹਾਲੇ ਸਾਲ ਭਰ 'ਕੀੜੀਆਂ' ਦੀ ਕਾਂਵਾਂ-ਰੌਲੀ ਸੁਣਨੀ ਪੈਣੀ ਹੈ। ਉਂਜ ਜੇ ਨਿਰਪੱਖ ਜਿਹੇ ਭਰੋਸੇਯੋਗ ਸੂਤਰਾਂ ਦੀਆਂ ਕਨਸੋਆਂ ਸੁਣੀਏ ਤਾਂ ਕਹਿੰਦੇ, ਪੰਜਾਬ ਦੇ ਲੋਕ ਮਨ ਬਣਾਈ ਬੈਠੇ ਨੇ ਕਿ ਐਤਕੀਂ ਤਿੰਨਾਂ ਵਿਚੋਂ ਕਿਸ ਕੀੜੀ ਦੇ ਦਾਅਵਿਆਂ ਨੂੰ 'ਸੱਚੇ' ਬਣਾਉਣਾ ਹੈ ਅਤੇ ਕਿਹੜੀਆਂ ਦੋਹਾਂ ਦੇ ਦਮਗਜਿਆਂ ਨੂੰ 'ਗਪੌੜ' ਬਣਾ ਦੇਣਾ ਹੈ।

ਬਜਾ (ਠੀਕ) ਕਹੇ ਜਿਸੇ ਆਲਮ
ਉਸੇ ਬਜਾ ਸਮਝੋ,
ਜ਼ਬਾਨੇ-ਖ਼ਲਕ ਕੋ
ਨੱਕਾਰਾ-ਏ-ਖ਼ੁਦਾ ਸਮਝੋ। (ਜ਼ੌਕ)

---

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

# ਤੁਰੋਗੇ ਤਾਂ ਬਣਨਗੇ ਰਸਤੇ ਹਜ਼ਾਰ...

ਕਈ ਦਿਨਾਂ ਤੋਂ ਸੂਬੇਦਾਰ ਰਤਨ ਸਿੰਘ ਦੇ ਘਰ ਕਾਟੋ-ਕਲੇਸ਼ ਪਿਆ ਹੋਇਆ ਸੀ। ਰਾਹਗੀਰ ਕੰਧ ਨਾਲ ਕੰਨ ਲਾ ਕੇ ਲੜਾਈ ਦੇ ਭੇਤ ਜਾਣਨ ਲਈ ਤਰਲੋਮੱਛੀ ਸਨ, ਪਰ ਕਿਸੇ ਦੇ ਚੁੰਬਕੀ ਕੰਨ ਨੇ ਕੁਝ ਨਾ ਫੜਿਆ। ਪਰਜਾਪਤ ਬਿੱਲੂ ਨੇ ਬਾਹਰ ਆ ਕੇ ਦੱਸਿਆ ਸੀ, ਜੋ ਸੂਬੇਦਾਰ ਦੇ ਘਰ ਕਿਸੇ ਦੇ ਵਿਆਹ ਦਾ ਕਾਰਡ ਦੇਣ ਗਿਆ ਸੀ।

ਅੰਦਰ ਸੂਬੇਦਾਰ ਦੀਆਂ ਤਿੰਨੇ ਧੀਆਂ ਤੇ ਪੁੱਤ ਦਿਲਬਾਗ ਆਪੋ ਵਿਚ ਬਹਿਸ ਕਰ ਰਹੇ ਸਨ, ਮੰਨ-ਮਨਾਉਤੀ ਹੋ ਰਹੀ ਸੀ। ਸੂਬੇਦਾਰ ਦੇ ਪੋਤੇ ਰਘਵੀਰ ਦੇ ਵਿਆਹ ਦਾ ਮਸਲਾ ਭਖਿਆ ਹੋਇਆ ਸੀ।

"ਵੀਰੇ! ਦੇਖ ਤੇਰਾ 'ਕੱਲਾ ਜਵਾਕ ਆ, ਲੋਕਾਂ ਦਾ ਕੁਝ ਨਹੀਂ ਜਾਣਾ। ਸਮਾਜ ਗੱਲਾਂ ਕਰਨਾ ਹੀ ਜਾਣਦਾ ਹੈ। ਜੇ ਮੁੰਡੇ ਨੇ ਕੁਝ ਕਰ ਲਿਆ, ਫਿਰ ਕੀ ਕਰਲਾਂ'ਗੇ ਆਪਾਂ? ਅਜੇ ਵੀ ਸਿਆਣਾ ਬਣ, ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ।" ਪਾਲੋ ਦਾ ਆਖਣਾ ਸੀ।

"ਭੈਣ ਮੇਰੀਏ! ਮੇਰੇ ਵੀ ਕਈ ਅਰਮਾਨ ਨੇ, ਜੋ ਮੈਂ ਆਪਣੇ ਪੁੱਤ ਦੇ ਵਿਆਹ ਨਾਲ ਪੂਰੇ ਕਰਨੇ ਆ। ਮੈਂ ਕਿਵੇਂ ਹਿੰਦੂਆਂ ਦੇ ਬੂਹੇ ਜੰਞ ਲੈ ਜਾਵਾਂ। ਸ਼ਰੀਕਾ-ਕਬੀਲਾ ਕੀ ਕਹੂਗਾ ਕਿ ਸਿੱਖਾਂ ਦੇ ਘਰ ਧੀਆਂ ਨਹੀਂ। ਉਲਟੀ ਗੰਗਾ ਪਹੋਵੇ ਨੂੰ! ਮੈਂ ਇਸ ਦਾ ਵਿਆਹ ਉਥੇ ਨਹੀਂ ਹੋਣ ਦੇਣਾ।" ਦਿਲਬਾਗ ਗੁੱਸੇ ਨਾਲ ਬੋਲਿਆ।

"ਵੀਰੇ! ਮੁੰਡਾ ਕਹਿੰਦਾ, ਉਨਾ ਚਿਰ ਘਰ ਨਹੀਂ ਆਉਣਾ, ਜਿੰਨਾ ਚਿਰ ਡੈਡੀ ਵਿਆਹ ਲਈ 'ਹਾਂ' ਨਹੀਂ ਕਰਦਾ। ਜੇ ਮੁੰਡਾ, ਕੁੜੀ ਨੂੰ ਭਜਾ ਕੇ ਲੈ ਗਿਆ ਤਾਂ ਲੋਕਾਂ ਨੇ ਕਹਿਣਾ ਕਿ ਆਹ ਸਿੱਖਾਂ ਦੇ ਮੁੰਡਿਆਂ ਨੂੰ ਕੀ ਹੋ ਗਿਆ। ਪਹਿਲਾਂ ਤਾਂ ਹਿੰਦੂਆਂ ਦੀਆਂ ਧੀਆਂ-ਭੈਣਾਂ ਮੁਗਲਾਂ ਦੇ ਪੰਜੇ ਤੋਂ ਛੁਡਾ ਕੇ ਸਹੀ-ਸਲਾਮਤ ਉਸ ਦੇ ਘਰ ਪਹੁੰਚਾਉਂਦੇ ਸੀ, ਹੁਣ ਆਪ ਹੀ ਚੁੱਕ ਕੇ ਲਿਜਾਣ ਲੱਗ ਪਏ। ਫਿਰ ਵੀ ਤਾਂ ਲੋਕ ਕਹਿਣਗੇ ਕਿ ਵਾਹ ਬਈ! ਸੂਬੇਦਾਰ ਰਤਨ ਸਿੰਘ ਦਾ ਪੋਤਾ ਹੁਣ ਲੋਕਾਂ ਦੀਆਂ ਧੀਆਂ ਵੀ ਭਜਾਉਣ ਲੱਗ ਪਿਆ, ਜਿਹੜੇ ਰਤਨ ਸਿੰਘ ਨੇ ਕਿੰਨੀਆਂ ਧੀਆਂ ਦੇ ਟੁੱਟਦੇ ਘਰ ਬਚਾਏ ਸਨ। ਲੋਕਾਂ ਦੇ ਮੂੰਹਾਂ ਵੱਲ ਦੇਖ ਕੇ ਘਰ ਨਾ ਉਜਾੜੋ। ਗੁਰਬਾਣੀ ਤਾਂ ਕਹਿੰਦੀ ਹੈ, ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ।" ਬੀਬੋ ਨੇ ਕਿਹਾ।

ਦਿਲਬਾਗ ਕੁਝ ਬੋਲਦਾ, ਉਸ ਤੋਂ ਪਹਿਲਾਂ ਸੂਬੇਦਾਰ ਰਤਨ ਸਿੰਘ ਨੇ ਕਿਹਾ, "ਪਾਲੋ! ਤੂੰ ਰਘਵੀਰ ਨੂੰ ਘਰ ਸੱਦ ਲੈ। ਲਾਲਿਆਂ ਨੂੰ ਸੁਨੇਹਾ ਘੱਲ ਦੇ, ਆਪਾਂ ਬਹਿ ਕੇ ਗੱਲ ਕਰ ਲੈਂਦੇ ਹਾਂ।"

ਰਘਵੀਰ ਆਪਣੀ ਵੱਡੀ ਭੂਆ ਪਾਲੋ ਕੋਲ ਠਹਿਰਿਆ ਹੋਇਆ ਸੀ। ਛੋਟੇ ਹੁੰਦੇ ਹੋਏ ਰਘਵੀਰ ਪਾਲੋ ਭੂਆ ਕੋਲ ਹੀ ਜਾਂਦਾ ਸੀ। ਭੂਆ ਦੇ ਘਰ ਕੋਲ ਹੀ ਲਾਲਿਆਂ ਦੀ ਹੱਟੀ ਸੀ। ਬਚਪਨ ਵਿਚ ਹੀ ਰਘਵੀਰ ਦਾ ਦਿਲ ਲਾਲਿਆਂ ਦੀ ਇਕਲੌਤੀ ਧੀ ਸੁਮਨ ਨਾਲ ਵਟ ਗਿਆ। ਬਚਪਨ ਦੀ ਸਾਂਝ ਉਨ੍ਹਾਂ ਨੂੰ ਵਿਆਹ ਤੱਕ ਲੈ ਆਈ। ਸੁਮਨ ਨੇ ਰਘਵੀਰ ਲਈ ਆਪਣੇ ਮਾਪਿਆਂ ਤੋਂ ਮਨਜ਼ੂਰੀ ਲੈ ਲਈ ਸੀ। ਉਹ ਤਾਂ ਮੰਨ ਗਏ, ਪਰ ਇਧਰ ਦਿਲਬਾਗ ਸਿੰਘ ਪਰਾਂ 'ਤੇ ਪਾਣੀ ਨਹੀਂ ਸੀ ਪੈਣ ਦੇ ਰਿਹਾ।

ਦਿਲਬਾਗ ਸਿੰਘ ਰਘਵੀਰ ਦਾ ਵਿਆਹ ਵੱਡੇ ਘਰ ਕਰਨਾ ਚਾਹੁੰਦਾ ਸੀ ਜਿਥੋਂ ਉਸ ਨੂੰ ਚੰਗਾ-ਚੋਖਾ ਦਾਜ ਮਿਲੇ। ਉਸ ਕੋਲ ਪਹਿਲਾਂ ਹੀ ਪਰਮਾਤਮਾ ਦਾ ਦਿੱਤਾ ਬਹੁਤ ਕੁਝ ਸੀ, ਪਰ ਅਜੇ ਉਸ ਲਾਲਚ ਨਹੀਂ ਤਿਆਗਿਆ ਸੀ। ਸਾਰਾ ਪਰਿਵਾਰ ਇਕ ਪਾਸੇ ਹੋ ਗਿਆ ਤੇ ਦਿਲਬਾਗ ਇਕੱਲਾ ਰਹਿ ਗਿਆ। ਗੱਲ ਵਸੋਂ ਬਾਹਰ ਹੋ ਗਈ ਤਾਂ ਬੋਲਿਆ, "ਮੈਨੂੰ ਗੋਲੀ ਮਾਰ ਦਿਓ, ਫਿਰ ਕਰ ਲਿਓ ਜੋ ਕੁਝ ਕਰਨਾ।"

"ਵੀਰ! ਪਾਗਲ ਨਾ ਹੋ, ਸਿਆਣਾ ਬਣ। ਆਪਾਂ ਇਸ ਕਾਰਜ ਨੂੰ ਸਾਰਿਆਂ ਦੀ ਸਹਿਮਤੀ ਨਾਲ ਨੇਪਰੇ ਚਾੜ੍ਹੀਏ।" ਸਭ ਤੋਂ ਛੋਟੀ ਦਲੀਪੋ ਬੋਲੀ।

ਦਿਲਬਾਗ ਦੀ ਨਾ 'ਹਾਂ' ਹੋਈ ਤੇ ਨਾ 'ਨਾਂਹ', ਬੱਸ ਭੈਣਾਂ ਨੇ ਜੈਕਾਰਾ ਛੱਡ ਦਿੱਤਾ। ਲਾਲਿਆਂ ਨੂੰ ਸੱਦਾ ਦੇ ਦਿੱਤਾ, ਉਹ ਪੰਜ ਬੰਦੇ ਲੈ ਕੇ ਆ ਗਏ।

"ਸਰਦਾਰ ਜੀ! ਮੇਰੀ ਧੀ ਲਈ ਮੁੰਡਿਆਂ ਦੀ ਘਾਟ ਨਹੀਂ, ਪਰ ਸਾਨੂੰ ਆਪਣੀ ਧੀ 'ਤੇ ਮਾਣ ਹੈ ਜਿਸ ਨੇ ਆਪਣਾ ਜੀਵਨ ਸਾਥੀ ਸਿੱਖਾਂ ਦਾ ਮੁੰਡਾ ਲੱਭਿਆ। ਉਹ ਸਰਦਾਰ ਮੁੰਡਾ ਪਸੰਦ ਕਰਦੀ ਹੈ। ਮੁਆਫ ਕਰਨਾ, ਤੁਹਾਡੀਆਂ ਧੀਆਂ ਤਾਂ ਅੱਜ ਕੱਲ੍ਹ ਸਰਦਾਰ ਮੁੰਡੇ ਨੂੰ ਪਸੰਦ ਨਹੀਂ ਕਰਦੀਆਂ। ਹਰ ਸਿੱਖ ਧੀ ਦੀ ਮੰਗ ਹੈ ਕਿ ਮੁੰਡਾ ਕਲੀਨ ਸ਼ੇਵ ਹੋਵੇ। ਉਨਾ ਤੁਸੀਂ ਸਿੱਖ ਇਤਿਹਾਸ ਨਹੀਂ ਪੜ੍ਹਿਆ ਹੋਣਾ, ਜਿੰਨਾ ਮੇਰੀ ਧੀ ਨੇ ਪੜ੍ਹਿਆ ਹੈ। ਬੱਚਿਆਂ ਦੇ ਸਿਰ 'ਤੇ ਹੱਥ ਰੱਖ ਕੇ ਅਸ਼ੀਰਵਾਦ ਦੇਵੋ। ਬਾਕੀ ਜੋ ਤੁਹਾਡੀ ਮੰਗ ਹੈ, ਦੱਸ ਦੇਵੋ। ਮੇਰੇ ਕੋਲ ਇਸ ਸਮੇਂ ਸੱਤ ਕਰੋੜ ਦੀ ਪ੍ਰਾਪਰਟੀ ਹੈ ਜੋ ਮੇਰੇ ਮਰਨ ਤੋਂ ਬਾਅਦ ਸੁਮਨ ਦੀ ਹੈ।" ਸੁਮਨ ਦਾ ਪਿਤਾ ਖੇਮ ਰਾਜ ਬੋਲਿਆ ਸੀ।

ਸੱਤ ਕਰੋੜ ਦੀ ਪ੍ਰਾਪਰਟੀ ਵਾਲੀ ਗੱਲ ਸੁਣ ਕੇ ਦਿਲਬਾਗ ਅੱਖਾਂ ਵਿਚ ਹੱਸਿਆ। ਬੋਲਿਆ, "ਲਾਲਾ ਜੀ! ਸਾਨੂੰ ਪ੍ਰਾਪਰਟੀ ਦਾ ਲਾਲਚ ਨਹੀਂ, ਰਘਵੀਰ ਵੀ ਇਕੱਲਾ ਇੱਕੀ ਕਿੱਲਿਆਂ ਦਾ ਮਾਲਕ ਹੈ। ਮੈਂ ਲੋਕਾਂ ਦੇ ਮੂੰਹੋਂ ਕੁਝ ਨਹੀਂ ਸੁਣਨਾ ਚਾਹੁੰਦਾ। ਅਸੀਂ ਖਾਨਦਾਨੀ ਦੇਸ਼ ਭਗਤ ਹਾਂ। ਸਾਡੀਆਂ ਕੰਧਾਂ ਤੇ ਅਲਮਾਰੀਆਂ ਮੈਡਲਾਂ ਨਾਲ ਭਰੀਆਂ ਪਈਆਂ।"

"ਸਰਦਾਰ ਜੀ! ਅਸੀਂ ਵੀ ਕੋਈ ਦੇਸ਼ ਧ੍ਰੋਹੀ ਨਹੀਂ ਹਾਂ। ਤੁਹਾਡੇ ਚੰਗੇ ਖਾਨਦਾਨ ਨੂੰ ਦੇਖਦਿਆਂ ਹੀ ਅਸੀਂ ਸੁਮਨ ਨੂੰ 'ਹਾਂ' ਕੀਤੀ ਹੈ। ਤੁਸੀਂ ਸਾਡੇ ਬਾਰੇ ਸਭ ਕੁਝ ਜਾਣਦੇ ਹੋ। ਪਾਲੋ ਭੈਣ ਜੀ ਨੇ ਤੁਹਾਨੂੰ ਸਭ ਕੁਝ ਦੱਸ ਦਿੱਤਾ ਹੈ। ਤੁਸੀਂ ਮੂੰਹ ਮਿੱਠਾ ਕਰੋ ਤੇ ਵਿਆਹ ਦੇ ਦਿਨ ਪੱਕੇ ਕਰੋ। ਆਪਾਂ ਬੱਚਿਆਂ ਨੂੰ ਅਸ਼ੀਰਵਾਦ ਦੇ ਕੇ ਉਨ੍ਹਾਂ ਨੂੰ ਨਵੀਂ ਜ਼ਿੰਦਗੀ ਸ਼ੁਰੂ ਕਰਨ ਦੀ ਆਗਿਆ ਦੇਈਏ।" ਖੇਮ ਰਾਜ ਨੇ ਗੱਲ ਸਿਰੇ ਲਾਉਂਦਿਆਂ ਕਿਹਾ।

ਲੱਡੂਆਂ ਨਾਲ ਮੂੰਹ ਮਿੱਠਾ ਹੋਇਆ ਤੇ ਖੁਸ਼ੀਆਂ ਦੇ ਜੈਕਾਰੇ ਲੱਗ ਗਏ। ਦਿਲਬਾਗ ਮੁੰਡੇ ਦੀ ਖੁਸ਼ੀ ਜਾਂ ਪ੍ਰਾਪਰਟੀ ਦੀ ਖੁਸ਼ੀ ਵਿਚ ਸਮਝੋ, ਮੰਨ ਗਿਆ।

ਬੜੇ ਸਾਦੇ ਢੰਗ ਨਾਲ ਮੰਗਣੀ ਦੀ ਰਸਮ ਹੋ ਗਈ। ਰਘਵੀਰ ਤੇ ਸੁਮਨ ਖੁਸ਼ ਸਨ। ਪਾਲੋ ਹੋਰਾਂ ਵੀ ਭਰਾ ਦਾ ਉਜੜਨ ਲੱਗਿਆ ਘਰ ਬਚਾ ਕੇ ਪਿਉ ਦੀ ਦਹਿਲੀਜ਼ ਵਧਾਈ ਸੀ। ਉਹ ਵੀ ਚਾਈਂ-ਚਾਈਂ ਆਪਣੇ ਘਰ ਨੂੰ ਗਈਆਂ ਸਨ।

ਸਾਰਿਆਂ ਦੀ ਰਾਏ ਮੁਤਾਬਕ ਜਨਵਰੀ ਦੇ ਪਹਿਲੇ ਹਫ਼ਤੇ ਦਾ ਵਿਆਹ ਪੱਕਾ ਕਰ ਦਿੱਤਾ, ਪਰ ਜਦੋਂ ਸੁਮਨ ਨੂੰ ਤਰੀਕ ਦੀ ਖਬਰ ਮਿਲੀ ਤਾਂ ਉਸ ਨੇ ਜਵਾਬ ਦੇ ਦਿੱਤਾ ਕਿ ਉਹ ਇਨ੍ਹਾਂ ਦਿਨਾਂ ਵਿਚ ਸ਼ਗਨਾਂ ਦਾ ਚੂੜਾ ਨਹੀਂ ਪਾ ਸਕਦੀ। ਪੁੱਛਿਆ ਤਾਂ ਜਵਾਬ ਮਿਲਿਆ ਕਿ ਇਨ੍ਹਾਂ ਦਿਨਾਂ ਵਿਚ ਦਸਮੇਸ਼ ਪਿਤਾ ਦਾ ਸਾਰਾ ਪਰਿਵਾਰ ਸ਼ਹੀਦ ਹੋ ਗਿਆ ਸੀ, ਤਾਂ ਹੀ ਲੋਕ ਇਨ੍ਹਾਂ ਦਿਨਾਂ ਵਿਚ ਵਿਆਹ-ਸ਼ਾਦੀਆਂ ਨਹੀਂ ਸਨ ਕਰਦੇ। ਬਾਕੀਆਂ ਮਹੀਨਿਆਂ ਵਾਂਗ ਪੋਹ ਵੀ ਇਕ ਮਹੀਨਾ ਹੀ ਹੈ, ਪਰ ਇਸ ਮਹੀਨੇ ਅਸੀਂ ਬਹੁਤ ਕੁਝ ਗੁਆਇਆ ਹੈ। ਇਹ ਮਹੀਨਾ ਉਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਸਾਦਗੀ ਨਾਲ ਲੰਘਾਉਣਾ ਚਾਹੀਦਾ ਹੈ, ਖੁਸ਼ੀਆਂ ਦੇ ਢੋਲ ਕੁੱਟ ਕੇ ਨਹੀਂ।

ਸੁਮਨ ਦੇ ਕਹਿਣ 'ਤੇ ਰਘਵੀਰ ਨੇ ਸਾਰੇ ਮੈਰਿਜ ਪੈਲੇਸ ਵਾਲਿਆਂ ਨੂੰ ਜਨਵਰੀ ਦੀ ਬੁਕਿੰਗ ਬਾਰੇ ਪੁੱਛਿਆ। ਸਭ ਨੇ ਕਿਹਾ ਕਿ ਪੈਲੇਸ ਸਿੱਖਾਂ ਦੇ ਮੁੰਡੇ-ਕੁੜੀਆਂ ਦੇ ਵਿਆਹਾਂ ਲਈ ਬੁੱਕ ਹਨ। ਸਿਰਫ ਇਕ ਹੀ ਪੈਲੇਸ ਹਿੰਦੂ ਕੁੜੀ ਦੇ ਵਿਆਹ ਲਈ ਬੁੱਕ ਸੀ। ਸੁਮਨ ਨੇ ਦਿਲਬਾਗ ਸਿੰਘ ਨੂੰ ਕਿਹਾ ਸੀ, "ਡੈਡੀ ਜੀ! ਕਿਹੜੇ ਸਿੱਖ ਧਰਮ ਦੀ ਗੱਲ ਕਰਦੇ ਹੋ? ਉਹ ਸਿੱਖ ਧਰਮ ਜਿਹੜਾ ਜਨਵਰੀ ਦਾ ਕੀ, ਸਾਰਾ ਸਾਲ ਮੈਰਿਜ ਪੈਲੇਸਾਂ ਵਿਚ ਜਾਨਵਰਾਂ ਦੇ ਹੱਡ ਚੂਸਦਾ ਹੈ ਤੇ ਲਾਹਣ ਪੀਂਦਾ ਹੈ। ਆਪਣੀਆਂ ਹੀ ਧੀਆਂ-ਭੈਣਾਂ ਨੂੰ ਸਟੇਜਾਂ 'ਤੇ ਚਾੜ੍ਹ ਕੇ ਨਚਾਉਂਦਾ ਹੈ। ਪੋਚਵੀਂ ਪੱਗ ਵਾਲਾ ਬਾਬਾ ਹੱਥ ਵਿਚ ਪੈਗ ਫੜ ਕੇ ਲਲਕਾਰੇ ਮਾਰਦਾ ਹੈ। ਜਾਇਜ਼-ਨਾਜਾਇਜ਼ ਅਸਲੇ ਵਿਚੋਂ ਗੋਲੀ ਨਿਕਲਦੀ ਹੈ ਤੇ ਕਿਸੇ ਬੇਕਸੂਰ ਦਾ ਸੀਨਾ ਪਾੜ ਜਾਂਦੀ ਹੈ। ਦੋ-ਤਿੰਨ ਘੰਟਿਆਂ ਦੀ ਬਣਾਉਟੀ ਖੁਸ਼ੀ ਵਿਚ ਪੈਸਾ ਪਾਣੀ ਵਾਂਗ ਵਹਾ ਦਿੱਤਾ ਜਾਂਦਾ ਹੈ। ਇਹੀ ਪੈਸਾ ਕਿਸੇ ਲੋੜਵੰਦ ਨੂੰ ਦਿੱਤਾ ਜਾਵੇ, ਤਾਂ ਤੁਸੀਂ ਸਾਰੀ ਉਮਰ ਲਈ ਅਮੀਰੀ ਖੱਟੋਗੇ। ਇਕ ਦਿਨ ਦੀ ਟੌਹਰ ਬਣਾਉਣ ਨਾਲੋਂ ਉਮਰ ਭਰ ਦੀ ਟੌਹਰ ਬਣਾਓ।"

ਸੁਮਨ ਦੀਆਂ ਗੱਲਾਂ ਸੁਣ ਕੇ ਦਿਲਬਾਗ ਜਿਵੇਂ ਸੁੰਨ ਹੋ ਗਿਆ ਹੋਵੇ। ਜਦੋਂ ਉਸ ਦੀ ਚੁੱਪ ਟੁੱਟੀ ਤਾਂ ਬੋਲਿਆ, "ਧੀਏ! ਤੇਰੇ ਵਰਗੀਆਂ ਧੀਆਂ ਘਰ-ਘਰ ਜੰਮਣ।"

"ਡੈਡੀ ਜੀ! ਫਿਰ ਸਾਡੇ 'ਤੇ ਭਰੋਸਾ ਰੱਖੋ। ਮੈਂ ਤੇ ਰਘਵੀਰ ਜੋ ਕਰਾਂਗੇ, ਉਸ ਵਿਚ ਤੁਹਾਡੀ ਇੱਜ਼ਤ ਨੂੰ ਚਾਰ ਚੰਨ ਲੱਗਣਗੇ। ਲੋਕ ਕਹਿਣਗੇ ਕਿ ਇਸ ਤਰ੍ਹਾਂ ਦੇ ਵਿਆਹ ਹੋਣ ਲੱਗ ਜਾਣ ਤਾਂ ਕੋਈ ਪਿਤਾ ਧੀ ਦੇ ਦਾਜ ਦੁੱਖੋਂ ਖ਼ੁਦਕੁਸ਼ੀ ਨਾ ਕਰੇ।" ਸੁਮਨ ਨੇ ਕਿਹਾ।

ਦਿਲਬਾਗ ਕੁੜੀ ਦੀਆਂ ਗੱਲਾਂ ਸੁਣ ਕੇ ਬੋਲਿਆ, "ਧੀਏ! ਜਿਵੇਂ ਤੂੰ ਕਹੇਂਗੀ, ਸਿਰ ਮੱਥੇ 'ਤੇ।"

"ਡੈਡੀ ਜੀ! ਇਕ ਗੱਲ ਹੋਰ ਆਖ ਦੇਵਾਂ, ਸਾਡਾ ਸਾਰਾ ਪਰਿਵਾਰ ਜਨਵਰੀ ਦਾ ਮਹੀਨਾ ਥੱਲੇ ਫਰਸ਼ 'ਤੇ ਸੌਂਦਾ ਹੈ। ਅਸੀਂ ਆਪਣੇ ਧਰਮ ਤੋਂ ਵੱਖ ਨਹੀਂ ਹਾਂ, ਪਰ ਸਿੱਖ ਧਰਮ ਵੀ ਅੱਖਾਂ ਉਤੇ ਹੈ।" ਸੁਮਨ ਕਹਿ ਕੇ ਰਘਵੀਰ ਦੀ ਮਾਂ ਨੂੰ ਚੁੰਬੜ ਗਈ ਸੀ।

ਮਾਰਚ ਵਿਚ ਵਿਆਹ ਰੱਖ ਦਿੱਤਾ ਗਿਆ। ਮੈਰਿਜ ਪੈਲੇਸ ਬੁੱਕ ਨਹੀਂ ਕੀਤਾ ਗਿਆ, ਜ਼ਮੀਨ ਦਾ ਵੱਢ ਵਾਹ ਕੇ ਚੰਗੀ ਤਰ੍ਹਾਂ ਸੁਹਾਗਾ ਮਾਰ ਕੇ ਟੈਂਟ ਲਾਇਆ ਗਿਆ। ਇਹ ਸਭ ਦੇਖ ਕੇ ਦਿਲਬਾਗ ਮੂੰਹ ਜਿਹਾ ਵੱਟ ਗਿਆ। ਕਾਰਨ ਪੁੱਛਿਆ ਤਾਂ ਕਹਿੰਦਾ, "ਮੈਂ ਇਕੱਲਾ ਪੁੱਤ ਵਿਆਹੁਣੈ, ਕੋਈ ਕਲਾਕਾਰ ਤਾਂ ਸੱਦ ਲਵੋ।" ਰਘਵੀਰ ਕਹਿੰਦਾ-"ਮੇਰੇ ਵਿਆਹ ਦਾ ਪੂਰਾ ਬਜਟ ਤੀਹ ਲੱਖ ਰੁਪਏ ਬਣਦਾ ਹੈ। ਸੁਮਨ ਦੇ ਵਿਆਹ ਦਾ ਬਜਟ ਪੰਜਾਹ ਲੱਖ ਰੁਪਏ ਹੈ, ਅਸੀਂ ਦੋਵਾਂ ਨੇ ਸਾਦੇ ਢੰਗ ਨਾਲ ਵਿਆਹ ਕਰਵਾਉਣਾ ਹੈ ਤੇ ਪੂਰੇ ਪੰਜ ਲੱਖ ਰੁਪਏ ਨਾਲ ਸਰ ਜਾਣਾ ਹੈ। ਬਾਕੀ ਪੂਰਾ 75 ਲੱਖ ਰੁਪਇਆ ਅਸੀਂ ਲੋਕ ਭਲਾਈ ਕੰਮਾਂ 'ਤੇ ਲਾਉਣਾ ਹੈ। ਸੁਮਨ ਦੇ ਪਿੰਡ ਨੌਂ ਗਰੀਬ ਕੁੜੀਆਂ ਤੇ ਸਾਡੇ ਪਿੰਡ ਪੰਜ ਕੁੜੀਆਂ ਦੇ ਵਿਆਹ ਕਰਨੇ ਹਨ। ਅੱਠ ਘਰਾਂ ਕੋਲ ਛੱਤ ਨਹੀਂ ਹੈ, ਹਰ ਘਰ ਨੂੰ ਕਮਰਾ ਬਣਾ ਕੇ ਦੇਣਾ ਹੈ। ਸਿਵਿਆਂ ਵਿਚ ਪਾਣੀ ਦਾ ਪ੍ਰਬੰਧ ਨਹੀਂ ਹੈ, ਉਥੇ ਸਬਮਰਸੀਬਲ ਬੋਰ ਕਰਵਾ ਕੇ ਦੇਣਾ ਹੈ। ਜਿਹੜੇ ਚਾਰ ਬੰਦੇ ਕੈਂਸਰ ਤੋਂ ਪੀੜਤ ਹਨ, ਉਨ੍ਹਾਂ ਦਾ ਚੰਗੇ ਹਸਪਤਾਲ ਤੋਂ ਇਲਾਜ ਕਰਵਾਉਣਾ ਹੈ। ਬਚਦੇ ਪੈਸੇ ਅਸੀਂ ਹਸਪਤਾਲ ਵਿਚ ਦਵਾਈਆਂ ਵਾਸਤੇ ਰੱਖ ਲੈਣੇ ਹਨ।"

ਰਘਵੀਰ ਦੀ ਗੱਲ ਸੁਣ ਕੇ ਸਾਰੇ ਖੁਸ਼ ਹੋ ਗਏ, ਪਰ ਇਹ ਗੱਲ ਦਿਲਬਾਗ ਸਿੰਘ ਦੇ ਗਲੇ ਨਾ ਉਤਰੀ। ਫਿਰ ਉਸ ਦੀ ਵੀ ਮੰਨੀ ਗਈ, ਉਸ ਦੀ ਜੁੰਡਲੀ ਦੇ ਪੰਜ ਸੱਤ ਯਾਰਾਂ ਵਾਸਤੇ ਖਾਣ-ਪੀਣ ਦਾ ਪ੍ਰਬੰਧ ਕਰ ਦਿੱਤਾ ਗਿਆ। ਵਿਆਹ ਦੀ ਰਸਮ ਸਿੱਖ ਮਰਿਆਦਾ ਅਨੁਸਾਰ, ਚਾਲੀ ਸਾਲ ਪਹਿਲਾਂ ਵਾਲੀਆਂ ਕੀਤੀਆਂ ਗਈਆਂ। ਸਹਿਜ ਪਾਠ ਦੇ ਭੋਗ ਤੋਂ ਬਾਅਦ ਗੁਰਬਾਣੀ ਕੀਰਤਨ ਹੋਇਆ। ਫਿਰ ਖੁੱਲ੍ਹਾ ਦੀਵਾਨ ਸਜਾਇਆ ਗਿਆ ਜਿਸ ਵਿਚ ਰਾਗੀ ਢਾਡੀ ਤੇ ਕਵੀਸ਼ਰਾਂ ਨੇ ਹਾਜ਼ਰੀ ਭਰੀ। ਰਘਵੀਰ ਤੇ ਸੁਮਨ ਨੇ ਵਿਆਹ ਤੋਂ ਪਹਿਲਾਂ ਅੰਮ੍ਰਿਤ ਛਕ ਕੇ ਅਨੰਦ ਕਾਰਜਾਂ ਦੀ ਰਸਮ ਨਿਭਾਈ। ਸਾਰਾ ਪਿੰਡ ਦੇਖ ਕੇ ਹੈਰਾਨ ਸੀ ਕਿ ਵੀਹ ਸਾਲਾਂ ਵਿਚ ਅਜਿਹਾ ਵਿਆਹ ਪਹਿਲੀ ਵਾਰ ਹੋਇਆ ਹੈ। ਇਹ ਸਭ ਕੁਝ ਰਘਵੀਰ ਤੇ ਸੁਮਨ ਦੀ ਬਦੌਲਤ ਨਹੀਂ, ਬਲਕਿ ਰਘਵੀਰ ਦੀਆਂ ਤਿੰਨੇ ਭੂਆਂ ਦੇ ਪਰਿਵਾਰਾਂ ਦੇ ਸਹਿਯੋਗ ਨਾਲ ਨੇਪਰੇ ਚੜ੍ਹਿਆ। ਜੋ ਰਘਵੀਰ ਤੇ ਸੁਮਨ ਨੇ ਸੋਚਿਆ ਸੀ, ਉਹੀ ਪੂਰਾ ਕੀਤਾ ਗਿਆ। ਹੁਣ ਦੋਵੇਂ ਆਪਣਾ ਗ੍ਰਹਿਸਥੀ ਜੀਵਨ ਵਧੀਆ ਬਤੀਤ ਕਰ ਰਹੇ ਹਨ ਅਤੇ ਲੋਕਾਂ ਲਈ ਵਧੀਆ ਸੁਨੇਹਾ ਦੇ ਗਏ ਹਨ। ਸੁਨੇਹੇ ਨੂੰ ਕਬੂਲ ਕਰਨਾ ਲੋਕਾਂ ਦੀ ਰਾਏ 'ਤੇ ਨਿਰਭਰ ਕਰਦਾ ਹੈ, ਨਹੀਂ ਤਾਂ ਕਰਜ਼ੇ ਦੀ ਪੰਡ ਭਾਰੀ ਕਰਨ ਵਿਚ ਸਰਕਾਰਾਂ ਨਾਲੋਂ ਸਾਡਾ ਹੱਥ ਵੱਧ ਹੈ। ਸੂਬੇਦਾਰ ਰਤਨ ਸਿੰਘ ਇਕ ਵਾਰ ਫਿਰ ਇਲਾਕੇ ਵਿਚ ਸਲਾਹਿਆ ਜਾਣ ਲੱਗਾ।


# ਕਾਨੂੰਨ ਤੋੜਨ ਵਾਲਾ 'ਉਪਦੇਸ਼ੀ ਸੰਤ' ਰਵੀ ਸ਼ੰਕਰ

**ਸਿਆਸਤ ਦਾ ਪਿੜ**




ਜਤਿੰਦਰ ਪਨੂੰ
ਫੋਨ: 91-98140-68455

ਆਪਣੇ ਆਪ ਨੂੰ 'ਸ੍ਰੀ ਸ੍ਰੀ' ਕਹਾਉਣ ਵਾਲੇ ਰਵੀ ਸ਼ੰਕਰ ਨਾਂ ਦੇ ਸੰਤ ਨੇ ਕਈ ਕਾਨੂੰਨੀ ਅੜਿੱਕਿਆਂ ਨੂੰ ਪਾਰ ਕਰ ਕੇ ਦਿੱਲੀ ਵਿਚ ਆਪਣਾ ਪ੍ਰੋਗਰਾਮ ਕਰਨ ਵਿਚ ਕਾਮਯਾਬੀ ਹਾਸਲ ਕਰ ਲਈ ਹੈ। ਅੜਿੱਕਿਆਂ ਦਾ ਆਮ ਆਦਮੀ ਨੂੰ ਰਾਹ ਨਾ ਲੱਭਦਾ ਹੋਵੇਗਾ, ਜਿਸ ਸੰਤ ਦੇ ਪਿੱਠ ਪਿੱਛੇ ਕੇਂਦਰ ਦੀ ਉਹ ਸਰਕਾਰ ਸਰਪ੍ਰਸਤ ਬਣੀ ਬੈਠੀ ਹੈ, ਜਿਸ ਦਾ ਸੰਸਾਰ ਵਿਚ 'ਡੰਕਾ' ਵੱਜ ਰਿਹਾ ਹੈ, ਉਸ ਸੰਤ ਲਈ ਇਹ ਅੜਿੱਕੇ ਮਾਮੂਲੀ ਸਨ। ਮੇਲੇ ਦੇ ਉਦਘਾਟਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜਦੋਂ ਅਗੇਤੀ ਹਾਂ ਕਰ ਦਿੱਤੀ ਤਾਂ ਰਵੀ ਸ਼ੰਕਰ ਸਾਹਿਬ ਲਈ 'ਸਈਆਂ ਭਏ ਕੋਤਵਾਲ, ਅਬ ਡਰ ਕਾਹੇ ਕਾ' ਵਾਲੀ ਸੁਖਾਵੀਂ ਸਥਿਤੀ ਉਦੋਂ ਹੀ ਬਣ ਗਈ ਸੀ। ਸਾਰਾ ਕੰਮ ਕਾਨੂੰਨ ਦੀ ਉਲੰਘਣਾ ਵਾਲਾ ਸੀ। ਜਦੋਂ ਦੇਸ਼ ਦੀ ਸੁਪਰੀਮ ਕੋਰਟ ਵਿਚ ਕੇਸ ਚਲਾ ਗਿਆ ਤੇ ਇਹ ਜਾਪਦਾ ਸੀ ਕਿ ਪੰਜ ਕਰੋੜ ਰੁਪਏ ਜੁਰਮਾਨਾ ਦਿੱਤੇ ਬਿਨਾਂ ਗੱਲ ਨਹੀਂ ਬਣਨੀ, ਰਵੀ ਸ਼ੰਕਰ ਨੇ ਉਦੋਂ ਵੀ ਕਿਹਾ ਸੀ ਕਿ ਜੇਲ੍ਹ ਚਲਾ ਜਾਊਂਗਾ, ਜੁਰਮਾਨਾ ਮੈਂ ਨਹੀਂ ਭਰੂੰਗਾ। ਇਸ ਦਾ ਸਿੱਧਾ ਅਰਥ ਇਹ ਸੀ ਕਿ ਉਹ ਦੇਸ਼ ਦੀ ਸਿਖਰਲੀ ਅਦਾਲਤ ਦਾ ਹੁਕਮ ਨਾ ਮੰਨਣ ਦੀ ਗੱਲ ਵੀ ਕਰਦਾ ਹੈ, ਪਰ ਕਿਸੇ ਨੇ ਇਸ ਪੱਖ ਨੂੰ ਨਹੀਂ ਸੀ ਗੌਲਿਆ। ਉਸ ਦੇ ਸਮਾਗਮ ਲਈ ਦਰਿਆ ਉਤੇ ਪੁਲ ਉਸਾਰਨ ਲਈ ਫੌਜ ਝੋਕ ਦਿੱਤੀ ਗਈ, ਜੋ ਦੇਸ਼ ਦੀ ਰਾਖੀ ਵਾਸਤੇ ਹੁੰਦੀ ਹੈ। ਪੁੱਛੇ ਜਾਣ ਉਤੇ ਦੇਸ਼ ਦਾ ਰੱਖਿਆ ਮੰਤਰੀ ਕਹਿਣ ਲੱਗ ਪਿਆ ਕਿ ਏਥੇ ਪੁਲ ਬਣਾਉਣ ਨੂੰ ਦਿੱਲੀ ਪੁਲਿਸ ਨੇ ਕਿਹਾ ਹੈ।



'ਸ੍ਰੀ ਸ੍ਰੀ' ਰਵੀ ਸ਼ੰਕਰ



ਯੋਗੀ ਬਾਬਾ ਰਾਮਦੇਵ

ਕੇਂਦਰ ਦੇ ਕਹੇ ਉਤੇ ਕੇਜਰੀਵਾਲ ਦੀ ਸਰਕਾਰ ਪਿੱਛੇ ਡੰਡਾ ਘੁੰਮਾਉਣ ਵਾਲੀ ਦਿੱਲੀ ਪੁਲਿਸ ਨੇ ਰੱਖਿਆ ਮੰਤਰੀ ਦੀ ਗੱਲ ਕੱਟ ਕੇ ਉਸੇ ਦਿਨ ਕਹਿ ਦਿੱਤਾ ਕਿ ਉਨ੍ਹਾਂ ਨੇ ਪੁਲ ਬਣਾਉਣ ਨੂੰ ਬਿਲਕੁਲ ਨਹੀਂ ਕਿਹਾ, ਸਗੋਂ ਉਨ੍ਹਾਂ ਨੇ ਇਸ ਸਮਾਗਮ ਤੋਂ ਪੈਦਾ ਖਤਰਿਆਂ ਬਾਰੇ ਲਿਖਿਆ ਹੈ। ਫਿਰ ਵੀ ਕਿਸੇ ਨੇ ਪ੍ਰਵਾਹ ਨਹੀਂ ਕੀਤੀ, ਕਿਉਂਕਿ ਸੰਸਾਰ ਵਿਚ ਡੰਕੇ ਵੱਜਦੇ ਹੋਣ ਵਾਲਾ ਪ੍ਰਧਾਨ ਮੰਤਰੀ ਇਸ ਸਮਾਗਮ ਲਈ ਆਪ ਹਰ ਹੱਦ ਤੱਕ ਜਾਣ ਲਈ ਤਿਆਰ ਹੋਇਆ ਬੈਠਾ ਸੀ। ਸੰਤ ਜੀ ਦੀ ਧੰਨ-ਧੰਨ ਹੋ ਗਈ।

ਜਦੋਂ ਇਸ ਮੁੱਦੇ ਬਾਰੇ ਬਹਿਸ ਹੋ ਰਹੀ ਸੀ, ਰਵੀ ਸ਼ੰਕਰ ਦੀ ਸਮੱਰਥਕ ਇੱਕ ਬੀਬੀ ਜਦੋਂ ਵੀ ਸਮਾਗਮ ਵਾਲੇ ਥਾਂ ਜਮਨਾ ਦਰਿਆ ਵਿਚ ਗੰਦ ਪੈਣ ਬਾਰੇ ਜਵਾਬ ਦਿੰਦੀ, ਉਹ ਆਪ ਵੀ ਜਮਨਾ ਨੂੰ 'ਜਮਨਾ ਜੀ' ਕਹਿੰਦੀ ਤੇ ਬਹਿਸ ਵਿਚ ਸ਼ਾਮਲ ਬਾਕੀ ਲੋਕਾਂ ਨੂੰ ਵੀ ਕਹਿੰਦੀ ਸੀ ਕਿ 'ਜਮਨਾ ਜੀ' ਕਹੋ। ਪਹਿਲਾਂ ਗੰਗਾ ਦਰਿਆ ਨੂੰ 'ਗੰਗਾ ਜੀ' ਦੇ ਨਾਂ ਨਾਲ ਪੁਕਾਰਨ ਵਾਲਿਆਂ ਨੇ ਸਭ ਤੋਂ ਵੱਧ ਪਲੀਤ ਕੀਤਾ ਸੀ, ਹੁਣ 'ਜਮਨਾ ਜੀ' ਕਹਿ ਕੇ ਜਮਨਾ ਦਰਿਆ ਨੂੰ ਪਲੀਤ ਕਰਨ ਵਾਲੇ ਦਿੱਲੀ ਵਿਚ ਆਣ ਵੜੇ ਹਨ। ਗੰਗਾ ਪਵਿੱਤਰ ਹੁੰਦੀ ਸੀ, ਪਵਿੱਤਰ ਰਹਿਣ ਨਹੀਂ ਦਿੱਤੀ, ਪਰ ਉਸ ਨੂੰ ਅਜੇ ਵੀ 'ਗੰਗਾ ਜੀ' ਕਿਹਾ ਜਾਵੇ ਤਾਂ ਕੋਈ ਫਰਕ ਨਹੀਂ ਪੈਂਦਾ, ਜਮਨਾ ਨੂੰ ਕੋਈ 'ਜਮਨਾ ਜੀ' ਕਹਿ ਦੇਵੇ ਤਾਂ ਹਰਜ ਕੋਈ ਨਹੀਂ। ਏਦਾਂ ਹੀ ਭਾਰਤ ਦੀਆਂ ਕ੍ਰਿਸ਼ਨਾ, ਗੋਦਾਵਰੀ, ਸਰਸਵਤੀ ਨਦੀਆਂ ਤੋਂ ਤੁਰਦਿਆਂ ਹੁਣ ਬਿਆਸ ਨੂੰ ਕੁਝ ਲੋਕ 'ਬਿਆਸ ਜੀ' ਕਹਿਣ ਦਾ ਸੁਝਾਅ ਦੇਣ ਲੱਗ ਪਏ ਹਨ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਮੁਕਤਸਰ ਦੀ ਹਾਲਤ ਨਹੀਂ ਸੁਧਾਰੀ, ਇੱਕ ਵਾਰੀ ਮੁਕਤਸਰ ਤੋਂ 'ਮੁਕਤਸਰ ਸਾਹਿਬ' ਬਣਾ ਕੇ ਦੂਸਰੀ ਵਾਰੀ 'ਸ੍ਰੀ ਮੁਕਤਸਰ ਸਾਹਿਬ' ਲਿਖਣ ਦਾ ਹੁਕਮ ਜਾਰੀ ਕਰ ਕੇ ਫਿਰ ਮਾਛੀਵਾੜਾ ਤੋਂ 'ਮਾਛੀਵਾੜਾ ਸਾਹਿਬ' ਬਣਾ ਦਿੱਤਾ। ਹਾਲਤ ਸੁਧਾਰਨ ਜਾਂ ਗੰਦ ਸਾਫ ਕਰਨ ਦੀ ਲੋੜ ਨਹੀਂ, ਪੰਜਾਬ ਸਮੇਤ ਸਾਡੇ ਸਾਰੇ ਭਾਰਤ ਦੇ ਲੋਕ ਏਨੀ ਗੱਲ ਨਾਲ ਵੋਟਾਂ ਪਾ ਦਿੰਦੇ ਹਨ ਕਿ ਇੱਕ ਹੋਰ ਸ਼ਹਿਰ ਦੇ ਨਾਂ ਨਾਲ 'ਸ੍ਰੀ', 'ਸਾਹਿਬ' ਜਾਂ ਫਿਰ ਕਿਸੇ ਦਰਿਆ ਨਾਲ 'ਜੀ' ਲੱਗ ਗਿਆ ਹੈ। 'ਭਾਰਤ ਦੇ ਤਿੰਨ ਲਾਲ ਤੜਫਦੇ ਸੀ ਸਤਲੁਜ ਦੇ ਕੰਢੇ' ਦਾ ਗੀਤ ਸੁਣਦੇ ਹੁੰਦੇ ਸਾਂ, ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਨਾਂ ਨਾਲ ਜੁੜਦੇ ਉਸ ਸਤਲੁਜ ਨੂੰ ਵੀ ਹੁਣ ਸਾਨੂੰ 'ਸਤਲੁਜ ਜੀ' ਆਖਣ ਲਈ ਤਿਆਰ ਹੋਣਾ ਚਾਹੀਦਾ ਹੈ।

ਗੱਲ ਇਸ ਵਾਰੀ ਸੰਤ ਰਵੀ ਸ਼ੰਕਰ ਦੇ ਸਮਾਗਮ ਦੀ ਚੱਲੀ ਹੈ। ਇਸ ਸਮਾਗਮ ਲਈ ਹਰ ਕਾਨੂੰਨ ਤੋੜਿਆ ਤੇ ਹਰ ਹਦਾਇਤ ਦੀ ਉਲੰਘਣਾ ਕੀਤੀ ਗਈ ਹੈ। ਸਰਕਾਰ ਦੇ ਵਾਤਾਵਰਣ ਬਚਾਉਣ ਵਾਲੇ ਵਿਭਾਗ ਵੀ ਅਤੇ ਨਿਯਮਾਂ ਦੀ ਪਾਲਣਾ ਕਰਵਾਉਣ ਵਾਲੇ ਵੀ ਸੰਤ ਦੀ ਸੇਵਾ ਵਿਚ ਲੱਗੇ ਰਹੇ। ਨੇੜਲੇ ਖੇਤਾਂ ਵਾਲੇ ਕਿਸਾਨ ਰਗੜੇ ਗਏ। ਸਮਾਗਮ ਦੀ ਪਾਰਕਿੰਗ ਲਈ ਉਨ੍ਹਾਂ ਦੇ ਖੇਤਾਂ ਵਿਚ ਖੜੀ ਫਸਲ ਨੂੰ ਮਸ਼ੀਨਾਂ ਫੇਰ ਕੇ ਤਬਾਹ ਕਰ ਦਿੱਤਾ ਤੇ ਮੁਆਵਜ਼ੇ ਦੇ ਨਾਂ ਉਤੇ ਮਾਮੂਲੀ ਰਕਮ ਹੱਥਾਂ ਵਿਚ ਫੜਾ ਦਿੱਤੀ। ਪ੍ਰਧਾਨ ਮੰਤਰੀ ਸਾਹਿਬ ਕਹਿੰਦੇ ਹਨ ਕਿ ਕੇਂਦਰ ਸਰਕਾਰ ਕਿਸਾਨਾਂ ਨੂੰ ਖੁਸ਼ਹਾਲ ਕਰਨਾ ਚਾਹੁੰਦੀ ਹੈ। ਖੁਸ਼ਹਾਲੀ ਦਾ ਇਹ ਮੰਤਰ ਦਿੱਲੀ ਵਿਚ ਲਾਗੂ ਹੁੰਦਾ ਪਿਆ ਹੈ।

ਸਾਡੇ ਕੋਲ ਸੰਤ ਰਵੀ ਸ਼ੰਕਰ ਦੇ ਖਿਲਾਫ ਨਿਜੀ ਪੱਧਰ ਦੀ ਕੋਈ ਖਾਸ ਗੱਲ ਨਹੀਂ, ਸਿਵਾਏ ਇਸ ਦੇ ਕਿ ਉਹ ਪਿਛਲੀਆਂ ਪਾਰਲੀਮੈਂਟ ਚੋਣਾਂ ਦੇ ਅਗੇਤੇ ਬੁੱਲਿਆਂ ਵੇਲੇ ਭਾਜਪਾ ਨਾਲ ਜੁੜਨ ਵਾਲਿਆਂ ਵਿਚ ਸ਼ਾਮਲ ਸੀ। ਦਿੱਲੀ ਵਿਚ ਜਦੋਂ ਯੋਗੀ ਰਾਮਦੇਵ ਕੁੱਟਿਆ ਗਿਆ ਤੇ ਫਿਰ ਉਸ ਨੇ ਹਰਿਦੁਆਰ ਜਾ ਕੇ ਮਰਨ-ਵਰਤ ਦਾ ਸਾਂਗ ਜਿਹਾ ਕਰਨਾ ਸ਼ੁਰੂ ਕੀਤਾ ਤਾਂ ਉਸ ਨੂੰ ਵਰਤ ਛੱਡਣ ਦੇ ਤਰਲੇ ਕਰਨ ਵਾਲੀ ਨੌਟੰਕੀ ਭਾਜਪਾ ਨੇ ਕਰਵਾਈ ਸੀ। ਉਸ ਨਾਟਕ ਦੀ ਸਕ੍ਰਿਪਟ ਉਸ ਭਾਜਪਾਈ ਲੇਖਕ ਨੇ ਲਿਖੀ ਸੀ, ਜਿਹੜਾ ਉਸ ਵਕਤ ਲਾਲ ਕ੍ਰਿਸ਼ਨ ਅਡਵਾਨੀ ਦਾ ਸੇਵਕ ਹੁੰਦਾ ਸੀ ਤੇ ਨਰਿੰਦਰ ਮੋਦੀ ਰਾਜ ਵਿਚ ਇੱਕ ਦਿਨ ਵਿਚਾਰੇ ਦੇ ਚਿਹਰੇ ਉਤੇ ਕਾਲਾ ਰੰਗ ਮਲ ਦਿੱਤਾ ਗਿਆ ਸੀ। ਰੰਗ-ਮੰਚ ਦੇ ਮੈਨੇਜਰ ਦਾ ਰੋਲ ਉਦੋਂ ਦੇ ਉਤਰਾਂਚਲ ਪ੍ਰਦੇਸ਼ ਦੇ ਭਾਜਪਾ ਮੁੱਖ ਮੰਤਰੀ ਰਮੇਸ਼ ਪੋਖਰੀਆਲ ਨਿਸ਼ੰਕ ਦੇ ਕੋਲ ਸੀ। ਉਦੋਂ ਕੈਮਰਿਆਂ ਦੇ ਸਾਹਮਣੇ ਰਾਮਦੇਵ ਕਹੀ ਜਾਂਦਾ ਸੀ ਕਿ ਮੈਂ ਮਰਨ ਵਰਤ ਨਹੀਂ ਛੱਡਣਾ ਤੇ ਭਾਜਪਾ ਲੀਡਰਾਂ ਨਾਲ ਸੰਤ ਲੋਕ ਵਾਰੀ-ਵਾਰੀ ਜਾ ਕੇ ਕਹਿ ਰਹੇ ਸਨ ਕਿ ਯੋਗੀ ਜੀ, ਹੱਠ ਹੁਣ ਛੱਡ ਦਿਓ। ਇਸ ਦੌਰਾਨ ਇੱਕ ਦਿਨ ਬੜੇ ਜਾਹੋ-ਜਲਾਲ ਨਾਲ ਰਵੀ ਸ਼ੰਕਰ ਨੂੰ ਉਥੇ ਭੇਜਿਆ ਗਿਆ ਤੇ ਉਸ ਨੇ ਕਿਹਾ ਸੀ ਕਿ ਯੋਗੀ ਰਾਮਦੇਵ ਹੋਰ ਕਿਸੇ ਦੇ ਕਹੇ ਵਰਤ ਨਾ ਛੱਡੇ ਤਾਂ ਜਦੋਂ ਮੈਂ ਜਾ ਕੇ ਆਪਣਾ 'ਹੱਠ ਯੋਗ' ਸ਼ੁਰੂ ਕੀਤਾ, ਉਦੋਂ ਛੱਡ ਦੇਵੇਗਾ। ਸਿਆਸਤ ਨਾਲ ਸਾਂਝ ਦੀ ਇਹ ਸੋਚੀ-ਸਮਝੀ ਐਂਟਰੀ ਕਰ ਚੁੱਕੇ ਸੰਤ ਰਵੀ ਸ਼ੰਕਰ ਦੀ ਬਾਅਦ ਵਿਚ ਭਾਜਪਾ ਨਾਲ ਸਾਂਝ ਨਿਭਦੀ ਗਈ ਤੇ ਨਿਭੀ ਜਾ ਰਹੀ ਹੈ।

ਹੁਣ ਆਈਏ ਇਸ ਤਰ੍ਹਾਂ ਦੇ ਹੋਰ ਸਾਧਾਂ ਦੇ ਰਾਜਨੀਤੀ ਨਾਲ ਜੁੜਨ ਦੀ ਕਹਾਣੀ ਵੱਲ। ਧੀਰੇਂਦਰ ਬ੍ਰਹਮਚਾਰੀ ਦੀ ਗੱਲ ਕੀਤੀ ਜਾ ਸਕਦੀ ਹੈ, ਆਪਣੇ ਆਪ 'ਫਲਾਇੰਗ ਸਵਾਮੀ' ਦੱਸਣ ਵਾਲੇ ਸੰਤ ਦੀ ਵੀ ਅਤੇ ਚੰਦਰਾ ਸਵਾਮੀ ਦੀ ਵੀ, ਪਰ ਉਹ ਸਾਰੇ ਹੁਣ ਸਿਆਸੀ ਮੰਚ ਉਤੇ ਬੇਲੋੜੇ ਹੋ ਚੁੱਕੇ ਹਨ। ਨਵੇਂ ਸੰਤ ਅੱਗੇ ਖੜੇ ਹਨ। ਵੱਡਾ-ਛੋਟਾ ਇਨ੍ਹਾਂ ਵਿਚ ਕੋਈ ਨਹੀਂ, ਸਾਰੇ ਆਪੋ ਆਪਣੀ ਭੂਮਿਕਾ ਨਿਭਾਉਣ ਵਿਚ ਇੱਕ ਦੂਸਰੇ ਤੋਂ ਵੱਧ ਹਨ।

ਇਨ੍ਹਾਂ ਵਿਚੋਂ ਇੱਕ ਆਸਾ ਰਾਮ ਨਾਂ ਦਾ ਸੰਤ ਇਸ ਵੇਲੇ ਜੇਲ੍ਹ ਵਿਚ ਬੈਠਾ ਹੈ, ਜਿਸ ਨੂੰ ਸਿਆਸੀ ਆਗੂਆਂ ਨੇ 'ਬਾਪੂ' ਬਣਾਇਆ ਸੀ, ਪਰ ਹੁਣ ਕੋਈ ਜੇਲ੍ਹ ਵਿਚ ਉਸ ਨੂੰ ਮਿਲਣ ਨਹੀਂ ਜਾਂਦਾ। ਰੇਲਵੇ ਸਟੇਸ਼ਨ ਤੋਂ ਦਰਗਾਹ ਤੱਕ ਸਵਾਰੀਆਂ ਢੋਣ ਲਈ ਇੱਕ ਸਮੇਂ ਟਾਂਗਾ ਚਲਾਉਣ ਤੇ ਕੁਝ ਚਿਰ ਸਾਈਕਲਾਂ ਦੇ ਪੰਕਚਰ ਲਾਉਣ ਦਾ ਕੰਮ ਕਰਨ ਵੇਲੇ ਜਦੋਂ ਗੁਜ਼ਾਰਾ ਨਾ ਚੱਲਿਆ ਤਾਂ ਉਹ ਸਾਧ ਬਣ ਗਿਆ ਸੀ। ਉਸ ਨੂੰ ਪਹਿਲਾਂ ਕਾਂਗਰਸ ਵਾਲਿਆਂ ਨੇ ਹੀ ਚੁੱਕਿਆ ਸੀ ਤੇ ਰਿਕਾਰਡ ਇਸ ਗੱਲ ਦਾ ਗਵਾਹ ਹੈ ਕਿ ਸਾਢੇ ਚੌਦਾਂ ਹਜ਼ਾਰ ਵਰਗ ਮੀਟਰ ਦਾ ਪਹਿਲਾ ਪਲਾਟ ਗੁਜਰਾਤ ਦੇ ਕਾਂਗਰਸੀ ਮੁੱਖ ਮੰਤਰੀ ਮਾਧਵ ਸਿੰਘ ਸੋਲੰਕੀ ਦੀ ਕ੍ਰਿਪਾ ਸਦਕਾ ਉਸ ਨੂੰ ਮਿਲਿਆ ਸੀ। ਬਾਅਦ ਵਿਚ ਆਸਾ ਰਾਮ ਨੇ ਕਾਂਗਰਸ ਦਾ ਪਾਣੀ ਲੱਥਦਾ ਅਤੇ ਚੁਸਤ ਕਾਂਗਰਸੀਆਂ ਨੂੰ ਭਾਜਪਾ ਵੱਲ ਭੱਜਦੇ ਵੇਖਿਆ ਤਾਂ ਉਨ੍ਹਾਂ ਦੇ ਨਾਲ ਹੀ ਉਹ ਵੀ ਭਾਜਪਾ ਆਗੂਆਂ ਦਾ 'ਬਾਪੂ' ਜਾ ਬਣਿਆ। ਭਾਜਪਾ ਦੇ ਕੇਸ਼ੂ ਭਾਈ ਪਟੇਲ ਦੀ ਸਰਕਾਰ ਨੇ ਆਸਾ ਰਾਮ ਨੂੰ ਪੰਝੀ ਹਜ਼ਾਰ ਵਰਗ ਮੀਟਰ ਦਾ ਪਲਾਟ ਦੇ ਦਿੱਤਾ ਤੇ ਸਾਰੇ ਦੇਸ਼ ਵਿਚ ਜਿੱਥੇ ਕਿਤੇ ਭਾਜਪਾ ਸਰਕਾਰਾਂ ਸਨ, ਉਹ ਆਸਾ ਰਾਮ ਲਈ ਪਲਾਟ ਕੱਟਣ ਲੱਗ ਪਈਆਂ। ਕਾਂਗਰਸੀਆਂ ਨੇ ਮੋੜਾ ਪਾਉਣ ਲਈ ਆਪਣੀਆਂ ਸਰਕਾਰਾਂ ਤੋਂ ਕੁਝ ਪਲਾਟ ਦਿਵਾਏ, ਪਰ ਉਹ ਪਲਾਟ ਲੈਣ ਦੇ ਬਾਅਦ ਅੱਖਾਂ ਫੇਰ ਜਾਂਦਾ ਰਿਹਾ ਤੇ ਨਰਿੰਦਰ ਮੋਦੀ ਦੇ ਉਭਾਰ ਤੱਕ ਭਾਜਪਾ ਆਗੂਆਂ ਦਾ ਪੱਕਾ ਆੜੀ ਬਣਿਆ ਰਿਹਾ। ਮੋਦੀ ਨਾਲ ਕਿਸੇ ਗੱਲੋਂ ਰੇੜਕਾ ਪਿਆ ਤਾਂ ਕੇਸ ਬਣਨ ਲੱਗ ਪਏ ਅਤੇ ਹੁਣ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਮਗਰੋਂ ਉਸ ਨੂੰ ਜੇਲ੍ਹੋਂ ਨਹੀਂ ਨਿਕਲਣ ਦਿੱਤਾ ਜਾ ਰਿਹਾ। ਉਸ ਉਤੇ ਕਤਲ ਦੇ ਕੇਸ ਹਨ, ਜ਼ਮੀਨ-ਜਾਇਦਾਦਾਂ ਦੀ ਧੋਖਾਧੜੀ ਦੇ ਵੀ ਅਤੇ ਉਹੋ ਜਿਹੇ ਕੇਸ ਵੀ ਹਨ, ਜਿਹੜੇ ਸੰਤਾਂ ਨੂੰ ਸ਼ੋਭਾ ਦੇਣ ਵਾਲੇ ਨਹੀਂ।

ਫਿਰ ਇੱਕ ਯੋਗੀ ਬਾਬਾ ਰਾਮਦੇਵ ਉਭਰ ਪਿਆ। ਇਹ ਵੀ ਭਾਜਪਾ ਦਾ ਭਾਈਬੰਦ ਬਾਅਦ ਵਿਚ ਬਣਿਆ ਸੀ, ਪਹਿਲਾਂ ਇਸ ਦੀ ਜੜ੍ਹ ਕਾਂਗਰਸ ਵਾਲਿਆਂ ਦੀ ਕ੍ਰਿਪਾ ਸਦਕਾ ਲੱਗੀ ਸੀ। ਕਈ ਰਾਜਾਂ ਵਿਚ ਇਸ ਨੂੰ ਕਾਂਗਰਸ ਰਾਜ ਦੇ ਕਾਰਨ ਪਲਾਟ ਦਿੱਤੇ ਜਾਣ ਦਾ ਕੰਮ ਏਨੇ ਖੁੱਲ੍ਹੇ ਰੂਪ ਵਿਚ ਹੋਇਆ ਕਿ ਕੋਈ ਅਧਿਕਾਰੀ ਰਾਹ ਰੋਕਣ ਦੀ ਹਿੰਮਤ ਨਹੀਂ ਸੀ ਕਰ ਸਕਦਾ। ਅੰਨਾ ਹਜ਼ਾਰੇ ਦੇ ਭ੍ਰਿਸ਼ਟਾਚਾਰ ਵਿਰੋਧੀ ਮੋਰਚੇ ਤੋਂ ਲੋਕਾਂ ਦਾ ਧਿਆਨ ਪਾਸੇ ਪਾਉਣ ਲਈ ਇਸ ਨੂੰ ਕਾਂਗਰਸ ਪਾਰਟੀ ਨੇ ਵਿਦੇਸ਼ ਤੋਂ ਕਾਲਾ ਧਨ ਦੇਸ਼ ਵਿਚ ਵਾਪਸ ਲਿਆਉਣ ਦੇ ਰਾਹ ਆਪ ਪਾਇਆ ਸੀ। ਰੱਫੜ ਉਦੋਂ ਪਿਆ, ਜਦੋਂ ਉਹ ਦਿੱਲੀ ਵਿਚ ਰਾਮ ਲੀਲ੍ਹਾ ਮੈਦਾਨ ਵਿਚ ਧਰਨਾ ਮਾਰਨ ਪੁੱਜਾ ਤੇ ਪਹਿਲਾਂ ਖਬਰ ਪੁੱਜ ਗਈ ਕਿ ਉਹ ਭਾਜਪਾ ਨਾਲ ਅੱਖ ਮਿਲਾ ਚੁੱਕਾ ਹੈ। ਕਾਂਗਰਸੀਆਂ ਨੇ ਕਹਿ ਦਿੱਤਾ ਕਿ ਧਰਨਾ ਮਾਰਨ ਤੋਂ ਪਹਿਲਾਂ ਲਿਖ ਕੇ ਦੇਵੇ ਕਿ ਕੱਲ੍ਹ ਚਾਰ ਵਜੇ ਉਠ ਜਾਵਾਂਗਾ। ਉਸ ਨੇ ਲਿਖ ਦਿੱਤਾ ਤੇ ਇਸੇ ਤੋਂ ਬਾਅਦ ਡਾਂਗ-ਸੋਟਾ ਚੱਲਿਆ ਸੀ ਤੇ ਫਿਰ ਉਹ ਦਿੱਲੀ ਛੱਡ ਕੇ ਭਾਜਪਾ ਦੇ ਰਾਜ ਵਾਲੇ ਉਤਰਾਖੰਡ ਜਾ ਪਹੁੰਚਿਆ ਸੀ।

ਏਨੀ ਕੁ ਦਲ-ਬਦਲੀ ਨਾਲ ਰਾਮਦੇਵ ਲਈ ਭਾਜਪਾ ਸਰਕਾਰਾਂ ਨੇ ਗੱਫਿਆਂ ਦੀ ਝੜੀ ਲਾ ਦਿੱਤੀ। ਹਿਮਾਚਲ ਪ੍ਰਦੇਸ਼ ਦੀ ਉਦੋਂ ਦੀ ਭਾਜਪਾ ਸਰਕਾਰ ਨੇ ਉਸ ਨੂੰ ਪੈਂਤੀ ਕਰੋੜ ਮੁੱਲ ਵਾਲੀ ਅਠਾਈ ਏਕੜ ਜ਼ਮੀਨ 99 ਸਾਲਾਂ ਲਈ ਸਿਰਫ ਇੱਕ ਰੁਪਏ ਸਾਲਾਨਾ ਕਿਰਾਏ ਉਤੇ ਦੇ ਦਿੱਤੀ। ਨਰਿੰਦਰ ਮੋਦੀ ਸਰਕਾਰ ਆਈ ਤੇ ਫਿਰ ਮਹਾਰਾਸ਼ਟਰ ਵਿਚ ਭਾਜਪਾ ਸਰਕਾਰ ਦੇ ਬਣਨ ਦਾ ਸਬੱਬ ਬਣਿਆ ਤਾਂ ਸਿਰਫ ਹੇਮਾ ਮਾਲਿਨੀ ਨੂੰ ਗਲਤ ਪਲਾਟ ਹੀ ਨਹੀਂ ਸੀ ਦਿੱਤਾ ਗਿਆ, ਰਾਮਦੇਵ ਵਾਲੀ ਸੰਸਥਾ ਨੂੰ ਵੀ ਵਿਦਰਭ ਖੇਤਰ ਵਿਚ ਤਿੰਨ ਥਾਂਈਂ ਵੰਡ ਕੇ ਛੇ ਸੌ ਏਕੜ ਜ਼ਮੀਨ ਦੇ ਦਿੱਤੀ ਗਈ।

ਹੁਣ ਆਸਾਮ ਵਿਚ ਵਿਧਾਨ ਸਭਾ ਚੋਣ ਹੋਣ ਵਾਲੀ ਹੈ ਤਾਂ ਉਥੋਂ ਖਬਰ ਆ ਗਈ ਹੈ ਕਿ ਭਾਜਪਾ ਦਾ ਬੋਡੋਲੈਂਡ ਪੀਪਲਜ਼ ਫਰੰਟ ਨਾਲ ਵਲ-ਵਲਾਵੇਂ ਦਾ ਗੱਠਜੋੜ ਬਣਦੇ ਸਾਰ ਬੋਡੋਲੈਂਡ ਟੈਰੀਟੋਰੀਅਲ ਕੌਂਸਲ ਨੇ 3800 ਏਕੜ ਜ਼ਮੀਨ ਰਾਮਦੇਵ ਦੇ ਅਦਾਰੇ ਨੂੰ ਅਲਾਟ ਕਰ ਦਿੱਤੀ ਹੈ। ਬੋਡੋਲੈਂਡ ਪੀਪਲਜ਼ ਫਰੰਟ ਦਾ ਮੁਖੀ ਹਾਗਰਾਮਾ ਮੋਹਿਲਾਰੀ ਹੈ, ਜਿਹੜਾ ਪਹਿਲਾਂ ਗੈਰ-ਕਾਨੂੰਨ ਮੰਨੀ ਜਾਂਦੀ ਰਹੀ ਬੋਡੋ ਲਿਬਰੇਸ਼ਨ ਟਾਈਗਰਜ਼ ਫੋਰਸ ਦਾ ਮੁਖੀ ਸੀ ਤੇ ਦਸੰਬਰ 2003 ਵਿਚ ਵਾਜਪਾਈ ਸਰਕਾਰ ਨਾਲ ਸਮਝੌਤਾ ਕਰ ਕੇ ਮੁੱਖ ਧਾਰਾ ਵੱਲ ਮੁੜਿਆ ਸੀ। ਉਸ ਤੋਂ ਮਹੀਨਾ ਕੁ ਪਿੱਛੋਂ ਬਣੀ ਬੋਡੋਲੈਂਡ ਟੈਰੀਟੋਰੀਅਲ ਕੌਂਸਲ ਦਾ ਉਸ ਨੂੰ ਮੁਖੀ ਬਣਾ ਦਿੱਤਾ ਗਿਆ। ਹੁਣ ਪੰਜਾਬ ਸਰਕਾਰ ਨੇ ਵੀ ਐਲਾਨ ਕਰ ਦਿੱਤਾ ਹੈ ਕਿ ਬਾਬਾ ਰਾਮਦੇਵ ਦੀ ਪਾਤੰਜਲੀ ਪੀਠ ਨੂੰ ਪੰਜਾਬ ਦੇ ਵਿਕਾਸ ਵਿਚ ਯੋਗਦਾਨ ਦਾ ਮੌਕਾ ਦੇਣਾ ਹੈ।

ਅਸੀਂ ਫਿਰ ਕਹਿ ਸਕਦੇ ਹਾਂ ਕਿ ਸ੍ਰੀ ਸ੍ਰੀ ਰਵੀ ਸ਼ੰਕਰ ਦੇ ਖਿਲਾਫ ਕਹਿਣ ਲਈ ਨਿਜੀ ਤੌਰ ਉਤੇ ਸਾਡੇ ਕੋਲ ਕੁਝ ਨਹੀਂ, ਪਰ ਇਹ ਗੱਲ ਸਾਰਾ ਦੇਸ਼ ਜਾਣਦਾ ਹੈ ਕਿ ਉਸ ਨੇ ਆਪਣਾ ਜਲੌਅ ਵਧਾਉਣ ਲਈ ਦਿੱਲੀ ਵਿਚ ਜਿਸ ਤਰ੍ਹਾਂ ਦਾ ਜਲਸਾ ਜੋੜਿਆ ਹੈ, ਉਸ ਲਈ ਨਿਯਮ ਤੋੜਨ ਵਿਚ ਕੋਈ ਕਸਰ ਨਹੀਂ ਛੱਡੀ। ਕਮਾਲ ਦੀ ਗੱਲ ਹੈ, ਰਵੀ ਸ਼ੰਕਰ ਇਹ ਕਹਿੰਦਾ ਹੈ ਕਿ ਉਹ ਲੋਕਾਂ ਨੂੰ ਜਿਊਣ ਦੀ ਜਾਚ ਦੱਸੇਗਾ। ਆਰਟ ਆਫ ਲਿਵਿੰਗ ਜ਼ਿੰਦਾਬਾਦ।

ਬਾਬੇ ਕਹਿੰਦੇ ਹੁੰਦੇ ਸਨ ਕਿ 'ਸਾਧਾਂ ਨੂੰ ਕੀ ਸਵਾਦਾਂ ਨਾਲ', ਪਰ ਨਵੇਂ ਯੁੱਗ ਵਿਚ ਸਾਰੇ ਸਵਾਦਾਂ ਦਾ ਚਸਕਾ ਸਾਧਾਂ ਤੇ ਉਨ੍ਹਾਂ ਦੇ ਬਾਲਕਿਆਂ ਦਾ ਹੱਕ ਬਣਦਾ ਜਾ ਰਿਹਾ ਹੈ। ਸੰਤ ਰਵੀ ਸ਼ੰਕਰ ਕਹਿੰਦਾ ਹੈ ਕਿ ਭਾਰਤ ਦੇ ਨਾਗਰਿਕਾਂ ਵਿਚ ਏਦਾਂ ਦੀ ਦੇਸ਼ਭਗਤੀ ਪੈਦਾ ਕਰਨੀ ਹੈ ਕਿ ਇਥੇ ਕੋਈ ਗਲਤ ਕੰਮ ਨਾ ਹੋਵੇ। ਆਪ ਗਲਤ ਕੰਮ ਕਰਨ ਪਿੱਛੋਂ ਆਮ ਲੋਕਾਂ ਲਈ ਠੀਕ ਰਾਹ ਚੱਲਣ ਦਾ ਉਪਦੇਸ਼ ਹਾਰੀ-ਸਾਰੀ ਬੰਦਾ ਨਹੀਂ ਵੰਡ ਸਕਦਾ। ਇਸ ਕੰਮ ਲਈ ਬੰਦੇ ਨੂੰ ਪਹਿਲਾਂ ਏਨਾ ਖਾਸ ਬਣਨਾ ਪੈਂਦਾ ਹੈ ਕਿ ਉਸ ਦਾ ਗਲਤ ਕੀਤਾ ਵੀ ਕਿਸੇ ਨੂੰ ਗਲਤ ਨਜ਼ਰ ਨਾ ਆਵੇ। ਉਸ ਦੇ ਨਾਲ ਖੱਬੇ-ਸੱਜੇ ਇਸ ਦੇਸ਼ ਦੇ ਪ੍ਰਧਾਨ ਮੰਤਰੀ ਦੇ ਪੱਧਰ ਦੇ ਆਗੂ ਖੜੇ ਦਿੱਸਣੇ ਚਾਹੀਦੇ ਹਨ, ਉਸ ਮਾਹੌਲ ਵਿਚ ਇਹ ਗਾਉਣ ਦਾ ਮੁਕੰਮਲ ਮਜ਼ਾ ਆਉਂਦਾ ਹੈ, "ਯੇ ਮੇਰਾ ਇੰਡੀਆ, ਆਈ ਲਵ ਮਾਈ ਇੰਡੀਆ।"

## 'ਪੰਜਾਬ ਟਾਈਮਜ਼' ਦੀ ਮਿਆਰੀ ਪੱਤਰਕਾਰੀ

**ਸੰਪਾਦਕ ਦੀ ਡਾਕ**

'ਪੰਜਾਬ ਟਾਈਮਜ਼' ਦੇ 27 ਫਰਵਰੀ ਵਾਲੇ ਅੰਕ ਵਿਚ ਡਾ. ਗੁਰਬਖਸ਼ ਸਿੰਘ ਭੰਡਲ ਦੀ ਲਿਖਤ 'ਕਲਾ ਦੀ ਕ੍ਰਿਸ਼ਮਈ ਕਥਾ' ਪੜ੍ਹ ਕੇ ਜਾਪਿਆ, ਡਾਕਟਰ ਸਾਹਿਬ ਦੀ ਆਪਣੀ ਕਲਪਨਾ ਤੇ ਭਾਸ਼ਾ, ਦੋਵੇਂ ਕ੍ਰਿਸ਼ਮਈ ਹਨ। ਲਿਖਤ ਪੜ੍ਹਦਿਆਂ ਸਮਝ ਨਹੀਂ ਸੀ ਲੱਗ ਰਹੀ, ਕੋਈ ਲੇਖ ਪੜ੍ਹ ਰਹੀ ਹਾਂ, ਜਾਂ ਕੋਈ ਪੇਂਟਿੰਗ ਦੇਖ ਰਹੀ ਹਾਂ, ਜਾਂ ਕਿਸੇ ਬਗੀਚੇ ਵਿਚ ਫੁੱਲਾਂ 'ਤੇ ਮੰਡਰਾਉਂਦੀਆਂ ਤਿਤਲੀਆਂ ਦੇਖ ਰਹੀ ਹਾਂ। ਭਾਸ਼ਾ ਵਿਚ ਕੋਮਲਤਾ, ਮਿਠਾਸ ਤੇ ਸੱਜਰਾਪਣ ਸੀ।

ਮੈਂ 'ਪੰਜਾਬ ਟਾਈਮਜ਼' ਦੀ ਪਾਠਕ ਹਾਂ। ਬਿਨਾਂ ਝਿਜਕ ਲਿਖ ਰਹੀ ਹਾਂ ਕਿ ਪੰਜਾਬ ਰਹਿੰਦਿਆਂ ਕਦੀ ਕੋਈ ਪੰਜਾਬੀ ਅਖਬਾਰ ਇਤਨੀ ਦਿਲੀ ਚਾਹ ਨਾਲ ਕਦੀ ਨਹੀਂ ਸੀ ਪੜ੍ਹੀ, ਭਾਵੇਂ ਬਹੁਤ ਸਾਰੀਆਂ ਅਖਬਾਰਾਂ ਰੋਜ਼ ਸਾਹਮਣੇ ਪਈਆਂ ਹੁੰਦੀਆਂ ਸਨ। 'ਪੰਜਾਬ ਟਾਈਮਜ਼' ਨਾਲ ਮੋਹ ਜਿਹਾ ਹੋ ਗਿਆ ਹੈ। ਹਰ ਬੁੱਧਵਾਰ ਸਵੇਰੇ ਨੌਂ ਵੱਜਣ ਦੀ ਹੀ ਉਡੀਕ ਰਹਿੰਦੀ ਹੈ। 'ਪੰਜਾਬ ਟਾਈਮਜ਼' ਇਕੱਲੀਆਂ ਖ਼ਬਰਾਂ ਲਈ ਨਹੀਂ ਪੜ੍ਹਿਆ ਜਾਂਦਾ; ਖਬਰਾਂ ਦਾ ਵਿਸ਼ੇਲਸ਼ਣ, ਨਿਰਪੱਖ ਆਲੋਚਨਾ ਅਤੇ ਸਾਰ, ਕਿਸੇ ਨਾ ਕਿਸੇ ਰੂਪ ਵਿਚ ਮਿਲ ਜਾਂਦਾ ਹੈ। ਪ੍ਰੋ. ਹਰਪਾਲ ਸਿੰਘ ਪੰਨੂ, ਜਤਿੰਦਰ ਪੰਨੂ, ਦਲਜੀਤ ਅਮੀ ਦੇ ਲੇਖ ਤ੍ਰਿਪਤੀ ਕਰਨ ਵਾਲੇ ਹੁੰਦੇ ਹਨ।

ਗੁਰਦਿਆਲ ਸਿੰਘ ਬਲ ਦਾ ਲੰਮਾ ਲੇਖ 'ਗੁਰਮੀਤ ਪਿੰਕੀ ਦੀਆਂ ਚਿੰਘਾੜਾਂ' ਜਿਥੇ ਪਾਠਕ ਨੂੰ ਹਿੰਸਾ ਦੀਆਂ ਜੜ੍ਹਾਂ ਤੱਕ ਲੈ ਜਾਂਦਾ ਹੈ, ਉਥੇ ਉਨ੍ਹਾਂ ਦੇ ਗਿਆਨ, ਦੁਨੀਆ ਦੇ ਇਿਹਤਾਸ, ਪੰਜਾਬ ਦੇ ਹਾਲਾਤ ਬਾਰੇ ਉਨ੍ਹਾਂ ਦੇ ਹਵਾਲੇ ਖੂਬ ਹਨ। ਉਨ੍ਹਾਂ ਦੀ ਬੁੱਧੀ ਤੇ ਕਲਮ ਨੂੰ ਨਮਸਕਾਰ ਹੈ। ਬੀਬੀ ਗੁਰਨਾਮ ਕੌਰ ਦੀ ਲਿਖਤ ਗੁਰਬਾਣੀ ਨਾਲ ਸਾਂਝ ਪੁਆਉਂਦੀ ਹੈ, ਤਰਲੋਚਨ ਸਿੰਘ ਦੁਪਾਲਪੁਰ ਦੀ ਕਲਮ ਵਿਚ ਸਾਦੇ ਜੀਵਨ ਤੇ ਸਿੱਖੀ ਦੀ ਜੀਵਨ-ਜਾਚ ਦਾ ਸੁਨੇਹਾ ਹੁੰਦਾ ਹੈ। ਕਿਸੇ ਬਰਖੁਰਦਾਰ ਦੇ ਸਾਦੇ ਵਿਆਹ ਦੀ ਗੱਲ ਹੋਵੇ ਜਾਂ ਕਿਸੇ ਪੜ੍ਹੇ-ਲਿਖੇ ਨੌਜਵਾਨ ਦੀ ਸੱਚੀ ਕਿਰਤ ਦੀ ਚਰਚਾ ਹੋਵੇ, ਭਾਵੇਂ ਕੋਈ ਜੁੱਤੀਆਂ ਗੰਢ ਕੇ ਸਿਰ ਉਚਾ ਕਰ ਕੇ ਜਿਉਂਦਾ ਹੋਵੇ, ਸਾਹਿਤਕ ਰੰਗ ਵਿਚ ਰੰਗੀਆਂ ਸੱਚੀਆਂ-ਸੁੱਚੀਆਂ ਗੱਲਾਂ ਮਨ ਨੂੰ ਛੂਹ ਜਾਂਦੀਆਂ ਹਨ।

ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਹਰ ਸਾਹਿਤ ਪ੍ਰੇਮੀ ਨੂੰ ਅਨੰਦਿਤ ਕਰਦੀਆਂ ਹਨ। ਉਨ੍ਹਾਂ ਦਾ ਲੇਖ 'ਮਿਥਿਹਾਸ ਵਿਚੋਂ ਮਿਲੇਗਾ ਗਿਆਨ ਵਿਗਿਆਨ ਦਾ ਇਤਿਹਾਸ' ਜੋ 'ਪੰਜਾਬ ਟਾਈਮਜ਼' ਵਿਚ 2 ਜਨਵਰੀ 2016 ਨੂੰ ਛਪਿਆ ਸੀ, ਪੜ੍ਹ ਕੇ ਹਰ ਮਨ ਵਿਚਾਰਾਂ ਵਿਚ ਡੁੱਬ ਜਾਂਦਾ ਹੈ ਅਤੇ ਸੋਚਦਾ ਹੈ, ਕੀ ਅਸੀਂ ਆਪਣੇ ਭਵਿੱਖ ਨੂੰ ਬਿਜਲੀ ਦੀ ਰੋਸ਼ਨੀ ਤੋਂ ਪਰ੍ਹੇ ਮੁੜ ਸਰੋਂ ਦੇ ਤੇਲ ਦੇ ਦੀਵੇ ਦੀ ਲੋਅ ਵਿਚ ਨਹੀਂ ਲਿਜਾ ਰਹੇ ਹਾਂ? ਵਰਿਆਮ ਸਿੰਘ ਸੰਧੂ ਦੇ ਹੱਡੀਂ ਹੰਢਾਏ ਸੰਤਾਪ ਬਾਰੇ ਲਿਖਤ, ਸਾਡੇ ਸਿਆਸੀ ਤੇ ਸਮਾਜਿਕ ਆਪ-ਹੁਦਰੇਪਣ ਦੇ ਬਖੀਏ ਉਧੇੜਦੀ ਹੈ। ਬਲਜੀਤ ਬਾਸੀ ਭਾਸ਼ਾ ਵਿਗਿਆਨ ਦੇ ਐਸੇ ਪਾਠ ਸੁਣਾਉਂਦੇ ਹਨ ਕਿ ਹੈਰਾਨੀ ਹੁੰਦੀ ਹੈ ਕਿ ਭਾਸ਼ਾ ਨੇ ਕਿੰਨੇ ਪੈਂਡੇ ਗਾਹੇ, ਕੋਈ ਸ਼ਬਦ ਕਿਸੇ ਦੇਸ਼ ਤੇ ਭਾਸ਼ਾ ਤੋਂ ਆਇਆ, ਇਸ ਨੇ ਕਿੰਨੇ ਰੂਪ ਬਦਲੇ! ਅਸ਼ੋਕ ਭੌਰਾ ਜਿਨ੍ਹਾਂ ਲੜਕਪਨ ਤੋਂ ਸੱਚੀ ਗਾਇਕੀ ਵਾਲੇ ਕਲਾਕਾਰਾਂ ਦਾ ਸੰਗ ਕੀਤਾ, ਦੇ ਲੇਖ ਗਾਇਕਾਂ ਦੇ ਜੀਵਨ 'ਤੇ ਵੱਖਰੀ ਝਾਤ ਪਾ ਦਿੰਦੇ ਹਨ।

ਘਰ ਵਿਚ ਭਾਵੇਂ ਸਭ ਕੁਝ ਹੋਵੇ ਜਾਂ ਬਹੁਤ ਕੁਝ ਹੋਵੇ, ਫਿਰ ਵੀ ਨਿੱਕ-ਸੁੱਕ ਦੀ ਲੋੜ ਹਮੇਸ਼ਾ ਰਹਿੰਦੀ ਹੈ। ਠੀਕ ਉਸੇ ਤਰ੍ਹਾਂ 'ਪੰਜਾਬ ਟਾਈਮਜ਼' ਲਈ ਗੁਲਜ਼ਾਰ ਸਿੰਘ ਸੰਧੂ ਅਤੇ 'ਨਿੱਕ-ਸੁੱਕ' ਦੀ ਲੋੜ ਰਹਿੰਦੀ ਹੈ। ਜਿੰਨਾ ਚਿਰ ਇਹ ਨਿਕ-ਸੁਕ ਸਾਂਭ-ਸੰਭਾਲ ਕੇ ਮਨ ਵਿਚ ਨਹੀਂ ਰੱਖ ਹੁੰਦਾ, ਅਖਬਾਰ ਦਾ ਪੜ੍ਹਨਾ ਅਧੂਰਾ ਜਾਪਦਾ ਹੈ। ਉਹ ਅੰਤਿਕਾ ਤਾਂ ਲੱਭ-ਲੱਭ ਕੇ ਲਿਖਦੇ ਹਨ। ਗੱਲ ਕੀ, 'ਪੰਜਾਬ ਟਾਈਮਜ਼' ਵਿਚ ਹਰ ਵੰਨਗੀ ਪੜ੍ਹਨ ਨੂੰ ਮਿਲਦੀ ਹੈ।

ਮੈਂ 'ਪੰਜਾਬ ਟਾਈਮਜ਼' ਦੇ ਸਾਰੇ ਸਟਾਫ਼, ਲੇਖਕਾਂ ਤੇ ਪਾਠਕਾਂ ਨੂੰ ਇਸ ਦੇ 16ਵੇਂ ਵਰ੍ਹੇਗੰਢ ਸਮਾਗਮ 'ਤੇ ਵਧਾਈ ਦਿੰਦੀ ਹਾਂ ਤੇ ਅਦਾਰੇ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਦੀ ਹਾਂ। ਅਰਦਾਸ ਕਰਦੀ ਹਾਂ ਕਿ ਪੰਜਾਬੀ ਪੱਤਰਕਾਰੀ ਨੂੰ ਵਿਦੇਸ਼ ਵਿਚ ਇਤਨਾ ਉਚਾ ਚੁੱਕਣ ਵਾਲੇ ਸੰਪਾਦਕ ਅਮੋਲਕ ਸਿੰਘ ਜੰਮੂ ਦੀ ਪਰਬਤ ਜਿੱਡੀ ਹਿੰਮਤ ਇਸੇ ਤਰ੍ਹਾਂ ਬਰਕਰਾਰ ਰਹੇ।

*-ਕਿਰਪਾਲ ਕੌਰ*
*ਫੋਨ: 815-356-9535*

# ਸੈਕਰਾਮੈਂਟੋ ਨਗਰ ਕੀਰਤਨ 'ਚ ਸੰਗਤ ਮੀਂਹ ਦੇ ਬਾਵਜੂਦ ਹੁਮਹੁਮਾ ਕੇ ਪੁੱਜੀ

**ਸੈਕਰਾਮੈਂਟੋ (ਬਿਊਰੋ):** ਸ੍ਰੀ ਗੁਰੂ ਰਵਿਦਾਸ ਟੈਂਪਲ, ਰਿਓ ਲਿੰਡਾ ਦੀਆਂ ਸੰਗਤਾਂ ਦੇ ਸਹਿਯੋਗ ਨਾਲ 13 ਮਾਰਚ, ਐਤਵਾਰ ਨੂੰ ਸ਼੍ਰੋਮਣੀ ਭਗਤ ਰਵਿਦਾਸ ਮਹਾਰਾਜ ਦੇ 639ਵੇਂ ਪ੍ਰਕਾਸ਼ ਪੁਰਬ ਮੌਕੇ ਸਜਾਏ ਗਏ 16ਵੇਂ ਸਾਲਾਨਾ ਨਗਰ ਕੀਰਤਨ ਦੌਰਾਨ ਭਾਰੀ ਮੀਂਹ ਦੇ ਬਾਵਜੂਦ ਸੰਗਤਾਂ ਹੁਮਹੁਮਾ ਕੇ ਪੁੱਜੀਆਂ।

ਅਰਦਾਸ ਉਪਰੰਤ ਗੁਰੂ ਗ੍ਰੰਥ ਸਾਹਿਬ ਦੀ ਛਤਰਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਜੈਕਾਰਿਆਂ ਦੀ ਗੂੰਜ ਵਿਚ ਨਗਰ ਕੀਰਤਨ ਅਰੰਭ ਹੋਇਆ। ਫੁੱਲਾਂ ਨਾਲ ਸਜੀ ਸੁੰਦਰ ਪਾਲਕੀ ਉਤੇ ਗੁਰੂ ਗ੍ਰੰਥ ਸਾਹਿਬ ਸੁਸ਼ੋਭਿਤ ਸਨ ਅਤੇ ਰਾਗੀ ਸਿੰਘ ਰਸ ਭਿੰਨਾ ਕੀਰਤਨ ਕਰ ਰਹੇ ਸਨ। ਸੰਗਤਾਂ ਬੜੀ ਹੀ ਸ਼ਰਧਾ ਭਾਵਨਾ ਨਾਲ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੀਆਂ ਗੁਰੂ ਮਹਾਰਾਜ ਦੀ ਪਾਲਕੀ ਦੇ ਪਿੱਛੇ ਚੱਲ ਰਹੀਆਂ ਸਨ। ਸੰਗਤ ਦੀ ਸੇਵਾ ਲਈ ਰਾਸਤੇ ਵਿਚ ਬਲੈਰੋ ਗੈਸ ਸਟੇਸ਼ਨ 'ਤੇ ਚਾਹ-ਪਕੌੜਿਆਂ ਦਾ ਲੰਗਰ ਲੱਗਾ ਹੋਇਆ ਸੀ। ਉਥੇ ਰੁਕਣ ਤੋਂ ਬਾਅਦ ਨਗਰ ਕੀਰਤਨ ਮਿੱਥੇ ਰੂਟ ਤੋਂ ਹੁੰਦਾ ਹੋਇਆ ਕਰੀਬ 5 ਵਜੇ ਗੁਰੂ ਘਰ ਪੁੱਜਾ ਅਤੇ ਅਰਦਾਸ ਉਪਰੰਤ ਸਮਾਪਤੀ ਹੋਈ।





ਨਗਰ ਕੀਰਤਨ ਦੌਰਾਨ ਹੈਲੀਕਾਪਟਰ ਰਾਹੀਂ ਫੁੱਲਾਂ ਦੀ ਵਰਖਾ ਦਾ ਪ੍ਰਬੰਧ ਹਰਦਿਆਲ ਬੰਗਾ ਵਲੋਂ ਕੀਤਾ ਗਿਆ ਸੀ ਪਰ ਮੌਸਮ ਖਰਾਬ ਹੋਣ ਕਾਰਨ ਫੁੱਲਾਂ ਦੀ ਵਰਖਾ ਨਹੀਂ ਹੋ ਸਕੀ। ਬਾਅਦ ਵਿਚ ਗੁਰੂ ਘਰ ਵਿਚ ਕੀਰਤਨ ਪ੍ਰਵਾਹ ਚੱਲਿਆ। ਸੰਗਤਾਂ ਦੀ ਸੇਵਾ ਲਈ ਬਹੁਤ ਸਾਰੇ ਖਾਣ-ਪੀਣ ਦੇ ਸਟਾਲ ਲੱਗੇ ਹੋਏ ਸਨ। ਗੁਰੂ ਕਾ ਲੰਗਰ ਅਤੁੱਟ ਚਲਦਾ ਰਿਹਾ। ਨਗਰ ਕੀਰਤਨ ਦੀ ਗਲੋਬਲ ਪੰਜਾਬ ਟੀ ਵੀ ਲਈ ਕਵਰੇਜ ਜਗਦੇਵ ਸਿੰਘ ਭੰਡਾਲ ਅਤੇ ਐਸ ਅਸ਼ੋਕ ਭੌਰਾ ਕਰ ਰਹੇ ਸਨ।

ਇਸ ਤੋਂ ਪਹਿਲਾਂ ਐਤਵਾਰ ਨੂੰ ਸਵੇਰ ਵੇਲੇ ਅਖੰਡ ਪਾਠ ਦੇ ਭੋਗ ਉਪਰੰਤ ਕੀਰਤਨੀ ਜਥਿਆਂ ਨੇ ਕੀਰਤਨ ਕੀਤਾ। ਇਸ ਤੋਂ ਬਾਅਦ ਗੁਰਦੀਪ ਹੀਰਾ, ਜੱਸੀ ਬੰਗਾ, ਜਸਵੰਤ ਸ਼ੀਮਾਰ, ਮਹਿੰਦਰ ਧਾਮੀ, ਡਾ. ਹਰਮੇਸ਼ ਸੰਧੂ, ਵਿਨੋਦ ਚੁੰਬਰ, ਪ੍ਰੇਮ ਚੁੰਬਰ, ਕਲੇਅ ਜੌਹਨਸਨ ਤੋਂ ਇਲਾਵਾ ਉਚੇਚਾ ਪੁੱਜੇ ਸਵਰਗੀ ਲਾਹੌਰੀ ਰਾਮ ਦੇ ਦੋਹਾਂ ਪੁੱਤਰਾਂ- ਜੈਕ ਰਾਮ ਤੇ ਪਾਲ ਰਾਮ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਭਗਤ ਰਵਿਦਾਸ ਦੇ ਪ੍ਰਕਾਸ਼ ਦਿਹਾੜੇ ਦੀ ਵਧਾਈ ਦਿੱਤੀ। ਨਿਊ ਯਾਰਕ ਤੋਂ ਥਿਨਮੋਜ਼ੀ ਸੁੰਦਰਰਾਜਨ, ਜੋ ਆਲ ਇੰਡੀਆ ਦਲਿਤ ਮਹਿਲਾ ਮੋਰਚਾ ਦੀ ਅਗਵਾਈ ਕਰਦੇ ਹਨ, ਨੇ ਦਲਿਤ ਔਰਤਾਂ 'ਤੇ ਹੋਰ ਰਹੇ ਅੱਤਿਆਚਾਰ 'ਤੇ ਚਿੰਤਾ ਦਾ ਪ੍ਰਗਟਾਵਾ ਕੀਤਾ।

ਇਸ ਤੋਂ ਇਲਾਵਾ ਸਨਿਚਰਵਾਰ ਨੂੰ ਸਵੇਰੇ ਤੋਂ ਸ਼ਾਮ ਤੱਕ ਕੀਰਤਨ ਦਾ ਪ੍ਰਵਾਹ ਚੱਲਦਾ ਰਿਹਾ ਜਿਸ ਵਿਚ ਇੰਗਲੈਂਡ ਤੋਂ ਆਏ ਭਾਈ ਜਸਬੀਰ ਸਿੰਘ ਖਾਲਸਾ, ਭਾਈ ਪ੍ਰਿਤਪਾਲ ਸਿੰਘ, ਭਾਈ ਮਨਪ੍ਰੀਤ ਸਿੰਘ ਅਤੇ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਜਸਪਾਲ ਸਿੰਘ ਤੇ ਭਾਈ ਨਿਰਮਲ ਸਿੰਘ ਦੇ ਜਥੇ ਨੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ।



ਸੰਤ ਜਸਵਿੰਦਰ ਸਿੰਘ ਖੈੜ ਅੱਛਰੋਵਾਲ ਵਾਲਿਆਂ ਨੇ ਵੀ ਆਪਣੇ ਪ੍ਰਵਚਨਾਂ ਰਾਹੀਂ ਸੰਗਤ ਨੂੰ ਨਿਹਾਲ ਕੀਤਾ। ਸ਼ਾਮ ਨੂੰ ਨਿਸ਼ਾਨ ਸਾਹਿਬ ਦੇ ਚੋਲਾ ਬਦਲਣ ਦੀ ਸੇਵਾ ਹੋਈ ਜੋ ਕਿਸੇ ਗੁਰਮੁਖ ਪਰਿਵਾਰ ਵਲੋਂ ਗੁਪਤ ਕੀਤੀ ਗਈ। ਇਸ ਉਪਰੰਤ ਮੋਤੀ ਰਾਮ ਕਰਨਾਣਾ ਅਤੇ ਰਾਮ ਲੋਕ ਨੂੰ ਗੁਰੂ ਘਰ ਦੇ ਪੈਟਰਨ ਬਣਨ ਅਤੇ ਜਗਜੀਤ (ਟੋਨੀ) ਰੱਤੂ ਦਾ ਗੁਰੂ ਘਰ ਦੀ ਮਾਲੀ ਇਮਦਾਦ ਕਰਨ ਬਦਲੇ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ। ਇੰਗਲੈਂਡ ਤੋਂ ਆਏ ਭਾਈ ਦਾਰਾ ਸਿੰਘ ਦਾ ਵੀ ਮਾਣ-ਤਾਣ ਕੀਤਾ ਗਿਆ।

ਇਸ ਮੌਕੇ ਜੱਸੀ ਬੰਗਾ, ਮੱਖਣ ਲੁਹਾਰ, ਮਨਜੀਤ ਰੱਲ੍ਹ ਅਤੇ ਹਰਮੇਸ਼ ਹੱਪੋਵਾਲੀਆ ਦੀਆਂ ਧਾਰਮਿਕ ਸੀਡੀਆਂ ਵੀ ਰਿਲੀਜ਼ ਕੀਤੀਆਂ ਗਈਆਂ। ਬੇਗਮਪੁਰਾ ਐਜੂਕੇਸ਼ਨ ਏਡ ਐਂਡ ਕਲਚਰਲ ਸੁਸਾਇਟੀ ਦੇ ਕਨਵੀਨਰ ਮਹਿੰਦਰ ਸਿੰਘ ਧਾਮੀ ਨੂੰ ਹਾਲ ਹੀ ਵਿਚ ਇੰਡੀਆ ਜਾ ਕੇ ਗਰੀਬਾਂ ਦੀ ਭਲਾਈ ਵਾਸਤੇ ਕੀਤੇ ਕੰਮਾਂ ਲਈ ਪਲੇਕ ਦੇ ਕੇ ਸਨਮਾਨਿਤ ਕੀਤਾ ਗਿਆ।

ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਗਰ ਕੀਰਤਨ ਵਿਚ ਸ਼ਾਮਲ ਹੋਈਆਂ ਸੰਗਤਾਂ ਅਤੇ ਸਾਰੀਆਂ ਰਵਿਦਾਸ ਸਭਾਵਾਂ, ਬਾਲਮੀਕ ਸਭਾ- ਯੂਬਾ ਸਿਟੀ ਅਤੇ ਸਿੱਖ ਸੰਸਥਾਵਾਂ ਦਾ ਧੰਨਵਾਦ ਕੀਤਾ ਹੈ। ਨਗਰ ਕੀਰਤਨ ਨੂੰ ਕਾਮਯਾਬ ਕਰਨ ਲਈ ਨੌਜਵਾਨ ਸਭਾ, ਕਿਡਸ ਕਮੇਟੀ ਅਤੇ ਬੀਬੀਆਂ ਦੇ ਜਥੇ ਨੇ ਅਹਿਮ ਭੂਮਿਕਾ ਨਿਭਾਈ। ਸਟੇਜ ਦੀ ਸੇਵਾ ਰਾਜ ਸੂਦ ਅਤੇ ਰਮੇਸ਼ ਬੰਗੜ ਨੇ ਕੀਤੀ।

ਹੋਰ ਜਾਣਕਾਰੀ ਗੁਰੂ ਘਰ ਦੇ ਫੋਨ 916-992-1710 ਰਾਹੀਂ ਲਈ ਜਾ ਸਕਦੀ ਹੈ।


















ੴ ਸਤਿਗੁਰ ਪ੍ਰਸਾਦਿ॥

ਦੇਗ ਤੇਗ ਫਤਿਹ

ਸੰਗਤੇ ਅਬਾਦ ਰਹੈਂ, ਆਵਤੈ ਪ੍ਰਸ਼ਾਦਿ ਰਹੈਂ, ਬੁੰਗੇ ਝਲਾ ਝਲ ਰਹੈਂ ਪੂਰੇ ਉਤਸ਼ਾਹ ਕੇ॥
ਲਾਗਤੇ ਦੀਵਾਨ ਰਹੈਂ, ਗਾਵਤੇ ਸੁਜਾਨ ਰਹੈਂ, ਝੂਲਤੇ ਨਿਸ਼ਾਨ ਰਹੈਂ ਸਾਚੇ ਪਾਤਸ਼ਾਹ ਕੇ॥

ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਸੈਨ ਹੋਜ਼ੇ (ਕੈਲੀਫੋਰਨੀਆ)

3636 Murillo Ave, San Jose CA 95148, ਗੁਰਦੁਆਰਾ ਸਾਹਿਬ ਦੀ ਵੈਬ-ਸਾਈਟ: www.sanjosegurdwara.org or facebook "San Jose Gurdwara"



# ਹੋਲਾ ਮਹੱਲਾ

## ਸੰਗਤਾਂ ਨੂੰ ਹੋਲੇ ਮਹੱਲੇ ਦੀ ਲੱਖ ਲੱਖ ਵਧਾਈ

**ਖੇਡ ਮੇਲਾ** **ਐਤਵਾਰ 20 ਮਾਰਚ 2016** *ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ*

ਖਾਲਸਾ ਜੀ ਕੇ ਬੋਲਬਾਲੇ ਦਾ ਪ੍ਰਤੀਕ ਹੋਲਾ ਮਹੱਲਾ ਗੁਰਦੁਆਰਾ ਸੈਨ ਹੋਜ਼ੇ ਵਿਖੇ ਖਾਲਸਾਈ ਰਵਾਇਤ ਅਨੁਸਾਰ ਐਤਵਾਰ 20 ਮਾਰਚ 2016 ਨੂੰ ਖਾਲਸਾਈ ਜਾਹੋ ਜਲਾਲ ਨਾਲ ਮਨਾਇਆ ਜਾ ਰਿਹਾ ਹੈ। ਕੀਰਤਨ ਦੀਵਾਨ ਦੌਰਾਨ ਪੰਥ ਪ੍ਰਸਿਧ ਕੀਰਤਨੀ ਤੇ ਢਾਡੀ ਜਥੇ, ਵਿਆਖਿਆਕਾਰ ਅਤੇ ਕਵੀਸ਼ਰ ਸੰਗਤਾਂ ਨੂੰ ਗੁਰ ਸ਼ਬਦ ਨਾਲ ਜੋੜਨਗੇ ਤੇ ਸਿੱਖੀ ਇਤਿਹਾਸ ਸਰਵਣ ਕਰਵਾਉਣਗੇ। ਗੁਰਦੁਆਰਾ ਪ੍ਰਬੰਧਕਾਂ ਵਲੋਂ ਖੇਡਾਂ ਪ੍ਰਤੀ ਲਗਾਓ ਪੈਦਾ ਕਰਨ ਦੇ ਮਨੋਰਥ ਨਾਲ ਵਾਲੀਬਾਲ, ਰੱਸਾਕਸ਼ੀ, ਬਾਸਕਿਟਬਾਲ, ਗਤਕਾ, ਘੋੜ ਸਵਾਰੀ ਤੋਂ ਇਲਾਵਾ ਬੱਚਿਆਂ ਅਤੇ ਬਜ਼ੁਰਗਾਂ ਦੀਆਂ ਦੌੜਾਂ ਅਤੇ ਹੋਰ ਖੇਡਾਂ ਕਰਵਾਈਆਂ ਜਾਣਗੀਆਂ। ਅਨੰਦਪੁਰ ਸਾਹਿਬ ਵਰਗਾ ਮਾਹੌਲ ਸਿਰਜਣ ਲਈ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ। ਸਮੂਹ ਸੰਗਤ ਨੂੰ ਇਨ੍ਹਾਂ ਸਮਾਗਮਾਂ ਦੌਰਾਨ ਹਾਜ਼ਰੀਆਂ ਭਰਨ ਦੀ ਬੇਨਤੀ ਹੈ ਜੀ।




**ਵਿਸ਼ੇਸ਼ ਲੰਗਰ:** ਇਸ ਮੌਕੇ ਛੱਲੀਆਂ, ਛੋਲੇ-ਭਠੂਰੇ, ਗੰਨੇ ਦਾ ਰਸ, ਪਕੌੜੇ, ਤਾਜਾ ਫਲ, ਫਰਾਈਆਂ ਅਤੇ ਬਰੈਡ ਪਕੌੜਿਆਂ ਦਾ ਵਿਸ਼ੇਸ਼ ਬੰਦੋਬਸਤ ਹੋਵੇਗਾ

**ਕੀਰਤਨ ਦਰਬਾਰ**

**19 ਮਾਰਚ 2016, ਸਨਿਚਰਵਾਰ**

*ਸ਼ਾਮ 6 ਵਜੇ ਤੋਂ ਰਾਤ 9 ਵਜੇ ਤੱਕ*

---- *ਕੀਰਤਨੀ ਜਥੇ* ----

ਭਾਈ ਤਾਜਵਿੰਦਰ ਸਿੰਘ ਜੀ (ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ)
ਭਾਈ ਪਰਪਾਲ ਸਿੰਘ ਜੀ (ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ)
ਖਾਲਸਾ ਸਕੂਲ ਦੇ ਬੱਚੇ

**General Info: Sukhdev Singh Bainiwal 408-421-9463**
**Langer Seva: Arun Singh 408-439-8903; Stall Reservations: Khushvinder P. Singh 408-507-1290**

## ਨਿਰਵਿਘਨ ਪ੍ਰਕਾਸ਼ਨ ਦੇ 17ਵੇਂ ਸਾਲ 'ਚ

## ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ

# ਪੰਜਾਬ ਟਾਈਮਜ਼

## 16ਵੀਂ ਵਰ੍ਹੇਗੰਢ ਮੌਕੇ ਗੀਤ-ਸੰਗੀਤ ਭਰੀ ਇਕ ਸ਼ਾਮ

# 'ਪੰਜਾਬ ਟਾਈਮਜ਼ ਨਾਈਟ'

**The Cotillion**

360 South Creek Side, Palatine, IL 60074 (Route 14 & 1/2 Block West of 53)

ਵੀਡੀਓ ਅਤੇ ਫੋਟੋਗ੍ਰਾਫੀ:ਸਿਆਨ ਵੀਡੀਓ (ਫੋਨ: 734-261-0936)

**26 ਮਾਰਚ 2016**

**ਸਨਿਚਰਵਾਰ**

ਸਮਾਂ: ਸ਼ਾਮੀ 6:30 ਵਜੇ

Limited Seats, Reserve Your Seat.

### ਪਹੁੰਚ ਰਹੇ ਕਲਾਕਾਰ



ਮਨਮੀਤ | ਮਨਦੀਪ | ਲਖਵਿੰਦਰ ਮਾਵੀ | ਤਾਰਾ ਮੁਲਤਾਨੀ | ਪੂਜਾ ਧਾਲੀਵਾਲ

### ਗਰੈਂਡ ਸਪਾਂਸਰ



ਡਾ. ਭੁਪਿੰਦਰ ਸਿੰਘ ਸੈਣੀ | ਰਘਬੀਰ ਸਿੰਘ ਘੁੰਨ | ਅਮਰਜੀਤ ਸਿੰਘ ਢੀਂਡਸਾ | ਹਰਜਿੰਦਰ ਸਿੰਘ ਸੰਧੂ | ਗੁਲਜ਼ਾਰ ਸਿੰਘ ਮੁਲਤਾਨੀ | ਹਰਿੰਦਰ ਵਾਲੀਆ | ਮੇਜਰ ਗੁਰਚਰਨ ਸਿੰਘ ਝੱਜ | ਨਿੱਕ ਗਾਖਲ

**ਸਪਾਂਸਰ:** **ਸ਼ਿਕਾਗੋ:** ਸਵਰਨ ਸਿੰਘ ਸੇਖੋਂ, ਅੰਮ੍ਰਿਤਪਾਲ ਸਿੰਘ ਸੰਘਾ, ਸਰਵਣ ਸਿੰਘ ਸਿੱਧੂ, ਸਤਿੰਦਰ ਸਿੰਘ ਸੁਸਾਣਾ, ਜਗਜੀਤ ਸਿੰਘ ਢੀਂਡਸਾ, ਜਗਵਿੰਦਰ ਸਿੰਘ ਭੱਠਲ, ਭੁਪਿੰਦਰ (ਭਿੰਦਾ) ਸਿੰਘ ਢਿੱਲੋਂ, ਸੰਨੀ ਕੁਲਾਰ, ਲਖਵੰਤ ਸਿੰਘ ਕੋਮਲ, ਤਰਲੋਚਨ ਸਿੰਘ ਮੁਲਤਾਨੀ, ਸੰਤੋਖ ਸਿੰਘ, ਸਤਵੰਤ ਸਿੰਘ ਅਟੱਲ, ਅੰਮ੍ਰਿਤਪਾਲ ਗਿੱਲ, ਕਰਨਲ ਨਿਰਮਲ ਸਿੰਘ ਸਿੰਘਾ, ਗੁਰਬਚਨ ਸਿੰਘ, ਗੁਰਮੀਤ ਸਿੰਘ ਬੈਂਸ, ਦਰਸ਼ਨ ਸਿੰਘ ਬਸਰਾਓਂ, ਲਖਵੀਰ ਸਿੰਘ ਸੰਧੂ, ਸਤਨਾਮ ਸਿੰਘ ਔਲਖ, ਹਰਵਿੰਦਰ ਸਿੰਘ ਕੰਗ, ਹਰਦੀਪ ਗਿੱਲ, ਰਘਵਿੰਦਰ ਸਿੰਘ ਮਾਹਲ, ਗੁਰ ਸਿੰਘ ਸਰਕਾਰੀਆ, ਅਮੋਲਕ ਸਿੰਘ ਗਿੱਧਾ, ਰੰਮੀ ਗਰੇਵਾਲ, ਨਰਿੰਦਰ ਸੂਦ; **ਇੰਡੀਆਨਾ:** ਕਮਲਜੀਤ ਵਿਰਕ, ਰਾਣਾ ਵਿਰਕ, ਪ੍ਰਿਥਪਾਲ ਸਿੰਘ ਘੋਤੜਾ; **ਮਿਸ਼ੀਗਨ:** ਸੁਖੀ ਨਰਵਾਲ, ਦਵਿੰਦਰ ਗਰੇਵਾਲ, ਮੋਹਨ ਸਿੰਘ ਜੰਡ, ਬਲਬੀਰ ਗਰੇਵਾਲ, ਰਾਜ ਸ਼ੇਰਗਿੱਲ, ਬਾਬ ਖਹਿਰਾ, ਸੁਰਿੰਦਰ ਸਿੰਘ ਕੰਗ, ਮੁਖਤਿਆਰ ਸਿੰਘ ਖਹਿਰਾ, ਲਾਡੀ ਮੁਲਤਾਨੀ, ਬਲਬੀਰ ਸਿੰਘ, ਕੁਲਦੀਪ ਸਿੰਘ; **ਮਿਲਵਾਕੀ:** ਬਰੈਟੀ ਗਿੱਲ, ਸੁਖਦੇਵ ਸਿੰਘ ਖਾਲਸਾ; **ਓਹਾਇਓ:** ਰਛਪਾਲ ਸਿੰਘ ਸਹੋਤਾ, ਇਕਬਾਲ ਸਿੰਘ ਬੋਪਾਰਾਏ, ਗੁਰਿੰਦਰ ਸਿੰਘ ਢਿੱਲੋਂ; **ਨਿਊ ਯਾਰਕ:** ਸੁਰਿੰਦਰ ਸੋਹਲ, ਰਵਿੰਦਰ ਸਹਿਰਾਅ, ਬਿੰਦਰ ਬਿਸਮਿਲ, ਹਰਭਜਨ ਸਿੰਘ, ਭੁਪਿੰਦਰ ਸਿੰਘ ਅਟਵਾਲ; **ਕੈਲੀਫੋਰਨੀਆ:** ਕਸ਼ਮੀਰ ਸਿੰਘ ਧੁੱਗਾ, ਕੁਲਦੀਪ ਸਿੰਘ ਯੂਨੀਅਨ ਸਿਟੀ, ਦਲਵੀਰ ਸਿੰਘ ਪੰਨੂੰ, ਐਸ ਪੀ ਸਿੰਘ, ਪਲਵਿੰਦਰ ਗੁਰਾਇਆ, ਸਰਬਜੋਤ ਸਿੰਘ ਸਵੱਦੀ, ਕਸ਼ਮੀਰ ਸਿੰਘ ਕਾਂਗਣਾ, ਗਿਆਨ ਸਿੰਘ ਬਿਲਗਾ, ਨੀਟਾ ਮਾਛੀ ਕੇ, ਕੁਲਵੰਤ ਧਾਲੀਆਂ, ਸੁਰਿੰਦਰ ਸਿੰਘ ਮੰਡਾਲੀ, ਸੋਹਨਪ੍ਰੀਤ (ਸੈਮ ਚਾਹਲ)।

### ਸਾਡੇ ਸਥਾਈ ਲੇਖਕ ਤੇ ਕਾਲਮਨਵੀਸ



ਗੁਰਬਚਨ ਭੁੱਲਰ | ਤਰਲੋਚਨ ਸਿੰਘ | ਐਸ. ਅਸ਼ੋਕ ਭੌਰਾ | ਡਾ. ਗੁਰਨਾਮ ਕੌਰ | ਬੀਬੀ ਸੁਰਜੀਤ ਕੌਰ | ਕਾਨਾ ਸਿੰਘ | ਬਲਜੀਤ ਬਾਸੀ | ਹਰਪਾਲ ਸਿੰਘ ਪੰਨੂ | ਜਤਿੰਦਰ ਪਨੂੰ | ਦਲਜੀਤ ਅਮੀ | ਮੇਜਰ ਕੁਲਾਰ | ਇਕਬਾਲ ਜੱਬੋਵਾਲ

**Punjab Times**

Ph: 847-359-0746

**Published simultaneously from Chicago, California & New York.**

*e-mail: punjabtimes1@sbcglobal.net, website: www.punjabtimesusa.com*

### ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਸਵਰਨਜੀਤ ਸਿੰਘ ਢਿਲੋਂ | ਪ੍ਰੋ. ਜੋਗਿੰਦਰ ਸਿੰਘ ਰਮਦੇਵ | ਅਮੋਲਕ ਸਿੰਘ ਗਾਖਲ | ਡਾ. ਨਵਦੀਪ ਕੌਰ ਸੰਧੂ | ਬਲਵਿੰਦਰ ਕੌਰ (ਨਿੱਕੀ) ਸੇਖੋਂ | ਡਾ. ਗੁਰਦਿਆਲ ਸਿੰਘ ਬਸਰਾਨ | ਹਰਦਿਆਲ ਸਿੰਘ ਦਿਓਲ | ਹਰਜੀਤ ਸਿੰਘ ਸਾਹੀ | ਬਲਵਿੰਦਰ ਸਿੰਘ ਸੰਧੂ



ਸਰਵਣ ਸਿੰਘ ਟਿਵਾਣਾ | ਦਰਸ਼ਨ ਸਿੰਘ ਦਰੜ | ਰਾਜਿੰਦਰ ਸਿੰਘ ਬੈਂਸ | ਜੈਦੇਵ ਸਿੰਘ ਭੱਠਲ | ਜੱਸੀ ਗਿੱਲ | ਦਰਸ਼ਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ




ਜਗਦੀਸ਼ਰ ਸਿੰਘ ਕਲੇਰ | ਸਰਬਜੀਤ ਸਿੰਘ ਥਿਆੜਾ | ਅਯੁਧਿਆ ਸਲਵਾਨ

#### ਵਿਸ਼ੇਸ਼ ਸਹਿਯੋਗੀ



ਡਾ. ਹਰਜਿੰਦਰ ਸਿੰਘ ਖਹਿਰਾ | ਜੈਰਾਮ ਸਿੰਘ (ਨੀਟੂ) ਕਾਹਲੋਂ | ਗੁਰਮੁਖ ਸਿੰਘ ਭੁੱਲਰ | ਸੁਰਿੰਦਰ ਸਿੰਘ ਭਾਟੀਆ | ਇੰਦਰਮੋਹਨ ਸਿੰਘ ਛਾਬੜਾ

### ਮੁੱਖ ਸਪਾਂਸਰ



ਗੁਰਮੇਲ ਸਿੰਘ ਕੰਗ | ਜਗਮੀਤ ਸਿੰਘ (ਰੀਮੈਕਸ) | ਸੁਰਜੀਤ ਸਿੰਘ ਮਾਵੀ | ਅਵਤਾਰ ਸਿੰਘ ਸਪਰਿੰਗਫੀਲਡ | ਗੁਰਦੇਵ ਸਿੰਘ ਜੌੜਾ | ਅਮਰਜੀਤ ਸਿੰਘ ਸੰਧਰ | ਕਰਨ ਗਿੱਲ | ਡਾ. ਸਰਬਜੀਤ ਸਿੰਘ ਭੰਡਾਲ | ਬਲਕਾਰ ਸਿੰਘ ਢਿੱਲੋਂ | ਸੁਖਪਾਲ ਗਿੱਲ | ਕਿਰਪਾਲ ਸਿੰਘ ਰੰਧਾਵਾ | ਭੁਪਿੰਦਰ ਸਿੰਘ ਹੁੰਦਲ



ਬਲਵਿੰਦਰ ਸਿੰਘ ਗਿਰਨ | ਅਮਰੀਕ ਸਿੰਘ ਅਮਰ ਕਾਰਪੈਟਸ | ਮਿੱਕੀ ਕਾਹਲੋਂ | ਠਾਕਰ ਸਿੰਘ ਬਸਾਤੀ | ਬਲਜੀਤ ਸਿੰਘ ਸਿੱਧੂ | ਅਮਰਦੇਵ ਸਿੰਘ ਬੰਦੇਸ਼ਾ | ਡਾ. ਰਛਪਾਲ ਸਿੰਘ ਬਾਜਵਾ | ਜਸਵਿੰਦਰ ਸਿੰਘ ਸੰਧੂ | ਪ੍ਰਿੰ. ਨਿਰੰਜਣ ਸਿੰਘ ਢੇਸੀ | ਪ੍ਰਿੰ. ਬ੍ਰਿਜਿੰਦਰ ਸਿੰਘ ਸਿੱਧੂ | ਸਵਰਨ ਸਿੰਘ ਸੇਖੋਂ | ਅੰਮ੍ਰਿਤਪਾਲ ਸਿੰਘ ਸੰਘਾ



ਹਰਪਾਲ ਚੀਮਾ | ਗਿਆਨਇੰਦਰ ਗਿੰਨੀ HK Transport Inc., Indiana | ਦਲਬਾਰਾ ਸਿੰਘ ਮਾਂਗਟ | ਲਾਲੀ ਧਾਲੀਵਾਲ | ਕੁਲਵਿੰਦਰ ਸਿੰਘ ਗਿੱਲ | ਹਰਪ੍ਰੀਤ ਸਿੰਘ ਵਰਲਡ ਵਾਈਡ | ਰਾਜਬੀਰ ਸਿੰਘ ਬੋਪਾਰਾਏ | ਰਾਜ ਸਿਆਨ | ਗੁਰਬਖਸ਼ ਰਾਹੀ | ਬਿਕਰਮਜੀਤ ਸਿੰਘ ਸੇਖੋਂ | ਸੁਖਦੇਵ ਸਿੰਘ ਸਮਰਾ | ਲਾਲੀ ਸਿੱਧੂ



ਮਤ ਸਿੰਘ ਢਿਲੋਂ | ਬਲਵਿੰਦਰ (ਨਿੱਕ) ਸਿੰਘ | ਮਨਜੀਤ ਸਿੰਘ ਨਾਗਰਾ | ਬਹਾਦੁਰ ਸਿੰਘ ਸੇਲਮ | ਬਿਕਰਮ ਸਿੱਧੂ | ਸਤਵੰਤ ਸਿੰਘ ਨਿੱਜਰ | ਜਸਕਰਨ ਧਾਲੀਵਾਲ | ਰਵਿੰਦਰ ਰਵੀ ਆਰ ਕੇ ਕਾਰਪੈਟਸ | ਕੁਲਵਿੰਦਰ ਸਿੰਘ ਧਾਲੀਵਾਲ | ਇਕਬਾਲ ਸਿੰਘ ਗਾਖਲ | ਮੱਖਣ ਸਿੰਘ ਬੈਂਸ | ਗੁਰਦਾਵਰ ਸਿੰਘ ਮਹੇੜੂ

**ਸਹਿਯੋਗੀ ਸੰਸਥਾਵਾਂ:** ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ (ਪੀ ਐਚ ਓ) ਸ਼ਿਕਾਗੋ; ਪੰਜਾਬੀ ਕਲਚਰਲ ਸੁਸਾਇਟੀ (ਪੀ ਸੀ ਐਸ) ਸ਼ਿਕਾਗੋ; ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਮਿਡਵੈਸਟ ਸਪੋਰਟਸ ਕਲੱਬ-ਸ਼ਿਕਾਗੋ; ਪੰਜਾਬੀ ਕਲਚਰਲ ਆਰਗੇਨਾਈਜੇਸ਼ਨ-ਮਿਲਵਾਕੀ; ਗੁਰੂ ਲਾਧੋ ਰੇ ਸੇਵਾ ਸੁਸਾਇਟੀ, ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਇੰਡੀਆਨਾ; ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਮਿਸ਼ੀਗਨ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸਿਨਸਿਨੈਟੀ; ਪੰਜਾਬ ਸਪੋਰਟਸ ਕਲੱਬ ਕਲੀਵਲੈਂਡ (ਓਹਾਇਓ); ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਡੇਅਟਨ (ਓਹਾਇਓ); ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ; ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ; ਗਦਰ ਮੈਮੋਰੀਅਲ ਫਾਉਂਡੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜੇਸ਼ਨ ਸੈਕਰਾਮੈਂਟੋ; ਇੰਡੋ-ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ; ਇੰਡੋ ਯੂ ਐਸ ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ।

# ਤਲਤ ਅਜ਼ੀਜ਼ ਦੀ ਤਾਲ



ਕਲਾ ਪਰਿਕਰਮਾ

ਗਾਇਕ ਤਲਤ ਅਜ਼ੀਜ਼ ਨੇ ਸੰਗੀਤ ਦੇ ਖੇਤਰ ਵਿਚ ਸੁਰਾਂ ਦੀ ਅਜਿਹੀ ਛਹਿਬਰ ਲਾਈ ਹੈ ਕਿ ਉਸ ਦੀ ਆਵਾਜ਼ ਸੁਣਦੇ ਸਾਰ ਸਰੋਤੇ ਅਸ਼-ਅਸ਼ ਕਰਦੇ ਰਹੇ ਹਨ। ਸੁਰਾਂ ਦਾ ਇਹ ਜਾਦੂ ਅੱਜ ਵੀ ਬਰਕਰਾਰ ਹੈ। ਤਲਤ ਦਾ ਜਨਮ 11 ਨਵੰਬਰ 1956 ਨੂੰ ਹੈਦਰਾਬਾਦ ਵਿਚ ਹੋਇਆ। ਉਹਦੀ ਮਾਂ ਸਾਜਿਦਾ ਆਬਿਦ ਉਰਦੂ ਦੀ ਉਮਦਾ ਸ਼ਾਇਰਾ ਸੀ। ਉਹਦਾ ਅੱਬਾ ਅਬਦੁੱਲ ਅਜ਼ੀਮ ਖਾਨ ਅਤੇ ਪਰਿਵਾਰ ਦੇ ਹੋਰ ਮੈਂਬਰ ਆਪਣੇ ਘਰ ਵਿਚ ਮਹਿਫਿਲਾਂ ਸਜਾਉਂਦੇ ਰਹਿੰਦੇ ਸਨ। ਇਨ੍ਹਾਂ ਮਹਿਫਿਲਾਂ ਵਿਚ ਜਗਜੀਤ

ਜਗਜੀਤ ਸਿੰਘ ਸੇਖੋਂ

ਸਿੰਘ ਵਰਗੇ ਗਾਇਕ ਅਤੇ ਸ਼ਾਇਰ ਜਾਨ ਨਿੱਸਾਰ ਅਖਤਰ (ਸ਼ਾਇਰ ਜਾਵੇਦ ਅਖਤਰ ਦੇ ਅੱਬਾ) ਵਰਗੇ ਉਮਦਾ ਕਲਾਕਾਰ ਅਕਸਰ ਸ਼ਿਰਕਤ ਕਰਦੇ ਰਹਿੰਦੇ। ਇਉਂ ਤਲਤ ਅਜ਼ੀਜ਼ ਦਾ ਕਲਾ ਨਾਲ ਵਾਹ ਬਚਪਨ ਵਿਚ ਹੀ ਪੈ ਗਿਆ ਸੀ। ਬਚਪਨ ਵਿਚ ਹੀ ਉਹ ਸੰਗੀਤ ਦਾ ਸੰਗੀ-ਸਾਥੀ ਹੋ ਨਿਬੜਿਆ ਅਤੇ ਇਹ ਸਫਰ ਅੱਜ ਵੀ ਜਾਰੀ ਹੈ।

ਮਾਪਿਆਂ ਨੇ ਸੰਗੀਤ ਵਿਚ ਖਾਸੀ ਰੁਚੀ ਦੇਖ ਕੇ ਤਲਤ ਅਜ਼ੀਜ਼ ਨੂੰ ਸਿਖਲਾਈ ਦਿਵਾਉਣ ਵੱਲ ਧਿਆਨ ਕੀਤਾ। ਮੁੱਢ ਵਿਚ ਉਸ ਨੂੰ ਸੰਗੀਤ ਦੀ ਤਾਲੀਮ ਉਸਤਾਦ ਸਮਦ ਖਾਨ ਤੋਂ ਹਾਸਲ ਹੋਈ। ਪਿਛੋਂ ਉਸਤਾਦ ਫੱਯਾਜ਼ ਅਹਿਮਦ ਤੋਂ ਵੀ ਉਸ ਨੇ ਸੰਗੀਤ ਦੀ ਤਾਲੀਮ ਲਈ ਜੋ ਕਲਾਸੀਕਲ ਸੰਗੀਤ ਦੇ ਖੇਤਰ ਦੀ ਮੰਨੀ-ਪ੍ਰਮੰਨੀ ਹਸਤੀ ਸਨ। ਇਸ ਮੁੱਢਲੀ ਤਾਲੀਮ ਤੋਂ ਬਾਅਦ ਤਲਤ ਅਜ਼ੀਜ਼ ਨੇ ਸੰਗਤਿ ਸਮਰਾਟ ਮਹਿਦੀ ਹਸਨ ਤੋਂ ਤਾਲੀਮ





ਹਾਸਲ ਕਰਨ ਦਾ ਫੈਸਲਾ ਕੀਤਾ। ਆਖਰਕਾਰ 1986 ਵਿਚ ਅਮਰੀਕਾ ਅਤੇ ਕੈਨੇਡਾ ਦੌਰੇ ਦੌਰਾਨ ਉਸ ਨੂੰ ਮਹਿਦੀ ਹਸਨ ਨਾਲ ਸਟੇਜ ਸਾਂਝੀ ਕਰਨ ਦਾ ਮੌਕਾ ਮਿਲਿਆ।

ਇਸ ਤੋਂ ਬਾਅਦ ਭਾਰਤ ਅਤੇ ਹੋਰ ਮੁਲਕਾਂ ਵਿਚ ਕਈ ਅਜਿਹੇ ਮੌਕੇ ਬਣੇ ਜਦੋਂ ਤਲਤ ਅਜ਼ੀਜ਼ ਨੇ ਮਹਿਦੀ ਹਸਨ ਦਾ ਸਾਥ ਹਾਸਲ ਕੀਤਾ। ਉਸ ਦਾ ਪਹਿਲਾ ਵੱਡਾ ਸਮਾਗਮ ਹੈਦਰਾਬਾਦ ਵਿਚ ਕਿੰਗ ਕੋਠੀ ਵਿਚ ਨੇਪਰੇ ਚੜ੍ਹਿਆ ਸੀ। ਕੋਈ 5000 ਤੋਂ ਵੱਧ ਸੰਗੀਤ ਪ੍ਰੇਮੀ ਜੁੜੇ ਹੋਏ ਸਨ। ਉਹਨੇ ਹੈਦਰਾਬਾਦ ਦੇ ਕੁਝ ਸ਼ਾਇਰਾਂ ਦੇ ਕਲਾਮ ਇਸ ਸਮਾਗਮ ਵਿਚ ਪੇਸ਼ ਕੀਤੇ। ਇਨ੍ਹਾਂ ਵਿਚ ਇਕ ਕਲਾਮ ਸੀ- ਕੈਸੇ ਸਕੂੰ ਪਾਊਂ। ਬੱਸ, ਇਹ ਗਜ਼ਲਾਂ ਗਾ ਕੇ ਤਲਤ ਅਜ਼ੀਜ਼ ਨੇ ਮੇਲਾ ਹੀ ਲੁੱਟ ਲਿਆ। ਇਸ ਵੱਡੇ ਸਮਾਗਮ ਲਈ ਪਹਿਲਾਂ ਭਾਵੇਂ ਉਸ ਅੰਦਰ ਬਹੁਤ ਝਿਜਕ ਸੀ ਅਤੇ ਉਹ ਨਰਵਸ ਵੀ ਸੀ, ਪਰ ਸਮਾਗਮ ਦੌਰਾਨ ਉਸ ਨੇ ਪੂਰਾ ਰੰਗ ਬੰਨ੍ਹ ਕੇ ਰੱਖ ਦਿੱਤਾ।

ਸਾਲ 1976 ਵਿਚ ਉਹਨੇ ਗਰੈਜੂਏਸ਼ਨ ਕੀਤੀ ਤਾਂ ਜਗਜੀਤ ਸਿੰਘ ਦੇ ਆਖਣ 'ਤੇ ਉਹ ਮੁੰਬਈ ਪੁੱਜ ਗਿਆ। ਜਗਜੀਤ ਸਿੰਘ ਦੀ ਹੀ ਇਮਦਾਦ ਨਾਲ ਉਹਨੇ 1979 ਆਪਣੀ ਪਲੇਠੀ ਐਲਬਮ ਰਿਲੀਜ਼ ਕੀਤੀ। ਨਾਂ ਰੱਖਿਆ- ਜਗਜੀਤ ਸਿੰਘ ਪ੍ਰੈਜ਼ੈਂਟਸ ਤਲਤ ਅਜ਼ੀਜ਼। ਉਸ ਦੇ ਵਾਰੇ-ਨਿਆਰੇ ਹੋ ਗਏ। ਉਸ ਨੂੰ ਫਿਲਮਾਂ ਵਿਚ ਵੀ ਕੰਮ ਮਿਲਣ ਲੱਗ ਪਿਆ। ਉਮਰਾਓ ਜਾਨ ਅਤੇ ਬਾਜ਼ਾਰ ਫਿਲਮਾਂ ਦੀਆਂ ਗਜ਼ਲਾਂ ਤਾਂ ਬਹੁਤ ਜ਼ਿਆਦਾ ਮਸ਼ਹੂਰ ਹੋਈਆਂ ਅਤੇ ਬੱਚੇ-ਬੱਚੇ ਦੀ ਜ਼ੁਬਾਨ 'ਤੇ ਆ ਗਈਆਂ ਸਨ। ਉਸ ਦੀ ਗਿਣਤੀ ਸੁਪਰਹਿੱਟ ਗਾਇਕਾਂ ਵਿਚ ਹੋਣ ਲੱਗ ਪਈ। ਫਿਲਮ 'ਉਮਰਾਓ ਜਾਨ' ਦੀ ਗਜ਼ਲ 'ਜ਼ਿੰਦਗੀ ਜਬ ਭੀ ਤੇਰੀ ਬਜ਼ਮ ਮੇਂ', 'ਬਾਜ਼ਾਰ' ਦੀ ਗਜ਼ਲ 'ਫਿਰ ਛਿੜੀ ਰਾਤ ਬਾਤ ਫੋਲੋਂ ਕੀ', 'ਆਈਨਾ ਮੁਝ ਸੇ ਮੇਰੀ' (ਡੈਡੀ), 'ਨਾ ਕਿਸੀ ਕੀ ਆਂਖ ਕਾ' (ਸ਼ਰਾਰਤ) ਅਤੇ ਫਿਲਮ 'ਯਾਤਰਾ' ਦੀ ਗਜ਼ਲ 'ਸਾਜ਼-ਏ-ਦਿਲ' ਨਾਲ ਉਸ ਨੇ ਬੁਲੰਦੀਆਂ ਛੂਹ ਲਈਆਂ। ਉਸ ਨੇ ਕਈ ਟੀ.ਵੀ. ਸੀਰੀਅਲਾਂ ਲਈ ਵੀ ਸੰਗੀਤ ਤਿਆਰ ਕੀਤਾ। ਕਈ ਸੀਰੀਅਲਾਂ ਵਿਚ ਤਾਂ ਉਸ ਨੇ ਅਦਾਕਾਰੀ ਦੇ ਜੌਹਰ ਵੀ ਦਿਖਾਏ। ਅਦਾਕਾਰੀ ਦੇ ਖੇਤਰ ਵਿਚ ਵੀ ਉਸ ਨੂੰ ਬਣਦੀ-ਸਰਦੀ ਸ਼ਾਬਾਸ਼ ਮਿਲੀ।

## ਜਗਜੀਤ ਸਿੰਘ ਨਾਲ ਸਾਂਝਾਂ

*ਗਾਇਕ ਜਗਜੀਤ ਸਿੰਘ ਹੀ ਤਲਤ ਅਜ਼ੀਜ਼ ਨੂੰ ਹੈਦਰਾਬਾਦ ਤੋਂ ਮੁੰਬਈ ਲੈ ਕੇ ਆਇਆ। ਇਹ 1976 ਦੀ ਗੱਲ ਹੈ। ਫਿਰ 1979 ਵਿਚ ਇਕ ਐਲਬਮ ਰਿਲੀਜ਼ ਹੋਈ- ਜਗਜੀਤ ਸਿੰਘ ਪ੍ਰੈਜ਼ੈਂਟਸ ਤਲਤ ਅਜ਼ੀਜ਼। ਜਗਜੀਤ ਸਿੰਘ ਉਸ ਨੂੰ ਆਪਣੀ ਗਾਇਕੀ ਦਾ ਅਗਲਾ ਪੜਾਅ ਕਹਿੰਦਾ ਹੁੰਦਾ ਸੀ। ਤਲਤ ਪਹਿਲਾ ਸ਼ਖਸ ਸੀ ਜਿਸ ਨੇ ਪਹਿਲੀ ਵਾਰ ਗਜ਼ਲ ਵੀਡੀਓ ਰਿਲੀਜ਼ ਕੀਤੀ। ਇਹ ਸਾਲ 1987 ਦੀਆਂ ਗੱਲਾਂ ਹਨ ਜਦੋਂ ਵੀਡੀਓਜ਼ ਬਾਰੇ ਕੋਈ ਸੋਚਦਾ ਤੱਕ ਨਹੀਂ ਸੀ। ਉਸ ਨੇ ਸੰਗੀਤ ਦੀ ਦੁਨੀਆਂ ਵਿਚ ਨਵੇਂ ਪੂਰਨੇ ਪਾਏ। ਉਸ ਨੇ ਸੁਰਾਂ ਨੂੰ ਸਾਦਗੀ ਦਾ ਜਾਮਾ ਪੁਆ ਕੇ ਸਰੋਤਿਆਂ ਤੱਕ ਪਹੁੰਚਾਇਆ।*



# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 26 ਮਾਰਚ 2016 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-213



*ਗੰਨੇ ਪੀੜ ਕੇ ਰਸ ਬਣਾਈ, ਕਾੜ੍ਹ ਬਣਾਇਆ ਗੁੜ।*
*ਲੰਘਦਾ ਜਾਵੇ ਇਹ ਵੇਲਾ, ਫੇਰ ਨਹੀਂ ਆਉਣਾ ਮੁੜ।*
*ਗੰਡ ਦੇ ਵਿਚੋਂ ਬਣਾ ਪੇਸੀਆਂ, ਬੜਾ ਨਜ਼ਾਰਾ ਆਉਂਦਾ ਸੀ।*
*ਇਹਦੇ ਨਾਲ ਹੀ ਬਾਬਾ ਸਾਡਾ, ਦੇਸੀ ਕੱਢ ਪਿਆਉਂਦਾ ਸੀ।*

## ਕੈਪਸ਼ਨ ਮੁਕਾਬਲਾ-211



ਸਿਰ ਦੇ ਉਪਰ ਬਣਾ ਚੂੰਡੀਆਂ
ਸ਼ਰਟ ਬਰੈਂਡਡ ਪਾਵਾਂ।
ਅੱਖਾਂ ਵਿਚੋਂ ਹਾਸਾ ਫੁੱਟੇ
ਜਿਉਂ ਜਿਉਂ ਉਪਰ ਜਾਵਾਂ।
ਅਮਰੂਦ ਬੜੇ ਸੁਆਦੀ ਲੱਗਦੇ
ਹੱਥੀਂ ਤੋੜ ਜੇ ਖਾਵਾਂ।

***-ਜਗਮੀਤ ਸਿੰਘ ਪੰਧੇਰ***
***ਪਿੰਡ ਕਲਾਹੜ (ਲੁਧਿਆਣਾ)***
***ਫੋਨ: 91-98783-37222***

---

ਚੰਗੇ ਸੰਸਕਾਰ ਜੇ ਮਾਂ ਦੇ ਦੇਵੇ
ਸਾਰੀ ਜ਼ਿੰਦਗੀ ਮਿਲਦੇ ਨੇ ਮੇਵੇ।

ਕਿਸੇ ਵੀ ਗੱਲ ਦੀ ਘਾਟ ਨਾ ਰਹਿੰਦੀ
ਗੁਰੂ ਦੀਆਂ ਖੁਸ਼ੀਆਂ ਜੋ ਲੈ ਲੈਂਦੀ।
ਸਿਆਸਤਦਾਨਾਂ ਨੇ ਰੰਗ ਵੀ ਵੰਡ ਲਏ
ਇਕ ਦੂਜੇ ਦੀ ਪੁਟਦੇ ਮਿੱਟੀ,
ਦਸਤਾਰ ਤਾਂ ਦਸਤਾਰ ਹੁੰਦੀ ਏ
ਨੂਰਪੁਰੀ ਨੀਲੀ ਹੋਵੇ ਜਾਂ ਹੋਵੇ ਚਿੱਟੀ।

***-ਗੁਰਦਿਆਲ ਸਿੰਘ ਨੂਰਪੁਰੀ***
***ਫੋਨ: 408-204-7985***

---

ਬਚਪਨ ਦੇ ਰੰਗ ਹੁੰਦੇ ਨਿਆਰੇ
ਨਾ ਹੀ ਨਖਰੇ ਤੇ ਨਾ ਲੱਗਣ ਲਾਰੇ।
ਛੁੱਟੀ ਦੇ ਦਿਨ ਨਹਾ ਕੇ ਮੈਂ ਕੇਸੀ
ਜੂੜਾ ਵੀ ਅਸੀਂ ਕਰ ਲਿਆ ਦੇਸੀ।
ਦਰਖਤ ਦੇ ਉਤੇ ਚੜ੍ਹ ਗਏ ਸੱਜ ਕੇ
ਅਮਰੂਦ ਖਾਵਾਂਗੇ ਅਸੀਂ ਅੱਜ ਰੱਜ ਕੇ।
ਘਰੋਂ ਸਕੂਲੇ ਤਾਂ ਬੱਚੇ ਲੈ ਜਾਂਦੇ ਸੱਦ ਕੇ
ਛੁੱਟੀ ਵਾਲਾ ਦਿਨ ਲੰਘ ਜਾਂਦਾ ਭੱਜ ਕੇ।

***-ਸਤਵਿੰਦਰ ਥਾਂਦੀ ਦੌਲਤਪੁਰੀਆ***

---

ਆਖਦਾ ਇਹ ਗੋਲੂ-ਮੋਲੂ
ਮੈਂ ਨਹੀਂ ਅੱਜ ਸਕੂਲੇ ਜਾਣਾ।
ਖੁਦ ਹੱਥੀਂ ਤੋੜ ਕੇ
ਚਾਹੁੰਦਾ ਮਨ ਭਾਉਂਦਾ ਖਾਣਾ।
ਪਾਇਆ ਨੀਲਾ ਪਜਾਮਾ
ਟੀ-ਸ਼ਰਟ ਵੀ ਨੀਲੀ ਪਾਈ,
ਤੁਲਨਾ ਕਰਦਾ ਬਾਪ-ਤਾਏ ਨਾਲ।
ਇਹ ਵੀ ਪਤਾ ਹੈ ਇਹਨੂੰ
ਲਾਹ ਨੀਲੀ ਬੰਨ ਲਈ ਚਿੱਟੀ,
ਕਹਾਉਂਦੇ ਹਨ ਦਲ ਬਦਲੂਏ।

***-ਦਰਸ਼ਨਪਾਲ ਦੋਸਾਂਝ***

## ਗੁਰੂ-ਭਗਤ !

ਗੁਰ ਮਤਿ ਵਿਚ ਕੋਈ ਦੇਹ ਦੀ ਮਹਾਨਤਾ ਨਾ, ਮਾਨਤਾ ਹੈ ਇੱਥੇ ਸਦਾ ਮਨ ਤੇ ਵਿਚਾਰ ਦੀ।
ਸਤਿ ਗੁਰੂ ਵਾਲਾ ਭਾਵ ਸੱਚ ਦਾ ਗਿਆਨ ਹੁੰਦਾ, ਜਿਹੜਾ ਵਿੱਥ ਮੇਟੇ ਨਿਰੰਕਾਰ ਤੇ ਸੰਸਾਰ ਦੀ।
ਦੇਹ ਹੁੰਦੀ ਇੱਕੋ ਭਗਤਾਂ ਤੇ ਸੰਸਾਰੀਆਂ ਦੀ, ਪਰ ਵੱਖ ਹੁੰਦੀ ਸੇਧ ਗਿਆਨ ਦੇ ਮਿਆਰ ਦੀ।
ਗੁਰੂ, ਭਗਤਾਂ ਤਾਂ ਬੰਦਾ ਗਿਆਨ ਨਾਲ ਜੋੜਿਆ ਸੀ, ਪਰ ਬੰਦੇ ਲੋੜ ਘੜੀ ਪੂਜਾ ਤੇ ਆਕਾਰ ਦੀ।
ਗੁਰੂ ਗ੍ਰੰਥ ਸਾਹਿਬ ਵਿਚ, ਗੁਰੂ ਹੈ ਗਿਆਨ ਜੋ, ਓਹੀ ਗਿਆਨ ਰਿਹਾ, ਗੁਰੂ, ਭਗਤਾਂ ਦਾ ਗੁਰੂ ਸੀ।
ਛੱਡ ਕੇ ਵਿਚਾਰ ਲੋਕਾਂ, ਸਾਂਭ ਲੇ ਆਕਾਰ ਜਦੋਂ, ਗੁਰੂ, ਭਗਤਾਂ 'ਚ ਕੀਤੀ ਤੇਰ-ਮੇਰ ਸ਼ੁਰੂ ਸੀ।

***-ਡਾ. ਗੁਰਮੀਤ ਸਿੰਘ ਬਰਸਾਲ, ਕੈਲੀਫੋਰਨੀਆ***

# ਕਿਰਨਜੀਤ ਦੀਆਂ ਉਚੀਆਂ ਤੇ ਲੰਮੀਆਂ ਉਡਾਰੀਆਂ

ਜਸਪ੍ਰੀਤ ਕੌਰ

**ਸ਼ਿਕਾਗੋ:** ਕਿਰਨਜੀਤ ਕੌਰ ਗਿੱਲ ਆਪਣੇ ਮਾਪਿਆਂ ਦਾ ਮਾਣ ਤਾਂ ਹੈ ਹੀ, ਉਹ ਆਪਣੇ ਸਕੂਲ, ਕਾਲਜ ਅਤੇ ਯੂਨੀਵਰਸਿਟੀ ਦਾ ਵੀ ਮਾਣ ਹੈ; ਸਿੱਖ, ਪੰਜਾਬੀ ਤੇ ਭਾਰਤੀ ਭਾਈਚਾਰੇ ਨੂੰ ਵੀ ਉਸ 'ਤੇ ਮਾਣ ਹੈ। ਜੇ ਉਸ ਦੀ ਮਿਹਨਤ ਸਿਰੇ ਚੜ੍ਹੀ ਅਤੇ ਉਸ ਦੇ ਮਨ ਦੀ ਮੁਰਾਦ ਪੂਰੀ ਹੋਈ ਤਾਂ ਅਮਰੀਕੀ ਰਾਜਧਾਨੀ ਵਾਸ਼ਿੰਗਟਨ ਡੀ ਸੀ ਵਿਚ ਵੀ ਕਿਸੇ ਦਿਨ ਪੰਜਾਬੀਆਂ ਦੇ ਝੰਡੇ ਗੱਡੇਗੀ। ਉਹ ਆਪਣੇ ਭਾਈਚਾਰੇ ਦੇ ਬੱਚਿਆਂ ਲਈ ਇਕ ਰੋਲ ਮਾਡਲ ਤਾਂ ਹੈ ਹੀ।

ਇਥੋਂ ਦੀ ਸਬਰਬ ਪੈਲਾਟਾਈਨ ਰਹਿੰਦੀ 21 ਵਰ੍ਹਿਆਂ ਦੀ ਕਿਰਨਜੀਤ ਨਾਰਦਰਨ ਇਲੀਨਾਏ ਯੂਨੀਵਰਸਿਟੀ (ਐਨ ਆਈ ਯੂ), ਡੀਕੈਬ (ਇਲੀਨਾਏ) ਵਿਚ ਪੁਲੀਟੀਕਲ ਸਾਇੰਸ ਦੀ ਮੇਜਰ ਸਟੂਡੈਂਟ ਹੈ। ਅਗੋਂ ਉਸ ਦਾ ਇਰਾਦਾ ਲਾਅ ਡਿਗਰੀ ਕਰਕੇ ਵਕਾਲਤ ਕਰਨ ਦਾ ਹੈ। ਉਸ ਨੂੰ ਪਤਾ ਹੈ ਕਿ ਵਕਾਲਤ ਵਾਲਾ ਰਾਹ ਅਗਾਂਹ ਸਿਆਸਤ ਜਾਂ ਨਾਨ-ਪ੍ਰਾਫਿਟ ਕਾਰਜਾਂ ਵਲ ਖੁੱਲ੍ਹਦਾ ਹੈ, ਪਰ ਉਹ ਇਸ ਸਭ ਕਾਸੇ ਲਈ ਤਿਆਰ ਹੈ ਅਤੇ ਸਿਆਸਤ ਵਿਚ ਜਾਣਾ ਵੀ ਉਸ ਨੂੰ ਚੰਗਾ ਲਗਦਾ ਹੈ, ਜਿਸ ਰਾਹੀਂ ਉਹ ਘੱਟਗਿਣਤੀਆਂ ਦੇ ਮਸਲੇ ਸਹੀ ਪ੍ਰਸੰਗ ਵਿਚ ਪੇਸ਼ ਕਰ ਸਕੇਗੀ। ਉਹ ਦੂਜਿਆਂ ਲਈ ਕੰਮ ਕਰਨ ਲਈ ਦ੍ਰਿੜ ਸੰਕਲਪ ਹੈ ਅਤੇ ਇਸ ਦੁਨੀਆਂ ਵਿਚ ਆਪਣਾ ਵੱਖਰਾ ਮੁਕਾਮ ਬਣਾਉਣਾ ਚਾਹੁੰਦੀ ਹੈ। ਉਹ ਆਖਦੀ ਹੈ, "ਮੈਂ ਸਦਾ ਇਨਸਾਫ ਅਤੇ ਬਰਾਬਰੀ ਲੋਚਦੀ ਰਹੀ ਹਾਂ। ਮੈਂ ਹੁਣ ਤੱਕ ਜੋ ਕੁਝ ਵੀ ਕੀਤਾ ਹੈ, ਇਸੇ ਖਿਆਲ ਅਤੇ ਆਸ਼ੇ ਨਾਲ ਕੀਤਾ ਹੈ।"

ਕਿਰਨਜੀਤ ਇਸ ਸਾਲ ਟਾਪ ਸੀਨੀਅਰ ਚੁਣੀ ਗਈ ਹੈ। ਉਸ ਨੂੰ ਐਨ.ਆਈ.ਯੂ. ਦੀ ਸਟੂਡੈਂਟ ਲਿੰਕਨ ਲੌਰੇਟ ਵੀ ਚੁਣਿਆ ਗਿਆ ਹੈ। ਇਹ ਚੋਣ ਹਰ ਸਾਲ ਕੀਤੀ ਜਾਂਦੀ ਹੈ ਅਤੇ ਕਿਰਨ ਨੇ 4 ਵਿਚੋਂ 3.82 ਜੀ.ਪੀ.ਏ. ਹਾਸਲ ਕੀਤੇ ਹਨ। ਇਹ ਆਪਣੇ-ਆਪ ਵਿਚ ਇਕ ਵੱਡੀ ਪ੍ਰਾਪਤੀ ਹੈ। ਖੁਸ਼ੀ ਵਿਚ ਚਹਿਕਦੀ ਉਹ ਆਖਦੀ ਹੈ, "ਮੈਨੂੰ



*ਟੈਮੀ ਡੱਕਵਰਥ ਨਾਲ ਕਿਰਨਜੀਤ*

ਇੰਨੀ ਆਸ ਨਹੀਂ ਸੀ। ਜਾਪਦਾ ਹੈ ਕਿ ਕਿਸੇ ਵੇਲੇ ਕੁਝ ਨਾ ਕੁਝ ਨਵਾਂ ਵਾਪਰਦਾ ਰਹਿੰਦਾ ਹੈ ਜੋ ਤੁਹਾਨੂੰ ਹੈਰਾਨ ਕਰਦਾ ਹੈ।"

ਕਿਰਨਜੀਤ ਗਿੱਲ ਐਨ.ਆਈ.ਯੂ. ਦੀ ਪ੍ਰੀ-ਲਾਅ ਆਨਰ ਸੁਸਾਇਟੀ ਦੀ ਪ੍ਰਧਾਨ ਹੈ ਅਤੇ 8ਵੇਂ ਡਿਸਟ੍ਰਿਕਟ ਤੋਂ ਯੂ ਐਸ ਕਾਂਗਰਸਵੁਮਨ ਟੈਮੀ ਡੱਕਵਰਥ ਨਾਲ ਦੋ ਵਾਰ ਇੰਟਰਨਸ਼ਿਪ ਕਰ ਚੁੱਕੀ ਹੈ ਤੇ ਆਪਣਾ ਖੋਜ ਕਾਰਜ ਵੀ ਛਪਵਾ ਚੁੱਕੀ ਹੈ। ਡੱਕਵਰਥ ਦਾ ਉਸ ਬਾਰੇ ਕਹਿਣਾ ਹੈ, "ਮੇਰੇ 8ਵੇਂ ਡਿਸਟ੍ਰਿਕਟ ਅਤੇ ਕੈਪੀਟਲ ਹਿੱਲ ਦਫਤਰਾਂ ਵਿਚ ਕੰਮ ਕਰਨ ਆਈ ਕਿਰਨ ਦੀ ਇਕ ਲੀਡਰ ਵਜੋਂ ਪ੍ਰਤਿਭਾ ਖੂਬ ਉਜਾਗਰ ਹੋਈ। ਉਸ ਦੀ ਕੰਮ ਕਰਨ ਦੀ ਲਗਨ ਅਤੇ ਇਕਾਗਰਤਾ ਬਹੁਤ ਪ੍ਰਭਾਵਸ਼ਾਲੀ ਅਤੇ ਪ੍ਰਸ਼ੰਸਾਯੋਗ ਹੈ। ਇਸ ਵਿਚ ਹੈਰਾਨੀ ਵਾਲੀ ਕੋਈ ਗੱਲ ਨਹੀਂ ਹੈ ਕਿ ਇੰਨੀ ਛੋਟੀ ਉਮਰ ਵਿਚ ਕਿਰਨ ਨੇ ਇੰਨੀਆਂ ਜ਼ਿਆਦਾ ਮੱਲਾਂ ਮਾਰੀਆਂ ਹਨ।"

ਇਹ ਪੁਛੇ ਜਾਣ 'ਤੇ ਕਿ ਟੈਮੀ ਡੱਕਵਰਥ ਨਾਲ ਤਜਰਬਾ ਕਿਵੇਂ ਰਿਹਾ, ਕਿਰਨ ਨੇ ਦੱਸਿਆ ਕਿ ਉਸ ਨਾਲ ਇੰਟਰਨਸ਼ਿਪ ਦੌਰਾਨ ਉਸ ਨੂੰ ਘੱਟਗਿਣਤੀਆਂ ਅਤੇ ਸਰਕਾਰ ਵਿਚ ਉਨ੍ਹਾਂ ਦੇ ਰੋਲ ਨੂੰ ਸਮਝਣ ਵਿਚ ਮਦਦ ਮਿਲੀ, ਕਿਉਂਕਿ ਡੱਕਵਰਥ ਖੁਦ ਘਟਗਿਣਤੀ ਪ੍ਰਵਾਸੀਆਂ ਵਿਚੋਂ ਹੈ। ਕਿਰਨ ਨੇ ਦਸਿਆ ਕਿ ਉਸ ਦੇ ਵਾਸ਼ਿੰਗਟਨ ਵਿਚਲੇ ਦਫਤਰ ਵਿਚ ਕੰਮ ਕਰਨ ਦਾ ਇਕ ਵਖਰਾ ਹੀ ਤਜਰਬਾ ਸੀ।

ਜ਼ਿਕਰਯੋਗ ਹੈ ਕਿ ਕਾਂਗਰਸ ਲਈ ਚੁਣੀ ਗਈ ਉਹ ਪਹਿਲੀ ਅੰਗਹੀਣ, ਥਾਈਲੈਂਡ ਵਿਚ ਜੰਮੀ ਅਤੇ ਇਲੀਨਾਏ ਤੋਂ ਚੁਣੀ ਜਾਣ ਵਾਲੀ ਪਹਿਲੀ ਏਸ਼ੀਅਨ ਅਮਰੀਕਨ ਔਰਤ ਹੈ।

ਡੱਕਵਰਥ ਇਰਾਕ ਨਾਲ ਲੜਾਈ ਵਿਚ ਅਮਰੀਕੀ ਫੌਜੀ ਹੈਲੀਕਾਪਟਰ ਦੀ ਪਾਇਲਟ ਸੀ। ਲੜਾਈ ਦੌਰਾਨ ਉਸ ਦਾ ਹੈਲੀਕਾਪਟਰ ਦੁਸ਼ਮਣ ਦੇ ਗੋਲਿਆਂ ਦੀ ਮਾਰ ਹੇਠ ਆ ਗਿਆ। ਉਸ ਦੀਆਂ ਦੋਵੇਂ ਲੱਤਾਂ ਜਾਂਦੀਆਂ ਰਹੀਆਂ ਅਤੇ ਸੱਜੀ ਬਾਂਹ ਦਾ ਵੀ ਕਾਫੀ ਨੁਕਸਾਨ ਹੋਇਆ। ਉਹ ਪਹਿਲੀ ਮਹਿਲਾ ਸੀ ਜਿਸ ਦੀਆਂ ਦੋਵੇਂ ਲੱਤਾਂ ਲੜਾਈ ਦੌਰਾਨ ਕੱਟੀਆਂ ਗਈਆਂ। ਉਹ ਇਲੀਨਾਏ ਤੋਂ ਸੈਨੇਟ ਲਈ ਡੈਮੋਕਰੈਟਿਕ ਪਾਰਟੀ ਦੇ ਉਮੀਦਵਾਰ ਵਜੋਂ ਪ੍ਰਇਮਰੀ ਚੋਣ ਜਿੱਤ ਗਏ ਹਨ।

ਡੱਕਵਰਥ ਦੇ ਆਫਿਸ ਵਿਚ ਕੰਮ ਕਰਦਿਆਂ ਕਿਰਨ ਦਾ ਵਾਸਤਾ ਕਿਸੇ ਇਕ ਨਸਲ ਨਾਲ ਨਹੀਂ, ਸਗੋਂ ਹਰ ਮੂਲ ਦੀਆਂ ਘੱਟਗਿਣਤੀਆਂ ਦੇ ਮਸਲਿਆਂ ਨਾਲ ਪਿਆ।

ਕਿਰਨ ਦੱਸਦੀ ਹੈ ਕਿ ਲੋਕ ਪ੍ਰਤੀਨਿਧੀ ਸਭਾ ਵਿਚ ਅਸੀਂ ਕੁਝ ਇਕ ਹੀ ਸਿੱਖ ਇੰਟਰਨ ਸਾਂ। ਇਹ ਵੀ ਇਕ ਵਖਰਾ ਤਜਰਬਾ ਸੀ ਕਿਉਂਕਿ ਮੈਨੂੰ ਇਕ ਘਟਗਿਣਤੀ ਭਾਈਚਾਰੇ ਦੀ ਨੁਮਾਇੰਦਗੀ ਕਰਨ ਦਾ ਮੌਕਾ ਮਿਲਿਆ, ਜਿਸ ਬਾਰੇ ਅਜੇ ਵੀ ਬਹੁਤ ਸਾਰੇ ਲੋਕਾਂ ਨੂੰ ਬਹੁਤਾ ਪਤਾ ਨਹੀਂ ਸੀ। ਮੈਂ ਆਪਣੇ ਦਫਤਰ ਵਿਚ ਕੰਮ ਕਰਦਿਆਂ ਹੋਰਨਾਂ ਸਿੱਖਾਂਦਰੂਆਂ (ਇੰਟਰਨ) ਨੂੰ ਨਾਲ ਲੈ ਕੇ ਸੈਲਡੈਫ ਸੰਸਥਾ ਵਲੋਂ ਕੈਪੀਟਲ ਹਿਲ ਉਤੇ ਲਾਏ ਗਏ ਲੰਗਰ ਵਿਚ ਲੈ ਕੇ ਗਈ ਅਤੇ ਉਨ੍ਹਾਂ ਨੂੰ ਲੰਗਰ ਦੀ ਰੀਤ ਅਤੇ ਸਿੱਖ ਧਰਮ ਬਾਰੇ ਜਾਣਕਾਰੀ ਦਿਤੀ।

ਉਹ ਕਹਿੰਦੀ ਹੈ, ਕਾਂਗਰਸ ਵਿਚ ਇੰਟਰਨ ਵਜੋਂ ਕੰਮ ਕਰਦਿਆਂ ਇਹ ਆਪਣੇ ਆਪ ਵਿਚ ਵਖਰੀ ਤਰ੍ਹਾਂ ਦਾ ਅਨੁਭਵ ਸੀ। ਜਦੋਂ ਹਾਲਵੇਅ ਵਿਚੋਂ ਲੰਘਦਿਆਂ ਕੋਈ ਕਾਂਗਰਸ ਮੈਂਬਰ ਮਿਲ ਪੈਂਦਾ ਤਾਂ ਬੜਾ ਚੰਗਾ ਲਗਦਾ, ਪਰ ਮੈਂ ਆਪਣਾ ਉਤਸ਼ਾਹ ਜਾਹਰ ਨਾ ਹੋਣ ਦਿੰਦੀ। ਇੰਨੀ ਛੋਟੀ ਉਮਰ ਵਿਚ ਸਿਆਸਤ ਦੇ ਕੇਂਦਰ ਕਾਂਗਰਸ ਵਿਚ ਵਿਚਰਨ ਨੇ ਮੈਨੂੰ ਕਿਸੇ ਵੀ ਕੈਰੀਅਰ ਵਿਚ ਜਾਣ ਦੇ ਸਮਰੱਥ ਬਣਾ ਦਿਤਾ ਹੈ।

ਉਸ ਨੇ ਦਸਿਆ ਕਿ ਕਾਲਜ ਵਿਚ ਰਿਸਰਚ ਕਰਦਿਆਂ ਉਹ ਪੁਲੀਟੀਕਲ ਸਾਇੰਸ ਅਤੇ ਲਾਅ ਨਾਲ ਇਸ ਦੇ ਸਬੰਧ ਬਾਰੇ ਹੋਰ ਸਟੱਡੀ ਕਰਨਾ ਚਾਹੁੰਦੀ ਸੀ। ਲਾਅ ਸਕੂਲ ਲਈ ਬੈਚਲਰ ਡਿਗਰੀ ਕਰਨ ਲਈ ਇਹ ਪੜ੍ਹਾਈ ਲੋੜੀਂਦੀ ਵੀ ਸੀ। ਕੈਪੀਟਲ ਹਿਲ ਦਾ ਤਜਰਬਾ ਇਸ ਮਾਮਲੇ ਵਿਚ ਬਹੁਤ ਕੰਮ ਆਇਆ।

ਕਿਰਨ ਨੇ ਫਰੈਸ਼ਮੈਨ ਵਜੋਂ ਇੰਗਲੈਂਡ ਦੀ ਆਕਸਫੋਰਡ ਯੂਨੀਵਰਸਿਟੀ ਵਿਚ ਪੜ੍ਹਾਈ ਕੀਤੀ ਜਿਸ ਦਾ ਕਿ ਸਿਰਫ ਉਨ੍ਹਾਂ ਵਿਦਿਆਰਥੀਆਂ ਨੂੰ ਹੀ ਮੌਕਾ ਮਿਲਦਾ ਹੈ, ਜਿਨ੍ਹਾਂ ਨੇ ਸਾਲ ਵਿਚ ਘੱਟੋ ਘੱਟ 30 ਕਰੈਡਿਟ ਹਾਸਲ ਕੀਤੇ ਹੋਣ।

ਕਿਰਨਜੀਤ ਉਨ੍ਹਾਂ ਵਿਦਿਆਰਥੀਆਂ ਵਿਚੋਂ ਹੈ ਜਿਹੜੇ ਆਪਣੇ ਪ੍ਰੋਫੈਸਰਾਂ ਦੇ ਪਾਏ ਪੂਰਨਿਆਂ 'ਤੇ ਚੱਲਦੇ ਹਨ। ਇਸੇ ਕਰ ਕੇ ਹੀ ਤਾਂ ਐਨ.ਆਈ.ਯੂ. ਵਿਚ ਪੁਲੀਟੀਕਲ ਸਾਇੰਸ ਦੇ ਪ੍ਰੋਫੈਸਰ ਆਰਟੀਮਸ ਵਾਰਡ ਆਖਦੇ ਹਨ, "ਇਹ ਹੋਣਹਾਰ ਕੁੜੀ ਸਹੀ ਦਿਸ਼ਾ ਵੱਲ ਚੱਲ ਨਿਕਲੀ ਹੈ। ਕਿਤੇ ਕੋਈ ਗਲਤੀ ਨਹੀਂ ਕੀਤੀ। ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਪਿਛਲੇ ਵੀਹਾਂ ਸਾਲਾਂ ਦੌਰਾਨ ਜਿੰਨੇ ਵਿਦਿਆਰਥੀਆਂ ਨਾਲ ਮੇਰਾ ਵਾਹ ਪਿਆ ਹੈ, ਕਿਰਨਜੀਤ ਉਨ੍ਹਾਂ ਵਿਚੋਂ ਬੈਸਟ ਅੰਡਰਗਰੈਜੂਏਟ ਸਟੂਡੈਂਟ ਹੈ।"

ਕਿਰਨ ਮਾਣ ਨਾਲ ਦੱਸਦੀ ਹੈ ਕਿ ਉਸ ਨੇ ਮਿਹਨਤ ਦਾ ਮੁੱਲ, ਆਪਣੇ ਪਿਤਾ ਬਲਵਿੰਦਰ ਸਿੰਘ ਗਿੱਲ ਅਤੇ ਮਾਤਾ ਰਵਿੰਦਰ ਕੌਰ ਤੋਂ ਜਾਣਿਆ ਹੈ। ਉਸ ਦੇ ਪਿਤਾ ਅੱਜ ਕੱਲ੍ਹ ਹਾਰਡਵੇਅਰ ਸਟੋਰ


*ਕਿਰਨਜੀਤ ਆਪਣੇ ਮਾਤਾ-ਪਿਤਾ ਨਾਲ*

ਮਿਨਾਰਡਜ਼ ਵਿਚ ਕੰਮ ਕਰਦੇ ਹਨ ਅਤੇ ਮਾਂ ਗਰੋਸਰੀ ਸਟੋਰ ਜਿਊਲ-ਔਸਕੋ ਵਿਚ ਕੰਮ ਕਰਦੀ ਹੈ। ਉਹ ਆਖਦੀ ਹੈ ਕਿ ਉਸ ਨੇ ਆਪਣੇ ਪਿਤਾ ਦੇ ਪਹਿਲੇ ਕਿੱਤੇ (ਵਕਾਲਤ) ਤੋਂ ਬੜਾ ਕੁਝ ਹਾਸਲ ਕੀਤਾ ਹੈ। ਉਹ ਕਹਿੰਦੀ ਹੈ, "ਭਾਰਤੀ ਹੋਣਾ ਘੱਟ-ਗਿਣਤੀ ਹੋਣਾ ਹੈ ਅਤੇ ਸਿੱਖ ਹੋਣਾ ਤਾਂ ਹੋਰ ਵੀ ਵੱਖਰੀ ਤਰ੍ਹਾਂ ਦੀ ਘੱਟ-ਗਿਣਤੀ ਹੋਣਾ ਹੈ। ਜਿਨ੍ਹਾਂ ਲੋਕਾਂ ਨਾਲ ਹੁਣ ਵਾਹ ਪੈਂਦਾ ਹੈ, ਉਨ੍ਹਾਂ ਵਿਚੋਂ ਸ਼ਾਇਦ ਮੈਂ ਇਕੱਲੀ ਹੀ ਸਿੱਖ ਹੁੰਦੀ ਹਾਂ।"

ਕਿਰਨ ਦੇ ਮਾਪਿਆਂ ਨੇ ਉਸ ਨੂੰ ਸਦਾ ਹੀ ਅੱਗੇ ਵਧਣ ਲਈ ਪ੍ਰੇਰਿਆ ਹੈ। ਸ਼ਾਇਦ ਇਸੇ ਕਰ ਕੇ ਹੀ ਉਹ ਅੱਜ ਐਨ.ਆਈ.ਯੂ. ਦੇ ਰਿਸਰਚ ਰੁਕੀਜ਼ ਪ੍ਰੋਗਰਾਮ ਵਿਚ ਜਾ ਖੜ੍ਹੀ ਹੋਈ ਹੈ। ਰਿਸਰਚ ਰੁਕੀਜ਼ ਪ੍ਰੋਗਰਾਮ ਵਿਦਿਆਰਥੀਆਂ ਨੂੰ ਰਿਸਰਚ ਪ੍ਰਾਜੈਕਟਾਂ ਵਿਚ ਅਧਿਆਪਕਾਂ ਨਾਲ ਰਾਬਤਾ ਬਣਾਉਣ ਦਾ ਜ਼ਰੀਆ ਬਣਦਾ ਹੈ।

ਕਿਰਨਜੀਤ ਨੇ ਪ੍ਰੋਫੈਸਰ ਆਰਟੀਮਸ ਵਾਰਡ ਨਾਲ ਕੰਮ ਕੀਤਾ ਅਤੇ ਅਮਰੀਕੀ ਸੁਪਰੀਮ ਕੋਰਟ ਲਾਅ ਕਲਰਕਾਂ ਬਾਰੇ ਅਧਿਐਨ ਦੀ ਸਹਿ-ਲੇਖਕਾ ਬਣੀ। ਉਸ ਦਾ ਇਹ ਖੋਜ ਕਾਰਜ ਮਾਰਕੁਇਟ ਲਾਅ ਰਿਵੀਊ ਵਿਚ ਛਪਿਆ।

ਪ੍ਰੋਫੈਸਰ ਆਰਟੀਮਸ ਵਾਰਡ ਕਿਰਨਜੀਤ ਬਾਰੇ ਆਖਦੇ ਹਨ, "ਪਹਿਲੇ ਹੀ ਦਿਨ ਤੋਂ ਇਸ ਕੁੜੀ ਦਾ ਉਤਸ਼ਾਹ ਦੇਖਣ ਵਾਲਾ ਸੀ। ਵਿਦਿਆਰਥੀਆਂ ਵਿਚ ਇਸ ਤਰ੍ਹਾਂ ਦਾ ਉਤਸ਼ਾਹ ਘੱਟ ਹੀ ਦੇਖਣ ਨੂੰ ਮਿਲਦਾ ਹੈ। ਉਹ ਉਨ੍ਹਾਂ ਵਿਦਿਆਰਥੀਆਂ ਵਿਚੋਂ ਹੈ ਜੋ ਕਾਲਜ ਵਿਚ ਸੱਚ-ਮੁੱਚ ਕੁਝ ਕਰਨਾ ਲੋਚਦੇ ਨੇ।"

ਸਕੂਲ ਵਿਚ ਪੜ੍ਹਾਈ ਦੌਰਾਨ ਕਿਰਨਜੀਤ ਨੇ ਕਈ ਅਹਿਮ ਜ਼ਿੰਮੇਵਾਰੀਆਂ ਨਿਭਾਈਆਂ। ਅੱਜ ਕੱਲ੍ਹ ਉਹ ਐਨ.ਆਈ.ਯੂ. ਵਿਦਿਆਰਥੀ ਐਸੋਸੀਏਸ਼ਨ ਦੇ ਸਰਕਾਰੀ ਮਾਮਲਿਆਂ ਦੀ ਡਾਇਰੈਕਟਰ ਹੈ। ਇਹ ਬਿਨਾਂ ਸ਼ੱਕ ਵੱਡੀ ਪੁਲਾਂਘ ਹੈ। ਕਿਰਨ ਵੋਟਾਂ ਬਣਾਉਣ ਦੇ ਕੰਮ ਵਿਚ ਐਨ ਖੁੱਭੀ ਹੋਈ ਹੈ ਅਤੇ ਵੱਧ ਤੋਂ ਵੱਧ ਵਿਦਿਆਰਥੀਆਂ ਦੀਆਂ ਵੋਟਾਂ ਰਜਿਸਟਰ ਕਰ ਰਹੀ ਹੈ। ਉਹ ਰਤਾ ਕੁ ਸੋਚਦਿਆਂ ਦੱਸਦੀ ਹੈ, "ਕੋਈ ਸਮਾਂ ਸੀ ਜਦੋਂ ਮੇਰੇ ਮਾਪੇ ਵੋਟ ਨਹੀਂ ਸਨ ਪਾ ਸਕਦੇ, ਉਨ੍ਹਾਂ ਨੂੰ ਵੋਟ ਪਾਉਣ ਦਾ ਹੱਕ ਸਿਟੀਜ਼ਨ ਬਣਨ 'ਤੇ ਮਿਲਿਆ। ਹੁਣ ਉਹ ਆਪਣੀ ਵੋਟ ਦਾ ਇਸਤੇਮਾਲ ਕਰਨ ਵਿਚ ਬੜੇ ਪੱਕੇ ਹਨ ਅਤੇ ਮੈਂ ਵੀ ਇੰਜ ਹੀ ਹਾਂ। ਹੁਣ ਜਦੋਂ ਅਜਿਹੀਆਂ ਗੱਲਾਂ ਨਾਲ ਵਾਹ ਪਿਆ ਹੈ ਤਾਂ ਮੈਂ ਪੂਰੇ ਤਾਣ ਨਾਲ ਅਜਿਹੇ ਕੰਮ ਕਰਦੀ ਹਾਂ।"

ਉਹ ਸਿਰਫ ਚਾਰ ਸਾਲ ਦੀ ਸੀ ਜਦੋਂ ਉਸ ਦੇ ਮਾਂ-ਪਿਓ ਤਿੰਨ ਅਕਤੂਬਰ 1998 ਨੂੰ ਤਿੰਨ ਸੂਟਕੇਸਾਂ ਨਾਲ ਚੰਗੇਰੇ ਭਵਿਖ ਦਾ ਸੁਪਨਾ ਲੈ ਕੇ ਸੰਗਰੂਰ ਤੋਂ ਨਿਊ ਯਾਰਕ ਦੇ ਜੇ ਐਫ ਕੇ ਏਅਰਪੋਰਟ 'ਤੇ ਉਤਰੇ। ਨਿਊ ਜਰਸੀ ਵਿਚ ਪੈਰ ਟਿਕਾਉਣ ਲਈ ਯਤਨ ਕੀਤੇ ਪਰ ਜਦੋਂ ਪੈਰ ਨਾ ਟਿਕ ਸਕੇ ਤਾਂ ਸ਼ਿਕਾਗੋ ਆ ਗਏ। ਕੁਝ ਸਮਾਂ ਆਪਣੇ ਇਕ ਰਿਸ਼ਤੇਦਾਰ ਦੇ ਘਰ ਇਕ ਕਮਰਾ ਲੈ ਕੇ ਗੁਜ਼ਾਰਿਆ ਅਤੇ ਫਿਰ ਅਪਾਰਟਮੈਂਟ ਲੈ ਲਿਆ। ਅੱਜ ਇਥੋਂ ਦੀ ਸਬਰਬ ਪੈਲਾਟਾਈਨ ਵਿਚ ਉਨ੍ਹਾਂ ਪਾਸ ਆਪਣਾ ਘਰ ਹੈ।

ਨਵੇਂ ਆਏ ਹੋਰ ਪ੍ਰਵਾਸੀਆਂ ਵਾਂਗ ਉਸ ਦੇ ਮਾਂ-ਪਿਓ ਵੀ ਲੰਮੀਆਂ ਸ਼ਿਫਟਾਂ ਲਾਉਂਦੇ ਅਤੇ ਵੀਕਐਂਡ 'ਤੇ ਵੀ ਕੰਮ ਕਰਦੇ, ਇਸ ਕਰਕੇ ਉਸ ਨੂੰ ਅਕਸਰ ਰਿਸ਼ਤੇਦਾਰਾਂ ਜਾਂ ਗਵਾਂਢੀਆਂ ਦੀ ਸੰਭਾਲ ਵਿਚ ਰਹਿਣਾ ਪੈਂਦਾ। ਇਹੀ ਸਾਲ ਸਨ, ਜਦੋਂ ਉਸ ਦੇ ਅੰਦਰ ਸਵੈ-ਨਿਰਭਰ ਹੋਣ ਅਤੇ ਕਾਮਯਾਬ ਹੋਣ ਲਈ ਸਵੈ-ਭਰੋਸਾ ਪੈਦਾ ਹੋਇਆ। ਉਸ ਦੇ ਮਾਪਿਆਂ ਨੂੰ ਇਥੋਂ ਦੀ ਪੜ੍ਹਾਈ ਅਤੇ ਪਾਠਕ੍ਰਮ ਬਾਰੇ ਬਹੁਤਾ ਨਹੀਂ ਸੀ ਪਤਾ। ਉਹ ਕਹਿੰਦੀ ਹੈ, ਮੇਰੇ ਲਈ ਜੀਵਨ ਦਾ ਇਹ ਹਿੱਸਾ ਬਹੁਤ ਕੀਮਤੀ ਹੈ, ਕਿਉਂਕਿ ਇਸੇ ਸਮੇਂ ਨੇ ਮੈਨੂੰ ਆਪਣੀ ਸ਼ਖਸੀਅਤ ਅਤੇ ਆਪਣਾ ਜੀਵਨ ਦ੍ਰਿਸ਼ਟੀਕੋਣ ਬਣਾਉਣ ਦੇ ਸਮਰੱਥ ਬਣਾਇਆ।

ਅਮਰੀਕੀ ਸਭਿਆਚਾਰ ਵਿਚ ਵਿਚਰਦਿਆਂ ਆਪਣੇ ਸਭਿਆਚਾਰ ਨੂੰ ਕਾਇਮ ਰਖਣਾ ਅਕਸਰ ਘੱਟਗਿਣਤੀ ਭਾਈਚਾਰਿਆਂ ਲਈ ਵੱਡੀ ਚੁਣੌਤੀ ਹੁੰਦੀ ਹੈ। ਉਸ ਨੂੰ ਵੀ ਇਨ੍ਹਾਂ ਦੋਨਾਂ ਸਭਿਆਚਾਰਾਂ-ਅਮਰੀਕੀ ਤੇ ਸਿੱਖ ਸਭਿਆਚਾਰ ਵਿਚਾਲੇ ਸੰਤੁਲਨ ਬਣਾਉਣ ਵਿਚ ਕੁਝ ਸਮਾਂ ਲੱਗਾ। ਉਹ ਦੱਸਦੀ ਹੈ ਕਿ ਸਕੂਲ ਵਿਚ ਪੜ੍ਹਦਿਆਂ ਉਸ ਦੇ ਬਹੁਤ ਸਾਰੇ ਗੈਰ ਭਾਰਤੀ ਦੋਸਤ ਸਨ, ਜਦੋਂਕਿ ਉਹ ਗੁਰਦੁਆਰੇ ਵੀ ਨੇਮ ਨਾਲ ਜਾਂਦੀ ਅਤੇ ਉਸ ਦੇ ਕਈ ਭਾਰਤੀ ਤੇ ਸਿੱਖ ਬੜੇ ਕਰੀਬੀ ਦੋਸਤ ਸਨ। ਉਸ ਦਾ ਖਿਆਲ ਹੈ ਕਿ ਵਖ ਵਖ ਸਭਿਆਚਾਰਕ ਪਿਛੋਕੜ ਵਾਲੇ ਬੱਚੇ, ਖਾਸ ਕਰ ਸਿੱਖ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨੂੰ ਦੋਹਾਂ ਪਾਸਿਆਂ ਦੀ ਥਾਂ ਕਿਸੇ ਇਕ ਪਾਸੇ ਹੋਣਾ ਹੀ ਪਵੇਗਾ। ਪਰ ਸੱਚ ਇਹ ਹੈ ਕਿ ਅਸੀਂ ਸਾਰੇ ਸਿੱਖ ਅਮਰੀਕਨ ਹਾਂ ਅਤੇ ਸਾਨੂੰ ਉਨ੍ਹਾਂ ਸਾਰੀਆਂ ਗੱਲਾਂ ਵਲ ਧਿਆਨ ਦੇਣਾ ਪਵੇਗਾ, ਜਿਨ੍ਹਾਂ ਨਾਲ ਸਾਡੀ ਪਛਾਣ ਬਣਨੀ ਹੈ।

ਕਿਰਨ ਆਪਣੇ ਮਾਪਿਆਂ ਦੀ ਰਿਣੀ ਹੈ ਕਿ ਉਨ੍ਹਾਂ ਉਸ ਵਿਚ ਸਵੈ-ਭਰੋਸਾ ਪੈਦਾ ਕਰਨ ਦੀ ਹਰ ਕੋਸ਼ਿਸ਼ ਕੀਤੀ ਅਤੇ ਇਹ ਆਖ ਕੇ ਕੋਈ ਸਭਿਆਚਾਰਕ ਸੀਮਾ ਉਸ 'ਤੇ ਨਹੀਂ ਥੋਪੀ ਕਿ ਇਹ ਗੱਲ ਉਨ੍ਹਾਂ ਨੂੰ ਪ੍ਰੇਸ਼ਾਨ ਕਰਦੀ ਹੈ। ਉਹ ਦੱਸਦੀ ਹੈ, ਜਦੋਂ ਉਸ ਨੇ ਕਾਲਜ ਵਿਚ ਫਰੈਸ਼ਮੈਨ ਕਲਾਸ ਕਰਨ ਪਿਛੋਂ ਇਕ ਪੂਰੇ ਸਮੈਸਟਰ ਲਈ ਇੰਗਲੈਂਡ ਜਾਣਾ ਸੀ, ਉਸ ਸਮੇਂ ਉਸ ਦੀ ਉਮਰ ਸਿਰਫ 18 ਸਾਲ ਸੀ ਪਰ ਉਨ੍ਹਾਂ ਉਸ ਨੂੰ ਟੋਕਣ ਦੀ ਥਾਂ ਉਤਸ਼ਾਹਿਤ ਕੀਤਾ।

ਉਸ ਅਨੁਸਾਰ, ਉਸ ਨੂੰ ਆਪਣੇ ਹਾਈ ਸਕੂਲ ਅਧਿਆਪਕਾਂ ਅਤੇ ਕਾਲਜ ਪ੍ਰੋਫੈਸਰਾਂ ਵਿਚੋਂ ਕਈ ਸੁਚੱਜੇ ਰਾਹ-ਦਿਸੇਰੇ ਮਿਲੇ ਜਿਨ੍ਹਾਂ ਨੇ ਉਸ ਦੀ ਸ਼ਖਸੀਅਤ ਘੜਨ ਵਿਚ ਅਹਿਮ ਰੋਲ ਅਦਾ ਕੀਤਾ।

ਕਿਰਨ ਆਖਦੀ ਹੈ ਕਿ ਜ਼ਿੰਦਗੀ ਵਿਚ ਸਫਲ ਹੋਣ ਲਈ ਵਧੀਆ ਤਰੀਕਾ ਇਹ ਹੈ ਕਿ ਆਪਣਾ ਧਿਆਨ ਆਪਣੇ ਨਿਸ਼ਾਨੇ 'ਤੇ ਟਿਕਾ ਕੇ ਰਖੋ, ਨਾ ਕਿ ਉਸ 'ਤੇ ਜੋ ਹੋਰ ਕਹਿੰਦੇ ਹਨ। ਸਿਰਫ ਇਸ ਕਰਕੇ ਹੀ ਕੁਝ ਕਰਨ ਨਾ ਤੁਰ ਪਵੋ ਕਿ ਉਹ ਦੇਖਣ ਨੂੰ ਚੰਗਾ ਲਗਦਾ ਹੈ ਜਾਂ ਦੂਜੇ ਕਰਨ ਨੂੰ ਕਹਿੰਦੇ ਹਨ। ਕਾਮਯਾਬੀ ਦਾ ਨੁਕਤਾ ਕਿਰਨ ਇਹ ਦਸਦੀ ਹੈ ਕਿ ਕੋਈ ਚੀਜ਼ ਸਿਰਫ ਇਸ ਕਰਕੇ ਨਾ ਕਰੋ ਕਿ ਹਰ ਕੋਈ ਉਂਜ ਕਰ ਰਿਹਾ ਹੈ। ਤੁਸੀਂ ਉਸੇ ਵਿਚ ਕਾਮਯਾਬ ਹੋ ਸਕਦੇ ਹੋ ਜੋ ਤੁਹਾਡਾ ਖਬਤ ਹੈ ਅਤੇ ਜੋ ਤੁਹਾਡੇ ਲਈ ਹੀ ਹੈ।

ਕਿਰਨ ਮਾਣ ਨਾਲ ਕਹਿੰਦੀ ਹੈ ਕਿ ਸਿੱਖ ਭਾਈਚਾਰੇ ਤੋਂ ਉਸ ਨੂੰ ਪੂਰੀ ਹੱਲਾਸ਼ੇਰੀ ਮਿਲੀ ਹੈ ਅਤੇ ਕਾਮਯਾਬੀ ਲਈ ਇਹ ਹੱਲਾਸ਼ੇਰੀ ਬਹੁਤ ਜਰੂਰੀ ਵੀ ਹੈ। ਖਾਸ ਕਰ ਗੁਰਦੁਆਰੇ ਵਿਚ ਵਡਿਆਂ ਨੇ ਮੈਨੂੰ ਸਹੀ ਸਲਾਹ ਦਿਤੀ ਵੀ ਹੈ। ਕਿਰਨ ਮੰਨਦੀ ਹੈ ਕਿ ਉਸ ਨੂੰ ਜ਼ਿੰਦਗੀ ਵਿਚ ਬਥੇਰੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਹੈ, ਖਾਸ ਕਰ ਉਨ੍ਹਾਂ ਵਲੋਂ ਜੋ ਆਪਣੇ ਨਾਂਹਵਾਚੀ ਵਤੀਰੇ ਕਰਕੇ ਦੂਜਿਆਂ ਨੂੰ ਹਮੇਸ਼ਾਂ ਨੀਵਾਂ ਵਿਖਾਉਣ ਦੀ ਕੋਸ਼ਿਸ਼ ਕਰਦੇ ਹਨ। ਇਸ ਦਾ ਹੱਲ ਇਹ ਹੈ ਕਿ ਮਾੜੀ ਸੋਚ ਵਾਲਿਆਂ ਵਲ ਨਹੀਂ, ਸਗੋਂ ਆਪਣੇ ਆਲੇ-ਦੁਆਲੇ ਚੰਗੀ ਸੋਚ ਵਾਲਿਆਂ ਵਲ ਧਿਆਨ ਦਿਓ।

## ਨਾਟਕ "ਕਿਸਾਨ ਖੁਦਕਸ਼ੀ ਦੇ ਮੋੜ 'ਤੇ" ਦੀਆਂ ਤਿਆਰੀਆਂ ਜ਼ੋਰਾਂ 'ਤੇ




**ਫਰੀਮਾਂਟ (ਬਿਊਰੋ):** ਕਈ ਅੰਤਰ ਰਾਸ਼ਟਰੀ ਐਵਾਰਡ ਜੇਤੂ ਪੰਜਾਬੀ ਫਿਲਮ 'ਧੀਆਂ ਮਰਜਾਣੀਆਂ' ਦੇ ਡਾਇਰੈਕਟਰ ਅਸ਼ੋਕ ਟਾਂਗਰੀ ਇਨ੍ਹੀਂ ਦਿਨੀਂ ਆਪਣੇ ਨਵੇਂ ਨਾਟਕ "ਕਿਸਾਨ ਖੁਦਕਸ਼ੀ ਦੇ ਮੋੜ 'ਤੇ" ਨਾਲ ਫਿਰ ਚਰਚਾ ਵਿਚ ਹਨ। ਯਾਦ ਰਹੇ, ਨਾਟਕ 'ਧੀਆਂ ਮਰਜਾਣੀਆਂ' ਨੂੰ ਕੈਲੀਫੋਰਨੀਆ ਦੇ ਵੱਡੇ ਸ਼ਹਿਰਾਂ ਵਿਚ ਦਰਸ਼ਕਾਂ ਵਲੋਂ ਬੇਮਿਸਾਲ ਹੁੰਗਾਰਾ ਮਿਲਣ ਤੋਂ ਬਾਅਦ ਫਿਲਮੀ ਰੂਪ ਦੇ ਦਿੱਤਾ ਗਿਆ ਸੀ। ਹੁਣ ਉਸੇ ਹੀ ਟੀਮ ਨੂੰ ਲੈ ਕੇ ਅਭੀਰਾਜ ਪ੍ਰੋਡਕਸ਼ਨ ਦੇ ਪ੍ਰੋਡਿਊਸਰ ਤਾਰਾ ਸਿੰਘ ਸਾਗਰ ਤੇ ਡਾਇਰੈਕਟਰ ਅਸ਼ੋਕ ਟਾਂਗਰੀ ਕਿਸਾਨ ਖੁਦਕਸ਼ੀਆਂ ਵਰਗੇ ਗੰਭੀਰ ਮੁੱਦੇ ਉਤੇ ਇਹ ਨਵਾਂ ਨਾਟਕ ਲੈ ਕੇ ਦਰਸ਼ਕਾਂ ਦੇ ਰੂਬਰੂ ਹੋਣਗੇ।

ਜਸਵੰਤ ਸਿੰਘ ਸ਼ਾਦ ਦੇ ਘਰ ਹੋਈ ਮੀਟਿੰਗ ਵਿਚ ਡਾਇਰੈਕਟਰ ਅਸ਼ੋਕ ਟਾਂਗਰੀ ਨੇ ਦੱਸਿਆ ਕਿ ਆਉਂਦੇ ਅਪਰੈਲ ਦੇ ਅਖੀਰ ਤੱਕ ਇਸ ਨਾਟਕ ਦਾ ਪਹਿਲਾ ਮੰਚਨ ਕਰਨ ਦੀਆਂ ਤਿਆਰੀਆਂ ਜ਼ੋਰਾਂ ਨਾਲ ਚੱਲ ਰਹੀਆਂ ਹਨ। ਕਰੀਬ ਦਸ ਕਲਾਕਾਰ ਇਸ ਨਾਟਕ ਵਿਚ ਵੱਖੋ ਵੱਖਰੇ ਪਾਤਰਾਂ ਨੂੰ ਰੂਪਮਾਨ ਕਰਨਗੇ। ਜਸਵੰਤ ਸਿੰਘ ਸ਼ਾਦ, ਡਿੰਪਲ ਬੈਂਸ ਤੇ ਦਰਸ਼ਨ ਸਿੰਘ ਕਹਿਲ ਜਿੱਥੇ ਮੁੱਖ ਪਾਤਰਾਂ ਵਜੋਂ ਨਜ਼ਰ ਆਉਣਗੇ, ਉਥੇ ਕਈ ਨਵੇਂ ਚਿਹਰੇ ਵੀ ਇਸ ਨਾਟਕ ਦਾ ਹਿੱਸਾ ਬਣਨਗੇ। ਇਸ ਵਾਰ ਕੈਲੀਫੋਰਨੀਆ, ਸਿਆਟਲ ਤੇ ਸਰੀ ਤੋਂ ਇਲਾਵਾ ਹੋਰ ਸਟੇਟਾਂ ਵਿਚ ਵੀ ਨਾਟਕ ਖੇਡੇ ਜਾਣਗੇ।

# ਕੇਂਦਰੀ ਫੰਡਾਂ ਬਾਰੇ ਪੰਜਾਬ ਪੁਲਿਸ ਦਾ ਗੋਲਮੋਲ ਹਿਸਾਬ

**ਬਠਿੰਡਾ:** ਕੇਂਦਰ ਸਰਕਾਰ ਵੱਲੋਂ ਸਾਲ 2012-13 ਤੋਂ ਹੁਣ ਤੱਕ ਪੰਜਾਬ ਪੁਲਿਸ ਨੂੰ ਐਮ.ਪੀ.ਐਫ. ਸਕੀਮ ਤਹਿਤ 94.02 ਕਰੋੜ ਰੁਪਏ ਦੇ ਫੰਡ ਦਿੱਤੇ ਗਏ ਹਨ ਜਿਨ੍ਹਾਂ 'ਚੋਂ 55.18 ਕਰੋੜ ਦੀ ਵਰਤੋਂ ਦਾ ਸਰਟੀਫਿਕੇਟ ਪੁਲਿਸ ਨੇ ਹਾਲੇ ਦਿੱਤਾ ਨਹੀਂ ਹੈ। ਸਾਲ 2014-15 ਦੌਰਾਨ ਇਸ ਕੇਂਦਰੀ ਸਕੀਮ ਤਹਿਤ 38.13 ਕਰੋੜ ਦੇ ਫੰਡਾਂ ਦੀ ਵਰਤੋਂ ਸਰਟੀਫਿਕੇਟ ਦੇਣ ਵਿਚ ਹੁਣ ਸਿਰਫ 20 ਦਿਨ ਬਚੇ ਹਨ। ਸੂਤਰ ਆਖਦੇ ਹਨ ਕਿ ਫੰਡਾਂ ਦੀ ਵਰਤੋਂ ਕਰਨ ਲਈ ਪੁਲਿਸ ਹੱਥੋ-ਹੱਥ ਵਾਹਨ ਖਰੀਦ ਰਹੀ ਹੈ। ਪੰਜਾਬ ਪੁਲਿਸ ਨੂੰ ਸਾਲ 2013-14 ਦੌਰਾਨ ਕੇਂਦਰ ਤੋਂ 30.50 ਕਰੋੜ ਰੁਪਏ ਮਿਲੇ ਸਨ।



ਐਤਕੀਂ ਕੇਂਦਰ ਸਰਕਾਰ ਨੇ ਸਿਰਫ 17.05 ਕਰੋੜ ਦੇ ਹੀ ਫੰਡ ਜਾਰੀ ਕੀਤੇ ਹਨ। ਸੂਤਰ ਦੱਸਦੇ ਹਨ ਕਿ ਦੀਨਾਨਗਰ ਅਤੇ ਪਠਾਨਕੋਟ 'ਚ ਦਹਿਸ਼ਤੀ ਹਮਲਿਆਂ ਤੋਂ ਬਾਅਦ ਪੁਲਿਸ ਅਫ਼ਸਰਾਂ ਨੇ ਹਰ ਥਾਣੇ ਤੋਂ ਹਥਿਆਰਾਂ ਦੀ ਮੰਗ ਦੀ ਸੂਚੀ ਲਈ ਸੀ ਕਿਉਂਕਿ ਥਾਣਿਆਂ ਵਿਚ ਕਾਫੀ ਹਥਿਆਰ ਤਾਂ ਪੁਰਾਣੇ ਹੋ ਗਏ ਹਨ। ਪੁਲਿਸ ਅਫਸਰਾਂ ਨੇ ਉਦੋਂ ਜਲਦੀ ਹਥਿਆਰ ਦੇਣ ਦਾ ਵਾਅਦਾ ਕੀਤਾ ਸੀ, ਪਰ ਹਾਲੇ ਤੱਕ ਇਹ ਹਥਿਆਰ ਪੁੱਜੇ ਨਹੀਂ ਹੈ।

ਸਰਕਾਰੀ ਵੇਰਵਿਆਂ ਅਨੁਸਾਰ ਕੇਂਦਰੀ ਫੰਡਾਂ ਨਾਲ 550 ਵਾਹਨ ਖਰੀਦੇ ਗਏ ਹਨ। ਮੌਜੂਦਾ ਮਾਲੀ ਵਰ੍ਹੇ ਦੌਰਾਨ ਹੀ 467 ਹੋਰ ਵਾਹਨਾਂ ਦੀ ਖਰੀਦ ਕੀਤੀ ਜਾ ਰਹੀ ਹੈ। ਸੂਤਰਾਂ ਦਾ ਕਹਿਣਾ ਹੈ ਕਿ ਇਕੋ ਵਰ੍ਹੇ ਵਿਚ 30 ਕਰੋੜ ਤੋਂ ਉਪਰ ਫੰਡ ਇਕੱਲੇ ਵਾਹਨਾਂ 'ਤੇ ਖਰਚ ਕਰ ਦਿੱਤੇ ਜਾਣੇ ਹਨ। ਸੂਚਨਾ ਅਨੁਸਾਰ ਪੁਲਿਸ ਵਿਭਾਗ ਨੇ ਇਕ ਟੋਇਟਾ ਫਾਰਚੂਨਰ, 8 ਇਨੋਵਾ, 5 ਸਵਿਫ਼ਟ ਡਿਜ਼ਾਇਰ, 21 ਆਰਟੀਗਾ, ਚਾਰ ਮਾਰੂਤੀ ਈਕੋ, ਦੋ ਈਟੋ, ਦੋ ਸਿਆਜ, 62 ਮਹਿੰਦਰਾ ਬਲੈਰੋ ਐਲਐਕਸ ਅਤੇ 11 ਮਹਿੰਦਰਾ ਕੈਂਪਰਸ ਗੱਡੀਆਂ ਖਰੀਦੀਆਂ ਗਈਆਂ ਹਨ। ਇਨ੍ਹਾਂ ਗੱਡੀਆਂ ਦੀ ਅਲਾਟਮੈਂਟ ਦਾ ਵੇਰਵਾ ਨਹੀਂ ਦਿੱਤਾ ਗਿਆ ਹੈ। ਪੰਜਾਬ ਪੁਲਿਸ ਨੇ 30 ਬੁਲਟ ਮੋਟਰ ਸਾਈਕਲ, 220 ਸਜ਼ੂਕੀ, ਜੀ.ਐਸ. 150 ਆਰ ਮੋਟਰਸਾਈਕਲ ਅਤੇ 65 ਟੀ.ਵੀ.ਐਸ. ਮੋਟਰਸਾਈਕਲ ਵੀ ਖਰੀਦੇ ਹਨ।

### ਜ਼ਿਆਦਾ ਫੰਡ ਲਗਜ਼ਰੀ ਗੱਡੀਆਂ 'ਤੇ ਖਰਚਿਆ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਕੇਂਦਰੀ ਫੰਡਾਂ ਨੂੰ ਲਗਜ਼ਰੀ ਵਾਹਨਾਂ ਲਈ ਵਰਤ ਲਿਆ ਹੈ, ਜਦੋਂ ਕਿ ਥਾਣੇ ਹਥਿਆਰਾਂ ਨੂੰ ਤਰਸ ਰਹੇ ਹਨ। ਕੇਂਦਰੀ ਗ੍ਰਹਿ ਮੰਤਰਾਲੇ ਨੇ ਪੰਜਾਬ ਪੁਲਿਸ ਨੂੰ ਮਾਡਰਨਾਈਜੇਸ਼ਨ ਆਫ਼ ਸਟੇਟ ਪੁਲਿਸ (ਐਮ.ਪੀ.ਐਫ.) ਸਕੀਮ ਤਹਿਤ ਜੋ ਫੰਡ ਜਾਰੀ ਕੀਤੇ ਹਨ, ਉਨ੍ਹਾਂ ਦਾ ਵੱਡਾ ਹਿੱਸਾ ਵਾਹਨਾਂ ਦੀ ਖਰੀਦ ਉਤੇ ਖਰਚ ਕਰ ਦਿੱਤਾ ਗਿਆ। ਉਂਜ ਦੀਨਾਨਗਰ ਅਤੇ ਪਠਾਨਕੋਟ 'ਚ ਦਹਿਸ਼ਤੀ ਹਮਲਿਆਂ ਮਗਰੋਂ ਪੁਲਿਸ ਨੇ ਪੁਰਾਣੇ ਹਥਿਆਰਾਂ ਨੂੰ ਕੰਡਮ ਕਰਨ ਦਾ ਰੌਲਾ ਪਾਇਆ ਹੈ।

ਪੁਲਿਸ ਨੂੰ ਫੌਰੀ ਤੌਰ 'ਤੇ ਕਾਫੀ ਵਾਹਨ ਲੋੜੀਂਦੇ ਸਨ ਜਿਨ੍ਹਾਂ ਵਿਚ 22 ਟਾਟਾ ਬੱਸਾਂ ਵੀ ਸ਼ਾਮਲ ਹਨ। ਇਸ ਤੋਂ ਇਲਾਵਾ 16 ਫੋਰਸ ਟ੍ਰੈਵਲਰ ਗੱਡੀਆਂ ਵੀ ਲਈਆਂ ਹਨ।

ਪੰਜਾਬ ਦੇ ਡੀ.ਜੀ.ਪੀ. ਤੋਂ ਆਰ.ਟੀ.ਆਈ. ਤਹਿਤ ਪ੍ਰਾਪਤ ਵੇਰਵਿਆਂ ਅਨੁਸਾਰ ਪੁਲਿਸ ਵਿਭਾਗ ਨੇ ਚਾਲੂ ਮਾਲੀ ਵਰ੍ਹੇ ਦੌਰਾਨ ਇਕੱਲੇ ਵਾਹਨਾਂ ਦੀ ਖਰੀਦ ਉਤੇ ਹੀ 19.45 ਕਰੋੜ ਰੁਪਏ ਖਰਚ ਕਰ ਦਿੱਤੇ ਜਿਨ੍ਹਾਂ ਵਿਚ ਕਾਫੀ ਲਗਜ਼ਰੀ ਵਾਹਨ ਵੀ ਖਰੀਦੇ ਗਏ ਹਨ। ਲਗਜ਼ਰੀ ਵਾਹਨ ਕਿਸ-ਕਿਸ ਅਧਿਕਾਰੀ ਲਈ ਖਰੀਦੇ ਗਏ ਹਨ, ਦਾ ਜੁਆਬ ਆਰ.ਟੀ.ਆਈ. ਵਿਚ ਦੇਣ ਤੋਂ ਟਾਲਾ ਵੱਟਿਆ ਗਿਆ ਹੈ। ਏ.ਡੀ.ਜੀ.ਪੀ. (ਪ੍ਰੋਵੀਜ਼ਨਿੰਗ ਐਂਡ ਮਾਡਰਨਾਈਜ਼ੇਸ਼ਨ) ਸੀ.ਐਸ.ਆਰ. ਰੈੱਡੀ ਦਾ ਕਹਿਣਾ ਹੈ ਕਿ ਐਮ.ਪੀ.ਐਫ. ਸਕੀਮ ਵਿਚ ਵਾਹਨ ਖਰੀਦਣ ਦਾ ਜਿਹੜਾ ਕੰਪੋਨੈਂਟ ਬਣਿਆ ਹੈ, ਉਸ ਨਿਰਧਾਰਤ ਰਾਸ਼ੀ ਨਾਲ ਹੀ ਵਾਹਨ ਖਰੀਦੇ ਗਏ ਹਨ। ਕੁਝ ਹਥਿਆਰ ਵੀ ਖਰੀਦੇ ਗਏ ਹਨ ਅਤੇ ਹੁਣ ਪੁਲਿਸ ਵਿਭਾਗ ਵੱਲੋਂ 3300 ਏਕੇ-47 ਅਸਾਲਟਾਂ ਦੀ ਖਰੀਦ ਕੀਤੀ ਜਾ ਰਹੀ ਹੈ।

# ਪੰਜਾਬ ਦੇ ਮੁਲਾਜ਼ਮਾਂ ਵੱਲੋਂ 'ਸਬਕ ਸਿਖਾਓ' ਮੁਹਿੰਮਾਂ

**ਚੰਡੀਗੜ੍ਹ:** ਪੰਜਾਬ ਸਰਕਾਰ ਤੋਂ ਅੱਕੇ ਮੁਲਾਜ਼ਮਾਂ ਨੇ ਬਾਦਲ ਸਰਕਾਰ ਵਿਰੁੱਧ 'ਸਬਕ ਸਿਖਾਓ' ਅਤੇ 'ਪੰਜਾਬ ਬਚਾਓ' ਮੁਹਿੰਮਾਂ ਸ਼ੁਰੂ ਕਰਨ ਦੀ ਰਣਨੀਤੀ ਬਣਾਈ ਹੈ। ਪੰਜਾਬ ਤੇ ਯੂ.ਟੀ. ਮੁਲਾਜ਼ਮ ਸੰਘਰਸ਼ ਕਮੇਟੀ ਨੇ 21 ਮਾਰਚ ਨੂੰ ਚੰਡੀਗੜ੍ਹ ਵਿਚ ਅਲਟੀਮੇਟਮ ਰੈਲੀ ਕਰਕੇ ਇਨ੍ਹਾਂ ਮੁਹਿੰਮਾਂ ਦੀ ਰੂਪ ਰੇਖਾ ਦਾ ਐਲਾਨ ਕੀਤਾ ਜਾਵੇਗਾ।



ਮੁਲਾਜ਼ਮ ਸੰਘਰਸ਼ ਕਮੇਟੀ ਨੇ ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ 21 ਮਾਰਚ ਨੂੰ ਚੰਡੀਗੜ੍ਹ ਵਿਚ ਰੈਲੀ ਕਰਕੇ ਬਾਦਲ ਸਰਕਾਰ ਵੱਲੋਂ ਮੁਲਾਜ਼ਮਾਂ ਨਾਲ ਕੀਤੇ ਜਾ ਰਹੇ ਸਲੂਕ ਦਾ ਖੁਲਾਸਾ ਕਰਨ ਦਾ ਫੈਸਲਾ ਵੀ ਲਿਆ ਹੈ। ਪੰਜਾਬ ਸਰਕਾਰ ਵੱਲੋਂ ਛੇਵੇਂ ਪੰਜਾਬ ਤਨਖਾਹ ਕਮਿਸ਼ਨ ਦਾ ਹਾਲੇ ਤੱਕ ਮਹਿਜ਼ ਅਧੂਰਾ ਗਠਨ ਕਰਨ ਨਾਲ ਲੱਖਾਂ ਮੁਲਾਜ਼ਮ ਪ੍ਰੇਸ਼ਾਨੀ ਵਿਚੋਂ ਲੰਘ ਰਹੇ ਹਨ। ਦੱਸਣਯੋਗ ਹੈ ਕਿ ਤੈਅ ਫਾਰਮੂਲੇ ਤਹਿਤ ਹਰੇਕ ਦਹਾਕੇ ਬਾਅਦ ਤਨਖਾਹ ਕਮਿਸ਼ਨ ਸਥਾਪਤ ਕਰਕੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਤਨਖਾਹਾਂ ਤੇ ਪੈਨਸ਼ਨਾਂ ਮਿਥਣੀਆਂ ਲਾਜ਼ਮੀ ਹਨ। ਇਸ ਤਹਿਤ ਪੰਜਾਬ ਦੇ ਮੁਲਾਜ਼ਮਾਂ ਦੀਆਂ ਤਨਖਾਹਾਂ ਪਹਿਲੀ ਜਨਵਰੀ 2016 ਨੂੰ ਸੋਧਣੀਆਂ ਬਨਦੀਆਂ ਸਨ, ਪਰ ਹਾਲੇ ਤੱਕ ਪੰਜਾਬ ਦੇ ਛੇਵੇਂ ਤਨਖਾਹ ਕਮਿਸ਼ਨ ਨੇ ਇਹ ਪ੍ਰਕਿਰਿਆ ਸ਼ੁਰੂ ਵੀ ਨਹੀਂ ਕੀਤੀ। ਪੰਜਾਬ ਸਰਕਾਰ ਵੱਲੋਂ ਇਸ ਤਨਖਾਹ ਕਮਿਸ਼ਨ ਦਾ ਰਾਜ ਦੇ ਸਾਬਕਾ ਮੁੱਖ ਸਕੱਤਰ ਆਰ.ਐਸ. ਮਾਨ ਨੂੰ ਤਾਂ ਚੇਅਰਮੈਨ ਨਿਯੁਕਤ ਕਰ ਦਿੱਤਾ ਹੈ, ਪਰ ਹਾਲੇ ਤੱਕ ਕੋਈ ਮੈਂਬਰ ਜਾਂ ਮੈਂਬਰ-ਸਕੱਤਰ ਨਿਯੁਕਤ ਨਾ ਕਰਨ ਕਾਰਨ ਇਹ ਤਨਖਾਹ ਕਮਿਸ਼ਨ ਮਹਿਜ਼ ਰਸਮੀ ਕਾਰਵਾਈ ਬਣ ਕੇ ਰਹਿ ਗਿਆ ਹੈ। ਦੂਜੇ ਪਾਸੇ ਭਾਰਤ ਸਰਕਾਰ ਦੇ ਸੱਤਵੇਂ ਤਨਖਾਹ ਕਮਿਸ਼ਨ ਵੱਲੋਂ ਆਪਣੀ ਰਿਪੋਰਟ ਸਰਕਾਰ ਨੂੰ ਪੇਸ਼ ਕੀਤੀ ਜਾ ਚੁੱਕੀ ਹੈ।

ਮੁਲਾਜ਼ਮਾਂ ਨੇ ਦੋਸ਼ ਲਾਇਆ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਚਹੇਤਿਆਂ ਸਲਾਹਕਾਰਾਂ, ਮੁੱਖ ਪਾਰਲੀਮਾਨੀ ਸਕੱਤਰ, ਬੋਰਡਾਂ ਤੇ ਕਾਰਪੋਰੇਸ਼ਨਾਂ ਦੇ ਚੇਅਰਮੈਨਾਂ, ਵਾਈਸ ਚੇਅਰਮੈਨਾਂ, ਡਾਇਰੈਕਟਰਾਂ, ਸਾਬਕਾ ਵਜ਼ੀਰਾਂ ਤੇ ਵਿਧਾਨਕਾਰਾਂ ਨੂੰ ਗੱਫੇ ਦਿੱਤੇ ਹਨ ਤੇ ਤੀਰਥ ਯਾਤਰਾ ਜਿਹੇ ਵੋਟ ਬਟੋਰੂ ਪ੍ਰੋਗਰਾਮਾਂ ਉਪਰ ਕਰੋੜਾਂ ਰੁਪਏ ਖਰਚ ਕੇ ਖਜ਼ਾਨੇ ਦੀ ਲੁੱਟ ਮਚਾਈ ਜਾ ਰਹੀ ਹੈ। ਰੇਤਾ-ਬਜਰੀ ਰਾਹੀਂ ਲੋਕਾਂ ਦੀ ਕੀਤੀ ਜਾ ਰਹੀ ਲੁੱਟ ਤੇ ਬਿਜਲੀ, ਪੀ.ਆਰ.ਟੀ.ਸੀ. ਜਿਹੇ ਅਦਾਰਿਆਂ ਦੀ ਦੁਰਵਰਤੋਂ ਕਰਨ ਨਾਲ ਹੀ ਪੰਜਾਬ ਵਿੱਤੀ ਸੰਕਟ ਵਿਚ ਹੈ। ਪੰਜਾਬ ਸਰਕਾਰ ਦੀਆਂ ਅਜਿਹੀਆਂ ਨੀਤੀਆਂ ਦਾ ਪਰਦਾਫਾਸ਼ ਕਰਨ ਲਈ ਹੀ 'ਪੰਜਾਬ ਬਚਾਓ' ਤੇ 'ਸਬਕ ਸਿਖਾਓ' ਮੁਹਿੰਮਾਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ।

# ਪਰਵਾਸੀਆਂ ਦੀਆਂ ਜ਼ਮੀਨਾਂ ਦੱਬਣ ਵਾਲੇ ਆਏ ਅੜਿੱਕੇ

**ਮੋਗਾ:** ਮੋਗਾ ਪੁਲਿਸ ਦੀ ਆਰਥਿਕ ਅਪਰਾਧ ਸ਼ਾਖਾ (ਈ.ਓ. ਵਿੰਗ) ਨੇ ਪਰਵਾਸੀ ਪੰਜਾਬੀਆਂ ਦੀ ਜਾਇਦਾਦ ਦੱਬਣ ਵਾਲੇ ਗਿਰੋਹ ਨੂੰ ਬੇਨਕਾਬ ਕੀਤਾ ਹੈ। ਥਾਣਾ ਅਜੀਤਵਾਲ ਪੁਲਿਸ ਨੇ ਵਿਦੇਸ਼ ਰਹਿੰਦੇ ਭਰਾ ਨਾਲ ਠੱਗੀ ਮਾਰਨ ਤੇ ਸਿਟੀ ਪੁਲਿਸ ਨੇ ਇਕ ਮਹਿਲਾ ਸਣੇ ਤਿੰਨ ਖਿਲਾਫ਼ ਜਾਅਲਸਾਜ਼ੀ ਦੇ ਦੋਸ਼ ਹੇਠ ਕੇਸ ਦਰਜ ਕੀਤਾ ਹੈ।

ਪੁਲਿਸ ਮੁਤਾਬਕ ਕੈਨੇਡਾ ਰਹਿੰਦੇ ਕੁਲਵੰਤ ਸਿੰਘ ਪੁੱਤਰ ਗੁਰਮੇਜ ਸਿੰਘ ਪਿੰਡ ਮਹੀਆਂਵਾਲਾ (ਜ਼ੀਰਾ) ਨੇ ਕਾਫੀ ਸਮਾਂ ਪਹਿਲਾਂ ਮੋਗਾ ਸ਼ਹਿਰ ਦਾ ਹਿੱਸਾ ਬਣੇ ਪਿੰਡ ਲੰਢੇਕੇ 'ਚ 10 ਮਰਲੇ ਦਾ ਪਲਾਟ ਖਰੀਦਿਆ ਸੀ। ਇਸ ਗਿਰੋਹ ਨੇ ਉਸ ਦਾ ਜਾਅਲੀ ਵੋਟਰ ਕਾਰਡ ਬਣਾ ਕੇ ਜੂਨ 2012 'ਚ ਪਲਾਟ ਦੀ ਰਜਿਸਟਰੀ ਆਪਣੇ ਨਾਂ ਕਰਵਾ ਲਈ ਤੇ ਪਲਾਟ ਅੱਗੇ ਇਕ ਅਧਿਆਪਕ ਨੂੰ ਵੇਚ ਦਿੱਤਾ। ਗਿਰੋਹ 'ਚ ਇਕਬਾਲ ਸਿੰਘ ਤੇ ਅਮਨਦੀਪ ਸਿੰਘ ਆਦਿ ਦੀ ਪਛਾਣ ਹੋਈ ਹੈ। ਪੁਲਿਸ ਮੁਤਾਬਕ ਇਕ ਹੋਰ ਅਮਰੀਕਾ ਰਹਿੰਦੇ ਪਰਵਾਸੀ ਬਲਜਿੰਦਰ ਸਿੰਘ ਪਿੰਡ ਧੂੜਕੋਟ ਚੜ੍ਹਤ ਸਿੰਘ ਵਾਲਾ ਨੇ ਪਹਿਲੀ ਅਪਰੈਲ 1992 ਨੂੰ ਮੋਗਾ-ਕੋਟਕਪੂਰਾ ਰੋਡ ਉਤੇ 27 ਮਰਲੇ ਦਾ ਪਲਾਟ ਖਰੀਦਿਆ ਸੀ। ਇਥੇ ਭੂ-ਮਾਫੀਆ ਨੇ ਪੀੜਤ ਪਰਵਾਸੀ ਪੰਜਾਬੀ ਦਾ ਜਾਅਲੀ ਪਛਾਣ ਪੱਤਰ ਬਣਾ ਕੇ 7 ਸਤੰਬਰ 2011 ਨੂੰ ਰਜਿਸਟਰੀ ਰਾਜਿੰਦਰ ਕੌਰ ਦੇ ਨਾਂ ਕਰਵਾ ਕੇ ਮਾਲ ਰਿਕਾਰਡ ਵਿਚ ਇੰਤਕਾਲ ਵੀ ਕਰਵਾ ਲਿਆ ਅਤੇ ਇਸ ਨੂੰ ਅੱਗੇ ਵੇਚਣ ਵੇਲੇ ਜਾਅਲਸਾਜ਼ੀ ਦਾ ਪਰਦਾਫਾਸ਼ ਹੋ ਗਿਆ। ਪਰਵਾਸੀ ਪੰਜਾਬੀ ਰਾਜਿੰਦਰ ਸਿੰਘ ਪਿੰਡ ਪੁਰਾਣੇਵਾਲਾ ਨੇ ਦੱਸਿਆ ਕਿ ਉਸ ਦੇ ਵਿਜੀਲੈਂਸ ਵਿਭਾਗ ਵਿਚੋਂ ਸੇਵਾਮੁਕਤ ਭਰਾ ਹਰਿੰਦਰ ਸਿੰਘ ਨੇ ਉਸ ਦੇ ਚਾਚੇ ਤੇ ਇਕ ਹੋਰ ਰਿਸ਼ਤੇਦਾਰ ਨਾਲ ਮਿਲ ਕੇ ਉਸ ਦੀ ਖੇਤੀਬਾੜੀ ਵਾਲੀ ਜ਼ਮੀਨ ਵੇਚ ਦਿੱਤੀ।

ਪੁਲਿਸ ਨੇ ਰਾਜਿੰਦਰ ਸਿੰਘ ਦੀ ਸ਼ਿਕਾਇਤ ਦੀ ਮੁੱਢਲੀ ਪੜਤਾਲ ਬਾਅਦ ਉਸ ਦੇ ਭਰਾ ਤੇ ਇਕ ਹੋਰ ਰਿਸ਼ਤੇਦਾਰ ਖਿਲਾਫ਼ ਕੇਸ ਦਰਜ ਕੀਤਾ ਹੈ। ਥਾਣਾ ਸਿਟੀ ਪੁਲਿਸ ਨੇ ਜਸਵਿੰਦਰ ਸਿੰਘ ਪਿੰਡ ਹਰੀਏਵਾਲਾ ਦੀ ਸ਼ਿਕਾਇਤ 'ਤੇ ਅੰਜਲੀ ਸ਼ਰਮਾ ਵਾਸੀ ਬਸਤੀ ਅਲੀਪੁਰ, ਕਮਲ ਸ਼ਰਮਾ ਵਾਸੀ ਅਜੀਤ ਨਗਰ ਤੇ ਜੀਤ ਸਿੰਘ ਵਾਸੀ ਬੇਦੀ ਨਗਰ, ਮੋਗਾ ਖਿਲਾਫ਼ ਧੋਖਾਧੜੀ ਦਾ ਕੇਸ ਦਰਜ ਕੀਤਾ ਹੈ। ਪੁਲਿਸ ਮੁਤਾਬਕ ਅੰਜਲੀ ਸ਼ਰਮਾ ਉਤੇ ਵਿੰਮੀ ਅਰੋੜਾ ਨਾਂ ਦੀ ਔਰਤ ਬਣ ਕੇ ਪਲਾਟ ਵੇਚਣ ਦਾ ਇਕਰਾਰਨਾਮਾ ਕਰ ਕੇ ਦੋ ਲੱਖ ਰੁਪਏ ਦੀ ਠੱਗੀ ਮਾਰਨ ਦਾ ਦੋਸ਼ ਹੈ।

# ਯੂ.ਐਸ. ਕਮਿਸ਼ਨ ਨੂੰ ਭਾਰਤੀ ਵੀਜ਼ਾ ਨਾ ਦੇਣਾ ਵੱਡੀ ਭੁੱਲ ਕਰਾਰ

**ਵਾਸ਼ਿੰਗਟਨ:** ਭਾਰਤ ਦੇ ਸਿਖਰਲੇ ਆਗੂਆਂ ਵੱਲੋਂ 'ਕੱਟੜਪੰਥੀ ਆਵਾਜ਼ਾਂ' ਖਿਲਾਫ਼ ਹੋਰ ਜ਼ੋਰ ਨਾਲ ਆਵਾਜ਼ ਬੁਲੰਦ ਕੀਤੇ ਜਾਣ ਉਤੇ ਜ਼ੋਰ ਦਿੰਦਿਆਂ ਅਮਰੀਕਾ ਦੇ ਧਾਰਮਿਕ ਆਜ਼ਾਦੀ ਬਾਰੇ ਕਮਿਸ਼ਨ ਦੀ ਉੱਚ ਅਧਿਕਾਰੀ ਨੇ ਕਿਹਾ ਕਿ ਭਾਰਤ ਨੇ ਇਸ ਸੁਤੰਤਰ ਸੰਸਥਾ ਦੇ ਮੈਂਬਰਾਂ ਨੂੰ ਵੀਜ਼ਾ ਦੇਣ ਤੋਂ ਇਨਕਾਰ ਕਰਕੇ 'ਇਕ ਵੱਡਾ ਮੌਕਾ ਖੁੰਝਾ' ਦਿੱਤਾ ਹੈ।

ਯੂ.ਐਸ. ਕਮਿਸ਼ਨ ਆਨ ਇੰਟਰਨੈਸ਼ਨਲ ਰਿਲੀਜੀਅਸ ਫਰੀਡਮ (ਯੂ.ਐਸ.ਸੀ. ਆਈ.ਆਰ.ਐਫ.) ਦੀ ਕਮਿਸ਼ਨਰ ਕੈਟਰੀਨਾ ਲੈਂਟੋਸ-ਸਵੈੱਟ ਨੇ ਕਿਹਾ ਕਿ ਭਾਰਤ ਵਿਸ਼ਵ ਦਾ ਸਭ ਤੋਂ ਵੱਡਾ ਜਮਹੂਰੀ ਮੁਲਕ ਹੈ। ਉਸ ਨੂੰ ਮਨੁੱਖੀ ਅਧਿਕਾਰਾਂ ਦੀ ਰੱਖਿਆ ਤੇ ਕਮਜ਼ੋਰੀਆਂ ਫੜਨ ਆਉਣ ਵਾਲੇ ਯੂ.ਐਸ. ਕਮਿਸ਼ਨ ਦੇ ਮੈਂਬਰਾਂ ਪ੍ਰਤੀ ਥੋੜ੍ਹਾ ਰੱਖਿਅਕ ਹੋਣਾ ਚਾਹੀਦਾ ਹੈ, ਪਰ ਮੈਨੂੰ ਇਹ ਸੰਕੀਰਨ ਲੱਗਾ ਅਤੇ ਭਾਰਤ ਨੇ ਇਕ ਵੱਡਾ ਮੌਕਾ ਹੱਥੋਂ ਗੁਆ ਦਿੱਤਾ।

# ਦਰਿਆਈ ਪਾਣੀਆਂ ਦੇ ਮਾਮਲੇ ਦਾ ਕੱਚ-ਸੱਚ

(ਸਫਾ 13 ਦੀ ਬਾਕੀ)

ਇਸ ਨਹਿਰ ਦੀ ਉਸਾਰੀ ਉਸ ਵੇਲੇ ਰੁਕੀ ਜਦੋਂ ਬੱਬਰ ਖਾਲਸਾ ਨੇ 1990 ਵਿਚ ਇਸ ਨਹਿਰ ਦੇ ਮੁੱਖ ਇੰਜਨੀਅਰ ਐਮ.ਐਲ. ਸੀਕਰੀ ਅਤੇ ਨਿਗਰਾਨ ਇੰਜਨੀਅਰ ਏ.ਐਸ. ਔਲਖ ਨੂੰ ਮਾਰ ਦਿੱਤਾ। ਹਰਿਆਣਾ ਦੇ ਨਹਿਰ ਮੁਕੰਮਲ ਕਰਨ ਲਈ ਅਦਾਲਤੀ ਦਖਲ ਕਾਰਨ ਜਦੋਂ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਖੁਦ ਇਹ ਨਹਿਰ ਮੁਕੰਮਲ ਕਰਨ ਦੇ ਨਿਰਦੇਸ਼ ਦੇ ਦਿੱਤੇ ਤਾਂ ਇਸ ਨੂੰ ਰੋਕਣ ਲਈ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਪੰਜਾਬ ਵਿਧਾਨ ਸਭਾ ਨੇ ਪੰਜਾਬ ਟਰਮੀਨੇਸ਼ਨ ਆਫ ਵਾਟਰ ਐਗਰੀਮੈਂਟਸ ਐਕਟ-2004 ਪਾਸ ਕੀਤਾ। ਇਸ ਕਾਨੂੰਨ ਦੀ ਵਾਜਬੀਅਤ ਦੀ ਘੋਖ ਲਈ ਸੁਪਰੀਮ ਕੋਰਟ ਵਿਚ ਸ਼ੁਰੂ ਹੋਈ ਸੁਣਵਾਈ ਦੇ ਸਿੱਟੇ ਵਜੋਂ ਬਾਦਲ ਸਰਕਾਰ ਨੂੰ ਨਹਿਰ ਦੀ ਜ਼ਮੀਨ ਡੀ-ਨੋਟੀਫਾਈ ਕਰ ਕੇ ਮੁੜ ਮਾਲਕਾਂ ਨੂੰ ਦੇਣ ਦਾ ਪੈਂਤੜਾ ਲੈਣਾ ਪਿਆ ਤਾਂ ਕਿ ਇਸ ਕੇਸ ਵਿਚ ਪੰਜਾਬ ਵਿਰੋਧੀ ਫੈਸਲਾ ਹੋਣ ਦੀ ਸੂਰਤ ਵਿਚ ਹੋਣ ਵਾਲੇ ਨੁਕਸਾਨ ਤੋਂ ਬਚਿਆ ਜਾ ਸਕੇ।

ਜੇ ਪੰਜਾਬ ਦੇ ਦਰਿਆਈ ਪਾਣੀਆਂ ਉਤੇ ਨਿਰੋਲ ਪੰਜਾਬ ਦਾ ਹੀ ਹੱਕ ਮੰਨ ਲਿਆ ਜਾਵੇ ਤਾਂ ਫਿਰ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਪੰਜਾਬ ਟਰਮੀਨੇਸ਼ਨ ਆਫ ਵਾਟਰ ਐਗਰੀਮੈਂਟਸ ਐਕਟ-2004 ਨੂੰ ਸਿਰਫ ਬਰਕਰਾਰ ਰੱਖਣ ਲਈ ਕਾਨੂੰਨੀ ਤੇ ਸਿਆਸੀ ਲੜਾਈ ਲੜੀ ਜਾਣੀ ਚਾਹੀਦੀ ਹੈ, ਬਲਕਿ ਆਪਣੇ ਵਾਅਦੇ ਅਨੁਸਾਰ ਅਕਾਲੀ ਦਲ ਨੂੰ ਇਸ ਦੀ ਧਾਰਾ 5 ਨੂੰ ਖਤਮ ਕਰ ਕੇ ਪੰਜਾਬ ਦੇ ਹੱਕ ਨੂੰ ਹੋਰ ਮਜ਼ਬੂਤ ਕਰਨਾ ਚਾਹੀਦਾ ਹੈ। ਸਤਲੁਜ-ਯਮਨਾ ਨਹਿਰ ਦਾ ਮੁੱਦਾ ਖਤਮ ਹੋਣ ਨਾਲ ਤਾਂ ਸਿਰਫ਼ ਹਰਿਆਣਾ ਨੂੰ ਜਾਣ ਵਾਲੇ ਇੱਕ ਐਮ.ਏ.ਐਫ. ਤੋਂ ਕੁਝ ਵੱਧ ਹੋਰ ਪਾਣੀ ਦਾ ਮਾਮਲਾ ਹੀ ਜੁੜਿਆ ਹੋਇਆ ਹੈ, ਪਰ ਪੰਜਾਬ ਟਰਮੀਨੇਸ਼ਨ ਆਫ ਵਾਟਰ ਐਗਰੀਮੈਂਟਸ ਐਕਟ-2004 ਤਹਿਤ ਤਾਂ ਪੰਜਾਬ ਦੇ ਦਰਿਆਵਾਂ ਉਤੇ ਪੰਜਾਬ ਦਾ ਹੱਕ ਮੰਨ ਕੇ ਇਸ ਉਤੇ ਠੋਸੇ ਗਏ ਸਾਰੇ ਸਮਝੌਤੇ ਰੱਦ ਕਰ ਕੇ ਦੂਜੇ ਸੂਬਿਆਂ ਨੂੰ ਜਾ ਰਹੇ ਪਾਣੀ ਨੂੰ ਰੋਕਣ ਦਾ ਰਾਹ ਖੋਲ੍ਹਦਾ ਹੈ।

# ਹੁਣ ਪੰਜਾਬ ਦੇ ਵਜ਼ੀਰਾਂ ਦੀ ਹੋਵੇਗੀ ਟੌਹਰ

**ਬਠਿੰਡਾ:** ਮਾਲੀ ਸੰਕਟ ਵਿਚੋਂ ਲੰਘ ਰਹੀ ਪੰਜਾਬ ਸਰਕਾਰ ਨੇ ਆਪਣੇ ਮੰਤਰੀਆਂ ਨੂੰ ਕੈਮਰੀ ਤੇ ਫਾਰਚੂਨਰ ਕਾਰਾਂ ਤੇ ਮੁੱਖ ਸੰਸਦੀ ਸਕੱਤਰਾਂ ਨੂੰ ਕੋਰੋਲਾ ਗੱਡੀਆਂ ਦੇਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਸੂਬਾ ਸਰਕਾਰ ਨੇ 10.08 ਕਰੋੜ ਰੁਪਏ ਦੇ ਫੰਡਾਂ ਦੀ ਪ੍ਰਵਾਨਗੀ ਵੀ ਦੇ ਦਿੱਤੀ ਹੈ। ਪਹਿਲਾਂ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਲਈ ਲੈਂਡਕਰੂਜ਼ਰ ਗੱਡੀਆਂ ਖਰੀਦਣ ਦਾ ਫੈਸਲਾ ਹੋਇਆ ਹੈ। ਪੰਜਾਬ ਦੇ ਪੰਜ ਵਜ਼ੀਰ ਅਤੇ 11 ਮੁੱਖ ਸੰਸਦੀ ਸਕੱਤਰ ਇਸ ਵੇਲੇ ਪ੍ਰਾਈਵੇਟ ਗੱਡੀਆਂ ਵਰਤ ਰਹੇ ਹਨ ਜਿਨ੍ਹਾਂ ਨੂੰ ਸਰਕਾਰ ਤਰਫੋਂ ਤੇਲ ਖਰਚ ਦਿੱਤਾ ਜਾਂਦਾ ਹੈ।

ਸਟੇਟ ਟਰਾਂਸਪੋਰਟ ਕਮਿਸ਼ਨਰ ਤੋਂ ਆਰ.ਟੀ.ਆਈ. ਤਹਿਤ ਮਿਲੇ ਤਾਜ਼ਾ ਸੂਚਨਾ ਅਨੁਸਾਰ ਪੰਜਾਬ ਸਰਕਾਰ ਨੇ ਹੁਣ ਵਜ਼ੀਰਾਂ ਲਈ 13 ਟਿਓਟਾ ਕੈਮਰੀ, ਦੋ ਟਿਓਟਾ ਫਾਰਚੂਨਰ ਗੱਡੀਆਂ ਦੀ ਖਰੀਦ ਕਰਨੀ ਹੈ ਜਦੋਂ ਕਿ ਮੁੱਖ ਸੰਸਦੀ ਸਕੱਤਰਾਂ ਲਈ ਅੱਠ ਟਿਓਟਾ ਕਰੋਲਾ ਐਲਟੀਸ (1.8 ਜੀ), 6 ਟਿਓਟਾ ਇਨੋਵਾ 2.5-ਵੀ ਮਾਡਲ ਦੀ ਖਰੀਦ ਲਈ ਪ੍ਰਵਾਨਗੀ ਦਿੱਤੀ ਹੈ। ਇਸ ਤੋਂ ਬਿਨਾਂ 62 ਜਿਪਸੀਆਂ ਦੀ ਖਰੀਦ ਮਾਰੂਤੀ ਸਜ਼ੂਕੀ ਇੰਡੀਆ ਤੋਂ ਕੀਤੀ ਜਾ ਰਹੀ ਹੈ। ਪੰਜਾਬ ਸਰਕਾਰ ਨੇ ਇਨ੍ਹਾਂ ਗੱਡੀਆਂ ਦੀ ਖਰੀਦ ਲਈ 10.08 ਕਰੋੜ ਦੇ ਫੰਡਾਂ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਵੇਰਵਿਆਂ ਅਨੁਸਾਰ ਪੰਜਾਬ ਸਰਕਾਰ ਨੇ ਇਸ ਤੋਂ ਪਹਿਲਾਂ 11.14 ਕਰੋੜ ਦੇ ਵੱਖਰੇ ਫੰਡਾਂ ਨੂੰ ਪ੍ਰਵਾਨਗੀ ਦਿੱਤੀ ਸੀ ਜਿਨ੍ਹਾਂ ਨਾਲ 87 ਇਨੋਵਾ ਗੱਡੀਆਂ ਦੀ ਖਰੀਦ ਕੀਤੀ ਜਾ ਚੁੱਕੀ ਹੈ। ਚਰਚੇ ਇਹ ਵੀ ਹਨ ਕਿ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਆਦਿ ਲਈ ਲੈਂਡਕਰੂਜ਼ਰ ਗੱਡੀਆਂ ਦੀ ਖਰੀਦ ਹੋਣੀ ਹੈ ਜਿਨ੍ਹਾਂ 'ਤੇ ਪ੍ਰਤੀ ਗੱਡੀ 1.3 ਕਰੋੜ ਦਾ ਖਰਚਾ ਆਉਣਾ ਹੈ। ਬੁਲਟ ਪਰੂਫ ਦਾ ਖਰਚਾ ਹੀ ਪ੍ਰਤੀ ਗੱਡੀ 35 ਲੱਖ ਰੁਪਏ ਹੈ।

ਸਰਕਾਰ ਨੇ ਵਜ਼ੀਰਾਂ ਤੇ ਮੁੱਖ ਸੰਸਦੀ ਸਕੱਤਰਾਂ ਨੂੰ ਪ੍ਰਾਈਵੇਟ ਗੱਡੀਆਂ ਵਰਤਣ ਦੀ ਵੀ ਖੁੱਲ੍ਹ ਦੇ ਦਿੱਤੀ ਸੀ। ਪਹਿਲਾਂ ਪ੍ਰਾਈਵੇਟ ਕਾਰਾਂ ਦੇ ਤੇਲ ਵਾਸਤੇ ਪ੍ਰਤੀ ਕਿਲੋਮੀਟਰ 15 ਰੁਪਏ ਦਿੱਤੇ ਜਾਂਦੇ ਸਨ ਤੇ ਮਗਰੋਂ ਵਾਧਾ ਕਰਕੇ ਇਹ ਰਾਸ਼ੀ 18 ਰੁਪਏ ਪ੍ਰਤੀ ਕਿਲੋਮੀਟਰ ਕਰ ਦਿੱਤੀ ਸੀ। ਗੁਲਜ਼ਾਰ ਸਿੰਘ ਰਣੀਕੇ, ਸੁਰਜੀਤ ਸਿੰਘ ਰੱਖੜਾ, ਜਨਮੇਜਾ ਸਿੰਘ ਸੇਖੋਂ ਤੇ ਸਿਕੰਦਰ ਸਿੰਘ ਮਲੂਕਾ ਵੱਲੋਂ ਪ੍ਰਾਈਵੇਟ ਗੱਡੀ ਫਾਰਚੂਨਰ ਦੀ ਵਰਤੋਂ ਕੀਤੀ ਜਾ ਰਹੀ ਹੈ ਜਦੋਂਕਿ ਸੁਰਜੀਤ ਕੁਮਾਰ ਜਿਆਣੀ ਇਨੋਵਾ ਵਰਤ ਰਹੇ ਹਨ। ਇਵੇਂ ਹੀ ਮੁੱਖ ਸੰਸਦੀ ਸਕੱਤਰ ਸਰੂਪ ਚੰਦ ਸਿੰਗਲਾ, ਮਨਤਾਰ ਸਿੰਘ ਬਰਾੜ, ਹਰਮੀਤ ਸਿੰਘ ਸੰਧੂ ਵੱਲੋਂ ਵੀ ਪ੍ਰਾਈਵੇਟ ਫਾਰਚੂਨਰ ਗੱਡੀ ਵਰਤੀ ਜਾ ਰਹੀ ਹੈ ਜਦੋਂ ਕਿ ਮੁੱਖ ਸੰਸਦੀ ਸਕੱਤਰ ਐਨ.ਕੇ. ਸ਼ਰਮਾ, ਅਵਿਨਾਸ਼ ਚੰਦਰ, ਪ੍ਰਕਾਸ਼ ਚੰਦ ਗਰਗ, ਪਵਨ ਕੁਮਾਰ ਟੀਨੂੰ, ਨੰਦ ਲਾਲ ਅਤੇ ਇੰਦਰਬੀਰ ਬੁਲਾਰੀਆ ਵੱਲੋਂ ਵੀ ਪ੍ਰਾਈਵੇਟ ਗੱਡੀਆਂ ਦੀ ਵਰਤੋਂ ਕੀਤੀ ਜਾ ਰਹੀ ਹੈ। ਹੁਣ 15 ਵਜ਼ੀਰਾਂ ਅਤੇ 11 ਮੁੱਖ ਸੰਸਦੀ ਸਕੱਤਰਾਂ ਲਈ ਨਵੀਆਂ ਗੱਡੀਆਂ ਖਰੀਦ ਕੀਤੀਆਂ ਜਾ ਰਹੀਆਂ ਹਨ।

ਟਰਾਂਸਪੋਰਟ ਵਿਭਾਗ ਪੰਜਾਬ ਦੇ ਪ੍ਰਮੁੱਖ ਸਕੱਤਰ ਆਰ. ਵੈਂਕਟ ਰਤਨਮ ਦਾ ਕਹਿਣਾ ਹੈ ਕਿ ਵਜ਼ੀਰਾਂ ਤੇ ਮੁੱਖ ਸੰਸਦੀ ਸਕੱਤਰਾਂ ਵਾਸਤੇ ਗੱਡੀਆਂ ਖਰੀਦਣ ਦੀ ਟੈਂਡਰ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ ਅਤੇ ਮਾਰਚ ਮਹੀਨੇ ਵਿਚ ਹੀ ਖਰੀਦ ਦਾ ਕੰਮ ਮੁਕੰਮਲ ਕਰ ਲਿਆ ਜਾਵੇਗਾ।

# ਭਾਸ਼ਾ ਵਿਭਾਗ ਪੰਜਾਬ ਵੱਲੋਂ ਤਿੰਨ ਸਾਲਾਂ ਦੇ ਪੁਰਸਕਾਰਾਂ ਦੀ ਵੰਡ

**ਪਟਿਆਲਾ:** ਭਾਸ਼ਾ ਵਿਭਾਗ ਵੱਲੋਂ ਸਾਲ 2012, 2013 ਤੇ 2014 ਦੇ ਪੁਰਸਕਾਰਾਂ ਦੀ ਵੰਡ ਕਰ ਦਿੱਤੀ ਗਈ। ਪੰਜਾਬੀ ਯੂਨੀਵਰਸਿਟੀ ਦੇ ਗੁਰੂ ਤੇਗ ਬਹਾਦਰ ਹਾਲ ਵਿਚ 60 ਸਨਮਾਨਾਂ ਵਿਚ ਲੇਖਕਾਂ, ਸਾਹਿਤਕਾਰਾਂ, ਕਵੀਆਂ, ਪੱਤਰਕਾਰਾਂ, ਢਾਡੀਆਂ, ਕਵੀਸ਼ਰਾਂ, ਰਾਗੀਆਂ, ਗਾਇਕਾਂ ਅਤੇ ਸੰਗੀਤਕਾਰਾਂ ਨੂੰ 2.92 ਕਰੋੜ ਦੀ ਰਕਮ ਨਾਲ ਸਨਮਾਨਿਆ ਗਿਆ।

ਸਭ ਤੋਂ ਪ੍ਰਮੁੱਖ ਪੁਰਸਕਾਰ ਪੰਜਾਬੀ ਸਾਹਿਤ ਰਤਨ ਸਾਲ 2012 ਵਾਸਤੇ ਪ੍ਰੋ. ਕਿਰਪਾਲ ਸਿੰਘ ਕਸੇਲ, 2013 ਵਾਸਤੇ ਅਜਮੇਰ ਸਿੰਘ ਔਲਖ ਤੇ 2014 ਵਾਸਤੇ ਨਿਰੰਜਨ ਤਸਨੀਮ ਨੂੰ ਦਿੱਤਾ ਗਿਆ। ਇਨ੍ਹਾਂ ਸ਼ਖ਼ਸੀਅਤਾਂ ਨੂੰ 10-10 ਲੱਖ ਰੁਪਏ ਨਕਦ, ਤਮਗਾ, ਸਨਮਾਨ ਪੱਤਰ ਤੇ ਸ਼ਾਲ ਸਨਮਾਨ ਵਜੋਂ ਦਿੱਤਾ ਗਿਆ। ਸ਼੍ਰੋਮਣੀ ਪੰਜਾਬੀ ਸਾਹਿਤਕਾਰ ਪੁਰਸਕਾਰ ਮੋਹਨ ਭੰਡਾਰੀ, ਬਲਦੇਵ ਸਿੰਘ ਸੜਕਨਾਮਾ ਤੇ ਅਵਤਾਰ ਸਿੰਘ ਬਲਿੰਗ ਨੂੰ, ਸ਼੍ਰੋਮਣੀ ਹਿੰਦੀ ਸਾਹਿਤਕਾਰ ਪੁਰਸਕਾਰ ਮਾਧਵ ਕੌਸ਼ਿਕ, ਡਾ. ਤਰਸੇਮ ਗੁਜਰਾਲ ਤੇ ਮੋਹਨ ਸਪਰਾ ਨੂੰ, ਸ਼੍ਰੋਮਣੀ ਉਰਦੂ ਸਾਹਿਤਕਾਰ ਪੁਰਸਕਾਰ ਜਨਾਬ ਮਹੇਸ਼ ਪਟਿਆਲਵੀ, ਡਾ. ਮੁਹੰਮਦ ਇਕਬਾਲ ਤੇ ਡਾ. ਰੇਨੂ ਬਹਿਲ ਨੂੰ ਦਿੱਤਾ ਗਿਆ। ਸ਼੍ਰੋਮਣੀ ਸੰਸਕ੍ਰਿਤ ਸਾਹਿਤਕਾਰ ਪੁਰਸਕਾਰ ਡਾ. ਸ਼ਸ਼ੀਧਰ ਸ਼ਰਮਾ, ਡਾ. ਭੂਸ਼ਨ ਲਾਲ ਸ਼ਰਮਾ ਤੇ ਡਾ. ਲੇਖ ਰਾਮ ਨੂੰ, ਸ਼੍ਰੋਮਣੀ ਪੰਜਾਬੀ ਕਵੀ ਪੁਰਸਕਾਰ ਜਸਵਿੰਦਰ ਸਿੰਘ, ਗੁਰਭਜਨ ਸਿੰਘ ਗਿੱਲ ਅਤੇ ਪ੍ਰੋ. ਕੁਲਵੰਤ ਸਿੰਘ ਗਰੇਵਾਲ ਨੂੰ, ਸ਼੍ਰੋਮਣੀ ਪੰਜਾਬੀ ਆਲੋਚਕ/ਖੋਜ ਤੇ ਸਾਹਿਤਕਾਰ ਪੁਰਸਕਾਰ ਡਾ. ਸੁਰਜੀਤ ਸਿੰਘ ਭੱਟੀ, ਡਾ. ਬਲਕਾਰ ਸਿੰਘ ਤੇ ਡਾ. ਤੇਜਵੰਤ ਸਿੰਘ ਗਿੱਲ ਨੂੰ, ਸ਼੍ਰੋਮਣੀ ਪੰਜਾਬੀ ਗਿਆਨ ਸਾਹਿਤਕਾਰ ਪੁਰਸਕਾਰ ਗਿਆਨੀ ਬਲਵੰਤ ਸਿੰਘ ਕੋਠਾਗੁਰੂ, ਡਾ. ਕਿਰਪਾਲ ਸਿੰਘ ਤੇ ਪ੍ਰੋ. ਅੱਛਰੂ ਸਿੰਘ ਨੂੰ ਦਿੱਤਾ ਗਿਆ।

ਸ਼੍ਰੋਮਣੀ ਪੰਜਾਬੀ ਸਾਹਿਤਕਾਰ (ਵਿਦੇਸ਼ੀ) ਸਨਮਾਨ ਕੇਸ਼ਰ ਸਿੰਘ ਨੀਰ, ਗੁਰਬਖ਼ਸ਼ ਸਿੰਘ ਭੰਡਾਲ ਤੇ ਅਜੀਤ ਸਿੰਘ ਰਾਹੀ ਨੂੰ, ਸ਼੍ਰੋਮਣੀ ਪੰਜਾਬੀ ਸਾਹਿਤਕਾਰ (ਪੰਜਾਬੋਂ ਬਾਹਰ) ਦਾ ਸਨਮਾਨ ਸ੍ਰੀਮਤੀ ਚੰਦਨ ਨੇਗੀ, ਸ੍ਰੀਮਤੀ ਰਸ਼ਪਿੰਦਰ ਰਸ਼ਿਮ ਤੇ ਸ਼ੇਖ ਖਾਲਿਦ ਹੁਸੈਨ ਨੂੰ ਦਿੱਤਾ ਗਿਆ। ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ ਦਾ ਸਨਮਾਨ ਸ੍ਰੀਮਤੀ ਸੰਤੋਸ਼ ਸਾਹਨੀ, ਆਤਮਾ ਸਿੰਘ ਚਿੱਟੀ ਤੇ ਅਮਰੀਕ ਸਿੰਘ ਤਲਵੰਡੀ ਨੂੰ, ਸ਼੍ਰੋਮਣੀ ਪੰਜਾਬੀ ਪੱਤਰਕਾਰ ਦਾ ਸਨਮਾਨ ਅਮਰ ਸਿੰਘ ਭੁੱਲਰ, ਹਰਜਿੰਦਰ ਸਿੰਘ ਲਾਲ ਤੇ ਭੂਸ਼ਨ ਸੂਦ ਨੂੰ, ਸ਼੍ਰੋਮਣੀ ਪੰਜਾਬੀ ਸਾਹਿਤਕਾਰ ਪੱਤਰਕਾਰ ਦਾ ਸਨਮਾਨ ਨਰਿੰਜਨ ਸਿੰਘ ਸਾਥੀ, ਸੁਸ਼ੀਲ ਦੁਸਾਂਝ ਤੇ ਵਰਿੰਦਰ ਸਿੰਘ ਵਾਲੀਆਂ ਨੂੰ ਦਿੱਤਾ ਗਿਆ।

ਸ਼੍ਰੋਮਣੀ ਰਾਗੀ ਵਜੋਂ ਸਨਮਾਨ ਭਾਈ ਹਰੀ ਸਿੰਘ, ਪ੍ਰੋ. ਕਰਤਾਰ ਸਿੰਘ ਤੇ ਭਾਈ ਜਸਵੰਤ ਸਿੰਘ ਨੂੰ, ਸ਼੍ਰੋਮਣੀ ਢਾਡੀ/ਕਵੀਸ਼ਰ ਸਨਮਾਨ ਪੰਡਿਤ ਬ੍ਰਿਜਲਾਲ ਧੌਲਾ, ਭਾਈ ਮਹਿੰਦਰ ਸਿੰਘ ਸਿਬੀਆਂ ਅਤੇ ਦੇਸ਼ ਰਾਜ ਲਚਕਾਣੀ ਨੂੰ, ਸ਼੍ਰੋਮਣੀ ਪੰਜਾਬੀ ਟੈਲੀਵਿਜ਼ਨ/ ਰੇਡੀਓ/ਫਿਲਮ ਪੁਰਸਕਾਰ ਬੂਟਾ ਸਿੰਘ ਸ਼ਾਦ, ਸਤੀਸ਼ ਕੌਲ ਤੇ ਬਲਦੇਵ ਸਿੰਘ ਗਿੱਲ ਨੂੰ, ਸ਼੍ਰੋਮਣੀ ਪੰਜਾਬੀ ਨਾਟਕ/ਥੀਏਟਰ ਪੁਰਸਕਾਰ ਦਵਿੰਦਰ ਦਮਨ, ਗੁਰਚਰਨ ਸਿੰਘ ਚੰਨੀ ਤੇ ਡਾ. ਪਾਲੀ ਭੁਪਿੰਦਰ ਸਿੰਘ ਨੂੰ ਅਤੇ ਸ਼੍ਰੋਮਣੀ ਪੰਜਾਬੀ ਗਾਇਕ/ਸੰਗੀਤਕਾਰ ਮੁਹੰਮਦ ਸਦੀਕ, ਗੁਰਦਾਸ ਮਾਨ ਅਤੇ ਸੁਰਿੰਦਰ ਛਿੰਦਾ ਨੂੰ ਦਿੱਤਾ ਗਿਆ। ਇਨ੍ਹਾਂ ਸ਼ਖ਼ਸੀਅਤਾਂ ਨੂੰ ਸਨਮਾਨ ਪੱਤਰ, ਸ਼ਾਲ, ਤਮਗਾ ਅਤੇ 5-5 ਲੱਖ ਰੁਪਏ ਨਕਦ ਇਨਾਮ ਦਿੱਤਾ ਗਿਆ। ਇਸ ਮੌਕੇ ਛੇ ਸ਼ਖ਼ਸੀਅਤਾਂ ਨੂੰ ਵਿਸ਼ੇਸ਼ ਪੁਰਸਕਾਰ ਨਾਲ ਸਨਮਾਨਿਆ ਗਿਆ ਜਿਨ੍ਹਾਂ ਵਿਚ ਦਵਿੰਦਰ ਸਿੰਘ ਤੇ ਰਘਵੀਰ ਸਿੰਘ ਬੈਂਸ ਨੂੰ ਡੇਢ-ਡੇਢ ਲੱਖ ਰੁਪਏ ਅਤੇ ਪੰਡਤ ਰਾਓ ਧਰੇਨਵਰ, ਰਣਜੀਤ ਰਾਣਾ, ਮਲਕੀਤ ਸਿੰਘ ਗੁਆਰਾ ਤੇ ਬਚਨ ਸਿੰਘ ਸਰਲ ਨੂੰ 1-1 ਲੱਖ ਰੁਪਏ ਨਕਦ ਤੇ ਸ਼ਾਲ ਨਾਲ ਨਿਵਾਜਿਆ ਗਿਆ। ਇਸ ਮੌਕੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਗੁਰਸ਼ਰਨ ਕੌਰ ਵਾਲੀਆ, ਉਚੇਰੀ ਸਿੱਖਿਆ ਵਿਭਾਗ ਦੇ ਪ੍ਰਮੁੱਖ ਸਕੱਤਰ ਅਨੁਰਾਗ ਵਰਮਾ, ਉਘੇ ਲੋਕ ਗਾਇਕ ਪੰਮੀ ਬਾਈ, ਜ਼ਿਲ੍ਹਾ ਪ੍ਰੀਸ਼ਦ ਦੇ ਚੇਅਰਮੈਨ ਜਸਪਾਲ ਸਿੰਘ ਕਲਿਆਣ, ਰਣਧੀਰ ਸਿੰਘ ਰੱਖੜਾ, ਸਿੱਖ ਬੁੱਧੀਜੀਵੀ ਕੌਂਸਲ ਦੇ ਪ੍ਰਧਾਨ ਪ੍ਰੋ. ਬਲਦੇਵ ਸਿੰਘ ਬੱਲੂਆਣਾ ਤੇ ਡੀ.ਪੀ.ਆਈ. ਕਾਲਜਾਂ ਟੀ.ਕੇ. ਗੋਇਲ ਤੋਂ ਇਲਾਵਾ ਪ੍ਰਸ਼ਾਸਨਿਕ ਅਧਿਕਾਰੀ ਹਾਜ਼ਰ ਸਨ।

ਭਾਸ਼ਾ ਵਿਭਾਗ ਵੱਲੋਂ ਦਿੱਤੇ ਗਏ ਸਨਮਾਨਾਂ ਵਿਚ ਚਾਰ ਪੁਰਸਕਾਰ ਪੰਜਾਬੀ ਯੂਨੀਵਰਸਿਟੀ ਦੇ ਪ੍ਰੋਫ਼ੈਸਰਾਂ ਦੇ ਹਿੱਸੇ ਆਏ ਹਨ। ਇਨ੍ਹਾਂ ਪ੍ਰੋਫ਼ੈਸਰਾਂ ਵਿਚ ਡਾ. ਵਰਿੰਦਰ ਵਾਲੀਆ, ਪ੍ਰੋ. ਕੁਲਵੰਤ ਗਰੇਵਾਲ, ਪ੍ਰੋ. ਸੁਰਜੀਤ ਸਿੰਘ ਭੱਟੀ ਤੇ ਡਾ. ਬਲਕਾਰ ਸਿੰਘ ਦਾ ਨਾਮ ਸ਼ਾਮਲ ਹੈ। ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਨੇ ਖ਼ੁਸ਼ੀ ਜਤਾਉਂਦੇ ਹੋਏ ਕਿਹਾ ਕਿ ਯੂਨੀਵਰਸਿਟੀ ਲਈ ਇਹ ਮਾਣ ਵਾਲੀ ਗੱਲ ਹੈ।

### ਪ੍ਰੋ. ਕਸੇਲ, ਔਲਖ ਤੇ ਤਸਨੀਮ ਬਣੇ ਪੰਜਾਬੀ ਸਾਹਿਤ ਰਤਨ




### ਕੁਝ ਸ਼ਖ਼ਸੀਅਤਾਂ ਰਹੀਆਂ ਗੈਰਹਾਜ਼ਰ

**ਪਟਿਆਲਾ:** ਪੁਰਸਕਾਰ ਵੰਡ ਸਮਾਗਮ ਵਿਚ ਸਨਮਾਨ ਹਾਸਲ ਕਰਨ ਲਈ ਗੁਰਦਾਸ ਮਾਨ ਤੇ ਸਤੀਸ਼ ਕੌਲ ਨਹੀਂ ਆਏ ਤੇ ਨਾ ਹੀ ਉਨ੍ਹਾਂ ਵੱਲੋਂ ਕੋਈ ਹੋਰ ਪੁੱਜਿਆ। ਨਾਟਕਕਾਰ ਦਵਿੰਦਰ ਦਮਨ ਦੀ ਪਤਨੀ ਨੇ ਉਨ੍ਹਾਂ ਦਾ ਸਨਮਾਨ ਹਾਸਲ ਕੀਤਾ। ਗ਼ਜ਼ਲਗੋ ਜਸਵਿੰਦਰ ਦਾ ਸਨਮਾਨ ਉਨ੍ਹਾਂ ਦੀ ਭੈਣ ਨੇ ਹਾਸਲ ਕੀਤਾ। ਬਾਲ ਸਾਹਿਤਕਾਰ ਸੰਤੋਸ਼ ਸਾਹਨੀ ਦਾ ਪੁਰਸਕਾਰ ਦਰਸ਼ਨ ਸਿੰਘ ਆਸਟ ਨੇ ਲਿਆ। ਦਵਿੰਦਰ ਸਿੰਘ ਦੀ ਗੈਰਹਾਜ਼ਰੀ ਵਿਚ ਉਨ੍ਹਾਂ ਦਾ ਪੁਰਸਕਾਰ ਜਸਬੀਰ ਸਿੰਘ ਨੇ ਹਾਸਲ ਕੀਤਾ।

## ਲਾਵਾਰਸ ਹੋਇਆ ਪੰਜਾਬ ਦਾ ਮਨੁੱਖੀ ਅਧਿਕਾਰ ਕਮਿਸ਼ਨ

**ਚੰਡੀਗੜ੍ਹ:** ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਦੇ ਸਾਰੇ ਮੈਂਬਰਾਂ ਦੇ ਅਹੁਦੇ ਦੀ ਮਿਆਦ ਪੁੱਗ ਚੁੱਕੀ ਹੈ ਅਤੇ ਇਸ ਵੇਲੇ ਇਕੱਲੇ ਚੇਅਰਮੈਨ ਦੇ ਸਹਾਰੇ ਕਮਿਸ਼ਨ ਚੱਲ ਰਿਹਾ ਹੈ। ਉਧਰ, ਪੰਜਾਬ ਸਰਕਾਰ ਨੇ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੇ ਮੈਂਬਰਾਂ ਦੀ ਗਿਣਤੀ ਘਟਾ ਦਿੱਤੀ ਹੈ। ਨਵੇਂ ਫੈਸਲੇ ਅਨੁਸਾਰ ਕਮਿਸ਼ਨ ਦੇ ਮੈਂਬਰਾਂ ਦੀ ਗਿਣਤੀ ਪੰਜ ਤੋਂ ਘਟ ਕੇ ਤਿੰਨ ਹੋ ਗਈ ਹੈ। ਅੱਠ ਮਾਰਚ ਤੋਂ ਚੇਅਰਮੈਨ ਤੋਂ ਇਲਾਵਾ ਮੈਂਬਰਾਂ ਦੀ ਗਿਣਤੀ ਚਾਰ ਦੀ ਥਾਂ ਦੋ ਦਾ ਫਾਰਮੂਲਾ ਲਾਗੂ ਹੋ ਗਿਆ ਹੈ।

ਗ੍ਰਹਿ ਵਿਭਾਗ ਨੇ ਮੈਂਬਰਾਂ ਦੀ ਗਿਣਤੀ ਘਟਾਉਣ ਬਾਰੇ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਸਰਕਾਰ ਵੱਲੋਂ ਕਮਿਸ਼ਨ ਦੇ ਮੈਂਬਰਾਂ ਦੀ ਗਿਣਤੀ ਘੱਟ ਕਰਨ ਦਾ ਨੋਟੀਫਿਕੇਸ਼ਨ ਜਾਰੀ ਕਰਨ ਤੋਂ ਪਹਿਲਾਂ ਪ੍ਰਸਤਾਵ 'ਤੇ ਮੰਤਰੀ ਮੰਡਲ ਦੀ ਪ੍ਰਵਾਨਗੀ ਦੀ ਮੋਹਰ ਲਗਵਾ ਲਈ ਸੀ। ਸਰਕਾਰ ਦੇ ਤਾਜ਼ਾ ਨੋਟੀਫਿਕੇਸ਼ਨ ਮੁਤਾਬਕ ਕਮਿਸ਼ਨ ਦੇ ਚੇਅਰਮੈਨ ਦੀ ਜ਼ਿੰਮੇਵਾਰੀ ਹਾਈ ਕੋਰਟ ਦੇ ਸਾਬਕਾ ਚੀਫ ਜਸਟਿਸ ਨੂੰ ਦਿੱਤੀ ਜਾਂਦੀ ਹੈ। ਉਸ ਤੋਂ ਬਗੈਰ ਦੋ ਮੈਂਬਰਾਂ ਵਿਚੋਂ ਇਕ ਨਿਆਂਪਾਲਿਕਾ ਵਿਚੋਂ ਲਿਆ ਜਾਵੇਗਾ, ਜੋ ਹਾਈ ਕੋਰਟ ਵਿਚ ਜਸਟਿਸ ਦੇ ਅਹੁਦੇ 'ਤੇ ਰਿਹਾ ਹੋਵੇ। ਦੂਜੇ ਮੈਂਬਰ ਨੂੰ ਪਬਲਿਕ ਕੋਟੇ ਵਿਚੋਂ ਨੁਮਾਇੰਦਗੀ ਦਿੱਤੀ ਜਾਣੀ ਹੈ, ਜਿਸ ਲਈ ਮਨੁੱਖੀ ਅਧਿਕਾਰਾਂ ਬਾਰੇ ਜਾਗਰੂਕ ਹੋਣਾ ਦੀ ਯੋਗਤਾ ਰੱਖੀ ਗਈ ਹੈ। ਇਸ ਤੋਂ ਪਹਿਲਾਂ ਇਕ ਹੋਰ ਮੈਂਬਰ ਨਿਆਂਪਾਲਿਕਾ ਵਿਚੋਂ ਸੇਵਾਮੁਕਤ ਸੈਸ਼ਨ ਜੱਜ ਲਿਆ ਜਾਂਦਾ ਰਿਹਾ ਹੈ ਜਦੋਂ ਕਿ ਚੌਥਾ ਮੈਂਬਰ ਵੀ ਪਬਲਿਕ ਦੇ ਨੁਮਾਇੰਦੇ ਦੇ ਤੌਰ 'ਤੇ ਲਿਆ ਜਾਂਦਾ ਸੀ।




ਨਵੇਂ ਫੈਸਲੇ ਅਨੁਸਾਰ ਸੈਸ਼ਨ ਜੱਜ ਤੇ ਇਕ ਪਬਲਿਕ ਦੇ ਨੁਮਾਇੰਦੇ ਦੀ ਅਸਾਮੀ ਖਤਮ ਕਰ ਦਿੱਤੀ ਗਈ ਹੈ। ਕਮਿਸ਼ਨ ਦੇ ਆਖਰੀ ਮੈਂਬਰ ਦੇ ਅਹੁਦੇ ਦੀ ਮਿਆਦ ਪੰਜ ਮਾਰਚ ਨੂੰ ਮੁੱਕ ਗਈ ਸੀ ਉਸ ਤੋਂ ਬਾਅਦ ਚੇਅਰਮੈਨ ਜਸਟਿਸ ਜਗਦੀਸ਼ ਭੱਲਾ ਹੀ ਆਪਣੇ ਤੌਰ ਉਤੇ ਕੇਸਾਂ ਦੀ ਸੁਣਵਾਈ ਕਰ ਰਹੇ ਹਨ ਜਦੋਂ ਕਿ ਹਾਈ ਕੋਰਟ ਦੀਆਂ ਹਦਾਇਤਾਂ ਅਨੁਸਾਰ ਫੁੱਲ ਬੈਂਚ ਲਈ ਦੋ ਮੈਂਬਰ ਹੋਣੇ ਲਾਜ਼ਮੀ ਹਨ। ਜਾਣਕਾਰੀ ਅਨੁਸਾਰ ਸਾਲ 2006 ਵਿਚ ਸੰਸਦ ਨੇ ਮਨੁੱਖੀ ਅਧਿਕਾਰ ਕਮਿਸ਼ਨਾਂ ਦੇ ਮੈਂਬਰਾਂ ਦੀ ਗਿਣਤੀ ਪੰਜ ਦੀ ਥਾਂ ਤਿੰਨ ਕਰਨ ਬਾਰੇ ਬਿੱਲ ਪਾਸ ਕਰ ਦਿੱਤਾ ਸੀ ਪਰ ਪੰਜਾਬ ਸਰਕਾਰ ਨੇ ਇਸ ਨੂੰ ਦਸ ਸਾਲ ਪਛੜ ਕੇ ਲਾਗੂ ਕੀਤਾ ਹੈ।

ਪੰਜਾਬ ਦੇ ਗੁਆਂਢੀ ਰਾਜ ਹਰਿਆਣਾ ਮਨੁੱਖੀ ਅਧਿਕਾਰ ਕਮਿਸ਼ਨ ਦੇ ਵੀ ਚੇਅਰਮੈਨ ਤੋਂ ਇਲਾਵਾ ਦੋ ਮੈਂਬਰ ਹਨ। ਚੰਡੀਗੜ੍ਹ ਵਿਚ ਅਜੇ ਤਾਈਂ ਮਨੁੱਖੀ ਅਧਿਕਾਰ ਕਮਿਸ਼ਨ ਹੋਂਦ ਵਿਚ ਨਹੀਂ ਆਇਆ ਹੈ ਅਤੇ ਇਥੋਂ ਦੇ ਲੋਕ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ, ਦਿੱਲੀ ਦਾ ਸਹਾਰਾ ਲੈ ਰਹੇ ਹਨ। ਹਿਮਾਚਲ ਪ੍ਰਦੇਸ਼ ਵਿਚ ਚੇਅਰਮੈਨ ਸਮੇਤ ਦੋਵੇਂ ਮੈਂਬਰਾਂ ਦੀਆਂ ਆਸਾਮੀਆਂ ਖਾਲੀ ਹਨ। ਪੰਜਾਬ ਸਰਕਾਰ ਦੇ ਨਵੇਂ ਫੈਸਲੇ ਨਾਲ ਰਾਜ ਨੂੰ ਸਾਲਾਨਾ ਪੰਜਾਹ ਲੱਖ ਤੋਂ ਵੱਧ ਦਾ ਫਾਇਦਾ ਹੋਵੇਗਾ। ਕਮਿਸ਼ਨ ਦੇ ਚੇਅਰਮੈਨ ਜਸਟਿਸ ਭੱਲਾ ਨੇ ਕਿਹਾ ਹੈ ਕਿ ਮੈਂਬਰਾਂ ਦੀ ਗਿਣਤੀ ਘਟਾਉਣ ਦੀ ਜਾਣਕਾਰੀ ਹੈ, ਪਰ ਉਹ ਸਰਕਾਰ ਦੇ ਫੈਸਲੇ ਬਾਰੇ ਕੁਝ ਨਹੀਂ ਕਹਿਣਗੇ। ਉਨ੍ਹਾਂ ਦਾਅਵਾ ਕੀਤਾ ਕਿ ਮੈਂਬਰਾਂ ਦੀ ਅਣਹੋਂਦ 'ਚ ਵੀ ਉਹ ਕੰਮ ਦਾ ਹਰਜਾ ਨਹੀਂ ਹੋਣ ਦੇ ਰਹੇ।

## ਭਾਰਤ ਤੋਂ ਚੋਰੀ ਹੋਈਆਂ ਕਲਾਕ੍ਰਿਤਾਂ ਅਮਰੀਕਾ ਵਿਚੋਂ ਮਿਲੀਆਂ

**ਨਿਊ ਯਾਰਕ:** ਅਮਰੀਕੀ ਅਧਿਕਾਰੀਆਂ ਨੇ ਭਾਰਤ ਵਿਚੋਂ ਚੋਰੀ ਹੋਈਆਂ ਸਾਢੇ ਚਾਰ ਲੱਖ ਡਾਲਰ ਦੀਆਂ ਦੋ ਕਲਾਕ੍ਰਿਤਾਂ ਇਥੋਂ ਦੇ ਵੱਡੇ ਨਿਲਾਮੀ ਘਰ ਕ੍ਰਿਸਟੀ'ਜ਼ ਵਿਚੋਂ ਬਰਾਮਦ ਕੀਤੀਆਂ ਹਨ। ਅਮਰੀਕਾ ਦੇ ਇੰਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ ਦੇ ਹੋਮਲੈਂਡ ਸਕਿਊਰਿਟੀ ਇਨਵੈਸਟੀਗੇਸ਼ਨਜ਼ (ਐਚ. ਐਸ. ਆਈ.) ਦੇ ਵਿਸ਼ੇਸ਼ ਏਜੰਟਾਂ ਨੇ ਮੈਨਹੱਟਨ ਡਿਸਟ੍ਰਿਕਟ ਅਟਾਰਨੀ ਦਫਤਰ ਦੀ ਮਦਦ ਨਾਲ ਚੋਰੀ ਹੋਏ ਇਨ੍ਹਾਂ ਬੁੱਤਾਂ ਨੂੰ ਆਪਣੇ ਕਬਜ਼ੇ ਵਿਚ ਲਿਆ। ਜਾਣਕਾਰੀ ਮੁਤਾਬਕ ਪੱਥਰ ਦੇ ਇਹ ਦੋ ਬੁੱਤ 8ਵੀਂ ਅਤੇ 10ਵੀਂ ਸਦੀ ਦੇ ਹਨ। ਭਾਰਤ ਸਰਕਾਰ ਤੇ ਇੰਟਰਪੋਲ ਦੀ ਮਦਦ ਨਾਲ ਕੌਮਾਂਤਰੀ ਜਾਂਚ ਬਾਅਦ ਇਨ੍ਹਾਂ ਕਲਾਕ੍ਰਿਤਾਂ ਨੂੰ ਨਿਲਾਮੀ ਹਾਊਸ ਕ੍ਰਿਸਟੀ'ਜ਼ ਵਿਚੋਂ ਬਰਾਮਦ ਕੀਤਾ ਗਿਆ ਹੈ।

ਇਕ ਬੁੱਤ ਜੈਨ ਧਰਮ ਦੇ ਪਹਿਲੇ ਤੀਰਥਕਾਰ 'ਰਿਸ਼ਭੰਤਾ' ਦਾ ਹੈ, ਜਿਸ ਨੂੰ ਰਾਜਸਥਾਨ ਜਾਂ ਮੱਧ ਪ੍ਰਦੇਸ਼ ਵਿਚ 10ਵੀਂ ਸਦੀ 'ਚ ਬਣਾਇਆ ਗਿਆ ਮੰਨਿਆ ਜਾ ਰਿਹਾ ਹੈ। ਇਸ ਦੀ ਕੀਮਤ ਡੇਢ ਲੱਖ ਅਮਰੀਕੀ ਡਾਲਰ ਹੈ। ਦੂਜਾ ਬੁੱਤ 8ਵੀਂ ਸਦੀ ਦਾ ਹੈ ਅਤੇ ਇਹ ਰੇਵੰਤਾ ਅਤੇ ਉਸ ਦੇ ਪੂਰਵਜਾਂ ਨੂੰ ਦਰਸਾਉਂਦਾ ਹੈ। ਇਸ ਦੀ ਕੀਮਤ ਤਕਰੀਬਨ ਤਿੰਨ ਲੱਖ ਅਮਰੀਕੀ ਡਾਲਰ ਹੈ।

## ਗਰੀਬ ਔਰਤਾਂ ਨੂੰ ਮਿਲਣਗੇ ਮੁਫਤ ਗੈਸ ਕੁਨੈਕਸ਼ਨ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਅਹਿਮ ਫੈਸਲਾ ਲੈਂਦਿਆਂ ਗਰੀਬੀ ਰੇਖਾ ਤੋਂ ਹੇਠਲੇ ਪਰਿਵਾਰਾਂ ਦੀਆਂ ਪੰਜ ਕਰੋੜ ਔਰਤਾਂ ਨੂੰ ਮੁਫਤ ਵਿਚ ਰਸੋਈ ਗੈਸ ਕੁਨੈਕਸ਼ਨ ਦੇਣ ਦਾ ਐਲਾਨ ਕੀਤਾ ਹੈ। ਇਸ ਯੋਜਨਾ ਲਈ ਅੱਠ ਹਜ਼ਾਰ ਕਰੋੜ ਰੁਪਏ ਰੱਖੇ ਗਏ ਹਨ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਹੋਈ ਕੇਂਦਰੀ ਵਜ਼ਾਰਤ ਦੀ ਬੈਠਕ ਦੌਰਾਨ ਭਾਰਤ ਤੇ ਕੌਮਾਂਤਰੀ ਮੁਦਰਾ ਫੰਡ ਵਿਚਕਾਰ ਸਮਝੌਤੇ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਜਿਸ ਤਹਿਤ ਦੱਖਣੀ ਏਸ਼ੀਆ ਖੇਤਰੀ ਸਿਖਲਾਈ ਤੇ ਤਕਨੀਕੀ ਸਹਾਇਤਾ ਕੇਂਦਰ ਸਥਾਪਤ ਕੀਤਾ ਜਾਏਗਾ। ਕੈਬਨਿਟ ਨੇ ਦੂਰ ਦੁਰਾਡੇ ਵਾਲੇ ਇਲਾਕਿਆਂ 'ਚ ਗੈਸ ਖੋਜਾਂ ਦੇ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਮੁੱਲ ਨਿਰਧਾਰਣ ਦੇ ਨਵੇਂ ਫਾਰਮੂਲੇ ਨੂੰ ਵੀ ਮਨਜ਼ੂਰੀ ਦੇ ਦਿੱਤੀ ਹੈ। ਇਸ ਫਾਰਮੂਲੇ ਨਾਲ ਇਨ੍ਹਾਂ ਇਲਾਕਿਆਂ ਦੀਆਂ ਗੈਸ ਦਰਾਂ ਵਿਚ ਕਰੀਬ 85 ਫੀਸਦੀ ਦਾ ਵਾਧਾ ਹੋਏਗਾ ਤੇ ਇਲਾਕੇ 'ਚ ਬੇਕਾਰ ਪਈ 1.80 ਲੱਖ ਕਰੋੜ ਰੁਪਏ ਦੀ ਗੈਸ ਦੀ ਵਰਤੋਂ ਹੋ ਸਕੇਗੀ।

## ਜਗਤਾਰ ਸਿੰਘ ਹਵਾਰਾ ਵੱਲੋਂ ਬਾਦਲਾਂ ਵਿਰੁਧ ਇਕਮੁੱਠਤਾ ਦਾ ਸੱਦਾ

**ਫਤਹਿਗੜ੍ਹ ਸਾਹਿਬ:** ਸਰਬਤ ਖਾਲਸਾ ਵੱਲੋਂ ਥਾਪੇ ਅਕਾਲ ਤਖ਼ਤ ਦੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਨੇ ਸਿੱਖ ਪੰਥਕ ਦਰਦੀ ਜਥੇਬੰਦੀਆਂ ਨੂੰ ਇਕਮੁੱਠ ਹੋ ਕੇ ਸ਼੍ਰੋਮਣੀ ਅਕਾਲੀ ਦਲ (ਬ) ਖਿਲਾਫ਼ ਡਟਣ ਦਾ ਸੰਦੇਸ਼ ਦਿੱਤਾ ਹੈ। ਉਨ੍ਹਾਂ ਸਮੁੱਚੀਆਂ ਜਥੇਬੰਦੀਆਂ ਨੂੰ ਇਕ ਝੰਡੇ ਹੇਠ ਇਕੱਠੇ ਹੋ ਕੇ ਮੌਜੂਦਾ ਪੰਜਾਬ ਸਰਕਾਰ ਦੇ ਪੈਰ ਉਖਾੜਨ ਦੀ ਅਪੀਲ ਕੀਤੀ ਹੈ।

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸੀਨੀਅਰ ਆਗੂ ਪ੍ਰੋਫੈਸਰ ਮੋਹਿੰਦਰਪਾਲ ਸਿੰਘ ਹਾਲ ਵਿਚ ਹੀ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਬੰਦ ਭਾਈ ਹਵਾਰਾ ਨਾਲ ਮੁਲਾਕਾਤ ਕਰ ਕੇ ਆਏ ਹਨ। ਉਨ੍ਹਾਂ ਦੱਸਿਆ ਕਿ ਮੁਲਾਕਾਤ ਦੌਰਾਨ ਉਨ੍ਹਾਂ ਨਾਲ ਦਿੱਲੀ ਤੋਂ ਭਾਈ ਹਰਮਿੰਦਰ ਸਿੰਘ ਤੇ ਸਿਰਸਾ ਤੋਂ ਭਾਈ ਬਲਬੀਰ ਸਿੰਘ ਵੀ ਮੌਜੂਦ ਸਨ। ਭਾਈ ਹਵਾਰਾ ਨੇ ਪ੍ਰੋਫੈਸਰ ਮੋਹਿੰਦਰਪਾਲ ਰਾਹੀਂ ਕਿਹਾ ਕਿ ਸਮੁੱਚੀ ਸਿੱਖ ਸੰਗਤ ਬਾਦਲ ਪਰਿਵਾਰ ਤੋਂ ਸੁਚੇਤ ਰਹਿਣ। ਉਨ੍ਹਾਂ ਕਿਹਾ ਕਿ ਜਦੋਂ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਚੋਰੀ ਅਤੇ ਬੇਅਦਬੀ ਸਬੰਧੀ ਇਨਸਾਫ ਨਹੀਂ ਮਿਲ ਜਾਂਦਾ ਉਦੋਂ ਤੱਕ ਸਿੱਖ ਕੌਮ ਇਸ ਘਟਨਾ ਨੂੰ ਆਪਣੇ ਦਿਲਾਂ ਵਿਚ ਸਮੋ ਕੇ ਰੱਖਣ।



## ਸਿੱਖਾਂ ਨੂੰ ਨੁਮਾਇੰਦਗੀ 'ਤੇ ਟਰੂਡੋ ਨੇ ਕੱਸਿਆ ਮੋਦੀ 'ਤੇ ਵਿਅੰਗ

**ਨਿਊ ਯਾਰਕ:** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਉਤੇ ਕੈਬਨਿਟ ਵਿਚ ਸਿੱਖਾਂ ਦੀ ਗਿਣਤੀ ਨੂੰ ਲੈ ਕੇ ਵਿਅੰਗ ਕੀਤਾ ਹੈ। ਅਮਰੀਕਾ ਦੌਰੇ ਉਤੇ ਗਏ ਜਸਟਿਨ ਟਰੂਡੋ ਨੇ ਆਖਿਆ ਕਿ ਮੋਦੀ ਨਾਲੋਂ ਜ਼ਿਆਦਾ ਸਿੱਖ ਉਨ੍ਹਾਂ ਦੀ ਕੈਬਨਿਟ ਵਿਚ ਹਨ। ਜਸਟਿਨ ਟਰੂਡੋ ਨੇ ਇਹ ਬਿਆਨ ਯੂਨੀਵਰਸਿਟੀ ਵਿਚ ਵਿਦਿਆਰਥੀ ਵੱਲੋਂ ਕੀਤੇ ਗਏ ਸਵਾਲ ਦੇ ਜਵਾਬ ਵਿਚ ਦਿੱਤਾ ਹੈ, ਹਾਲਾਂਕਿ ਉਨ੍ਹਾਂ ਦੀ ਇਹ ਟਿੱਪਣੀ ਮਜ਼ਾਕ ਵਿਚ ਸੀ, ਪਰ ਇਹ ਅਸਲੀਅਤ ਦੇ ਬਹੁਤ ਨੇੜੇ ਹੈ।

ਮੇਨਕਾ ਗਾਂਧੀ ਅਤੇ (ਸਿੱਖ ਪਰਿਵਾਰਕ ਪਿਛੋਕੜ), ਹਰਸਿਮਰਤ ਕੌਰ ਬਾਦਲ ਨੂੰ ਛੱਡ ਕੋਈ ਵੀ ਸਿੱਖ ਚਿਹਰਾ ਮੋਦੀ ਦੀ ਕੈਬਨਿਟ ਵਿਚ ਨਹੀਂ ਹੈ। 44 ਸਾਲਾ ਜਸਟਿਨ ਟਰੂਡੋ ਦੀ ਵਜ਼ਾਰਤ ਵਿਚ ਪੰਜਾਬੀ ਮੂਲ ਦੇ ਚਾਰ ਸਿੱਖ ਮੰਤਰੀ ਹਨ। ਇਨ੍ਹਾਂ ਵਿਚੋਂ ਹਰਜੀਤ ਸਿੰਘ ਸੱਜਣ ਕੈਨੇਡਾ ਦੇ ਪਹਿਲੇ ਦਸਤਾਰਧਾਰੀ ਰੱਖਿਆ ਮੰਤਰੀ ਹਨ।

### ਓਬਾਮਾ ਵੀ ਹੋਏ ਹਰਜੀਤ ਸਿੰਘ ਸੱਜਣ ਦੇ ਮੁਰੀਦ

**ਨਿਊ ਯਾਰਕ:** ਕੈਨੇਡਾ ਦੇ ਪਹਿਲੇ ਸਿੱਖ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਦੇ ਮੁਰੀਦ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਵੀ ਹੋ ਗਏ ਹਨ। ਅਮਰੀਕਾ ਦੇ ਦੌਰੇ ਉਤੇ ਗਏ ਹਰਜੀਤ ਸਿੰਘ ਸੱਜਣ ਦੀ ਓਬਾਮਾ ਨੇ ਖ਼ੂਬ ਤਾਰੀਫ ਕੀਤੀ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਅਗਵਾਈ ਵਿਚ ਅਮਰੀਕਾ ਪਹੁੰਚੇ ਵਫਦ ਵਿਚ ਸ਼ਾਮਲ ਹਰਜੀਤ ਸਿੰਘ ਸੱਜਣ ਨੇ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਤੇ ਉਨ੍ਹਾਂ ਦੇ ਹੋਰਨਾਂ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ ਅਤੇ ਦੋਹਾਂ ਦੇਸ਼ਾਂ ਦੇ ਵੱਖ-ਵੱਖ ਪਹਿਲੂਆਂ ਉਤੇ ਵਿਚਾਰ ਚਰਚਾ ਕੀਤੀ। ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਹਰਜੀਤ ਸਿੰਘ ਸੱਜਣ ਦੀ ਕੌਮਾਂਤਰੀ ਸੁਰੱਖਿਆ ਸਬੰਧੀ ਦੂਰ-ਅੰਦੇਸ਼ੀ ਅਤੇ ਮੱਧ ਏਸ਼ੀਆ ਦੇਸ਼ਾਂ ਵਿਚ ਦਹਿਸ਼ਤਵਾਦ ਖਿਲਾਫ਼ ਲੋਕ ਹਿਤਕਾਰੀ ਪਹੁੰਚ ਨੂੰ ਦੁਨੀਆਂ ਭਰ ਵਿਚ ਸਲਾਹਿਆ ਗਿਆ ਹੈ। ਕੈਨੇਡਾ ਦੇ ਇਤਿਹਾਸ ਵਿਚ ਹਰਜੀਤ ਸਿੰਘ ਸੱਜਣ ਪਹਿਲੇ ਸਿੱਖ ਦਸਤਾਰਧਾਰੀ ਰੱਖਿਆ ਮੰਤਰੀ ਹਨ। ਰਾਜਨੀਤੀ ਵਿਚ ਆਉਣ ਤੋਂ ਪਹਿਲਾਂ ਹਰਜੀਤ ਸਿੰਘ ਸੱਜਣ ਕੈਨੇਡਾ ਦੀ ਸੈਨਾ ਵਿਚ ਕੰਮ ਕਰਦੇ ਸਨ।





# ਕਾਨਪੁਰੀ ਹਥਿਆਰਾਂ ਨੇ ਸ਼ੈਦਾਈ ਕੀਤੇ ਪੰਜਾਬੀ

**ਬਠਿੰਡਾ:** ਪੰਜਾਬ ਦੇ ਰਸੂਖਵਾਨਾਂ ਨੇ ਤਿੰਨ ਵਰ੍ਹਿਆਂ ਵਿਚ ਤਕਰੀਬਨ 100 ਕਰੋੜ ਰੁਪਏ ਦੇ ਕਾਨਪੁਰੀ ਹਥਿਆਰ ਖਰੀਦੇ ਹਨ। ਕਾਨਪੁਰੀ ਹਥਿਆਰ ਖਰੀਦਣ ਵਿਚ ਪੰਜਾਬ ਹੁਣ ਦੇਸ਼ ਦਾ ਨੰਬਰ ਇਕ ਸੂਬਾ ਬਣ ਗਿਆ ਹੈ। ਹੁਣ ਕਾਨਪੁਰੀ ਰਿਵਾਲਵਰ ਪੰਜਾਬ ਵਿਚ ਅਸਲਾ ਡੀਲਰਾਂ ਤੋਂ ਵੀ ਮਿਲਣ ਲੱਗਿਆ ਹੈ ਜਦੋਂਕਿ ਪਹਿਲਾਂ ਲਾਇਸੈਂਸੀ ਨੂੰ ਕਾਨਪੁਰ ਫੈਕਟਰੀ ਵਿਚ ਬੁਕਿੰਗ ਕਰਵਾਉਣ ਮਗਰੋਂ ਖੁਦ ਉਥੇ ਜਾ ਕੇ ਰਿਵਾਲਵਰ ਲਿਆਉਣਾ ਪੈਂਦਾ ਸੀ। ਕੇਂਦਰ ਸਰਕਾਰ ਨੇ ਅਸਲਾ ਡੀਲਰਾਂ ਨੂੰ ਕਾਨਪੁਰ ਦਾ 32 ਬੋਰ ਦਾ ਰਿਵਾਲਵਰ ਵੇਚਣ ਦੀ ਖੁੱਲ੍ਹ ਦਿੱਤੀ ਹੈ। ਕੇਂਦਰ ਦੀ ਇਸ ਖੁੱਲ੍ਹ ਮਗਰੋਂ ਹੁਣ ਇਕਦਮ ਪੰਜਾਬ ਵਿਚ ਕਾਨਪੁਰੀ ਹਥਿਆਰ ਦੇ ਸ਼ੌਕੀਨਾਂ ਦੀ ਗਿਣਤੀ ਵਧ ਗਈ ਹੈ। ਐਤਕੀਂ ਚਾਲੂ ਮਾਲੀ ਵਰ੍ਹੇ ਦੌਰਾਨ ਤਕਰੀਬਨ 35 ਕਰੋੜ ਰੁਪਏ ਦੇ ਕਾਨਪੁਰੀ ਹਥਿਆਰ ਇਕੱਲੇ ਪੰਜਾਬ ਵਿਚ ਵਿਕਣ ਦੀ ਸੰਭਾਵਨਾ ਹੈ।

ਤਿੰਨ ਵਰ੍ਹਿਆਂ 'ਚ 100 ਕਰੋੜ ਦੇ ਹਥਿਆਰਾਂ ਦੀ ਖਰੀਦ



ਮਿਲੇ ਵੇਰਵਿਆਂ ਅਨੁਸਾਰ ਪੰਜਾਬ ਦੇ ਹਥਿਆਰਾਂ ਦੇ ਸ਼ੌਕੀਨ ਲੋਕ ਕਾਨਪੁਰ ਦੇ 32 ਬੋਰ ਰਿਵਾਲਵਰ ਤੇ ਕੋਲਕਾਤਾ ਦੇ ਪਿਸਤੌਲ ਦੇ ਸ਼ੁਦਾਈ ਹਨ। ਹੁਣ ਉਤਰ ਪ੍ਰਦੇਸ਼ ਸਰਕਾਰ ਨੇ ਹਥਿਆਰਾਂ 'ਤੇ ਟੈਕਸ ਘਟਾ ਦਿੱਤਾ ਹੈ ਅਤੇ ਆਰਡੀਨੈਂਸ ਫੈਕਟਰੀ ਨੇ ਵੀ ਰੇਟ ਘਟਾ ਦਿੱਤੇ ਹਨ, ਜਿਸ ਕਰਕੇ 32 ਬੋਰ ਦਾ ਕਾਨਪੁਰੀ ਰਿਵਾਲਵਰ ਹੁਣ 71,500 ਰੁਪਏ ਦਾ ਰਹਿ ਗਿਆ ਹੈ। ਇਹ ਪਹਿਲਾਂ 87 ਹਜ਼ਾਰ ਰੁਪਏ ਵਿਚ ਮਿਲਦਾ ਸੀ। ਪਹਿਲਾਂ ਹਰ ਲਾਇਸੈਂਸੀ ਨੂੰ ਖੁਦ ਗੰਨ ਫੈਕਟਰੀ ਕਾਨਪੁਰ ਵਿਚੋਂ ਰਿਵਾਲਵਰ ਲੈਣ ਲਈ ਜਾਣਾ ਪੈਂਦਾ ਸੀ ਅਤੇ ਅਸਲਾ ਡੀਲਰ ਇਸ ਰਿਵਾਲਵਰ ਨੂੰ ਵੇਚ ਨਹੀਂ ਸਕਦੇ ਸਨ। ਪਹਿਲਾਂ ਲਾਇਸੈਂਸੀ ਖਰੀਦ ਕੀਤੇ ਰਿਵਾਲਵਰ ਨੂੰ ਘੱਟੋ-ਘਟ ਪੰਜ ਸਾਲ ਨਹੀਂ ਵੇਚ ਸਕਦਾ ਸੀ। ਹੁਣ ਕੇਂਦਰ ਨੇ ਇਹ ਸ਼ਰਤ ਹਟਾ ਦਿੱਤੀ ਹੈ ਅਤੇ ਅਸਲਾ ਡੀਲਰਾਂ ਨੂੰ ਰਿਵਾਲਵਰ ਵੇਚਣ ਦੀ ਖੁੱਲ੍ਹ ਦੇ ਦਿੱਤੀ ਹੈ। ਬਠਿੰਡਾ ਦੇ ਅਸਲਾ ਡੀਲਰਾਂ ਦਾ ਕਹਿਣਾ ਹੈ ਕਿ ਹੁਣ ਲਾਇਸੈਂਸ ਧਾਰਕਾਂ ਦੀ ਖੱਜਲ-ਖੁਆਰੀ ਘਟ ਗਈ ਹੈ ਤੇ ਰਿਵਾਲਵਰ ਦੀ ਵਿਕਰੀ ਵਿਚ ਵੀ ਵਾਧਾ ਹੋ ਗਿਆ ਹੈ। ਦੱਸਣਯੋਗ ਹੈ ਕਿ ਪੰਜਾਬ ਵਿਚ ਹਥਿਆਰਾਂ ਦੇ ਲਾਇਸੈਂਸਾਂ ਦੀ ਗਿਣਤੀ ਤਕਰੀਬਨ ਪੰਜ ਲੱਖ ਹੋ ਗਈ ਹੈ ਅਤੇ ਇਕੱਲੇ ਬਠਿੰਡਾ ਜ਼ਿਲ੍ਹੇ ਵਿਚ ਇਹ ਗਿਣਤੀ 32 ਹਜ਼ਾਰ ਦੇ ਕਰੀਬ ਹੈ।

ਵੇਰਵਿਆਂ ਅਨੁਸਾਰ ਕਾਨਪੁਰ ਦੀ ਇੰਡੀਅਨ ਆਰਡੀਨੈਂਸ ਫੈਕਟਰੀ ਵਿਚ ਤਿੰਨ ਵਰ੍ਹਿਆਂ ਵਿਚ ਪੰਜਾਬ ਦੇ ਤਕਰੀਬਨ 11 ਹਜ਼ਾਰ ਲੋਕਾਂ ਨੇ ਕਾਨਪੁਰੀ ਰਿਵਾਲਵਰ ਖਰੀਦਿਆ ਹੈ, ਜਿਸ 'ਤੇ ਤਕਰੀਬਨ 100 ਕਰੋੜ ਰੁਪਏ ਖਰਚ ਕੀਤੇ ਹਨ। ਤੱਥਾਂ ਅਨੁਸਾਰ ਕਾਨਪੁਰ ਦੀ ਫੈਕਟਰੀ ਵਿਚੋਂ ਸਾਲ 2013-14 ਵਿਚ 6500 ਰਿਵਾਲਵਰ ਵਿਕੇ ਹਨ, ਜਿਨ੍ਹਾਂ ਵਿਚੋਂ ਕਰੀਬ ਤਿੰਨ ਹਜ਼ਾਰ ਰਿਵਾਲਵਰ ਪੰਜਾਬ ਦੇ ਲੋਕਾਂ ਨੇ 26 ਕਰੋੜ ਰੁਪਏ ਵਿਚ ਖਰੀਦੇ ਹਨ। ਕਾਨਪੁਰ ਫੈਕਟਰੀ ਵਿਚੋਂ ਸਾਲ 2014-15 ਵਿਚ 7400 ਰਿਵਾਲਵਰਾਂ ਦੀ ਵਿਕਰੀ ਹੋਈ ਹੈ, ਜਿਸ ਵਿਚੋਂ 3700 ਰਿਵਾਲਵਰ ਪੰਜਾਬੀ ਲੋਕਾਂ ਨੇ 32 ਕਰੋੜ ਰੁਪਏ ਵਿਚ ਖਰੀਦੇ ਹਨ। ਕਾਨਪੁਰ ਫੈਕਟਰੀ ਨੇ 2015-16 ਦੌਰਾਨ 9000 ਰਿਵਾਲਵਰ ਵੇਚਣ ਦਾ ਟੀਚਾ ਮਿਥਿਆ ਹੈ, ਜਿਸ ਵਿਚੋਂ ਤਕਰੀਬਨ 4500 ਰਿਵਾਲਵਰਾਂ ਦੀ ਇਕੱਲੇ ਪੰਜਾਬ ਵਿਚ ਵਿਕਰੀ ਹੋਣ ਦਾ ਅਨੁਮਾਨ ਹੈ। ਪਿੱਛੇ ਝਾਤ ਮਾਰੀਏ ਤਾਂ 2005 ਵਿਚ ਕਾਨਪੁਰ ਰਿਵਾਲਵਰ 1177 ਪੰਜਾਬੀ ਲੋਕਾਂ ਨੇ ਖਰੀਦਿਆ ਸੀ, 2007 ਵਿਚ 1112 ਲੋਕਾਂ, 2009 ਵਿਚ 1451 ਲੋਕਾਂ, 2010 ਵਿਚ 1623 ਅਤੇ 2011 ਵਿਚ 1700 ਪੰਜਾਬੀ ਲੋਕਾਂ ਨੇ ਕਾਨਪੁਰੀ ਰਿਵਾਲਵਰ ਖਰੀਦਿਆ ਸੀ।

## ਅਨੁਪਮ ਖੇਰ ਨੂੰ ਮੋਦੀ ਦਾ 'ਚਮਚਾ' ਅਖਵਾਉਣ 'ਤੇ ਮਾਣ

**ਨਵੀਂ ਦਿੱਲੀ:** ਨਾਮਵਰ ਅਦਾਕਾਰ ਅਨੁਪਮ ਖੇਰ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਦੇਸ਼ ਲਈ ਦਿਨ-ਰਾਤ ਕੰਮ ਕਰਨ ਵਾਲੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਚਮਚਾ ਅਖਵਾਉਣ ਉਤੇ ਕੋਈ ਇਤਰਾਜ਼ ਨਹੀਂ ਹੈ। ਉਨ੍ਹਾਂ ਕਿਹਾ ਕਿ ਸਕੂਲਾਂ ਵਿਚ ਜਿਵੇਂ ਅਸੀਂ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਲਈ ਨਾਅਰੇ ਲਗਾਉਂਦੇ ਹੁੰਦੇ ਸੀ, ਉਵੇਂ ਹੀ ਸਾਡੇ ਬੱਚੇ ਸਕੂਲਾਂ ਵਿਚ ਪ੍ਰਧਾਨ ਮੰਤਰੀ ਮੋਦੀ ਦੀ ਪ੍ਰਸੰਸਾ ਵਿਚ ਨਾਅਰੇ ਕਿਉਂ ਨਹੀਂ ਲਗਾਉਂਦੇ। 'ਇੰਡੀਆ ਟੀ.ਵੀ' ਉਤੇ ਆਉਣ ਵਾਲੇ ਪ੍ਰੋਗਰਾਮ 'ਆਪ ਕੀ ਅਦਾਲਤ' ਵਿਚ ਅਨੁਪਮ ਖੇਰ ਨੇ ਰਜਤ ਸ਼ਰਮਾ ਕੋਲ ਮੋਦੀ ਦੀ ਤਾਰੀਫ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਦੁਨੀਆਂ ਭਰ ਵਿਚ ਦੇਸ਼ ਦੀ ਤਸਵੀਰ ਨੂੰ ਵਧੀਆ ਬਣਾਉਣ ਵਿਚ ਲੱਗੇ ਹੋਏ ਹਨ ਜਦੋਂ ਕਿ ਵਿਰੋਧੀ ਉਨ੍ਹਾਂ ਦੀ ਹਰ ਗੱਲ ਉਤੇ ਭੰਡੀ ਕਰਦੇ ਹਨ। ਭਾਜਪਾ ਦੀ ਚੰਡੀਗੜ੍ਹ ਤੋਂ ਸੰਸਦ ਮੈਂਬਰ ਕਿਰਨ ਖੇਰ ਦੇ ਪਤੀ ਅਨੁਪਮ ਖੇਰ ਨੇ ਕਿਹਾ ਕਿ ਕਿਸੇ ਹੋਰ ਦੀ ਬਾਲਟੀ ਅਖਵਾਉਣ ਤੋਂ ਉਹ ਮੋਦੀ ਦਾ 'ਚਮਚਾ' ਕਹਾਉਣਾ ਵਧੇਰੇ ਪਸੰਦ ਕਰਨਗੇ।



## ਆਰ.ਐਸ.ਐਸ. ਦੀ ਆਈ.ਐਸ ਨਾਲ ਤੁਲਨਾ 'ਤੇ ਵਿਵਾਦ

**ਨਵੀਂ ਦਿੱਲੀ:** ਕਾਂਗਰਸ ਦੇ ਸੀਨੀਅਰ ਆਗੂ ਤੇ ਰਾਜ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਗੁਲਾਮ ਨਬੀ ਆਜ਼ਾਦ ਵੱਲੋਂ ਆਰ.ਐਸ.ਐਸ. ਬਾਰੇ ਟਿੱਪਣੀ ਨਾਲ ਵਿਵਾਦ ਖੜ੍ਹਾ ਹੋ ਗਿਆ ਹੈ। ਉਨ੍ਹਾਂ ਨੇ ਅਤਿਵਾਦੀ ਸੰਗਠਨ ਇਸਲਾਮਿਕ ਸਟੇਟ (ਆਈ.ਐਸ.) ਤੇ ਆਰ.ਐਸ.ਐਸ. ਨੂੰ ਇਕ ਹੀ ਕਤਾਰ ਵਿਚ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਭਾਜਪਾ ਤੇ ਆਰ.ਐਸ.ਐਸ. ਨੇ ਇਸ ਦਾ ਤਿੱਖਾ ਵਿਰੋਧ ਕੀਤਾ ਹੈ।

ਮੁਸਲਿਮ ਸੰਗਠਨ ਜਮਾਇਤ ਉਲੇਮਾ-ਈ-ਹਿੰਦ ਵੱਲੋਂ ਕਰਵਾਏ ਰਾਸ਼ਟਰੀ ਏਕਤਾ ਸਮਾਗਮ ਵਿਚ ਬੋਲਦਿਆਂ ਆਜ਼ਾਦ ਨੇ ਕਿਹਾ ਕਿ ਮੁਸਲਮਾਨਾਂ ਵਿਚ ਕੁਝ ਅਜਿਹੇ ਲੋਕ ਤੇ ਤਾਕਤਾਂ ਹਨ, ਜੋ ਮੁਸਲਮਾਨਾਂ ਦੀ ਤਬਾਹੀ ਦੀ ਵਜ੍ਹਾ ਬਣ ਗਏ ਹਨ ਤੇ ਸਾਨੂੰ ਅਜਿਹੇ ਲੋਕਾਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ।



ਉਨ੍ਹਾਂ ਕਿਹਾ ਕਿ ਇਸੇ ਲਈ ਉਹ ਆਈ.ਐਸ. ਜਿਹੇ ਕੱਟੜਵਾਦੀ ਸੰਗਠਨਾਂ ਦਾ ਵਿਰੋਧ ਕਰਦੇ ਹਨ ਜਿਵੇਂ ਆਰ.ਐਸ.ਐਸ. ਦਾ ਵਿਰੋਧ ਕਰਦੇ ਹਨ। ਹਰ ਧਰਮ ਵਿਚ ਧਰਮ ਨਿਰਪੱਖ ਲੋਕ ਧਾਰਮਿਕ ਕੱਟੜਪੰਥੀਆਂ ਨਾਲ ਲੜ ਰਹੇ ਹਨ।

ਇਸ ਦੌਰਾਨ ਨਾਗਪੁਰ ਵਿਚ ਆਰ.ਐਸ.ਐਸ. ਨੇਤਾ ਨੰਦ ਕੁਮਾਰ ਨੇ ਆਜ਼ਾਦ ਦੇ ਆਈ.ਐਸ. ਤੇ ਆਰ.ਐਸ.ਐਸ. ਨੂੰ ਇਕੋ ਜਿਹਾ ਕਹਿਣ 'ਤੇ ਤਿੱਖੀ ਆਲੋਚਨਾ ਕਰਦਿਆਂ ਇਸ ਨੂੰ ਕਾਂਗਰਸ ਦਾ ਬੌਧਿਕ ਦਿਵਾਲੀਆਪਨ ਕਰਾਰ ਦਿੱਤਾ। ਭਾਜਪਾ ਦੇ ਰਾਸ਼ਟਰੀ ਜਨਰਲ ਸਕੱਤਰ ਸ਼੍ਰੀਕਾਂਤ ਸ਼ਰਮਾ ਨੇ ਵੀ ਆਜ਼ਾਦ ਦੇ ਬਿਆਨ ਨੂੰ ਮੰਦਭਾਗਾ ਕਰਾਰ ਦਿੰਦਿਆਂ ਆਰ.ਐਸ.ਐਸ. ਨੂੰ ਰਾਸ਼ਟਰੀ ਸੰਗਠਨ ਦੱਸਿਆ ਹੈ। ਉਨ੍ਹਾਂ ਇਸ ਬਿਆਨ ਲਈ ਆਜ਼ਾਦ ਤੋਂ ਮੁਆਫੀ ਦੀ ਮੰਗ ਕਰਦਿਆਂ ਸੋਨੀਆ ਗਾਂਧੀ ਨੂੰ ਉਨ੍ਹਾਂ ਖਿਲਾਫ ਕਾਰਵਾਈ ਕਰਨ ਲਈ ਕਿਹਾ ਹੈ।

## ਦੱਖਣੀ ਸੂਡਾਨ ਵਿਚ ਤਨਖਾਹ ਦੀ ਥਾਂ ਜਬਰ ਜਨਾਹ ਦੀ ਖੁੱਲ੍ਹ

**ਜੁਬਾ:** ਦੱਖਣੀ ਸੂਡਾਨ ਵਿਚ ਸੈਨਾ ਨੂੰ ਤਨਖਾਹਾਂ ਦੇ ਭੁਗਤਾਨ ਦੇ ਤੌਰ 'ਤੇ ਔਰਤਾਂ ਨਾਲ ਜਬਰ ਜਨਾਹ ਕਰਨ ਦੀ ਇਜਾਜ਼ਤ ਦਿੱਤੀ ਜਾਂਦੀ ਹੈ। ਇਹ ਖੁਲਾਸਾ ਸੰਯੁਕਤ ਰਾਸ਼ਟਰ ਦੀ ਇਕ ਰਿਪੋਰਟ 'ਚ ਹੋਇਆ ਹੈ, ਜਿਸ ਨਾਲ ਸਰਕਾਰ ਸਮਰਥਕ ਮਿਲੀਸ਼ੀਆ ਦਾ ਸ਼ਰਮਨਾਕ ਚਿਹਰਾ ਸਾਹਮਣੇ ਆਇਆ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਜਾਂਚ ਮੁਤਾਬਕ ਦੱਖਣੀ ਸੂਡਾਨ ਦੇ ਯੂਨਿਟੀ ਰਾਜ ਵਿਚ ਪਿਛਲੇ ਸਾਲ 1300 ਔਰਤਾਂ ਨਾਲ ਜਬਰ ਜਨਾਹ ਕੀਤਾ ਗਿਆ।



ਇੰਨਾ ਹੀ ਨਹੀਂ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਸੈਨਾ ਆਮ ਲੋਕਾਂ ਦੀ ਹੱਤਿਆ ਕਰਦੀ ਹੈ, ਉਨ੍ਹਾਂ ਨੂੰ ਜਿੰਦਾ ਸਾੜ ਦਿੰਦੀ ਹੈ, ਹਾਲਾਂਕਿ ਦੱਖਣੀ ਸੂਡਾਨ ਦੀ ਸਰਕਾਰ ਨੇ ਇਨ੍ਹਾਂ ਦੋਸ਼ਾਂ ਨੂੰ ਖਾਰਜ ਕਰ ਦਿੱਤਾ ਹੈ ਤੇ ਰਾਸ਼ਟਰਪਤੀ ਸਲਵਾ ਕੀਰ ਦੇ ਬੁਲਾਰੇ ਨੇ ਕਿਹਾ ਹੈ ਕਿ ਉਹ ਨਿਯਮਾਂ ਅਨੁਸਾਰ ਕੰਮ ਕਰਦੇ ਹਨ। ਸੰਯੁਕਤ ਰਾਸ਼ਟਰ ਦੀ ਰਿਪੋਰਟ ਮੁਤਾਬਕ ਸੈਨਾ ਨਾਲ ਸਰਕਾਰ ਦੇ ਸਮਝੌਤੇ ਵਿਚ ਲੜਾਕਿਆਂ ਨੂੰ ਕਿਹਾ ਗਿਆ ਹੈ ਕਿ ਉਹ ਜੋ ਕਰ ਸਕਦੇ ਹਨ ਕਰਨ, ਜੋ ਲਿਜਾ ਸਕਦੇ ਹਨ ਲੈ ਜਾਣ ਤੇ ਇਸੇ ਸਮਝੌਤੇ ਤਹਿਤ ਲੜਾਕੇ ਔਰਤਾਂ ਤੇ ਲੜਕੀਆਂ ਨੂੰ ਨਾਲ ਲੈ ਜਾਂਦੇ ਹਨ। ਇਹ ਲੜਾਕੇ ਆਮ ਲੋਕਾਂ ਦੇ ਪਸ਼ੂ ਤੇ ਨਿੱਜੀ ਸੰਪਤੀ ਵੀ ਲੈ ਜਾਂਦੇ ਹਨ। ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰ ਨਿਰਦੇਸ਼ਕ ਜੈਦ ਰਾਦ ਅਲ ਹੁਸੈਨ ਮੁਤਾਬਕ ਦੱਖਣੀ ਸੂਡਾਨ 'ਚ ਵੱਡੇ ਪੈਮਾਨੇ ਉਤੇ ਸਰੀਰਕ ਹਿੰਸਾ ਹੁੰਦੀ ਹੈ।

## ਅਬੋਹਰ ਕਾਂਡ 'ਤੇ ਸਰਕਾਰ ਨੂੰ ਘੇਰਾ, ਮੁਲਜ਼ਮ ਨੂੰ ਬਚਾਉਣ ਦੇ ਦੋਸ਼



**ਫਾਜ਼ਿਲਕਾ:** ਅਬੋਹਰ ਦੇ ਚਰਚਿਤ ਭੀਮ ਕਤਲ ਕਾਂਡ ਮਾਮਲੇ ਵਿਚ ਪੁਲਿਸ ਨੇ ਅਦਾਲਤ ਵਿਚ 24 ਮੁਲਜ਼ਮਾਂ ਖਿਲਾਫ ਚਲਾਣ ਪੇਸ਼ ਕਰ ਦਿੱਤਾ ਹੈ। ਕੇਸ ਵਿਚ ਨਾਮਜ਼ਦ ਸ਼ਰਾਬ ਵਪਾਰੀ ਸ਼ਿਵ ਲਾਲ ਡੋਡਾ ਤੇ ਇਕ ਹੋਰ ਮੁਲਜ਼ਮ ਰਾਜਾ ਦਾ ਚਲਾਣ ਪੁਲਿਸ ਬਾਅਦ ਵਿਚ ਪੇਸ਼ ਕਰੇਗੀ। ਪੀੜਤ ਪਰਿਵਾਰ ਦਾ ਇਲਜ਼ਾਮ ਹੈ ਕਿ ਪੁਲਿਸ ਅਜੇ ਵੀ ਡੋਡਾ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਮ੍ਰਿਤਕ ਭੀਮ ਟਾਂਕ ਦੀ ਮਾਂ ਨੇ ਪਹਿਲਾਂ ਹੀ ਚਿਤਾਵਨੀ ਦਿੱਤੀ ਹੈ ਕਿ ਜੇਕਰ ਇਨਸਾਫ ਨਾ ਮਿਲਿਆ ਤਾਂ ਉਹ ਮੁੱਖ ਮੰਤਰੀ ਬਾਦਲ ਦੀ ਕੋਠੀ ਸਾਹਮਣੇ ਆਤਮਦਾਹ ਕਰ ਲਵੇਗੀ।

ਭੀਮ ਟਾਂਕ ਦੇ ਪਰਿਵਾਰ ਨੇ ਇਹ ਵੀ ਇਲਜ਼ਾਮ ਲਾਇਆ ਜਾ ਰਿਹਾ ਹੈ ਕਿ ਸ਼ਿਵ ਲਾਲ ਡੋਡਾ ਵੱਲੋਂ ਮਾਮਲੇ ਵਿਚ ਰਾਜੀਨਾਮੇ ਲਈ ਲਗਾਤਾਰ ਦਬਾਅ ਬਣਾਇਆ ਜਾ ਰਿਹਾ ਹੈ। ਡੋਡਾ ਨੇ ਸਮਝੌਤੇ ਲਈ ਇਕ ਕਰੋੜ ਰੁਪਏ ਦਾ ਲਾਲਚ ਦੇਣ ਦੀ ਵੀ ਕੋਸ਼ਿਸ਼ ਕੀਤੀ। ਪਰਿਵਾਰ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਕਿਸੇ ਕੀਮਤ ਉਤੇ ਵੀ ਸਿਰਫ ਇਨਸਾਫ ਚਾਹੀਦਾ ਹੈ।

ਜੇਕਰ ਸਰਕਾਰ ਨੇ ਬਣਦੀ ਕਾਰਵਾਈ ਨਾ ਕੀਤੀ ਤਾਂ ਆਉਣ ਵਾਲੇ ਦਿਨਾਂ ਵਿਚ ਮੁੱਖ ਮੰਤਰੀ ਬਾਦਲ ਦੀ ਕੋਠੀ ਸਾਹਮਣੇ ਅਣਮਿਥੇ ਸਮੇਂ ਲਈ ਧਰਨਾ ਦਿੱਤਾ ਜਾਵੇਗਾ। ਦੱਸਣਯੋਗ ਹੈ ਕਿ ਅਬੋਹਰ ਵਿਚ 11 ਦਸੰਬਰ ਨੂੰ ਦੋ ਨੌਜਵਾਨਾਂ ਭੀਮ ਤੇ ਜੰਟਾ ਦੇ ਕਾਰੋਬਾਰੀ ਸ਼ਿਵ ਲਾਲ ਡੋਡਾ ਦੇ ਫਾਰਮ ਹਾਊਸ 'ਤੇ ਹੱਥ ਪੈਰ ਵੱਢ ਦਿੱਤੇ ਗਏ ਸਨ। ਘਟਨਾ ਤੋਂ ਬਾਅਦ ਜਦੋਂ ਨੌਜਵਾਨਾਂ ਨੂੰ ਅੰਮ੍ਰਿਤਸਰ ਇਲਾਜ ਲਈ ਲਿਜਾਇਆ ਜਾ ਰਿਹਾ ਸੀ ਤਾਂ ਇਕ ਨੌਜਵਾਨ ਭੀਮ ਟਾਂਕ ਦੀ ਮੌਤ ਹੋ ਗਈ ਸੀ।

## ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਅਗਨ ਭੇਟ

**ਮੱਤੇਵਾਲ:** ਪਿੰਡ ਰਾਮਦੀਵਾਲੀ ਮੁਸਲਮਾਨਾ ਵਿਚ ਪਿੰਡ ਦੇ ਗੁਰਦੁਆਰਾ ਬਾਬਾ ਜੀਵਨ ਸਿੰਘ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਨੂੰ ਅਗਨ ਭੇਂਟ ਕਰ ਦਿੱਤਾ ਗਿਆ। ਪੁਲਿਸ ਦੇ ਸਹਿਯੋਗ ਨਾਲ ਇਸ ਘਿਨੌਣੀ ਕਾਰਵਾਈ ਨੂੰ ਅੰਜਾਮ ਦੇਣ ਵਾਲੇ ਦੋਸ਼ੀਆਂ ਨੂੰ ਮੌਕੇ 'ਤੇ ਕਾਬੂ ਕਰ ਲਿਆ। ਜਗਜੀਤ ਸਿੰਘ ਨਾਮਕ ਵਿਅਕਤੀ ਨੇ ਗੁਰਦੁਆਰਾ ਸਾਹਿਬ ਦੇ ਅੰਦਰੋਂ ਕੁਝ ਖੜਾਕ ਦੀ ਆਵਾਜ਼ ਸੁਣੀ ਤਾਂ ਉਹ ਕੁਝ ਸਾਥੀਆਂ ਨੂੰ ਨਾਲ ਲੈ ਕੇ ਗੁਰਦੁਆਰਾ ਸਾਹਿਬ ਗਏ। ਦੇਖਿਆ ਕਿ ਗੁਰਦੁਆਰਾ ਸਾਹਿਬ ਦੇ ਅੰਦਰੋਂ ਅੱਗ ਦੀਆਂ ਲਪਟਾਂ ਨਿਕਲ ਰਹੀਆਂ ਸਨ ਤੇ ਹਨੇਰੇ 'ਚ ਇਕ ਵਿਅਕਤੀ ਗੁਰਦੁਆਰਾ ਸਾਹਿਬ ਤੋਂ ਬਾਹਰ ਭੱਜਦੇ ਵੇਖਿਆ, ਜਿਸ ਨੂੰ ਉਨ੍ਹਾਂ ਵੱਲੋਂ ਕਾਬੂ ਕਰ ਲਿਆ ਜੋ ਕਿ ਪਿੰਡ ਦਾ ਹੀ ਰਹਿਣ ਵਾਲਾ ਸੀ। ਤੁਰਤ ਥਾਣਾ ਮੱਤੇਵਾਲ ਦੀ ਪੁਲਿਸ ਨੂੰ ਸੂਚਿਤ ਕੀਤਾ।



ਪਿੰਡ ਵਾਸੀਆਂ ਦੀ ਮਦਦ ਨਾਲ ਅੱਗ 'ਤੇ ਕਾਬੂ ਪਾਇਆ ਗਿਆ, ਪਰ ਉਸ ਸਮੇਂ ਤੱਕ ਸੁੱਖ ਆਸਣ ਉਤੇ ਬਿਰਾਜਮਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 2 ਪਾਵਨ ਸਰੂਪ ਅਤੇ ਦਸ ਦੇ ਕਰੀਬ ਗੁਟਕੇ ਅਗਨ ਭੇਂਟ ਹੋ ਚੁੱਕੇ ਸਨ। ਕਾਬੂ ਕੀਤੇ ਮੁਲਜ਼ਮ ਨੇ ਇਸ ਵਾਰਦਾਤ 'ਚ ਆਪਣੇ ਨਾਲ ਸ਼ਾਮਲ ਦੋ ਹੋਰ ਸਾਥੀਆਂ ਦੇ ਨਾਂਅ ਵੀ ਦੱਸੇ ਜਿਨ੍ਹਾਂ ਨੂੰ ਪੁਲਿਸ ਵੱਲੋਂ ਮੌਕੇ 'ਤੇ ਗ੍ਰਿਫਤਾਰ ਕਰ ਲਿਆ ਗਿਆ। ਇਨ੍ਹਾਂ ਦੀ ਪਛਾਣ ਪ੍ਰੇਮ ਸਿੰਘ ਟੀਟੂ 36, ਸਮਸ਼ੇਰ ਸਿੰਘ ਸ਼ੇਰਾ 20 ਅਤੇ ਰਾਜਨ ਮਸੀਹ ਤਿੰਨੇ ਵਾਸੀ ਪਿੰਡ ਰਾਮਦੀਵਾਲੀ ਮੁਸਲਮਾਨਾ ਵਜੋਂ ਹੋਈ ਹੈ। ਮੁਢਲੀ ਪੁੱਛਗਿੱਛ ਉਨ੍ਹਾਂ ਨੇ ਮੰਨਿਆ ਕਿ ਉਹ ਗੋਲਕ ਚੋਰੀ ਕਰਨ ਦੇ ਮਕਸਦ ਨਾਲ ਗੁਰਦੁਆਰਾ ਸਾਹਿਬ ਵਿਚ ਦਾਖਲ ਹੋਏ ਸਨ ਤੇ ਇਸ ਚੋਰੀ ਤੋਂ ਲੋਕਾਂ ਦਾ ਧਿਆਨ ਪਾਸੇ ਕਰਨ ਲਈ ਉਨ੍ਹਾਂ ਵੱਲੋਂ ਪਾਵਨ ਸਰੂਪਾਂ ਨੂੰ ਅਗਨ ਭੇਂਟ ਕੀਤਾ ਗਿਆ। ਪੁਲਿਸ ਨੇ ਉਨ੍ਹਾਂ ਕੋਲੋਂ ਡੀਜ਼ਲ ਦੀ ਇਕ ਬੋਤਲ ਵੀ ਬਰਾਮਦ ਕੀਤੀ।

### ਜਥੇਦਾਰ ਗੁਰਬਚਨ ਸਿੰਘ ਵੱਲੋਂ ਨਿਖੇਧੀ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਘਟਨਾ ਦੀ ਨਿੰਦਾ ਕਰਦਿਆਂ ਕਿਹਾ ਕਿ ਅਜਿਹੇ ਸ਼ਰਾਰਤੀ ਅਨਸਰਾਂ ਖਿਲਾਫ਼ ਸਖਤ ਕਾਰਵਾਈ ਕੀਤੀ ਜਾਵੇ ਤਾਂ ਜੋ ਭਵਿੱਖ ਵਿਚ ਅਜਿਹੀ ਕਾਰਵਾਈ ਕਰਨ ਦੀ ਕੋਈ ਹਿਮਾਕਤ ਨਾ ਕਰ ਸਕੇ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਨਿਖੇਧੀ ਕਰਦਿਆਂ ਕਿਹਾ ਕਿ ਪੰਥ ਦੋਖੀਆਂ ਵੱਲੋਂ ਬੇਅਦਬੀ ਦਾ ਸਿਲਸਿਲਾ ਪੰਜਾਬ ਵਿਚ ਲਗਾਤਾਰ ਜਾਰੀ ਹੈ, ਜੋ ਬੇਹੱਦ ਘਿਨਾਉਣਾ, ਦੁਖਦਾਈ ਤੇ ਨਾ-ਸਹਾਰਨਯੋਗ ਹੈ।

# ਭਗਵੰਤ ਮਾਨ ਨੂੰ ਸ਼ਾਇਦ ਤੁਸੀਂ ਏਦਾਂ ਨਾ ਜਾਣਦੇ ਹੋਵੋਂ!

ਪੰਜਾਬੀ ਗਾਇਕੀ ਦੇ ਅੰਦਰ ਬਾਹਰ



ਐਸ. ਅਸ਼ੋਕ ਭੌਰਾ
ਫੋਨ: 510-415-3315

ਭਾਰਤ ਵਿਚ ਬੇਸ਼ਰਮੀ ਅਤੇ ਸਵਾਰਥ ਰਾਜਨੀਤੀ ਦੇ ਦੋ ਗਹਿਣੇ ਹੁੰਦੇ ਨੇ। ਸ਼ਾਇਦ ਇਸੇ ਕਰਕੇ ਜਦੋਂ ਕੁਝ ਨਵੇਂ ਲੋਕ ਇਸ ਖੇਤਰ ਵਿਚ ਆਉਂਦੇ ਨੇ ਤਾਂ ਉਨ੍ਹਾਂ ਨੂੰ ਕਈ ਵਾਰ ਜ਼ੁਲਮ ਵੀ ਸਹਿਣਾ ਪੈਂਦਾ ਹੈ। ਪਰ ਜਦੋਂ ਕੁਝ ਇਕ ਆਪਣੇ ਅਸੂਲਾਂ 'ਤੇ ਡਟੇ ਰਹਿੰਦੇ ਹਨ ਤਾਂ ਵਿਰੋਧੀਆਂ ਨੂੰ ਭੈਅ ਖਾਣ ਲਗਦਾ ਹੈ ਤੇ ਉਹ ਦੂਸ਼ਣਬਾਜ਼ੀ ਅਤੇ ਘਟੀਆ ਕਿਸਮ ਦੀ ਬਿਆਨਬਾਜ਼ੀ ਆਸਰੇ ਟੁੱਟੇ ਤੀਰਾਂ ਨਾਲ ਸਿੱਧੇ ਨਿਸ਼ਾਨੇ ਲਾਉਣ ਦਾ ਯਤਨ ਕਰਦੇ ਨੇ। ਇਸੇ ਕਰਕੇ ਭਗਵੰਤ ਮਾਨ ਦੀ ਗੱਲ ਕਰਨ ਤੋਂ ਪਹਿਲਾਂ ਕਹਾਂਗਾ ਕਿ ਉਹ 'ਸਾਧਾਰਣ ਮਨੁੱਖ ਨਹੀਂ ਹੈ', ਉਹਦੇ ਅੰਦਰਲੀ ਪੀੜਾ ਹੀ ਉਹਨੂੰ ਭਾਰਤ ਦੇ ਸਿਆਸੀ ਗਲਿਆਰਿਆਂ ਤੱਕ ਧੱਕ ਕੇ ਲੈ ਆਈ ਹੈ। ਭਗਵੰਤ ਮਾਨ ਪਿੰਡ ਸਤੌਜ ਤੋਂ ਇਕ ਸਾਇੰਸ ਅਧਿਆਪਕ ਦਾ ਮੁੰਡਾ ਹੈ।

ਭਗਵੰਤ ਹੈ ਕੀ ਸੀ? ਕਾਮੇਡੀ ਵੱਲ ਕਿਉਂ ਆਇਆ, ਉਹਨੂੰ ਕਿਵੇਂ ਲਿਆਂਦਾ ਗਿਆ? ਇਸ ਦਾ ਜਿਉਂਦਾ ਜਾਗਦਾ ਸਬੂਤ ਜਰਨੈਲ ਘੁਮਾਣ ਹੈ। ਹਾਲਾਤ ਬਦਲਦੇ ਰਹਿੰਦੇ ਨੇ। ਪਰ ਇਕ ਕਾਲਜ ਦੇ ਯੁਵਕ ਮੇਲੇ ਤੋਂ ਜਰਨੈਲ ਘੁਮਾਣ ਨੇ ਸੀ ਐਮ ਸੀ ਜ਼ਰੀਏ ਉਸ ਨੂੰ ਪੇਸ਼ ਕਰਨ ਦਾ ਜੋ ਉਪਰਾਲਾ ਕੀਤਾ ਸੀ, ਉਹ ਅਸਲ ਵਿਚ 'ਗੋਭੀ ਦੀਏ ਕੱਚੀਏ ਵਪਾਰਨੇ' ਨਾਲ ਇਕ ਕਾਲਜ ਵਿਦਿਆਰਥੀ ਦੇ ਅੰਦਰ ਭ੍ਰਿਸ਼ਟ ਸਿਸਟਮ ਪ੍ਰਤੀ ਜਾਗਦੀ ਜ਼ਮੀਰ ਦਾ ਨਾਅਰਾ ਸੀ। ਇਹ ਕੋਈ ਪੱਖਪਾਤ ਨਹੀਂ ਕਿ ਬੇਰੀਆਂ ਨੂੰ ਬੇਰ ਹੀ ਲੱਗਣੇ ਹੁੰਦੇ ਨੇ। ਜੇ ਭਗਵੰਤ ਮਾਨ ਰਾਜਨੀਤੀ 'ਤੇ, ਸਮਾਜਿਕ ਪ੍ਰਬੰਧ 'ਤੇ ਆਪਣੀਆਂ ਟੇਪਾਂ, ਆਪਣੀਆਂ ਐਲਬਮਾਂ, ਆਪਣੇ ਲੜੀਵਾਰਾਂ ਜ਼ਰੀਏ ਨਾ ਪੇਸ਼ ਆਉਂਦਾ ਤਾਂ ਸੱਚ ਇਹ ਹੈ ਕਿ ਉਹਨੇ ਲੋਕਾਂ ਵਿਚ ਆਪਣਾ ਦਾਖਲਾ ਘਨ੍ਹੱਈਏ ਵਾਂਗ ਹੀ ਲੈ ਲੈਣਾ ਸੀ। ਉਮਰ ਦੇ ਲਿਹਾਜ ਤੇ ਤਜਰਬੇ ਦੇ ਹਿਸਾਬ ਨਾਲ ਅਤੇ ਲਿਆਕਤ ਨਾਲ ਗਲਤੀਆਂ ਹਰ ਇਕ ਤੋਂ ਹੁੰਦੀਆਂ ਆਈਆਂ ਨੇ, ਤੇ ਹੁੰਦੀਆਂ ਵੀ ਰਹਿਣਗੀਆਂ। ਜਿਸ ਭਗਵੰਤ ਮਾਨ ਨੇ ਭਾਰਤੀ ਸੰਸਦ ਵਿਚ ਹੈਰਾਨੀਜਨਕ, ਪਾਏਦਾਰ, ਜਜ਼ਬਾਤੀ, ਅਣਖੀਲੇ ਭਾਸ਼ਣਾਂ ਨਾਲ ਸਰਕਾਰਾਂ ਨੂੰ ਅਤੇ ਸੁੱਤੇ ਪਏ ਲੋਕਾਂ ਨੂੰ ਹਲੂਣਿਆ ਹੈ, ਜੇ ਉਹਨੇ ਕਿਤੇ ਕੱਚੀ ਉਮਰ 'ਚ ਵੀ ਗਲਤੀਆਂ ਕੀਤੀਆਂ ਹੁੰਦੀਆਂ ਤਾਂ ਪੰਜਾਬ ਦੇ ਵਿਰੋਧੀ ਸਿਆਸੀ ਲੋਕਾਂ ਨੇ ਜਿਨ੍ਹਾ ਉਹਦਾ ਪਿੱਛਾ ਕੀਤਾ, ਜਿਨ੍ਹੇ ਉਹਦੇ ਖਿਲਾਫ ਵੱਡੇ ਲੀਡਰਾਂ ਨੂੰ ਬਿਆਨ ਦੇਣੇ ਪੈ ਰਹੇ ਨੇ, ਉਹਦੇ 'ਤੇ ਕਈ ਪਰਚੇ ਦਰਜ ਕਰਕੇ ਸੀਖਾਂ ਨੂੰ ਅੰਦਰਲੇ ਪਾਸਿਓਂ ਉਸ ਦੇ ਹੱਥ ਪੁਆ ਦੇਣੇ ਸੀ। ਭਗਵੰਤ ਮੰਨਦਾ ਹੈ ਕਿ ਉਹਦੇ ਸਬਰ ਨੂੰ ਬਰੀਕ ਛਾਣਨੀ ਨਾਲ ਸਿਆਸੀ ਵਿਰੋਧੀਆਂ ਨੇ ਛਾਣਨ ਦਾ ਯਤਨ ਕੀਤਾ ਹੈ ਤੇ ਬੂਰਾ ਨਿਕਲਿਆ ਹੀ ਨਹੀਂ, ਉਹ ਕਰ ਕੀ ਸਕਦੇ ਹਨ? ਇਸੇ ਕਰਕੇ ਮੈਂ ਫਿਰ ਕਹਾਂਗਾ ਕਿ ਭਗਵੰਤ ਮਾਨ 'ਸਾਧਾਰਣ ਮਨੁੱਖ ਨਹੀਂ।' 'ਗੋਭੀ ਦੀਏ ਕੱਚੀਏ ਵਪਾਰਨੇ', 'ਕੁਲਫੀ ਗਰਮਾ ਗਰਮ', 'ਜੁਗਨੂੰ ਕਹਿੰਦਾ ਹੈ' ਉਹਦੀਆਂ ਅਨੇਕਾਂ ਐਲਬਮਾਂ ਨੂੰ ਸ਼ਾਂਤ ਚਿੱਤ ਹੋ ਕੇ ਕਿਤੇ 'ਕੱਲੇ ਬਹਿ ਕੇ ਇਕਾਗਰਤਾ ਨਾਲ ਸੁਣਿਓ ਤਾਂ ਅਹਿਸਾਸ ਹੋ ਜਾਵੇਗਾ ਕਿ ਭਗਵੰਤ ਅੱਜ ਹੀ ਪਾਰਲੀਮੈਂਟ 'ਚ ਨਹੀਂ ਬੋਲਦਾ, ਉਹ ਅੰਦਰੋਂ ਜੈਕਾਰੇ ਉਦੋਂ ਵੀ ਛੱਡ ਰਿਹਾ ਸੀ ਜਦੋਂ ਹਾਲੇ ਬਚਪਨ ਸੀ, ਫਿਰ ਜੁਆਨੀ ਸੀ ਅਤੇ ਕਈ ਪੱਖਾਂ 'ਤੇ ਗੱਲਾਂ ਦਾ ਉਸ ਨੂੰ ਗਿਆਨ ਹੀ ਨਹੀਂ ਸੀ। ਕਿਸੇ ਯੂਨੀਵਰਸਿਟੀ ਦੇ ਵਧੀਆ ਖੋਜੀ ਅਧਿਆਪਕ ਨੂੰ ਉਹਦੀਆਂ ਸਾਰੀਆਂ ਐਲਬਮਾਂ 'ਤੇ ਪੀ ਐਚ ਡੀ ਦਾ ਥੀਸਿਜ਼ ਲਿਖਣੇ ਨੂੰ ਕਹਿ ਕੇ ਦੇਖੋ ਤਾਂ ਉਹ ਸਿੱਟਾ ਇਹ ਕੱਢੇਗਾ ਕਿ 'ਜਾਗਦੀ ਜ਼ਮੀਰ ਵਾਲੇ ਭਗਵੰਤ ਮਾਨ ਨੇ ਇਕ ਨਾ ਇਕ ਦਿਨ ਇਸ ਭ੍ਰਿਸ਼ਟ ਨਿਜ਼ਾਮ 'ਚੋਂ ਧੱਕੇ ਦੇ ਕੇ ਅੱਗੇ ਨਿਕਲਣਾ ਹੀ ਸੀ ਤੇ ਸਿਆਸੀ ਵਿਰੋਧੀਆਂ ਨੂੰ ਉਹਦੇ ਵਿਰੁਧ ਬਿਆਨ ਦੇਣੇ ਹੀ ਪੈਣੇ ਸਨ' ਕਿਉਂਕਿ ਸਾਡੀ ਰਾਜਨੀਤੀ ਧਰਮ ਨਿਰਪੱਖ ਦੇਸ਼ ਦੀ ਗੱਲ ਤਾਂ ਕਰਦੀ ਹੈ ਪਰ ਕਈ ਥਾਂ ਪੂਰੀ ਦੀ ਪੂਰੀ ਧਰਮ ਦੇ ਗਲਮੇ ਵਿਚ ਵੀ ਫਸੀ ਹੋਈ ਹੈ। ਇਸ ਕਰਕੇ ਕਈਆਂ ਤੋਂ ਹੋਰ ਕੋਈ ਨੁਕਸ ਨਾ ਵੀ ਨਿਕਲੇ, ਫਿਰ ਉਨ੍ਹਾਂ ਨੇ ਧਰਮ ਦਾ 'ਫਲੂਹਾ' ਛੱਡ ਹੀ ਦੇਣਾ ਹੁੰਦਾ ਹੈ। ਜਿਵੇਂ ਅਰਸੇ ਵਿਚ ਕਈ ਥਾਂ ਉਸ ਦੇ ਸ਼ਰਾਬ ਪੀਣ ਦੀ ਗੱਲ, 'ਪਾਣੀ ਠੰਡਾ ਸੀ ਪਰ ਤੌੜੀ ਉਬਲਦੀ ਰਹੀ' ਵਾਂਗ ਹੁੰਦੀ ਰਹੀ। ਭਗਵੰਤ ਮਾਨ ਨੂੰ ਮੈਂ 1987-88 ਤੋਂ ਜਾਣਨ ਲੱਗ ਪਿਆ ਸਾਂ। ਉਹਦੀ ਸ਼ੈਲੀ ਵਿਚੋਂ ਸੰਗਰੂਰ ਵਾਲੀ 'ਤੀ' ਦੀਆਂ ਕਈ ਗੱਲਾਂ ਝਲਕਦੀਆਂ ਸਨ। ਪਰ ਉਹਦਾ ਰੰਗ ਦੇਖੋ, ਇਹ ਜੋ ਲੀਡਰ ਪੁਲ ਖਾ ਸਕਦੇ ਨੇ, ਸਰੀਏ ਨਿਗਲ ਸਕਦੇ ਨੇ, ਸ਼ਹੀਦ ਫੌਜੀਆਂ ਦੇ ਕੱਫਣ ਖਾ ਸਕਦੇ ਨੇ, ਤਾਂ ਭਗਵੰਤ ਇਹੀ ਤਾਂ ਕਹਿੰਦਾ ਸੀ ਕਿ ਕੁਲਫੀ ਵੀ ਗਰਮ ਹੋ ਸਕਦੀ ਹੈ। ਇਹ ਗੱਲ ਮੈਂ ਭਗਵੰਤ ਦੇ ਹੱਕ ਵਿਚ ਮੁੜ ਕਹਾਂਗਾ ਕਿ ਸਿਹਤਮੰਦ, ਅਗਾਂਹਵਧੂ ਅਤੇ ਸਮਾਜ ਨੂੰ ਕੋਈ ਅਗਵਾਈ ਦੇਣ ਵਾਲੀ ਕਾਮੇਡੀ ਅਤੇ ਪੈਰੋਡੀ ਹਾਸਿਆਂ 'ਚ ਲਪੇਟ ਕੇ ਭਗਵੰਤ ਹੀ ਦੇ ਸਕਦਾ ਹੈ। ਜਗਤਾਰ ਜੱਗੀ ਨੂੰ ਕਲਾਕਾਰ ਬਣਾਉਣ 'ਚ ਭਗਵੰਤ ਮਾਨ ਦਾ ਬਹੁਤ ਵੱਡਾ ਹੱਥ ਹੈ। ਗਾਇਕ ਕਰਮਜੀਤ ਅਨਮੋਲ ਨੂੰ ਹਾਸਰਸ ਕਲਾਕਾਰ ਭਗਵੰਤ ਮਾਨ ਨੇ ਹੀ ਬਣਾਇਆ ਹੈ। ਪਰ ਕਿਉਂਕਿ ਉਹ ਇਨ੍ਹਾਂ ਸਾਰਿਆਂ ਤੋਂ ਭਿੰਨ ਸੀ, ਇਸ ਕਰਕੇ ਲੀਡਰ ਬਣ ਗਿਆ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ 1991 ਵਿਚ ਉਹ ਸ਼ੌਂਕੀ ਮੇਲੇ 'ਤੇ ਆਇਆ। ਉਦੋਂ ਸਟਾਰ ਕਲਾਕਾਰਾਂ 'ਚੋਂ ਰਣਜੀਤ ਮਣੀ ਅਤੇ ਭਗਵੰਤ ਮਾਨ ਦੀ ਪਹਿਲੀ ਹਾਜ਼ਰੀ ਸੀ। ਮਾਹਿਲਪੁਰ ਦੇ ਹੀ ਨਹੀਂ, ਸਮੁੱਚੇ ਪੰਜਾਬ ਦੇ ਲੋਕ ਭਗਵੰਤ ਮਾਨ ਨੂੰ ਦੇਖਣ ਲਈ ਉਤਾਵਲੇ ਸਨ। ਪਰ ਹੋਇਆ ਇਹ ਕਿ ਕਿਸੇ ਵਜ੍ਹਾ ਕਾਰਨ ਜਗਤਾਰ ਜੱਗੀ ਪਹੁੰਚ ਨਾ ਸਕਿਆ। ਭਗਵੰਤ ਮਾਨ ਕਹੇ ਕੱਲ੍ਹਾ ਮੈਂ ਕਰ ਨਹੀਂ ਸਕਦਾ, ਹੁੰਗਾਰਾ ਭਰਨ ਲਈ ਕੋਈ ਬੰਦਾ ਨਾਲ ਚਾਹੀਦਾ ਤੇ ਮੈਨੂੰ ਪਤੈ ਜਾਂ ਉਹ ਮੇਲਾ ਵੇਖਣ ਵਾਲਿਆਂ ਨੂੰ ਪਤੈ ਕਿ ਭਗਵੰਤ ਨੇ ਚਾਲੀ ਮਿੰਟ ਦਰਸ਼ਕਾਂ ਨੂੰ ਰੱਜ ਕੇ ਹਸਾਇਆ। ਦਿਲਚਸਪ ਤੱਥ ਇਹ ਸੀ ਕਿ ਇਹ ਚਾਲੀ ਮਿੰਟ ਭਗਵੰਤ ਨਾਲ ਜੱਗੀ ਵਾਲੀ ਥਾਂ ਪੂਰੀ ਕਰਨ ਲਈ ਮੈਨੂੰ ਖੁਦ ਲਾਉਣੇ ਪਏ। ਉਦੋਂ ਤੋਂ ਲੈ ਕੇ ਹੁਣ ਤੱਕ ਭਗਵੰਤ ਨਾਲ ਦਰਜਨਾਂ ਮੁਲਾਕਾਤਾਂ ਖਾਸ ਕਿਉਂ ਸਨ? ਉਹ ਹੀ ਇਥੇ ਦੱਸਣ ਲੱਗਾ ਹਾਂ। ਤਾਂ ਹੀ ਤਾਂ ਆਖਦਾ ਹਾਂ, ਭਗਵੰਤ ਕੋਈ 'ਸਾਧਾਰਣ ਮਨੁੱਖ ਨਹੀਂ' ਹੈ।

ਕਰੀਬ ਪੰਜ ਛੇ ਸਾਲ ਪਹਿਲਾਂ ਉਸ ਨੇ ਅਜੀਤ ਦੇ ਸੰਪਾਦਕੀ ਪੰਨੇ 'ਤੇ ਇਕ ਹਫਤਾਵਾਰੀ ਕਾਲਮ ਲਿਖਣਾ ਸ਼ੁਰੂ ਕੀਤਾ ਸੀ। ਇਹ ਕਾਲਮ ਤਾਂ ਉਹ ਭਾਵੇਂ 5-7 ਮਹੀਨੇ ਹੀ ਚਲ ਸਕਿਆ ਪਰ ਇਕ ਕਮੇਡੀ ਕਲਾਕਾਰ ਦੇ ਅੰਦਰ ਜਗ ਰਹੀ ਗਿਆਨ ਅਤੇ ਸੁਚੇਤ ਮਨ ਦੀ ਬੱਤੀ ਪੰਜਾਬੀਆਂ ਨੂੰ ਦਿਸਣ ਜ਼ਰੂਰ ਲੱਗ ਪਈ ਸੀ। ਕੁਝ ਸਾਲ ਪਹਿਲਾਂ ਉਸ ਨੂੰ ਅਮਰੀਕਾ ਤੋਂ ਮੁਹਾਲੀ ਉਹਦੇ ਘਰ ਮਿਲਣ ਗਿਆ। ਉਦੋਂ ਹਾਲੇ ਮਨਪ੍ਰੀਤ ਸਿੰਘ ਬਾਦਲ ਨਾਲ ਵੀ ਨਹੀਂ ਜੁੜਿਆ ਸੀ। ਭੱਜ ਕੇ ਉਹਨੂੰ ਮਿਲਣ ਦਾ ਕਾਰਨ ਇਕ ਇਹ ਵੀ ਸੀ ਕਿ ਫਾਜ਼ਿਲਕਾ ਦੇ ਕੁਝ ਪਿੰਡਾਂ ਦਾ ਦਰਦ ਭਰਿਆ ਜਿਹੜਾ ਸੱਚ ਭਗਵੰਤ ਮਾਨ ਕੱਢ ਕੇ ਲਿਆਇਆ ਸੀ, ਉਸ ਦੀ ਪੀੜਾ ਮੇਰੇ ਅੰਦਰ ਵੀ ਸੱਲ੍ਹ ਬਣ ਰਹੀ ਸੀ। ਉਸ ਨੇ ਆਪਣੇ ਬੈਡਰੂਮ ਵਿਚ ਉਹ ਸਾਰੀ ਫਿਲਮ ਮੈਨੂੰ ਚਲਾ ਕੇ ਦਿਖਾਈ ਜਿਸ ਨੂੰ ਨੈਸ਼ਨਲ ਟੀ ਵੀ ਚੈਨਲਾਂ ਨੇ ਕਵਰ ਕੀਤਾ ਸੀ। ਕਹਾਣੀ ਇਹ ਸੀ ਕਿ ਫਾਜ਼ਿਲਕਾ ਦੇ ਸਰਹੱਦ ਨਾਲ ਲੱਗਦੇ ਕਈ ਪਿੰਡ ਪੀਣ ਵਾਲੇ ਦੂਸ਼ਿਤ ਪਾਣੀ ਤੋਂ ਹੀ ਪ੍ਰਭਾਵਿਤ ਨਹੀਂ ਸਨ ਬਲਕਿ ਕੁਝ ਪਿੰਡਾਂ 'ਚ ਜ਼ਮੀਨ ਨੂੰ ਘੱਟ ਤੇ ਲੋਕਾਂ ਨੂੰ ਵੱਧ ਕੈਂਸਰ ਸੀ। ਭਗਵੰਤ ਦੇ ਘਰ ਰਹਿ ਕੇ ਹੀ ਮੈਨੂੰ ਉਸ ਦਿਨ ਪਤਾ ਲੱਗਾ ਸੀ ਕਿ ਲੁਧਿਆਣੇ ਦੇ ਬੁੱਢੇ ਨਾਲੇ ਦਾ ਪੰਜਾਬ ਨੂੰ ਬਰਬਾਦ ਕਰਨ ਵਿਚ ਕੀ 'ਯੋਗਦਾਨ' ਹੈ ਅਤੇ ਇਕ ਸਿਆਸੀ ਛਤਰੀ ਹੇਠ ਕੰਮ ਕਰਦੀ ਪੇਪਰ ਮਿੱਲ ਨੇ ਬਾਰਡਰ ਲਾਗਲੇ ਕਿੰਨੇ ਪਿੰਡਾਂ ਨੂੰ ਕਿਸ ਹੱਦ ਤੱਕ ਬਰਬਾਦ ਕੀਤਾ ਹੈ? ਗੰਦੇ ਪਾਣੀ ਨੂੰ ਸੰਭਾਲਣ ਲਈ ਵਾਟਰ ਟਰੀਟਮੈਂਟ ਪਲਾਂਟ ਲਾਉਣ ਲਈ ਮਜਬੂਰ ਕਰਨਾ ਜਾਂ ਤਾਂ ਭਗਵੰਤ ਦੇ ਇਨਕਲਾਬ ਨਾਲ ਜੁੜੇਗਾ ਜਾਂ ਸੰਤ ਬਲਬੀਰ ਸਿੰਘ ਸੀਚੇਵਾਲ ਨਾਲ। ਉਹਦੇ ਵਿਰੋਧੀ ਕੱਦਵਾਰ ਸਿਆਸੀ ਲੋਕ ਅੱਜ ਭਾਵੇਂ ਉਹਦੇ ਇਨਕਲਾਬ ਜ਼ਿੰਦਾਬਾਦ ਦੇ ਨਾਅਰਿਆਂ ਤੋਂ ਖਫਾ ਹੋਣ ਪਰ ਭਗਵੰਤ ਦੇ ਇਨ੍ਹਾਂ ਨਾਅਰਿਆਂ ਦਾ ਖੁਲਾਸਾ ਆਉਣ ਵਾਲੇ ਸਮੇਂ ਵਿਚ ਹੋਵੇਗਾ ਬਸ਼ਰਤੇ ਕਿ ਭਗਵੰਤ ਜਿਸ ਪੈੜ 'ਤੇ ਚੱਲ ਰਿਹਾ ਹੈ, ਜਿਸ ਸਾਧਾਰਨ ਰਸਤੇ ਨੂੰ ਉਸ ਨੇ ਜਰਨੈਲੀ ਸੜਕ ਬਣਾਇਆ ਹੈ, ਉਹਦੇ 'ਤੇ ਉਸੇ ਤਰ੍ਹਾਂ ਚੱਲਦਾ ਰਿਹਾ।



ਫਾਜ਼ਿਲਕਾ ਦੇ ਪਿੰਡ ਤੇਜਾ ਰੋਹੇਲਾ ਵਿਚ ਅਸ਼ੋਕ ਭੌਰਾ ਤੇ ਭਗਵੰਤ ਮਾਨ ਦੂਸ਼ਿਤ ਪਾਣੀ ਅਤੇ ਜ਼ਮੀਨ ਦੇ ਕੈਂਸਰ ਤੋਂ ਪੀੜਤ ਕੁਝ ਲੋਕਾਂ ਨਾਲ

ਮੁਹਾਲੀ ਵਾਲੀ ਮੁਲਾਕਾਤ ਪਿੱਛੋਂ ਅਸੀਂ ਫਾਜ਼ਿਲਕਾ ਦੇ ਉਨ੍ਹਾਂ ਪਿੰਡਾਂ ਦਾ ਦੌਰਾ ਕੀਤਾ। ਤੇਜਾ ਰੋਹੇਲਾ, ਝਿੰਗੜ ਭੈਣੀ ਤੇ ਹੋਰ ਕਈ ਪਿੰਡਾਂ ਵਿਚ ਅਸੀਂ ਸਾਰਾ ਦਿਨ ਘੁੰਮਦੇ ਰਹੇ। ਕੱਚਿਆਂ ਘਰਾਂ 'ਚ ਵਸਦੇ ਲੰਗੜੇ ਲੂਲੇ ਲੋਕ ਤਾਂ ਫਿਰ ਵੀ ਜਰੇ ਜਾ ਸਕਦੇ ਸਨ ਪਰ ਸਕੂਲੀ ਬੱਚਿਆਂ ਦੇ ਚਿੱਟੇ ਵਾਲ, ਅੰਧਰਾਤਾ, ਕੈਂਸਰ ਪੀੜ੍ਹਤ ਇਲਾਕੇ ਦੀ ਸਭ ਤੋਂ ਵੱਡੀ ਹੋਣੀ ਭਗਵੰਤ ਮਾਨ ਨੇ ਹੀ ਵਿਖਾਈ ਸੀ। ਮੈਨੂੰ ਉਸ ਦਿਨ ਵੀ ਲੱਗਾ ਸੀ ਕਿ ਭਗਵੰਤ ਹੁਣ ਆਪਣਾ ਹੁਣ ਹਸਾਉਣ ਵਾਲਾ ਕੰਮ ਛੱਡੇਗਾ, ਲੋਕਾਂ ਨੂੰ ਜਗਾਉਣ ਦੇ ਰਾਹ ਪਵੇਗਾ ਕਿਉਂਕਿ ਪਿੰਡ ਤੇਜਾ ਰੋਹੇਲਾ ਦੇ ਇਕ ਘਰ 'ਚ ਬੈਠਿਆਂ ਦੁਖੀ ਪਰਿਵਾਰ ਨੇ ਜੋ ਦਿਖਾਇਆ ਉਹ 'ਧਾਹ' ਮਾਰਨ ਵਾਲਾ ਸੀ। ਕਿਹਾ ਤਾਂ ਉਹਨੇ ਚਾਅ ਨਾਲ ਸੀ ਕਿ ਤੁਸੀਂ ਸਾਡੇ ਘਰ ਆਏ ਹੋ ਅਸੀਂ ਤੁਹਾਡੇ ਲਈ ਬੰਦ ਬੋਤਲਾਂ 'ਚ ਪਾਣੀ ਸ਼ਹਿਰੋਂ ਲੈ ਕੇ ਆਂਦਾ ਹੈ ਪਰ ਬਿਸਲੇਰੀ ਬਰਾਂਡ ਦੇ ਪਾਣੀ ਦੀਆਂ ਖਾਲੀ ਬੋਤਲਾਂ ਸਾਡੀ ਪਰਛੱਤੀ 'ਤੇ ਪਈਆਂ ਹਨ, ਅਸੀਂ ਖੁਸ਼ਕਿਸਮਤ ਹਾਂ ਕਿ ਪੰਜਾਬ ਦੇ ਬਾਕੀ ਪਿੰਡਾਂ 'ਚ ਲੋਕਾਂ ਨੂੰ ਚੋਣਾਂ ਦੌਰਾਨ ਪੀਣ ਲਈ ਸ਼ਰਾਬ ਮਿਲਦੀ ਹੈ ਅਤੇ ਹੁਣ ਜਦੋਂ ਸ਼ੇਰ ਸਿੰਘ ਘੁਬਾਇਆ ਦੇ ਸੀਟ ਛੱਡਣ 'ਤੇ ਸੁਖਬੀਰ ਸਿੰਘ ਬਾਦਲ ਜਿੱਤੇ ਹਨ ਤਾਂ ਸਾਨੂੰ ਪਾਣੀ ਦੀਆਂ ਬੋਤਲਾਂ ਵੰਡੀਆਂ ਗਈਆਂ, ਵੋਟਾਂ ਪਾਉਣ ਲਈ। ਅਸੀਂ ਆਪਣੇ ਘਰ ਆਉਣ ਵਾਲੇ ਹਰ ਓਪਰੇ ਮਹਿਮਾਨ ਨੂੰ ਦੱਸਦੇ ਹਾਂ ਕਿ ਅਸੀਂ ਦੂਸ਼ਿਤ ਪਾਣੀ ਹੀ ਨਹੀਂ ਪੀਂਦੇ ਸਗੋਂ ਚੋਣਾਂ ਦੇ ਦਿਨਾਂ ਵਿਚ ਇਸ ਪਾਣੀ ਦੇ ਵੱਟੇ ਵੋਟਾਂ ਪਾਉਣ ਲਈ ਵੀ ਮਜਬੂਰ ਹੁੰਦੇ ਰਹੇ ਹਾਂ। ਅਸੀਂ ਕੀ ਕਰੀਏ ਅੱਠ ਮਹੀਨੇ ਹੋ ਗਏ ਨੇ ਸੁਖਬੀਰ ਜੀ ਜਿੱਤਣ ਪਿੱਛੋਂ ਨਵਾਂ ਪਾਣੀ ਲੈ ਕੇ ਨਹੀਂ ਆਏ।

ਵਾਪਸੀ 'ਤੇ ਭਗਵੰਤ ਮਾਨ ਮੈਨੂੰ ਕਹਿਣ ਲੱਗਾ 'ਹੁਣ ਕੁਝ ਕਰਨਾ ਹੀ ਪਵੇਗਾ' ਤੇ ਜੋ ਕੁਝ ਅੱਜ ਭਗਵੰਤ ਕਰ ਰਿਹਾ ਹੈ, ਉਹ ਉਹਦੇ ਅੰਦਰ ਬਹੁਤ ਦੇਰ ਦੀ ਉਥਲ ਪੁਥਲ ਦਾ ਨਤੀਜਾ ਹੈ। ਉਹਦੇ ਅੰਦਰ ਉਠਦੀਆਂ ਇਨਕਲਾਬੀ ਚਿਣਗਾਂ ਦੀ ਇਕ ਹੋਰ ਤਸਵੀਰ ਦੇਖੋ... ਫਾਜ਼ਿਲਕਾ ਜਦੋਂ ਅਸੀਂ ਦਾਖਲ ਹੋਣ ਲੱਗੇ ਤਾਂ ਸੱਤ ਟਰਾਲੀਆਂ ਅਤੇ ਚਾਰ ਟਰੱਕ ਰੇਤ ਦੇ ਅਸੀਂ ਭਰੇ ਜਾਂਦੇ ਵੇਖੇ। ਉਦੋਂ ਕੋਰਟ ਨੇ ਮਾਈਨਿੰਗ 'ਤੇ ਪਾਬੰਦੀ ਲਾਈ ਹੋਈ ਸੀ ਤੇ ਇਹ ਸਾਰਾ ਕੁਝ ਕਾਨੂੰਨ ਦੇ ਰਾਖਿਆਂ ਦੀ ਹਾਜ਼ਰੀ ਵਿਚ ਹੋ ਰਿਹਾ ਸੀ। ਜਦੋਂ ਅਸੀਂ ਕੈਮਰਾ ਚਲਾਉਣ ਦੀ ਕੋਸ਼ਿਸ਼ ਕੀਤੀ ਤਾਂ ਇਕ ਹੌਲਦਾਰ ਆ ਕੇ ਕਹਿਣ ਲੱਗਾ, "ਇਹ ਬਹੁਤ ਵੱਡੇ ਬੰਦੇ ਦਾ ਕਾਰੋਬਾਰ ਹੈ, ਉਹਨੇ ਤੁਹਾਡਾ ਕੈਮਰਾ ਤਾਂ ਕੀ ਤੁਹਾਨੂੰ ਵੀ ਕਿਤੇ ਲੱਭਣ ਨਹੀਂ ਦੇਣਾ।" ਉਸ ਪੁਲਿਸ ਵਾਲੇ ਦੇ ਇਸ ਜਵਾਬ ਪਿੱਛੋਂ ਭਗਵੰਤ ਉਬਲਿਆ, "ਹੁਣ ਤਾਂ ਸੱਚੀਂ ਹੀ ਕੁਝ ਕਰਨਾ ਪੈਣਾ ਹੈ।"

ਮੋਗੇ ਵਾਲੇ ਚੌਂਕ 'ਚ ਅਸੀਂ ਪੈਗ ਲਾ ਕੇ ਵਿਛੜ ਗਏ। ਭਗਵੰਤ ਮੁਹਾਲੀ ਚਲਾ ਗਿਆ ਤੇ ਮੈਂ ਅਗਲੇ ਦਿਨ ਅਮਰੀਕਾ ਆ ਗਿਆ। ਜਿੰਨੀ ਕੁ ਸਾਡੀ ਸਮਰੱਥਾ ਸੀ, ਅਸੀਂ ਇਨ੍ਹਾਂ ਪਿੰਡਾਂ ਦੇ ਲੋਕਾਂ ਦੀ ਮਦਦ ਕੀਤੀ। ਫਿਰ ਛੇਤੀ ਹੀ ਖਬਰ ਆਈ ਕਿ ਭਗਵੰਤ ਮਨਪ੍ਰੀਤ ਬਾਦਲ ਦੀ ਪੀਪਲਜ਼ ਪਾਰਟੀ ਵਿਚ ਸ਼ਾਮਿਲ ਹੋ ਗਿਆ ਹੈ। ਲੱਖਾਂ ਲੋਕਾਂ 'ਚ ਖਟਕੜ ਕਲਾਂ 'ਚ ਜਿਹੜਾ ਭਾਸ਼ਣ ਭਗਵੰਤ ਮਾਨ ਨੇ ਦਿੱਤਾ, ਉਹ ਸੁਣ ਕੇ ਲੋਕ ਮੰਨ ਗਏ ਸਨ ਕਿ ਉਹ ਸਿਰਫ ਕਾਮੇਡੀ ਕਲਾਕਾਰ ਨਹੀਂ ਹੈ, ਕੋਈ ਖਾਸ ਹੈ ਤੇ ਮੇਰੇ ਇਸ ਕਥਨ ਨੂੰ ਤਸਦੀਕ ਮਿਲ ਗਈ ਸੀ ਕਿ ਸੱਚਮੁੱਚ ਹੀ ਉਹ ਕੋਈ ਸਧਾਰਣ ਮਨੁੱਖ ਨਹੀਂ ਹੈ।

ਜਿਸ ਤਰ੍ਹਾਂ ਉਹ ਪੀਪਲਜ਼ ਪਾਰਟੀ ਵਿਚ ਸ਼ਾਮਲ ਹੋਇਆ, ਮੇਰੀ ਜਾਚੇ ਉਹਦੇ ਕਈ ਕਾਰਨ ਨੇ। ਉਸ ਨੂੰ ਘਰਾਣਿਆਂ ਦੀ ਸਿਆਸਤ ਪਸੰਦ ਨਹੀਂ। ਇਸ ਲਈ ਰਾਜਨੀਤੀ ਦਾ ਰਾਹ ਆਪਣੇ ਲਈ ਉਹਨੇ ਵੱਖਰਾ ਬਣਾਇਆ। ਭਗਵੰਤ ਨੂੰ ਨਾ ਜਾਣਨ ਵਾਲੇ ਲੋਕ ਕੌਮਾਂਤਰੀ ਮੀਡੀਏ ਵਿਚ ਭਾਵੇਂ ਨਿੱਕੀਆਂ ਨਿੱਕੀਆਂ ਗੱਲਾਂ ਪਿੱਛੇ ਉਹਦੀ ਆਲੋਚਨਾ ਕਰੀ ਜਾਣ, ਉਹਦੇ ਪਰਿਵਾਰਕ ਮਸਲਿਆਂ ਵਿਚ ਦਖਲ ਅੰਦਾਜ਼ੀ ਕਰੀ ਜਾਣ, ਉਹਦੇ 'ਤੇ ਸ਼ਰਾਬ ਪੀਣ ਦੇ ਦੋਸ਼ ਲੱਗੀ ਜਾਣ ਪਰ ਸੱਚੀ ਗੱਲ ਇਹ ਹੈ ਕਿ ਭਗਵੰਤ ਜਿਸ ਰਾਹ ਤੁਰਿਆ ਹੈ, ਉਹ ਪੈਰ ਪਿਛਾਂਹ ਨਹੀਂ ਪੁੱਟੇਗਾ। ਬਹੁਤ ਘੱਟ ਅਰਸੇ ਵਿਚ ਉਹ ਸਮਰੱਥ ਸਿਆਸਤਦਾਨ ਬਣਨ ਦੇ ਮੁਕਾਬਲੇ ਇਕ ਬਹੁਤ ਵੱਡਾ ਸਿਆਸੀ ਕੱਦ ਲੈ ਕੇ ਖੜਾ ਹੋ ਗਿਆ ਹੈ ਤੇ ਤਬਦੀਲੀਆਂ ਤਾਂਘਦੀਆਂ ਹੀ ਉਨ੍ਹਾਂ ਅੰਦਰ ਨੇ ਜਿੱਥੋਂ ਪਤਾ ਹੁੰਦੈ ਕਿ ਹੁੰਗਾਰਾ ਮਿਲੇਗਾ।

ਰਾਜਨੀਤੀ ਅਸਲ 'ਚ ਆਪਣੇ ਮੁਲਕ 'ਚ ਸਿੱਖਣੀ ਇਸ ਕਰਕੇ ਪੈਂਦੀ ਹੈ ਕਿ ਇਹਦੇ 'ਤੇ ਕੁਝ ਖਾਸ ਲੋਕਾਂ ਦਾ ਕਬਜ਼ਾ ਹੈ ਅਤੇ ਕਬਜ਼ੇ ਜਦੋਂ ਵੀ ਛੁਡਾਏ ਜਾਂਦੇ ਨੇ ਕੁਰਬਾਨੀਆਂ ਦੇਣੀਆਂ ਪੈਂਦੀਆਂ ਨੇ। ਇਸ ਗੱਲ ਨੂੰ ਉਹਦੇ ਵਿਰੋਧੀ ਤੇ ਆਲੋਚਕ ਵੀ ਮੰਨਦੇ ਨੇ ਕਿ ਸੰਗਰੂਰ ਦੀਆਂ ਸਟੇਜਾਂ 'ਤੇ ਐਮ ਪੀ ਬਣਨ ਤੋਂ ਪਹਿਲਾਂ ਹੀ ਚੋਣ ਮੁਹਿੰਮ 'ਚ ਹੀ ਨਹੀਂ ਛਾਇਆ ਰਿਹਾ, ਢੀਂਡਸੇ ਤੇ ਪ੍ਰਕਾਸ਼ ਸਿੰਘ ਬਾਦਲ ਨੂੰ ਮਜ਼ਾਕ ਦੇ ਸਿਆਸੀ ਪਾਤਰ ਹੀ ਨਹੀਂ ਬਣਾਉਂਦਾ ਰਿਹਾ ਸਗੋਂ ਭਾਰਤੀ ਸੰਸਦ ਵਿਚ ਜਿਹੜਾ ਪ੍ਰਭਾਵਸ਼ਾਲੀ ਨਿੰਗਰ ਭਾਸ਼ਣ ਭਗਵੰਤ ਮਾਨ ਕਰਦਾ ਹੈ, ਉਹ ਉਹਦੇ ਅੰਦਰ ਜਾਗਦੀ ਜ਼ਮੀਰ ਦੀਆਂ ਜਗਦੀਆਂ ਮੋਮਬੱਤੀਆਂ ਦੀ ਲੋਅ ਹੈ। ਕਈਆਂ ਨੇ ਇਹ ਤਾਂ ਦਾਅਵਾ ਕੀਤਾ ਹੈ ਕਿ ਉਹ ਕਈ ਕਈ ਵਾਰ ਲੋਕ ਸਭਾ ਦੇ ਮੈਂਬਰ ਬਣੇ ਨੇ ਪਰ ਕਈਆਂ ਨੇ ਇਹ ਦਾਅਵਾ ਕਦੇ ਵੀ ਨਹੀਂ ਕੀਤਾ ਕਿ ਉਹ ਕਦੇ ਲੋਕ ਸਭਾ ਵਿਚ ਬੋਲੇ ਵੀ ਹੋਣ। ਉਹ ਉਨ੍ਹਾਂ ਗੁੰਗਿਆਂ ਤੋਂ ਵੀ ਭੈੜੇ ਰਹੇ ਜਿਹੜੇ ਗੱਲ ਸਮਝ ਨਾ ਵੀ ਆਵੇ, ਦੂਜਿਆਂ ਨੂੰ ਵੇਖ ਕੇ ਰੋਣ ਜ਼ਰੂਰ ਲੱਗ ਪੈਂਦੇ ਨੇ।

ਭਗਵੰਤ ਦਾ ਜਿੰਨਾ ਕੁ ਸਿਆਸੀ ਵਿਰੋਧ ਹੋ ਰਿਹਾ ਹੈ, ਏਦੂੰ ਵੱਧ ਹੋਣਾ ਵੀ ਸੀ ਕਿਉਂਕਿ ਇਹੀ ਵਿਰੋਧ ਤੁਹਾਨੂੰ ਪੈਰ ਲਗਾਉਣ ਦਾ ਵਲ ਦਿੰਦਾ ਹੈ ਤੇ ਉਂਜ ਵੀ ਕਾਂਵਾਂ 'ਚ ਕੋਇਲਾਂ ਦੇ ਦਾਖਲੇ ਵੇਲੇ ਹਾਲਾਤ ਸੁਖਾਵੇਂ ਨਹੀਂ ਹੁੰਦੇ ਰੰਗ ਭਾਵੇਂ ਸਾਰਿਆਂ ਦਾ ਇੱਕੋ ਜਿਹਾ ਕਿਉਂ ਨਾ ਹੋਵੇ।

ਜਰਨੈਲ ਘੁਮਾਣ, ਭਗਵੰਤ ਮਾਨ, ਜਗਤਾਰ ਜੱਗੀ ਇਸ ਤਿਕੋਣ ਨਾਲ ਮੇਰਾ ਸਿੱਧਾ 'ਤੇ ਅਸਿੱਧਾ ਸਬੰਧ ਰਿਹਾ ਹੈ। ਇਸੇ ਕਰਕੇ ਮੈਂ ਇਸ ਗੱਲ ਦਾ ਦਾਅਵੇਦਾਰ ਹਾਂ ਕਿ ਮੈਂ ਭਗਵੰਤ ਮਾਨ ਨੂੰ ਤੁਹਾਡੇ ਨਾਲੋਂ ਜ਼ਿਆਦਾ ਤੇ ਸ਼ਾਇਦ ਚੰਗੀ ਤਰ੍ਹਾਂ ਵੀ ਜਾਣਦਾ ਹਾਂ। ਭਗਵੰਤ ਸਾਧਾਰਣ ਮਨੁੱਖ ਨਹੀਂ ਹੈ।

ਜਾਗ੍ਰਿਤੀ ਤੇ ਚੇਤੰਨਤਾ ਦਾ ਜਿਹੜਾ ਇਨਕਲਾਬੀ ਸ਼ੀਸ਼ਾ ਉਹ ਆਪਣੀ ਜੇਬ ਵਿਚ ਪਾਈ ਫਿਰਦਾ ਹੈ, ਉਹਨੇ ਵਕਤ ਆਏ 'ਤੇ ਕਿਸੇ ਨੂੰ ਵੀ ਸੱਚਾਈ ਦਿਖਾਉਣ ਤੋਂ ਗੁਰੇਜ਼ ਨਹੀਂ ਕਰਨਾ।

ਕੌਣ ਕਦੋਂ 'ਤੇ ਕਿੱਥੇ ਜਾਗ ਪਵੇ ਕੋਈ ਪਤਾ ਨਹੀਂ ਹੁੰਦਾ, ਮੈਂ ਆਪਣੇ ਆਪ ਨੂੰ ਭਗਵੰਤ ਦੇ ਸ਼ੁਭਚਿੰਤਕਾਂ 'ਚੋਂ ਮੰਨਦਾ ਹਾਂ।



*1992 ਵਿਚ ਭਗਵੰਤ ਤੇ ਜਗਤਾਰ ਜੱਗੀ ਮਾਹਿਲਪੁਰ ਸ਼ੌਂਕੀ ਮੇਲੇ 'ਤੇ*

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ

### ਤੋਤੇ ਤੇ ਮੋਰ ਦੀ ਵਾਰਤਾ

ਤੇਰੇ ਸਿਰ 'ਤੇ ਕਲਗੀ ਮਿੱਤਰਾ, ਮੇਰੇ ਗਲ ਵਿਚ ਗਾਨੀ,
ਨੇਤਾ ਨਕਲੀ ਹਾਰ ਪੁਆ ਕੇ, ਕਰਦੇ ਫਿਰਨ ਸ਼ੈਤਾਨੀ।
ਮੋਰ 'ਤੇ ਤੋਤਾ ਬੈਠੇ ਸੋਚਣ, ਇਨ੍ਹਾਂ ਨਾਲੋਂ ਆਂ ਚੰਗੇ,
ਧੁਰੋਂ ਹੀ ਰੱਬ ਨੇ ਦਿੱਤੀ ਸਾਨੂੰ, ਕੈਸੀ ਖੂਬ ਨਿਸ਼ਾਨੀ।
ਇਕ ਪਾਵੇ ਸਾਵਣ ਵਿਚ ਪੈਲਾਂ, ਦੂਜਾ ਅੰਬੀਆਂ ਟੁੱਕੇ,
ਇਹ ਵੋਟਾਂ ਵਿਚ ਹਾਰ ਜਾਣ ਤਾਂ, ਮੁੱਲ ਨਾ ਰਹੇ ਦੁਆਨੀ।
ਆਪੇ ਦਰਜੀ ਆਪ ਬਜਾਜੀ, ਕਿੰਨੇ ਰੰਗ ਨਿਆਰੇ,
ਉਸ ਡਾਅਢੇ ਨੇ ਬੜੀ ਕੀਤੀ ਐ, ਸਾਡੇ 'ਤੇ ਕੁਰਬਾਨੀ।
ਕੋਈ ਨੀਲੀ ਕੋਈ ਚਿੱਟੀ ਬੰਨ੍ਹੇ, ਕੋਈ ਧੋਤੀ ਕੋਈ ਟੋਪੀ,
ਇੱਕੋ ਜਿਹੇ ਨੇ ਰਾਜਨੀਤੀ ਵਿਚ, ਹੋ ਗਏ ਲਾਭ ਤੇ ਹਾਨੀ।
ਬੜੀ ਕੁਪੱਤ ਇਨ੍ਹਾਂ ਨਾਲ ਹੁੰਦੀ, ਜਿੱਥੇ ਕਿੱਥੇ ਦੇਖੋ,
ਕਿੱਥੇ ਪਰਖੇ ਜਾਂਦੇ ਨੇ ਹੁਣ, ਘੋੜਾ ਮਰਦ ਮੈਦਾਨੀ।
ਤੌੜੇ ਜਿੱਡਾ ਢਿੱਡ ਨਹੀਂ ਭਰਦਾ, ਲੁੱਟ ਲਿਆ ਮੁਲਕ ਬਥੇਰਾ,
ਕਿੱਲ੍ਹ ਕਿੱਲ੍ਹ ਕੇ ਭਾਸ਼ਣ ਨੇ ਕਰਦੇ, ਪਾਈ ਜਾਣ ਵੈਰਾਨੀ।
ਮੈਨਾ ਮੇਰੀ ਲਵ ਯੂ ਕਹਿੰਦੀ, ਖੁਸ਼ ਮੋਰਨੀ ਤੇਰੀ,
ਘਰੇ ਇਨ੍ਹਾਂ ਨਾਲ ਕਰਦੀ ਖੌਰੇ, ਕਿੰਨੀ ਰੋਜ਼ ਜਨਾਨੀ।
ਤੂੰ ਆਖਦੈਂ ਜੈਕੇਟ ਪਾਈਏ, ਛੱਡ ਇਹ ਸ਼ੌਕ ਅਵੱਲਾ,
ਇਨ੍ਹਾਂ ਦੀ ਤਾਂ ਲਹਿਣ ਨੂੰ ਫਿਰਦੀ, ਯਾਦ ਕਰਨਗੇ ਨਾਨੀ।
ਨੀਲੀ ਛੱਤ ਵਾਲੇ ਦੇ ਢੋਲੇ, ਆ ਜਾ 'ਭੌਰੇ' ਗਾਈਏ,
ਲੱਭੀ ਜਾਣ ਦੇ ਇਨ੍ਹਾਂ ਨੂੰ ਆਪੇ, ਹਨੇਰੇ ਵਿਚ ਚੁਆਨੀ।

# ਅਮਰੀਕਨ ਸਿੱਖਾਂ ਦੇ ਹਵਾਲੇ ਨਾਲ ਬਹੁ-ਸਭਿਆਚਾਰਕ ਬਿਰਤਾਂਤ

*ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਗੁਰੂ ਗ੍ਰੰਥ ਸਾਹਿਬ ਵਿਭਾਗ ਦੇ ਸਾਬਕਾ ਮੁਖੀ ਪ੍ਰੋਫੈਸਰ ਬਲਕਾਰ ਸਿੰਘ ਨੇ ਇਸ ਲੇਖ ਵਿਚ ਪਰਵਾਸੀ ਸਿੱਖਾਂ ਦੇ ਮੂਲ ਅਤੇ ਉਨ੍ਹਾਂ ਦੇ ਮੁੱਖ ਸਰੋਕਾਰਾਂ ਬਾਰੇ ਗੱਲ ਕੀਤੀ ਹੈ ਜਿਨ੍ਹਾਂ ਦਾ ਪ੍ਰਸੰਗ ਉਨ੍ਹਾਂ ਸੁਚੇਤ ਰੂਪ ਵਿਚ ਅਮਰੀਕਨ ਸਿੱਖਾਂ ਨਾਲ ਜੋੜਿਆ ਹੈ। ਇਹ ਉਹ ਸਿੱਖ ਹਨ ਜਿਨ੍ਹਾਂ ਨਾਲ ਪਰਵਾਸੀ ਸਿੱਖਾਂ ਦਾ ਸਬੰਧ ਮੋਕਲੇ ਰੂਪ ਵਿਚ ਜੁੜ ਨਹੀਂ ਸਕਿਆ। ਉਨ੍ਹਾਂ ਕੁਝ ਅਜਿਹੇ ਨੁਕਤੇ ਫੜੇ ਹਨ ਜਿਨ੍ਹਾਂ ਬਾਬਤ ਗਹਿਰ-ਗੰਭੀਰ ਚਰਚਾ ਘੱਟ ਹੀ ਚੱਲੀ ਹੈ। ਲੇਖ ਵਿਚ ਉਨ੍ਹਾਂ ਪਰਵਾਸੀ ਸਿੱਖਾਂ ਦੇ ਸਭਿਆਚਾਰਕ ਬਿਰਤਾਂਤ ਦੇ ਰਾਹ ਵਿਚ ਰੋੜਾ ਬਣ ਕੇ ਖੜ੍ਹੀ ਸਿਆਸਤ ਬਾਰੇ ਵੀ ਖੁੱਲ੍ਹ ਕੇ ਖੁਲਾਸਾ ਕੀਤਾ ਹੈ। -ਸੰਪਾਦਕ*

ਪੰਜਾਬੀ ਅਤੇ ਸਿੱਖ ਇੱਕੋ ਮੂਲ ਦੀਆਂ ਦੋ ਪਰਤਾਂ ਹਨ, ਇੱਕੋ ਹੀ ਸਿੱਕੇ ਦੇ ਦੋ ਪਾਸਿਆਂ ਵਾਂਗ, ਪਰ ਪਰਵਾਸੀ ਪ੍ਰਸੰਗ ਵਿਚ ਇਨ੍ਹਾਂ ਦੋਹਾਂ ਨੂੰ ਇਕੋ ਪੱਲੜੇ ਵਿਚ ਨਹੀਂ ਤੋਲਿਆ ਜਾ ਸਕਦਾ। ਕਾਰਨ, ਦੋਹਾਂ ਨੂੰ ਜੇ ਸਭਿਆਚਾਰਕ ਸਰੋਕਾਰ ਇਕੱਠਿਆਂ ਰੱਖਦੇ ਹਨ ਤਾਂ ਧਾਰਮਿਕ ਸਰੋਕਾਰ ਦੋਹਾਂ ਨੂੰ ਇਕ ਦੂਜੇ ਨਾਲੋਂ ਨਿਖੇੜਦੇ ਵੀ ਹਨ। ਸਿੱਖ ਸਭਿਆਚਾਰ, ਪੰਜਾਬੀ ਸਭਿਆਚਾਰ ਨੂੰ ਨਾਲ ਲੈ ਕੇ ਤੁਰਦਾ ਰਿਹਾ ਹੈ ਅਤੇ ਪੰਜਾਬੀ ਪਛਾਣ ਤੋਂ ਸਿੱਖ ਪਛਾਣ ਤੱਕ ਪਹੁੰਚਣ ਦੀ ਦਾਸਤਾਨ, ਗੁਰੂ-ਕਾਲ ਤੱਕ (1708) ਬੇਰੋਕ ਉਸਰਦੀ ਰਹੀ ਸੀ। ਘੱਲੂਘਾਰਿਆਂ ਦੇ ਵੇਲੇ ਤੱਕ ਸਿੱਖ ਅਤੇ ਪੰਜਾਬੀ ਇਕੱਠੇ ਨਿਭਦੇ ਰਹੇ ਸਨ। ਮਿਸਲਾਂ ਦੇ ਆਗਾਜ਼ ਨਾਲ ਪੈਦਾ ਹੋਈ ਸਿਆਸੀ ਲੋੜ ਨੇ ਦੋਹਾਂ ਵਿਚ ਫਰਕ ਕਰਨਾ ਸ਼ੁਰੂ ਕਰ ਦਿੱਤਾ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੱਕ ਪਹੁੰਚਦਿਆਂ ਇਹ ਦੋਵੇਂ, ਵੱਖ ਵੱਖ ਤੁਰਨੇ ਸ਼ੁਰੂ ਹੋ ਗਏ ਸਨ। ਇਸ ਨਾਲ ਇਹ ਨੁਕਤਾ ਉਠਾਉਣ ਦੀ



**ਬਲਕਾਰ ਸਿੰਘ (ਪ੍ਰੋਫੈਸਰ)**

ਕੋਸ਼ਿਸ਼ ਕਰ ਰਿਹਾ ਹਾਂ ਕਿ ਜਿਹੜੇ ਸਭਿਆਚਾਰ, ਧਰਮ ਦੀ ਅਗਵਾਈ ਵਿਚ ਸੌਖਿਆਂ ਇਕੱਠੇ ਤੁਰਦੇ ਰਹੇ ਹਨ, ਉਨ੍ਹਾਂ ਲਈ ਹੀ ਸਿਆਸਤ ਦੀ ਅਗਵਾਈ 'ਚ ਇਕੱਠੇ ਤੁਰਨਾ ਮੁਸ਼ਕਲ ਹੋ ਜਾਂਦਾ ਰਿਹਾ ਹੈ।

ਅੰਗਰੇਜ਼ਾਂ ਦੇ ਪੰਜਾਬ ਉਤੇ ਕਬਜ਼ੇ (1849) ਤੋਂ ਬਾਅਦ ਪੰਜਾਬ, ਸਿਆਸੀ ਪ੍ਰਭਾਵ ਅਧੀਨ ਸਿੱਖਾਂ, ਹਿੰਦੂਆਂ ਅਤੇ ਮੁਸਲਮਾਨਾਂ ਦੀਆਂ ਪਛਾਣ-ਕੋਟੀਆਂ ਵਿਚ ਇਸ ਤਰ੍ਹਾਂ ਵੰਡਿਆ ਗਿਆ ਸੀ ਜਿਸ ਤੋਂ ਭੁਲੇਖਾ ਪੈ ਸਕਦਾ ਹੈ ਕਿ ਅਜਿਹਾ ਪਹਿਲਾਂ ਤੋਂ ਹੀ ਕਾਇਮ ਸੀ। ਸ਼ਾਹ ਮੁਹੰਮਦ ਦੀ ਗਵਾਹੀ ਕਿ "ਰਾਜ਼ੀ ਬਹੁਤ ਰਹਿੰਦੇ ਹਿੰਦੂ ਮੁਸਲਮਾਨ ਦੋਵੇਂ" ਦੇ ਹਵਾਲੇ ਨਾਲ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬੀਆਂ ਦੀਆਂ ਧਾਰਮਿਕ-ਕੋਟੀਆਂ ਦਾ ਇਹ ਵਰਤਾਰਾ, ਅੰਗਰੇਜ਼ਾਂ ਦੀ ਕੂਟਨੀਤਕ ਲੋੜ ਦਾ ਹਿੱਸਾ ਸੀ। ਪੰਜਾਬੀ, ਪੰਜਾਬ ਤੋਂ ਹਿਜਰਤ ਕਰ ਕੇ ਜਿਥੇ ਵੀ ਗਏ ਹਨ, ਇਸ ਵਰਤਾਰੇ ਨੂੰ ਨਾਲ ਲੈ ਕੇ ਜਾਂਦੇ ਰਹੇ ਹਨ। ਸਿੱਖ ਜਿਥੇ ਵੀ ਗਏ, ਉਨ੍ਹਾਂ ਦੇ ਨਾਲ ਜਿਵੇਂ ਗੁਰਦੁਆਰਾ-ਸੰਸਥਾ ਗਈ ਹੈ, ਉਸ ਤਰ੍ਹਾਂ ਪੰਜਾਬੀ ਹਿੰਦੂਆਂ ਨਾਲ ਮੰਦਿਰ ਤੇ ਪੰਜਾਬੀ ਮੁਸਲਮਾਨਾਂ ਨਾਲ ਮਸੀਤ ਨਹੀਂ ਗਏ। ਪਰਵਾਸ ਵਿਚ ਸਿੱਖਾਂ ਨੂੰ ਗੁਰਦੁਆਰਾ ਜਿਵੇਂ ਪੰਜਾਬੀ ਹੋਣ ਦੀ ਸੰਤੁਸ਼ਟੀ ਦਿੰਦਾ ਹੈ, ਉਸੇ ਤਰ੍ਹਾਂ ਹਿੰਦੂ ਪੰਜਾਬੀਆਂ ਨੂੰ ਪਰਵਾਸ ਵਿਖੇ ਉਸਾਰਿਆ ਮੰਦਿਰ ਅਤੇ ਮੁਸਲਮਾਨ ਪੰਜਾਬੀਆਂ ਨੂੰ ਮਸੀਤ ਸੰਤੁਸ਼ਟੀ ਨਹੀਂ ਦਿੰਦੇ। ਇਹ ਗੱਲ ਮੈਂ ਆਪਣੇ ਅਨੁਭਵ ਅਤੇ ਅੱਖੀਂ ਡਿੱਠੇ ਆਧਾਰ 'ਤੇ ਕਹਿ ਰਿਹਾ ਹਾਂ। ਤਿੰਨਾਂ ਹੀ ਕੋਟੀਆਂ ਦੇ ਪਰਵਾਸੀ ਪੰਜਾਬੀਆਂ ਨੂੰ ਪੰਜਾਬੀ ਹੋਣ ਦੀ ਜੋ ਸੰਤੁਸ਼ਟੀ ਗੁਰਦੁਆਰੇ ਜਾ ਕੇ ਮਿਲਦੀ ਹੈ, ਉਹ ਮੰਦਿਰ ਅਤੇ ਮਸੀਤ ਵਿਚੋਂ ਇਸ ਕਰ ਕੇ ਨਹੀਂ ਮਿਲਦੀ ਕਿ ਇਨ੍ਹਾਂ ਦੋਹਾਂ ਵਿਚੋਂ ਪੰਜਾਬੀ ਪਛਾਣ ਵੱਖ ਵੱਖ ਕਾਰਨਾਂ ਕਰ ਕੇ ਮਨਫੀ ਰਹਿ ਜਾਂਦੀ ਹੈ। ਅਜਿਹਾ ਪੰਜਾਬ ਵਿਚ ਨਹੀਂ ਹੁੰਦਾ ਸੀ, ਕਿਉਂਕਿ ਪੰਜਾਬ ਵਿਚ ਮੰਦਿਰ ਤੇ ਮਸੀਤ ਪੰਜਾਬੀਆਂ ਵਲੋਂ ਹੀ ਉਸਾਰੇ ਜਾਂਦੇ ਰਹੇ ਸਨ ਤੇ ਉਨ੍ਹਾਂ ਵਿਚੋਂ ਪੰਜਾਬੀਅਤ ਮਨਫੀ ਨਹੀਂ ਹੁੰਦੀ ਸੀ; ਪਰ ਵਿਦੇਸ਼ਾਂ ਵਿਚ ਅਜਿਹਾ ਇਸ ਲਈ ਵਾਪਰ ਰਿਹਾ ਹੈ ਕਿ ਵਿਦੇਸ਼ਾਂ ਵਿਚ ਪ੍ਰਾਪਤ ਧਰਮਾਂ ਦੇ ਪ੍ਰਸੰਗ ਵਿਚ ਬਹੁ-ਸਭਿਆਚਾਰਕ ਵਰਤਾਰੇ ਅੰਦਰ ਸਭਿਆਚਾਰਕ ਪਛਾਣ ਦੇ ਮਹੱਤਵ ਨੂੰ ਮਾਨਤਾ ਦਿੱਤੇ ਜਾਣ ਵਾਸਤੇ ਸਪੇਸ ਹੀ ਨਹੀਂ ਹੈ। ਮੈਂ ਆਪਣੀ ਗੱਲ ਇਥੋਂ ਹੀ ਸ਼ੁਰੂ ਕਰਨਾ ਚਾਹੁੰਦਾ ਹਾਂ।

ਇਸ ਦੇ ਬਾਵਜੂਦ ਕਿ ਮੈਂ ਵਿਦੇਸ਼ਾਂ ਵਿਚ ਵੱਸਦੇ ਸਿੱਖ ਭਾਈਚਾਰੇ ਨਾਲ ਕਾਫੀ ਦੇਰ ਤੋਂ ਜੁੜਿਆ ਹੋਇਆ ਸੀ, ਪਰ ਸਿੱਖ ਪਰਵਾਸ ਨਾਲ ਮੇਰਾ ਪਹਿਲਾ ਵਾਹ ਜਿਸ ਤਰ੍ਹਾਂ ਅਪਰੈਲ 2000 ਵਿਚ ਪਿਆ ਸੀ, ਇਹ ਆਪਣੇ ਸੁਭਾਅ ਅਤੇ ਪ੍ਰਗਟਾਵੇ ਵਿਚ ਵੱਖਰਾ ਸੀ। ਇਸੇ ਕਰ ਕੇ ਇਸ ਅਨੁਭਵ ਨੂੰ ਮੈਂ ਪਹਿਲੇ ਅਨੁਭਵਾਂ ਨਾਲੋਂ ਬਿਲਕੁਲ ਵੱਖਰਾ ਕਹਿ ਰਿਹਾ ਹਾਂ। ਯੂਨੀਵਰਸਿਟੀ ਨਾਲ ਹੋਏ ਸਮਝੌਤੇ ਤਹਿਤ ਅਮਰੀਕਨ ਸਿੱਖਾਂ ਨੂੰ ਗੁਰਬਾਣੀ, ਸਿੱਖ ਇਤਿਹਾਸ ਅਤੇ ਪੰਜਾਬੀ ਪੜ੍ਹਾਉਣ ਦੀ ਜ਼ਿੰਮੇਵਾਰੀ ਮੈਨੂੰ ਸੌਂਪੀ ਗਈ ਸੀ। ਮੇਰੀ ਦਿਲਚਸਪੀ ਇਹ ਜਾਨਣ ਵਿਚ ਸੀ ਕਿ ਯੋਗੀ ਜੀ (ਸ੍ਰੀ ਸਿੰਘ ਸਾਹਿਬ ਹਰਿਭਜਨ ਸਿੰਘ ਖਾਲਸਾ ਯੋਗੀ ਜੀ) ਨੇ ਮਹਿਮਾਨ ਸਭਿਆਚਾਰ ਅਤੇ ਮਹਿਮਾਨ ਧਰਮ ਨਾਲ ਸਿੱਖ ਸਭਿਆਚਾਰ ਤੇ ਸਿੱਖ ਧਰਮ ਨੂੰ ਇਕੱਠਿਆਂ ਕਿਵੇਂ ਤੋਰਿਆ ਹੈ?

ਅਮਰੀਕਾ ਵਿਚ ਰਹਿੰਦੇ ਸਿੱਖ ਭਾਈਚਾਰੇ ਨਾਲ ਨੇੜਿਉਂ ਵਰਤਣ ਦਾ ਅਨੁਭਵ ਮੇਰੇ ਕੋਲ ਸੀ, ਪਰ ਅਮਰੀਕਨ ਸਿੱਖਾਂ ਨੂੰ ਸਮਝਣ ਵਾਸਤੇ ਇਹ ਮੇਰੇ ਕੰਮ ਨਹੀਂ ਆ ਰਿਹਾ ਸੀ। ਇਕ ਗੱਲ ਬਿਲਕੁਲ ਸਪਸ਼ਟ ਸੀ ਕਿ ਪੰਜਾਬੀ ਸਿੱਖਾਂ ਦੀ ਦਿਲਚਸਪੀ ਸਿੱਖੀ ਨਾਲੋਂ ਪਹਿਲਾਂ ਸਿੱਖ ਸਿਆਸਤ ਵਿਚ ਵਧਦੀ ਜਾ ਰਹੀ ਸੀ ਅਤੇ ਅਮਰੀਕਨ ਸਿੱਖਾਂ ਨੂੰ ਸਿੱਖ ਸਿਆਸਤ ਵਿਚ ਕੋਈ ਦਿਲਚਸਪੀ ਹੈ ਹੀ ਨਹੀਂ ਸੀ। ਇਸ ਦਾ ਇਮਤਿਹਾਨ 9/11 (11 ਸਤੰਬਰ 2001) ਦੀ ਘਟਨਾ ਨਾਲ ਸਾਹਮਣੇ ਆ ਗਿਆ ਸੀ। ਸਿੱਖ ਪਛਾਣ ਉਸਾਮਾ ਬਿਨ-ਲਾਦਿਨ ਦੀ ਪਗੜੀ ਅਤੇ ਦਾਹੜੀ ਕਰ ਕੇ ਨਫਰਤੀ ਹਮਲਿਆਂ ਦਾ ਸ਼ਿਕਾਰ ਹੋ ਰਹੀ ਸੀ। ਬਲਬੀਰ ਸਿੰਘ ਸੋਢੀ ਦੀ ਹੱਤਿਆ ਹੋ ਚੁੱਕੀ ਸੀ ਅਤੇ ਹਤਿਆਰਾ ਆਪਣੇ ਆਪ ਨੂੰ ਅਮਰੀਕਨ ਦੇਸ਼ ਭਗਤ ਦੱਸ ਰਿਹਾ ਸੀ। ਪੰਜਾਬੀ ਸਿੱਖਾਂ ਦੇ ਜ਼ੋਰ ਲਾਉਣ 'ਤੇ ਵੀ ਪੁਲਿਸ ਕੇਸ ਦਰਜ ਕਰਨ ਲਈ ਤਿਆਰ ਨਹੀਂ ਹੋ ਰਹੀ ਸੀ। ਇਸ ਹਾਲਤ ਵਿਚ ਅਮਰੀਕਨ ਮੂਲ ਦੀ ਇਕ ਸਿੱਖ ਕੁੜੀ ਨੇ ਸਾਰੇ ਕੁਝ ਨੂੰ ਹੱਥ ਵਿਚ ਲੈ ਲਿਆ ਸੀ ਅਤੇ ਸੋਢੀ ਦੇ ਕਤਲ ਨੂੰ ਨਫਰਤੀ ਜੁਰਮ ਵਜੋਂ ਰਜਿਸਟਰ ਵੀ ਕਰਵਾ ਲਿਆ ਸੀ। ਉਸ ਅਮਰੀਕਨ ਕੁੜੀ ਨੇ ਮੀਡੀਆ ਤੋਂ ਮੰਨਵਾ ਵੀ ਲਿਆ ਸੀ ਅਤੇ ਸਿੱਖ ਵਾਂਗ ਜੂਝਣ ਦਾ ਯਕੀਨ ਵੀ ਦਿਵਾ ਲਿਆ ਸੀ। ਇਸੇ ਦਾ ਸਿੱਟਾ ਸੀ ਕਿ ਤੱਤਕਾਲੀ ਅਮਰੀਕਨ ਪ੍ਰੈਜ਼ੀਡੈਂਟ ਨੂੰ ਆਪਣਾ ਨੁਮਾਇੰਦਾ ਸੋਢੀ ਦੇ ਸਸਕਾਰ 'ਤੇ ਭੇਜਣਾ ਪਿਆ ਸੀ। ਸਿੱਖਾਂ ਨੂੰ ਨਫਰਤੀ ਮੁਹਿੰਮ ਤੋਂ ਬਚਾਉਣ ਵਾਸਤੇ ਸਿੱਖਾਂ ਦੀ ਸਿਆਸਤ ਕਿਸੇ ਕੰਮ ਨਹੀਂ ਆ ਰਹੀ ਸੀ, ਪਰ ਅਮਰੀਕਨ ਸਿੰਘਾਂ ਵਲੋਂ ਲਾਏ ਗਏ ਮੋਢੇ ਨਾਲ, ਇਕ ਨਵਾਂ ਸਭਿਆਚਾਰ ਬਿਰਤਾਂਤ ਸਾਹਮਣੇ ਆ ਰਿਹਾ ਸੀ।

ਅਮਰੀਕਨ ਸਿੰਘ, ਅਮਰੀਕਨ ਸਭਿਆਚਾਰ ਨੂੰ ਨਾਲ ਲੈ ਕੇ ਤੁਰ ਰਹੇ ਸਨ। ਉਹ ਸਿੱਖ ਹੋਣ ਦੇ ਅਧਿਕਾਰ ਨੂੰ ਅਮਰੀਕਨ ਸਰਕਾਰ ਦੇ ਭਾਈਵਾਲ ਵਜੋਂ ਮੰਨਵਾਉਣਾ ਚਾਹੁੰਦੇ ਸਨ। ਇਸੇ ਕਰ ਕੇ ਉਨ੍ਹਾਂ ਨੇ ਅਤਿਵਾਦੀ ਗਤੀਵਿਧੀਆਂ ਰੋਕਣ ਵਾਸਤੇ ਦੇਸ਼ ਦੇ ਰਖਵਾਲਿਆਂ ਦਾ ਸਾਥ ਵੀ ਦਿੱਤਾ ਅਤੇ ਇਸ ਆੜ ਵਿਚ ਹੁੰਦੇ ਧੱਕੇ ਵਿਰੁਧ ਆਵਾਜ਼ ਵੀ ਉਠਾਈ ਸੀ। ਅਜਿਹਾ ਪਰਵਾਸੀ ਸਿੱਖ ਨਹੀਂ ਕਰ ਸਕੇ ਸਨ। ਮਿਸਾਲ ਦੇ ਤੌਰ 'ਤੇ ਦੇਸ਼ ਦੇ ਹਵਾਈ ਅੱਡਿਆਂ 'ਤੇ ਪਗੜੀਧਾਰੀ ਸਿੱਖਾਂ ਨੂੰ ਮੁਸ਼ਕਲਾਂ ਪੇਸ਼ ਆ ਰਹੀਆਂ ਸਨ। ਮੈਨੂੰ ਉਨ੍ਹਾਂ ਦਿਨਾਂ ਵਿਚ ਇਕ ਸਾਧਾਰਨ ਅਮਰੀਕਨ ਨੇ ਇਹ ਪੁੱਛ ਲਿਆ ਸੀ ਕਿ ਤੂੰ ਬਿਨ-ਲਾਦਿਨ ਹੈਂ? ਮੈਂ ਉਸ ਨੂੰ ਕਿਹਾ ਕਿ ਤੈਨੂੰ ਸੱਚੀਂ ਮੁੱਚੀਂ ਇਹੀ ਲੱਗਦਾ ਹੈ? ਇੰਨੇ ਨੂੰ ਮੇਰੇ ਨਾਲ ਖਲੋਤੀ ਅਮਰੀਕਨ ਸਿੱਖ ਕੁੜੀ ਨੇ ਉਸ ਦੀ ਉਹ ਗੱਤ ਬਣਾਈ ਕਿ ਉਸ ਨੂੰ ਮੁਆਫੀ ਮੰਗ ਕੇ ਖਹਿੜਾ ਛੁਡਾਉਣਾ ਪਿਆ। ਇਸੇ ਤਰ੍ਹਾਂ ਨਿਊ ਮੈਕਸੀਕੋ ਹਵਾਈ ਅੱਡੇ 'ਤੇ ਇਕ ਅਮਰੀਕਨ ਸਿੱਖ ਕੁੜੀ ਨੂੰ ਪੱਗ ਉਤਾਰ ਕੇ ਸੁਰੱਖਿਆ ਕਰਮੀਆਂ ਤੋਂ ਚੈਕਿੰਗ ਕਰਵਾਉਣੀ ਪਈ ਸੀ। ਕੁਝ ਨਾ ਨਿਕਲਣ ਤੱਕ ਉਸ ਨੇ ਸਹਿਯੋਗ ਦਿੱਤਾ ਸੀ, ਪਰ ਨਿਰਦੋਸ਼ ਸਾਬਤ ਹੋਣ 'ਤੇ ਉਸ ਨੇ ਪੱਗ ਬੰਨ੍ਹਣ ਵਾਸਤੇ ਲੋੜੀਂਦੀਆਂ ਸਹੂਲਤਾਂ ਤੁਰਤ ਮੁਹੱਈਆ ਕਰਵਾਉਣ ਵਾਸਤੇ ਰੋਸ ਪ੍ਰਗਟਾਵਾ ਸ਼ੁਰੂ ਕਰ ਦਿੱਤਾ ਸੀ। ਸੁਰੱਖਿਆ ਕਰਮਚਾਰੀਆਂ ਨੇ ਜਿਵੇਂ ਉਸ ਨੂੰ ਸਹਿਯੋਗ ਦਿੱਤਾ ਸੀ, ਇਸ ਤਰ੍ਹਾਂ ਦਾ ਸਹਿਯੋਗ ਕੋਈ ਵੀ ਸਿੱਖ ਪਰਵਾਸੀ, ਇਹੋ ਜਿਹੀ ਸਥਿਤੀ ਵਿਚ ਨਹੀਂ ਲੈ ਸਕਿਆ ਸੀ। ਮਹਿਮਾਨ ਸਭਿਆਚਾਰ ਨੂੰ ਸਿੱਖ ਸਭਿਆਚਾਰ ਦੀ ਹੋਂਦ ਸਵੀਕਾਰ ਕਰਨ ਵਾਸਤੇ ਅਮਰੀਕਨ ਸਿੰਘਾਂ/ਸਿੰਘਣੀਆਂ ਨੇ ਅਹਿਮ ਭੂਮਿਕਾ ਨਿਭਾਈ ਸੀ। ਇਸੇ ਨੂੰ ਸਭਿਆਚਾਰਕ ਬਿਰਤਾਂਤ ਵਜੋਂ ਵਿਚਾਰਿਆ ਜਾ ਰਿਹਾ ਹੈ।

ਇਕ ਧਰਮ ਅਤੇ ਇਕ ਭਾਸ਼ਾ ਨਾਲ ਜੁੜੇ ਹੋਏ ਮਹਿਮਾਨ ਸਭਿਆਚਾਰ ਵਿਚ ਯੋਗੀ ਜੀ ਨੇ ਸਿੱਖੀ ਨੂੰ ਕਿਵੇਂ ਬੀਜਿਆ, ਇਹ ਜਾਨਣ ਦੀ ਇੱਛਾ ਪੰਜਾਬੀ ਸਿੱਖਾਂ ਤੋਂ ਬਿਨਾਂ ਸਾਰਿਆਂ ਅੰਦਰ ਪ੍ਰਬਲ ਰਹੀ ਹੈ, ਪਰ ਪਰਵਾਸੀ ਪੰਜਾਬੀ ਸਿੱਖਾਂ ਦੀ ਤਾਂ



*ਹਰਭਜਨ ਸਿੰਘ ਯੋਗੀ*

ਇਸ ਵਿਚ ਕੋਈ ਦਿਲਚਸਪੀ ਇਸ ਲਈ ਵੀ ਨਹੀਂ ਸੀ, ਕਿ ਉਹ ਤਾਂ ਹੋਰਵੇਂ ਬਹੁਤ ਕਸੂਤੇ ਰੁੱਝੇ ਹੋਏ ਸਨ। ਅਮਰੀਕਨ ਸਿੱਖਾਂ ਨੂੰ ਇਹੋ ਜਿਹੇ ਸਵਾਲਾਂ ਦੀ ਲੋੜ ਹੀ ਨਹੀਂ ਸੀ, ਕਿਉਂਕਿ ਉਹ ਆਪਣੇ ਆਪ ਨੂੰ ਖਾਲਸਾ ਸਮਝਦੇ ਵੀ ਸਨ ਅਤੇ ਖਾਲਸੇ ਵਾਂਗ ਜਿਉਂਦੇ ਵੀ ਸਨ। ਅਮਰੀਕਨ ਸਿੰਘਾਂ ਦਾ ਪੰਜਾਬੀ ਸਿੱਖਾਂ ਨੇ ਕਦੇ ਉਸ ਤਰ੍ਹਾਂ ਵਿਰੋਧ ਨਹੀਂ ਕੀਤਾ ਜਿਸ ਤਰ੍ਹਾਂ ਯੋਗੀ ਜੀ ਦਾ ਵਿਰੋਧ ਕਰਨ ਦਾ ਕੋਈ ਮੌਕਾ ਹੱਥੋਂ ਨਹੀਂ ਜਾਣ ਦਿੱਤਾ ਜਾਂਦਾ ਸੀ। ਯੋਗੀ ਜੀ ਵੀ ਪੰਜਾਬੀ ਸਿੱਖਾਂ ਨੂੰ ਆੜੇ ਹੱਥੀਂ ਲੈਂਦੇ ਹੋਏ ਜਦੋਂ ਮੌਕਾ ਮਿਲਦਾ, ਕੱਚੇ-ਪਿੱਲੇ ਸਿੱਖ, ਰੁਮਾਲੀ ਵਾਲੇ ਸਿੱਖ ਅਤੇ ਸੰਡੇ ਸਿੱਖ ਕਹਿੰਦੇ ਰਹਿੰਦੇ ਸਨ। ਦੋਹਾਂ ਧਿਰਾਂ ਨੂੰ ਪਤਾ ਸੀ ਕਿ ਲੜਾਈ ਧਾਰਮਿਕ ਨਹੀਂ, ਸਗੋਂ ਸਿਆਸੀ ਹੈ। ਇਹ ਸਿਆਸਤ ਤਾਂ ਖਾਲਿਸਤਾਨੀ ਹੋਣ ਅਤੇ ਨਾ ਖਾਲਿਸਤਾਨੀ ਹੋਣ ਦੀ ਸੀ। ਅਮਰੀਕਾ ਦੇ ਸਿਆਸੀ ਗਲਿਆਰਿਆਂ ਵਿਚ ਵੀ ਦੋਵੇਂ ਧਿਰਾਂ ਸ਼ਰੀਕਾ ਸਿਆਸਤ ਕਰਦੀਆਂ ਰਹਿੰਦੀਆਂ ਸਨ। ਅਮਰੀਕਨ ਸਿਆਸਤਦਾਨਾਂ ਵਿਚਕਾਰ ਯੋਗੀ ਜੀ ਦਾ ਬਹੁਤ ਸਤਿਕਾਰ ਸੀ। ਨਿਊ ਮੈਕਸੀਕੋ ਦੀ ਅਸੈਂਬਲੀ ਦਾ ਨਵਾਂ ਸੈਸ਼ਨ ਯੋਗੀ ਜੀ ਦੀ ਅਰਦਾਸ ਨਾਲ ਸ਼ੁਰੂ ਹੁੰਦਾ ਸੀ। 9/11 ਦੇ ਨਫਰਤੀ ਹਮਲੇ ਠੱਲ੍ਹਣ ਵਾਸਤੇ ਯੋਗੀ ਜੀ ਨੂੰ ਅਮਰੀਕਨ ਮੀਡੀਆ ਵਿਚ ਲਿਆਂਦਾ ਗਿਆ ਅਤੇ ਉਨ੍ਹਾਂ ਨੇ ਜ਼ੋਰਦਾਰ ਢੰਗ ਨਾਲ ਕਿਹਾ ਸੀ ਕਿ ਸਿੱਖਾਂ ਬਾਰੇ ਗ਼ਲਤਫਹਿਮੀ ਨਾ ਪਾਲੋ, ਕਿਉਂਕਿ ਟਮਾਟਰ ਤੱਕ ਜੋ ਤੁਸੀਂ ਖਾ ਰਹੇ ਹੋ, ਇਹ ਸਿੱਖਾਂ ਦੇ ਪੈਦਾ ਕੀਤੇ ਹੋਏ ਹਨ। ਯੋਗੀ ਜੀ ਆਪ ਤਾਂ ਉਮਰ ਭਰ ਸਿੱਖ ਧਰਮ ਦੇ ਦੂਤ ਵਜੋਂ ਕੰਮ ਕਰਦੇ ਹੀ ਰਹੇ ਸਨ ਅਤੇ ਉਨ੍ਹਾਂ ਦੀ ਪ੍ਰੇਰਨਾ ਨਾਲ ਸਜੇ ਖਾਲਸੇ ਵੀ ਸਿੱਖ ਧਰਮ ਦੇ ਦੂਤ ਵਾਂਗ ਹੀ ਵਿਚਰ ਰਹੇ ਹਨ। ਅੱਜ ਵੀ ਪੰਜਾਬੀ ਸਿੱਖਾਂ ਦੇ ਅਮਰੀਕਾ ਵਿਚ ਪੈਦਾ ਹੋਏ ਬੱਚਿਆਂ ਨੂੰ ਸਿੱਖੀ ਵਿਚ ਸਿੱਖਿਅਤ ਕਰਨ ਵਾਸਤੇ ਅਮਰੀਕਨ ਸਿੰਘ ਵਧੀਆ ਅਧਿਆਪਕ ਸਾਬਤ ਹੋ ਸਕਦੇ ਹਨ।

ਇਸ ਪਾਸੇ ਤੁਰਨ ਵਾਸਤੇ ਯੋਗੀ ਜੀ ਨੇ ਅੰਮ੍ਰਿਤਸਰ ਵਿਖੇ 'ਮੀਰੀ-ਪੀਰੀ ਸਕੂਲ' ਸਥਾਪਤ ਕੀਤਾ ਸੀ। ਇਸ ਸਕੂਲ ਦਾ ਵਿਜ਼ਨ, ਵਿਦੇਸ਼ੀ ਪੰਜਾਬੀਆਂ ਦੇ ਬੱਚਿਆਂ ਨੂੰ ਪੜ੍ਹਾ ਰਹੇ ਦੇਸੀ ਸਕੂਲਾਂ ਨਾਲੋਂ ਵੱਖਰਾ ਸੀ। ਇਸ ਨਾਲ ਇਹੀ ਕਹਿਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਪਰਵਾਸੀ ਪ੍ਰਸੰਗ ਦੇ ਬਹੁ-ਸਭਿਆਚਾਰਕ ਵਰਤਾਰੇ ਵਿਚ ਸਿੱਖ ਸਭਿਆਚਾਰ ਦਾ ਅਚੇਤ-ਉਸਾਰ ਤਾਂ ਹੋਈ ਜਾ ਰਿਹਾ ਹੈ, ਪਰ ਸੁਚੇਤ-ਉਸਾਰ ਦੀਆਂ ਸੰਭਾਵਨਾਵਾਂ ਕਿਧਰੇ ਨਜ਼ਰ ਨਹੀਂ ਆਉਂਦੀਆਂ। ਇਸੇ ਕਰ ਕੇ ਸਭਿਆਚਾਰਕ-ਯਕਜਹਿਤੀ ਦੀ ਥਾਂ 'ਤੇ ਸਭਿਆਚਾਰਕ ਪਰਤਾਂ ਪੈਦਾ ਹੋਈ ਜਾ ਰਹੀਆਂ ਹਨ। ਇਸ ਨਾਲ ਜਨਮ ਭੂਮੀ ਦਾ ਉਦਰੇਵਾਂ, ਕਰਮ-ਭੂਮੀ ਦੀ ਲੋੜ ਅਤੇ ਮਹਿਮਾਨ-ਭੂਮੀ ਦਾ ਸਤਿਕਾਰ, ਸਭ ਨੂੰ ਨਾਲ ਲੈ ਕੇ ਤੁਰਨ ਦੀ ਮਜਬੂਰੀ ਨੂੰ ਵੀ ਧਿਆਨ ਵਿਚ ਰੱਖਣਾ ਪੈ ਰਿਹਾ ਹੈ।

ਰੋਜ਼ੀ-ਰੋਟੀ ਦੇ ਚੱਕਰ ਵਿਚ ਫਸਿਆ ਪੰਜਾਬੀ ਸਿੱਖ, ਟਾਂਗੇ ਵਾਲੇ ਘੋੜੇ ਵਾਂਗ ਚੰਗਾ ਭਲਾ ਭੱਜਿਆ ਜਾਂਦਾ ਹੈ, ਪਰ ਜ਼ਿੰਮੇਵਾਰੀਆਂ ਤੋਂ ਕਿਸੇ ਵੀ ਬਹਾਨੇ ਖਹਿੜਾ ਛੁੱਟਦਿਆਂ ਹੀ, ਉਸ ਨੂੰ ਘਤਿੱਤਾਂ ਔੜਨ ਲੱਗ ਪੈਂਦੀਆਂ ਹਨ। ਘਤਿੱਤਾਂ ਵਿਚੋਂ ਸਾਰਿਆਂ ਤੋਂ ਸੌਖੀ ਹੈ ਸਿਆਸੀ ਇੱਲਤ। ਇਸ ਦਾ ਅਰੰਭ ਪਰਵਾਸੀ ਮਜਬੂਰੀਆਂ ਕਰ ਕੇ ਪਰਵਾਸੀ ਘਰ ਤੋਂ ਤਾਂ ਹੋ ਨਹੀਂ ਸਕਦਾ ਅਤੇ ਸ਼ਾਇਦ ਇਸੇ ਕਰ ਕੇ ਗੁਰੂ ਘਰ ਤੋਂ ਸ਼ੁਰੂ ਕਰ ਲਿਆ ਜਾਂਦਾ ਹੈ। ਵਿਅਕਤੀਗਤ ਲੜਾਈਆਂ ਨੂੰ ਪੰਥਕ ਲੜਾਈਆਂ ਦਾ ਰੂਪ ਦੇਣ ਦੀ ਜੋ ਸਿਆਸਤ ਪਰਵਾਸੀ ਸਿੱਖਾਂ ਵਲੋਂ ਕੀਤੀ ਜਾ ਰਹੀ ਹੈ, ਉਹ ਮਾਨਸਿਕ ਦੁਫਾੜ ਵਲ ਛਾਲੀਂ ਵਧਦੀ ਜਾ ਰਹੀ ਹੈ। ਮਿਸਾਲ ਦੇ ਤੌਰ 'ਤੇ ਜੇ ਕਿਸੇ ਗੁਰਦੁਆਰੇ ਦੀ ਕਮੇਟੀ, ਵਿਆਹ-ਸ਼ਾਦੀਆਂ ਲਈ ਹਾਲ ਬਣਾਉਂਦੀ ਹੈ, ਤਾਂ ਕਮੇਟੀ ਵਿਰੋਧੀ ਗੱਲ ਹੀ ਇਥੋਂ ਸ਼ੁਰੂ ਕਰਨਗੇ ਕਿ ਇਸ ਦੇ ਵਿਰੁਧ ਅਕਾਲ ਤਖਤ ਸਾਹਿਬ ਨੂੰ ਹੁਕਮਨਾਮਾ ਜਾਰੀ ਕਰਨਾ ਚਾਹੀਦਾ ਹੈ। ਇਸ ਤੋਂ ਬਾਅਦ ਕਮੇਟੀ ਮੈਂਬਰਾਂ ਵਿਚੋਂ ਕਿਸੇ ਇਕ ਦੇ ਪੋਤੜੇ ਫੋਲਣੇ ਸ਼ੁਰੂ ਹੋ ਜਾਣਗੇ। ਕਟਹਿਰੇ ਵਿਚ ਆਈ ਧਿਰ ਨੂੰ ਜਵਾਬੀ ਕਾਰਵਾਈ ਉਸੇ ਹੀ ਸੁਰ ਵਿਚ ਕਰਨੀ ਪਵੇਗੀ। ਇਉਂ ਬੰਦਿਆਂ ਦੇ ਝਗੜੇ ਨੂੰ ਪੰਥ ਦਾ ਝਗੜਾ ਬਣਾਉਣ ਵਾਸਤੇ ਪਹਿਲਾਂ ਸਿਆਸੀ ਦਖਲ ਦੀ ਮੰਗ ਕੀਤੀ ਜਾਂਦੀ ਹੈ ਅਤੇ ਫਿਰ ਸਿਆਸੀ ਦਖਲ ਵਿਰੁਧ ਕਾਰਵਾਈ ਕਰਨ ਦੀ ਸਿਆਸਤ ਸ਼ੁਰੂ ਹੋ ਜਾਂਦੀ ਹੈ। ਇਹ ਇਸ ਲਈ ਵਾਪਰ ਰਿਹਾ ਹੈ ਕਿਉਂਕਿ ਸਿੱਖ, ਧਰਮ ਅਤੇ ਸਭਿਆਚਾਰ ਦੇ ਵਾਰਸ ਹੋਣ ਦੀ ਥਾਂ 'ਤੇ ਧਰਮ ਅਤੇ ਸਭਿਆਚਾਰ ਦੇ ਮਾਲਕ ਹੋਣ ਵਾਲੇ ਰਾਹ ਪੈ ਗਏ ਹਨ।

ਇਹੋ ਜਿਹਾ ਵਰਤਾਰਾ ਅਮਰੀਕਨ ਸਿੱਖਾਂ ਵਿਚ ਬਿਲਕੁਲ ਨਹੀਂ ਹੈ। ਯੋਗੀ ਜੀ ਦੀ ਅਗਵਾਈ ਵਿਚ ਆਏ ਅਮਰੀਕਨ, ਪਹਿਲਾਂ ਯੋਗ ਵਿਚ ਆਏ ਸਨ ਅਤੇ ਫਿਰ ਸਿੱਖੀ ਵਿਚ ਆਉਂਦੇ ਗਏ। ਇਸ ਵਰਤਾਰੇ ਨਾਲ ਉਹ ਧਰਮ ਪਰਿਵਰਤਨ ਦੇ ਇਲਜ਼ਾਮ ਤੋਂ ਬਰੀ ਹੋ ਜਾਂਦੇ ਹਨ। ਉਨ੍ਹਾਂ ਸਾਹਮਣੇ ਰੋਲ ਮਾਡਲ ਸਿੱਖ, ਯੋਗੀ ਜੀ ਸਨ ਅਤੇ ਉਨ੍ਹਾਂ ਵਰਗੇ ਹੋਣ ਦੀ ਰੀਝ ਵਿਚ ਉਹ ਸਿੱਖ ਸਜ ਗਏ ਸਨ। ਅੰਮ੍ਰਿਤ ਵੀ ਉਨ੍ਹਾਂ ਨੇ ਕਾਫੀ ਸਮੇਂ ਬਾਅਦ ਛਕਿਆ ਸੀ। ਅੰਮ੍ਰਿਤ ਛਕਾਉਣ ਦੇ ਅਵਸਰ 'ਤੇ ਪੰਜ ਪਿਆਰਿਆਂ ਵਿਚ ਜਥੇਦਾਰ ਗੁਰਚਰਨ ਸਿੰਘ ਟੌਹੜਾ, ਸ. ਹੁਕਮ ਸਿੰਘ, ਸ. ਸੁਰਜੀਤ ਸਿੰਘ ਬਰਨਾਲਾ ਵਰਗੀਆਂ ਸਥਾਪਤ ਸਿੱਖ ਸ਼ਖਸੀਅਤਾਂ ਸ਼ਾਮਲ ਸਨ। ਯੋਗੀ ਜੀ ਦੀ ਅਗਵਾਈ ਵਿਚ ਅਮਰੀਕਨ ਸਿੰਘਾਂ ਦੀ ਭਾਈਚਾਰਕ ਉਸਾਰੀ ਵਾਸਤੇ ਸਥਾਪਤ ਸਿੱਖ ਵਿਧੀਆਂ ਨੂੰ ਵਰਤਿਆ ਜਾਂਦਾ ਰਿਹਾ ਹੈ। ਉਨ੍ਹਾਂ ਦੀ ਸਿੰਘ-ਮਾਨਸਿਕਤਾ, ਗੁਰਦੁਆਰਾ ਸੰਸਥਾ ਰਾਹੀਂ ਸੰਗਤੀ ਰੂਪ ਵਿਚ ਘੜੀ ਗਈ ਹੈ। ਅੱਜ ਵੀ ਉਹ ਗੁਰਦੁਆਰੇ ਦਾ ਪੱਕਾ ਤਨਖਾਹਦਾਰ ਗ੍ਰੰਥੀ ਨਹੀਂ ਰੱਖਦੇ ਅਤੇ ਇਹ ਜ਼ਿੰਮੇਵਾਰੀ ਆਪਣੇ ਵਿਚੋਂ ਕਿਸੇ ਯੋਗ ਅਤੇ ਸੇਵਾ ਭਾਵਨਾ ਵਾਲੇ ਵਿਅਕਤੀ ਨੂੰ ਸੌਂਪ ਦਿੰਦੇ ਹਨ। ਇਹ ਜ਼ਿੰਮੇਵਾਰੀ ਰੋਜ਼ੀ-ਰੋਟੀ ਕਮਾਉਂਦਿਆਂ ਨਿਭਾਉਣੀ ਪੈਂਦੀ ਹੈ। ਗ੍ਰੰਥੀ (ਇਸਤਰੀਆਂ ਇਸ ਵਿਚ ਵਧੇਰੇ ਸ਼ਾਮਲ ਹੁੰਦੀਆਂ ਹਨ) ਕਿਸੇ ਵੇਲੇ ਵੀ ਸੰਗਤ ਦੀ ਮਰਜ਼ੀ ਨਾਲ ਜ਼ਿੰਮੇਵਾਰੀ ਛੱਡ ਸਕਦਾ ਹੈ। ਲੰਗਰ ਵੀ ਸੰਗਤ ਆਪ ਹੀ ਤਿਆਰ ਕਰਦੀ ਹੈ।

ਗੁਰਦੁਆਰਾ ਬੇਸ਼ੱਕ ਐਤਵਾਰ ਨੂੰ ਹੀ ਹੁੰਦਾ ਹੈ, ਪਰ ਸੰਗਤ ਵਾਸਤੇ ਸਾਰੇ ਦਿਨ ਖੁੱਲ੍ਹਾ ਰਹਿੰਦਾ ਹੈ। ਇਸ ਤਰ੍ਹਾਂ ਆਧੁਨਿਕਤਾ ਦੇ ਮੁਦਈ ਦੇਸ਼ ਵਿਚ ਪੰਥਕ ਸਭਿਆਚਾਰ ਜੀਵਿਆ ਅਤੇ ਪਰਚਾਰਿਆ ਜਾ ਰਿਹਾ ਹੈ। ਪੰਜਾਬੀ ਸਭਿਆਚਾਰ ਵੀ ਹੌਲੀ-ਹੌਲੀ ਪਹਿਰਾਵੇ, ਖਾਣੇ ਅਤੇ ਗੁਰੂ-ਪਿਆਰ ਰਾਹੀਂ ਪਰਵੇਸ਼ ਕਰ ਰਿਹਾ ਹੈ। ਇਸ ਭਾਈਚਾਰੇ ਵਿਚ ਅਮਰੀਕਨ ਕੁੜੀਆਂ ਨੇ ਪੰਜਾਬੀ ਮੁੰਡਿਆਂ ਨਾਲ ਅਤੇ ਪੰਜਾਬੀ ਕੁੜੀਆਂ ਨੇ ਅਮਰੀਕਨ ਮੁੰਡਿਆ ਨਾਲ ਵਿਆਹ ਕਰਵਾਏ ਹੋਏ ਹਨ। ਅਮਰੀਕਨ ਸਿੰਘਾਂ ਦੀ ਚੌਥੀ ਪੀੜ੍ਹੀ ਅੱਗੇ ਆ ਰਹੀ ਹੈ, ਪਰ ਅਜੇ ਵੀ ਅਮਰੀਕਨਾਂ ਅਤੇ ਪੰਜਾਬੀਆਂ ਵਿਚਕਾਰ ਸਭਿਆਚਾਰਕ ਸੰਵਾਦ ਉਸ ਤਰ੍ਹਾਂ ਨਹੀਂ ਬਣ ਸਕਿਆ ਜਿਸ ਤਰ੍ਹਾਂ ਹੋਣਾ ਚਾਹੀਦਾ ਹੈ। ਇਸ ਨਾਲ ਲੋੜੀਂਦਾ ਸਭਿਆਚਾਰਕ ਬਿਰਤਾਂਤ ਉਸਾਰਨ ਵਿਚ ਰੁਕਾਵਟਾਂ ਪੈਦਾ ਹੋ ਰਹੀਆਂ ਹਨ।

ਇਹ ਮੈਨੂੰ ਸਮਝ ਆ ਚੁੱਕਾ ਸੀ ਕਿ ਅਮਰੀਕਨ ਸਿੰਘਾਂ ਨੂੰ ਘੱਟ ਗਿਣਤੀ ਖਾਲਸਾ

(ਬਾਕੀ ਅਗਲੇ ਸਫੇ 'ਤੇ)

ਭਾਈਚਾਰੇ ਦੇ ਅੰਤਰਗਤ ਘੱਟ ਗਿਣਤੀ ਖਾਲਸਾ ਭਾਈਚਾਰਾ ਸਮਝਿਆ ਜਾ ਰਿਹਾ ਸੀ। ਯੋਗੀ ਜੀ ਨਾਲ ਸਿੱਖ ਭਾਈਚਾਰੇ ਵਿਚ ਇਸ ਗੱਲੋਂ ਵੀ ਈਰਖਾ ਪੈਦਾ ਹੋ ਰਹੀ ਸੀ ਕਿ ਅਮਰੀਕਨ ਸਿੰਘਾਂ ਕਰ ਕੇ ਉਸ ਨੂੰ ਬਾਕੀਆਂ ਨਾਲੋਂ ਚੰਗਾ ਸਮਝਿਆ ਜਾ ਰਿਹਾ ਸੀ। ਯੋਗੀ ਜੀ ਨੂੰ ਇਹੋ ਜਿਹਾ ਕੋਈ ਹੀਣ-ਭਾਵ ਨਹੀਂ ਸੀ ਅਤੇ ਉਹ ਹਰ ਕਿਸਮ ਦੇ ਧਾਰਮਿਕ ਆਗੂਆਂ ਨੂੰ ਮਿਲਦੇ-ਗਿਲਦੇ ਰਹਿੰਦੇ ਸਨ। ਯੋਗੀ ਜੀ ਦੇ ਨੇੜੇ ਹੋ ਗਈ ਇਕ ਮਿਸ਼ਨਰੀ ਸੰਸਥਾ ਨੇ ਇਹ ਕੋਸ਼ਿਸ਼ ਕੀਤੀ ਸੀ ਕਿ ਅਮਰੀਕਨ ਸਿੰਘ ਦੁਬਾਰਾ ਅੰਮ੍ਰਿਤ ਛਕ ਕੇ ਉਨ੍ਹਾਂ ਦੀ ਸੰਸਥਾ ਦਾ ਹਿੱਸਾ ਹੋ ਜਾਣ। ਅਜਿਹਾ ਸੰਭਵ ਨਾ ਹੋਣ ਕਰ ਕੇ ਉਹ ਸੰਸਥਾ ਲਗਾਤਾਰ ਯੋਗੀ ਜੀ ਦਾ ਵਿਰੋਧ ਕਰਦੀ ਰਹੀ ਹੈ।

ਪੰਜਾਬ ਦੇ ਇਕ ਸਥਾਪਤ ਸੰਤ ਨੇ ਕੋਸ਼ਿਸ਼ ਕੀਤੀ ਸੀ ਕਿ ਅਮਰੀਕਨ ਸਿੰਘ ਉਸ ਦੇ ਚੇਲੇ ਬਣ ਜਾਣ। ਇਹ ਵੀ ਨਹੀ ਹੋ ਸਕਿਆ ਸੀ। ਯੋਗੀ ਜੀ ਨੇ ਇਹ ਪੈਂਤੜਾ ਲਿਆ ਹੋਇਆ ਸੀ ਕਿ ਅਮਰੀਕਨ ਸਿੰਘਾਂ ਨੂੰ ਸਿੱਧਾ ਹੀ ਸਮਝਾ ਲਵੋ। ਭਾਸ਼ਾਈ ਖੱਪੇ ਕਰ ਕੇ ਅਤੇ ਹੋਰ ਬਹੁਤ ਸਾਰੇ ਕਾਰਨਾਂ ਕਰ ਕੇ ਯੋਗੀ ਜੀ ਪ੍ਰਤੀ ਅਮਰੀਕਨ ਸਿੰਘਾਂ ਦੇ ਅ-ਤ੍ਰੇੜੇ ਭਰੋਸੇ ਵਿਚ ਤ੍ਰੇੜ ਨਹੀਂ ਆ ਸਕੀ ਸੀ। ਇਸ ਕ੍ਰਿਸ਼ਮੇ ਨੂੰ ਸਮਝਣ ਦੀ ਕਿਸੇ ਨੇ ਕਦੇ ਕੋਸ਼ਿਸ਼ ਹੀ ਨਹੀਂ ਕੀਤੀ ਸੀ। ਇਸੇ ਕਰ ਕੇ ਮੇਰੇ ਯੋਗੀ ਜੀ ਕੋਲ ਪਹੁੰਚ ਜਾਣ ਨੂੰ ਲੈ ਕੇ ਵੀ ਮੇਰੇ ਨਾਲ ਬਹਿਸ ਹੋਣੀ ਸ਼ੁਰੂ ਹੋ ਗਈ ਸੀ ਅਤੇ ਮੇਰੇ ਉਥੋਂ ਆ ਜਾਣ ਪਿਛੋਂ ਅਜੇ ਵੀ ਇਹ ਬਹਿਸ ਉਨ੍ਹਾਂ ਹਲਕਿਆਂ ਵਿਚ ਜਾਰੀ ਹੈ ਜਿਹੜੇ ਮੇਰੇ ਭੇਤੀ ਹਨ। ਇਹੀ ਦੁਹਰਾਇਆ ਜਾਂਦਾ ਰਿਹਾ ਹੈ ਕਿ ਯੋਗੀ ਜੀ ਅਮਰੀਕਾ ਵਿਚਲੇ ਭਾਰਤੀ ਦੂਤਾਵਾਸ ਨਾਲ ਰਲ ਕੇ ਖਾਲਿਸਤਾਨੀ ਲਹਿਰ ਦੇ ਵਿਰੋਧ ਵਿਚ ਭੁਗਤ ਰਹੇ ਹਨ। ਇਹੋ ਜਿਹੀਆਂ ਫਜ਼ੂਲ ਭ੍ਰਾਂਤੀਆਂ ਨੇ ਉਹ ਰਾਹ ਰੋਕੀ ਰੱਖਿਆ ਹੈ ਜਿਸ ਰਾਹ 'ਤੇ ਤੁਰ ਕੇ ਸਿਆਚਾਰਕ ਬਿਰਤਾਂਤ ਉਸਾਰਿਆ ਜਾ ਸਕਦਾ ਸੀ।

ਇਹ ਸਥਾਪਤ ਸੱਚਾਈ ਹੈ ਕਿ ਅਮਰੀਕਾ ਦੇ ਮੂਲ-ਵਾਸੀ ਹਾਸ਼ੀਆਗ੍ਰਸਤ ਹੋ ਚੁੱਕੇ ਹਨ। ਉਨ੍ਹਾਂ ਨੂੰ ਇਸ ਢੰਗ ਨਾਲ ਸੁਰੱਖਿਅਤ ਕਰ ਦਿੱਤਾ ਗਿਆ ਹੈ ਜਿਸ ਨਾਲ ਉਹ ਅਮਰੀਕਨ ਮੁੱਖਧਾਰਾ ਵਿਚੋਂ ਆਪਣੇ ਆਪ ਪਾਸੇ ਹੋ ਗਏ ਹਨ। ਉਹ ਅੱਗੇ ਵਧਣ ਦੀ ਥਾਂ ਪਿੱਛੇ ਨੂੰ ਜਾ ਰਹੇ ਹਨ। ਉਨ੍ਹਾਂ ਵਿਚੋਂ ਮੁੱਠੀ ਭਰ ਲੋਕਾਂ ਰਾਹੀਂ ਬਹੁ-ਸੰਮਤੀ ਨੂੰ ਲੁੱਟਿਆ ਜਾ ਰਿਹਾ ਹੈ। ਜੂਆ-ਘਰ (ਕੈਸੀਨੋ) ਉਨ੍ਹਾਂ ਦੀ ਜ਼ਮੀਨ 'ਤੇ ਚੱਲਦੇ ਹਨ, ਪਰ ਚਲਾਉਂਦੇ ਸਰਮਾਏਦਾਰ ਹੀ ਹਨ। ਉਨ੍ਹਾਂ ਉਤੇ ਸੁਤੰਤਰ ਹੋਣ ਦਾ ਫੱਟਾ ਲਾ ਕੇ ਉਨ੍ਹਾਂ ਨੂੰ ਮਾਨਸਿਕ ਗੁਲਾਮੀ ਵਲ ਧੱਕਿਆ ਜਾ ਰਿਹਾ ਹੈ। ਇਸ ਨਾਲ ਇਹ ਨੁਕਤਾ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕਰ ਰਿਹਾ ਹਾਂ ਕਿ ਅਮਰੀਕਾ ਦੀ ਮਾਂ-ਬੋਲੀ ਅੰਗਰੇਜ਼ੀ ਬਾਹਰੋਂ ਆਈ ਹੈ ਅਤੇ ਅਮਰੀਕਾ ਦੀ ਸਭਿਆਚਾਰਕ ਵੰਨ-ਸਵੰਨਤਾ ਵਿਚ ਵੀ ਬਾਹਰਲਿਆਂ ਦਾ ਹੀ ਬੋਲਬਾਲਾ ਹੈ। ਇਹੋ ਜਿਹਾ ਮਾਹੌਲ ਸਿੱਖ ਧਰਮ ਦੀਆਂ ਸਿੱਖਿਆਵਾਂ ਦੇ ਪਾਸਾਰ ਵਾਸਤੇ ਸੁਖਾਵਾਂ ਅਤੇ ਸਹਿਯੋਗੀ ਹੈ। ਇਸ ਪਾਸੇ ਸੋਚਣ ਅਤੇ ਇਸ ਨੂੰ ਵਰਤਣ ਦੀ ਥਾਂ ਸਿੱਖ, ਅਮਰੀਕਾ ਵਲੋਂ ਵਰਤੇ ਜਾਣ ਦੇ ਰਾਹ ਪੈ ਗਏ ਹਨ। ਸਿੱਖਾਂ ਵਲੋਂ ਕੀਤੀ ਜਾ ਰਹੀ ਸਿਆਸਤ ਨੇ ਸੰਵਾਰਿਆ ਘੱਟ ਹੈ ਅਤੇ ਵਿਗਾੜਿਆ ਬਹੁਤਾ ਹੈ। ਇਹੋ ਜਿਹੀ ਚਰਚਾ, ਯੋਗੀ ਜੀ ਕੋਲ ਆਉਣ ਵਾਲੇ ਸਿੱਖਾਂ ਨਾਲ ਆਮ ਚੱਲਦੀ ਰਹਿੰਦੀ ਸੀ।

ਇਹ ਵੀ ਗੱਲ ਚੱਲੀ ਸੀ ਕਿ ਸਿੱਖਾਂ ਨੂੰ ਯੂ.ਐਨ.ਓ. ਦੀ ਤਰਜ਼ 'ਤੇ ਯੂ.ਐਮ.ਸੀ. (United Minority Communities) ਸ਼ੁਰੂ ਕਰਨੀ ਚਾਹੀਦੀ ਹੈ। ਇਸ ਵਾਸਤੇ ਯੋਗੀ ਜੀ ਨੇ ਮੋਢਾ ਲਾਉਣ ਦੀ ਹਾਮੀ ਵੀ ਭਰ ਦਿੱਤੀ ਸੀ, ਪਰ ਇਸ ਨੂੰ ਸਹਿਯੋਗ ਦੇਣ ਦੀ ਥਾਂ ਇਸ ਨੂੰ ਜੰਮਣ ਤੋਂ ਪਹਿਲਾਂ ਹੀ ਮਾਰ ਦਿੱਤਾ ਗਿਆ। ਇਹ ਗੱਲ ਵੀ ਚੱਲੀ ਸੀ ਕਿ ਅਮਰੀਕਾ ਵਿਚ ਸਥਾਪਤ ਸਿੱਖ ਜਿਨ੍ਹਾਂ ਦੀ ਗਿਣਤੀ ਇਕ ਦਰਜਨ ਤੋਂ ਵੱਧ ਨਹੀਂ ਹੈ, ਜੇ ਇਕੱਠੇ ਹੋ ਜਾਣ ਤਾਂ ਵੱਡੇ ਪ੍ਰੈਸ਼ਰ-ਗਰੁੱਪ ਦੀ ਨੀਂਹ ਟਿਕ ਸਕਦੀ ਹੈ। ਇਸ ਬਾਰੇ ਕਿਸੇ ਨੇ ਹੁੰਗਾਰਾ ਹੀ ਨਹੀਂ ਭਰਿਆ ਸੀ। ਯੋਗੀ ਜੀ ਨੂੰ ਅਖੀਰਲੇ ਦੋ ਸਾਲ ਬਿਸਤਰੇ ਵਿਚ ਹੀ ਲੰਘਾਉਣੇ ਪਏ ਸਨ ਅਤੇ ਉਨ੍ਹਾਂ ਦੀ ਮਿਜਾਜ਼ਪੁਰਸ਼ੀ ਲਈ ਅਕਸਰ ਸਿੱਖ ਆਉਂਦੇ ਰਹਿੰਦੇ ਸਨ। ਸ. ਦੀਦਾਰ ਸਿੰਘ ਬੈਂਸ ਨਾਲ ਇਹ ਗੱਲ ਚੱਲ ਰਹੀ ਸੀ ਕਿ ਕੁਝ ਪੰਥ ਲਈ ਕਰ ਚਲੀਏ, ਕਿਉਂਕਿ ਦੂਜੀ ਪੀੜ੍ਹੀ ਵਿਚ ਪੰਥਕ ਜਜ਼ਬੇ ਉਤੇ ਵਿਉਪਾਰੀ ਜਜ਼ਬਾ ਭਾਰੂ ਹੁੰਦਾ ਜਾ ਰਿਹਾ ਹੈ। ਇਸ ਗੱਲ 'ਤੇ ਸਹਿਮਤੀ ਬਣਦੀ ਸੀ ਕਿ ਐਡਵਾਂਸਡ ਇੰਸਟੀਚਿਊਟ ਆਫ ਸਿੱਖਇਜ਼ਮ ਸਥਾਪਤ ਕੀਤਾ ਜਾਵੇ। ਜ਼ਮੀਨ ਦੇਣ ਦੀ ਹਾਮੀ ਬੈਂਸ ਨੇ ਭਰ ਲਈ ਸੀ। ਯੋਗੀ ਜੀ ਨੇ ਮੁਢਲੀ ਰਾਸ਼ੀ 'ਚ ਤਕੜਾ ਹਿੱਸਾ ਪਾਉਣ ਦੀ ਹਾਮੀ ਵੀ ਭਰ ਦਿੱਤੀ। ਬਾਕੀ ਸਥਾਪਤ ਸਿੱਖਾਂ ਨੂੰ ਨਾਲ ਲੈਣ ਤੇ ਆ ਕੇ ਗੱਲ ਅਜਿਹੀ ਰੁਕੀ ਕਿ ਮੁੜ ਕੇ ਚੱਲੀ ਹੀ ਨਹੀਂ। ਇਸ ਤਰ੍ਹਾਂ ਦੀ ਪਰਸਪਰ ਬੇਇਤਬਾਰੀ ਦੀਆਂ ਬਹੁਤ ਸਾਰੀਆਂ ਵਾਰਦਾਤਾਂ ਦਾ ਮੈਂ ਗਵਾਹ ਹਾਂ ਤੇ ਯਕੀਨ ਨਾਲ ਕਹਿ ਸਕਦਾਂ ਕਿ ਸਿੱਖ ਅਮੀਰ ਵਿਰਾਸਤ ਦੇ ਗਰੀਬ ਵਾਰਸ ਹਨ।

ਮੇਰੇ ਰੁਝੇਵੇਂ ਕਮਾਲ ਦੇ ਸਨ, ਕਿਉਂਕਿ ਜਿਸ ਕੰਮ ਵਾਸਤੇ ਮੈਨੂੰ ਨਿਯੁਕਤ ਕੀਤਾ ਗਿਆ ਸੀ, ਉਸ ਉਤੇ ਮੇਰਾ ਘੱਟ ਸਮਾਂ ਗੁਜ਼ਰਦਾ ਸੀ। ਘੰਟੇ-ਘੰਟੇ ਦੀਆਂ ਦੋ ਕਲਾਸਾਂ ਹੁੰਦੀਆਂ ਸਨ। ਤਿੰਨ ਤੋਂ ਚਾਰ ਘੰਟੇ ਮੇਰੇ ਯੋਗੀ ਜੀ ਨਾਲ ਗੁਜ਼ਰਦੇ ਸਨ। ਇਕ ਤੋਂ ਦੋ ਘੰਟੇ ਟੈਲੀਫੋਨ 'ਤੇ ਰਹਿਣਾ ਪੈਂਦਾ ਸੀ। ਆਏ ਗਏ ਪੰਜਾਬੀਆਂ ਦੀ ਪ੍ਰਾਹੁਣਾਚਾਰੀ ਦੀ ਜ਼ਿੰਮੇਵਾਰੀ ਵੀ ਮੇਰੀ ਹੀ ਸੀ। ਲਿਖਣ ਪੜ੍ਹਨ ਦੀ ਪੱਕੀ ਹੋਈ ਆਦਤ ਨਾਲ ਵੀ ਨਿਭਣਾ ਪੈਂਦਾ ਸੀ। ਕੁਲ ਮਿਲਾ ਕੇ ਹਾਲਤ ਇਹ ਸੀ ਕਿ ਸਿੱਖਾਂ ਨਾਲ ਸਬੰਧਤ ਘਟਨਾ ਕਿਤੇ ਵੀ ਵਾਪਰੇ, ਉਸ ਵਾਸਤੇ ਸਜ਼ਾ ਸਭ ਤੋਂ ਪਹਿਲਾਂ ਮੈਨੂੰ ਹੀ ਭੁਗਤਣੀ ਪੈਂਦੀ ਸੀ। ਮੈਨੂੰ ਲੱਗਣ ਲੱਗ ਪਿਆ ਸੀ ਕਿ ਬਾਰਾਂ ਮਿਸਲਾਂ ਦੇ ਹੋਂਦ ਵਿਚ ਆਉਣ ਦੀ ਗੱਲ ਤਾਂ ਸਮਝ ਆਉਂਦੀ ਹੈ, ਪਰ ਅਮਰੀਕਾ ਵਿਚ ਤਾਂ ਮਿਸਲਾਂ ਹੀ ਮਿਸਲਾਂ ਪੈਦਾ ਹੋਈਆਂ ਪਈਆਂ ਹਨ। ਰੜੇ ਮੈਦਾਨ ਪੈਦਾ ਹੋ ਗਈਆਂ ਮਿਸਲਦਾਰੀਆਂ ਨੇ ਸਿੱਖ ਸਭਿਆਚਾਰ ਦਾ ਮੁਹਾਂਦਰਾ ਉਘੜਨ ਹੀ ਨਹੀਂ ਦਿੱਤਾ। ਇਸ ਸਥਿਤੀ ਨੂੰ ਇਕ ਹੱਡਬੀਤੀ ਨਾਲ ਸਮਝਿਆ ਜਾ ਸਕਦਾ ਹੈ। ਇਕ ਅਜਿਹੇ ਰਾਤਰੀ-ਭੋਜ ਜਿਥੇ ਸ਼ਰਾਬ ਅਤੇ ਮਾਸ ਦਾ ਬੋਲਬਾਲਾ ਸੀ, ਇਕ ਆਦਮੀ ਵਾਰ-ਵਾਰ ਇਹੀ ਦੁਹਰਾ ਰਿਹਾ ਸੀ, "ਲਕਸ਼ਮੀ ਕਾਂਤਾ ਚਾਵਲਾ ਦਾ ਕੀ ਕਰ ਰਹੇ ਹੋ, ਕਿਉਂਕਿ ਉਸ ਨੇ ਵਿਧਾਨ ਸਭਾ ਦੀ ਸਹੁੰ ਹਿੰਦੀ ਵਿਚ ਚੁੱਕੀ ਸੀ?"

ਅਕਸਰ ਇਹੋ ਜਿਹੀਆਂ ਮਹਿਫਲਨੁਮਾ ਮੀਟਿੰਗਾਂ ਵਿਚ ਪੰਜਾਬ ਤੋਂ ਆਏ ਮਹਿਮਾਨਾਂ ਨੂੰ ਇਹ ਅਹਿਸਾਸ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਭਾਰਤ ਵਿਚ ਰਹਿੰਦੇ ਸਿੱਖ, ਗੁਲਾਮੀ ਦੀ ਜ਼ਿੰਦਗੀ ਜਿਉ ਰਹੇ ਹਨ। ਅਧਖੜ੍ਹ ਉਮਰ ਦਾ ਇਕ ਸਿੱਖ ਬੜੇ ਯਕੀਨ ਨਾਲ ਮੈਨੂੰ ਕਹਿ ਰਿਹਾ ਸੀ ਕਿ ਸਾਨੂੰ ਪਤਾ ਹੈ ਕਿ ਪ੍ਰੋਫੈਸਰੀਆਂ ਭਾਰਤ ਵਿਚ ਕਿਵੇਂ ਮਿਲਦੀਆਂ ਹਨ? ਇਸ ਦੇ ਬਾਵਜੂਦ ਸਿੱਖ ਭਾਈਚਾਰੇ ਨੇ ਆਪਣੀ ਸਭਿਆਚਾਰਕ ਪਛਾਣ ਨੂੰ ਕਾਇਮ ਰੱਖਿਆ ਹੋਇਆ ਹੈ ਅਤੇ ਉਸੇ ਦੇ ਹਵਾਲੇ ਨਾਲ ਗੱਲ ਕੀਤੀ ਜਾ ਰਹੀ ਹੈ। ਮੇਰੇ ਇਨ੍ਹਾਂ ਨਾਂਹ-ਪੱਖੀ ਹਵਾਲਿਆਂ ਨਾਲ ਇਹ ਨੁਕਤਾ ਉਭਾਰਨ ਦੀ ਕੋਸ਼ਿਸ਼ ਕਰ ਰਿਹਾ ਹਾਂ ਕਿ ਡਾਇਸਪੋਰਾ ਦੇ ਅੰਗਰੇਜ਼ੀ ਹਵਾਲਿਆਂ ਨਾਲ ਡਾਇਸਪੋਰਿਕ ਸਿਧਾਂਤਕੀ ਤਾਂ ਸਾਹਮਣੇ ਲਿਆਂਦੀ ਜਾ ਸਕਦੀ ਹੈ, ਪਰ ਇਸ ਨਾਲ ਸਿੱਖ/ਪੰਜਾਬੀ ਪਰਵਾਸ ਨੂੰ ਨਹੀਂ ਸਮਝਿਆ ਜਾ ਸਕਦਾ। ਕਾਰਨ ਇਹ ਹੈ ਕਿ ਡਾਇਸਪੋਰਾ, ਯਹੂਦੀਆਂ ਦੇ ਜਬਰੀ ਉਜਾੜੇ ਨਾਲ ਸਬੰਧਤ ਸਿਧਾਂਤਕੀ ਹੈ, ਜਦੋਂ ਕਿ ਸਿੱਖਾਂ/ਪੰਜਾਬੀਆਂ ਵਿਚੋਂ ਕਿਸੇ ਨੂੰ ਵੀ ਜਬਰੀ ਉਜਾੜੇ ਦਾ ਸ਼ਿਕਾਰ ਨਹੀਂ ਹੋਣਾ ਪਿਆ? ਤਾਂ ਫਿਰ ਯਹੂਦੀਆਂ ਦੇ ਉਜਾੜੇ ਨੂੰ ਲੈ ਕੇ ਘੜਿਆ ਗਿਆ ਸ਼ਬਦ ਡਾਇਸਪੋਰਾ ਸਿੱਖਾਂ/ਪੰਜਾਬੀਆਂ ਦੀ ਇੱਛਤ ਹਿਜਰਤ ਨਾਲ ਨਿਆਂ ਕਿਵੇਂ ਕਰੇਗਾ?

ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਵਰਤਮਾਨ ਅਮਰੀਕਾ ਪਰਵਾਸੀਆਂ ਦਾ ਦੇਸ਼ ਹੀ ਹੈ। ਮੂਲ-ਅਮਰੀਕਾ ਦੀ ਮੂਲ-ਭਾਸ਼ਾ ਵਾਲੇ ਮੂਲ-ਸਭਿਆਚਾਰ ਨੂੰ ਪਰਵਾਸੀ ਅਮਰੀਕੀਆਂ ਨੇ ਆਰਕਾਈਵਲ ਬਣਾ ਦਿੱਤਾ ਹੈ। ਮੂਲ ਅਮਰੀਕੀਆਂ ਦੀ ਆਦਿਵਾਸੀ ਘੱਟ ਗਿਣਤੀ ਕੋਲ ਦੁਨੀਆਂ ਨੂੰ ਵਿਖਾਉਣ ਵਾਸਤੇ ਅਧਿਕਾਰ ਤਾਂ ਹਨ, ਪਰ ਵਿਕਾਸ ਕਰ ਸਕਣ ਵਾਸਤੇ ਸਪੇਸ ਨਹੀਂ ਹੈ। ਮਿਸਾਲ ਦੇ ਤੌਰ 'ਤੇ ਲੋਕਲਾਂ ਦੇ ਇਲਾਕੇ ਨਾਲ ਲਗਦੇ ਸਕੂਲ ਵਿਚ ਦਾਖਲ ਹੋਏ ਇਕ ਹੁੰਦੜਹੇਲ ਪੰਜਾਬੀ ਮੁੰਡੇ ਦਾ ਲੋਕਲ ਹਮਜਮਾਤੀਆਂ ਨਾਲ ਇਸ ਕਰ ਕੇ ਪੰਗਾ ਪੈ ਗਿਆ ਸੀ ਕਿ ਉਹ ਉਨ੍ਹਾਂ ਨੂੰ ਰੜਕਣ ਲੱਗ ਪਿਆ ਸੀ। ਪੰਜਾਬੀ ਮੁੰਡਾ ਜੋ ਸਰੀਰੋਂ ਤਕੜਾ ਸੀ ਅਤੇ ਨਵਾਂ-ਨਵਾਂ ਪੰਜਾਬੋਂ ਗਿਆ ਸੀ, ਪਹਿਲਾਂ ਡਰਿਆ, ਪਰ ਖਹਿੜਾ ਨਾ ਛੁਟਦਾ ਵੇਖ ਜੋ ਉਸ ਦੇ ਹੱਥ ਆਇਆ, ਉਸ ਨੂੰ ਕੁਟਾਪਾ ਚਾੜ੍ਹ ਦਿੱਤਾ। ਲੋਕਲਾਂ ਨੇ ਉਸ ਨੂੰ ਆਪਣੇ ਵਰਗਾ ਸਮਝ ਕੇ ਦੋਸਤੀ ਦਾ ਹੱਥ ਵਧਾ ਦਿਤਾ। ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਪੰਜਾਬ ਵਿਚ ਸੁੱਖਾ ਆਮ ਹੀ ਹੁੰਦਾ ਹੈ ਤਾਂ ਉਹ ਪੰਜਾਬ ਜਾਣ ਲਈ ਤਰਸਦੇ ਰਹੇ ਸਨ। ਦੋਸਤੀ ਵਿਚ ਉਨ੍ਹਾਂ ਨੇ ਪੰਜਾਬੀ ਮੁੰਡੇ ਨੂੰ ਵੀ ਪੜ੍ਹਨ ਵਾਲੇ ਰਾਹ ਨਹੀਂ ਤੁਰਨ ਦਿੱਤਾ ਸੀ। ਪੰਜਾਬੀ ਸਭਿਆਚਾਰ ਨੂੰ ਇਹੋ ਜਿਹੀਆਂ ਘੁੰਮਣਘੇਰੀਆਂ ਵਿਚੋਂ ਡੁੱਬ ਕੇ ਲੰਘਣਾ ਪੈ ਰਿਹਾ ਹੈ। ਇਸ ਕਰ ਕੇ ਪੰਜਾਬੀ ਸਭਿਆਚਾਰ ਦਾ ਲਿਸ਼ਕਿਆ ਪੁਸ਼ਕਿਆ ਬਿਰਤਾਂਤ ਸਾਹਮਣੇ ਲਿਆਉਣਾ ਸੌਖਾ ਨਹੀਂ ਹੈ। ਇਸ ਧਾਰਨਾ ਨੂੰ ਪੁਸ਼ਟ ਕਰਦੇ ਹਵਾਲੇ ਪਰਵਾਸੀ ਪੰਜਾਬੀ ਨਾਵਲਾਂ ਅਤੇ ਕਹਾਣੀਆਂ ਵਿਚੋਂ ਵੀ ਮਿਲ ਜਾਂਦੇ ਹਨ, ਪਰ ਇਸ ਪਾਸੇ ਨਿੱਠ ਕੇ ਕੰਮ ਅਜੇ ਤੱਕ ਹੋਇਆ ਨਜ਼ਰ ਨਹੀਂ ਆਉਂਦਾ।

ਪੰਜਾਬੀ ਸਭਿਆਚਾਰ ਨੂੰ ਸਿਆਸੀ ਅਪਹਰਣ ਦੀ ਸਥਿਤੀ ਵਿਚੋਂ ਕੱਢ ਕੇ ਸੰਭਾਲਣ ਦੀ ਲਹਿਰ ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ ਚਲਾਈ ਜਾਵੇ ਤਾਂ ਅਮਰੀਕਾ ਦੇ ਹਾਸ਼ੀਆਗ੍ਰਸਤ ਮੂਲ-ਸਭਿਆਚਾਰਾਂ ਨੂੰ ਮੁਕਤੀ ਅੰਦੋਲਨਾਂ ਵਾਸਤੇ ਲਾਮਬੰਦ ਕੀਤਾ ਜਾ ਸਕਦਾ ਹੈ। ਇਹ ਸੰਭਾਵਨਾ ਯੋਗੀ ਜੀ ਨੇ ਅਮਰੀਕਨ ਸਿੰਘਾਂ ਦੁਆਰਾ ਸਾਹਮਣੇ ਲੈ ਆਂਦੀ ਹੈ ਅਤੇ ਇਸ ਨੂੰ ਅੱਗੇ ਤੋਰਿਆ ਜਾ ਸਕਦਾ ਹੈ। ਇਹ ਮਹਿਮਾਨ ਸਭਿਆਚਾਰ ਵਿਚ ਸਭਿਆਚਾਰਕ ਮਹਿਮਾਨ ਬਣ ਕੇ ਕਰਨਾ ਪਵੇਗਾ ਜਾਂ ਕੀਤਾ ਜਾ ਸਕਦਾ ਹੈ। ਗੁਰਬਾਣੀ ਦੀ ਅਗਵਾਈ ਵਿਚ ਵਿਰੋਧੀ ਸਭਿਆਚਾਰਾਂ ਦੇ ਸਹਿਜ-ਸਥਾਪਨ ਦੀਆਂ ਸੰਭਾਵਨਾਵਾਂ ਪ੍ਰਾਪਤ ਹਨ। ਇਹ ਸਹਿਜ-ਸਥਾਪਨ ਮਹਿਮਾਨ ਰਾਸ਼ਟਰਵਾਦ ਨੂੰ ਨਾਲ ਲੈ ਕੇ ਹੀ ਕੀਤਾ ਜਾ ਸਕਦਾ ਹੈ, ਕਿਉਂਕਿ ਧਾਰਮਿਕ ਰਾਸ਼ਟਰਵਾਦ ਦੀਆਂ ਜੋ ਪਰਤਾਂ ਸਾਮੀ ਧਰਮਾਂ ਨੇ ਸਾਹਮਣੇ ਲਿਆਂਦੀਆਂ ਹਨ, ਉਨ੍ਹਾਂ ਵਿਚੋਂ ਸਿਆਸਤ ਮਨਫੀ ਕਰ ਕੇ ਨੈਤਿਕਤਾ ਨੂੰ ਸਾਹਮਣੇ ਲਿਆਉਣ ਵਾਸਤੇ ਸ਼ਬਦ-ਗੁਰੂ ਦੇ ਬੰਦਾਮੁਕਤ ਸਿੱਖ ਸਿਧਾਂਤ ਦੇ ਅਲਿੰਗਨਕਾਰੀ ਸਰੋਕਾਰਾਂ ਨੂੰ ਕ੍ਰਿਆਸ਼ੀਲ ਕਰਨਾ ਪਵੇਗਾ। ਇਸ ਵਾਸਤੇ ਵਰਤਮਾਨ ਅਮਰੀਕਾ ਅਤੇ ਮੂਲ ਅਮਰੀਕਾ ਦੋਹਾਂ ਨੂੰ ਆਪਣੇ ਆਪਣੇ ਪ੍ਰਸੰਗ ਵਿਚ ਸਮਝਣਾ ਪਵੇਗਾ। ਮੂਲ ਅਮਰੀਕਾ ਨੂੰ ਨਾਲ ਲੈ ਕੇ ਯੋਗੀ ਜੀ ਨੇ ਐਸ.ਡੀ.ਆਈ. ਦੀ ਨੀਂਹ ਰੱਖੀ ਸੀ। ਉਨ੍ਹਾਂ ਮੈਨੂੰ ਇਸ ਵਰਤਾਰੇ ਨਾਲ ਜਾਣੂ ਕਰਵਾਉਣ ਵਾਸਤੇ ਤਿੰਨ ਅਮਰੀਕਨ ਸਿੰਘਾਂ ਦੀ ਜ਼ਿੰਮੇਵਾਰੀ ਲਾਈ ਸੀ ਕਿ ਹਰ ਸ਼ੁਕਰਵਾਰ ਅਮਰੀਕਾ ਦੀ ਆਜ਼ਾਦੀ ਦੀ ਜੰਗ ਨਾਲ ਸਬੰਧਤ ਫਿਲਮਾਂ ਮੈਨੂੰ ਨਾਲ ਬਿਠਾ ਕੇ ਵਿਖਾਈਆਂ ਜਾਣ। ਫਿਲਮਾਂ ਇਹ ਅਹਿਸਾਸ ਪੈਦਾ ਕਰਦੀਆਂ ਸਨ ਕਿ ਕਹੀਆਂ, ਕੁਹਾੜੀਆਂ ਅਤੇ ਗੈਂਤੀਆਂ ਨਾਲ ਲੜ ਕੇ ਆਜ਼ਾਦੀ ਲੈਣ ਵਾਲੇ ਰਾਸ਼ਟਰਵਾਦੀ ਜਜ਼ਬੇ ਦੇ ਵਾਰਸ ਹੋਰ ਅਮਰੀਕਨ ਸਨ ਅਤੇ ਆਜ਼ਾਦੀ 'ਤੇ ਕਾਬਜ਼ ਰਾਸ਼ਟਰਵਾਦੀ ਮਾਲਕ ਹੋਰ ਅਮਰੀਕਨ ਹਨ। ਹਮਲਾ ਕਰਨ ਵਾਲੇ ਜੇ ਜਿੱਤੀ ਹੋਈ ਧਰਤੀ ਦੇ ਬਸ਼ਿੰਦੇ ਬਣ ਜਾਣ, ਤਾਂ ਇਸ ਤਰ੍ਹਾਂ ਦੀਆਂ ਅਣਹੋਣੀਆਂ ਵਾਪਰ ਹੀ ਜਾਂਦੀਆਂ ਹਨ। ਅਮਰੀਕਨਾਂ ਦੀਆਂ ਆਜ਼ਾਦੀ ਵਾਸਤੇ ਕੀਤੀਆਂ ਕੁਰਬਾਨੀਆਂ ਨੂੰ ਵੇਖ ਕੇ ਸਿੱਖਾਂ ਵਲੋਂ ਕੀਤੀਆਂ ਕੁਰਬਾਨੀਆਂ ਦੀ ਪੜ੍ਹਤ-ਯਾਦ ਤਾਜ਼ਾ ਹੋ ਜਾਂਦੀ ਰਹੀ ਹੈ। ਸਿੱਖਾਂ ਦੀ ਅਮਰੀਕਨਾਂ ਨਾਲ ਸਾਂਝ ਸਿੱਖੀ ਰਾਹੀਂ ਬਣ ਸਕਦੀ ਹੈ, ਪਰ ਇਸ ਦੀ ਸ਼ੁਰੂਆਤ ਮੂਲ ਅਮਰੀਕਨਾਂ ਤੋਂ ਕਰਨੀ ਪਵੇਗੀ। ਅਜਿਹਾ ਸੋਚ ਸਮਝ ਕੇ ਅਤੇ ਲਹਿਰ ਚਲਾ ਕੇ ਕੀਤਾ ਜਾ ਸਕਦਾ ਹੈ। ਇਹ ਰਾਹ ਅਜੇ ਤੱਕ ਬੰਦ ਪਿਆ ਹੈ।



ਦੀਦਾਰ ਸਿੰਘ ਬੈਂਸ

ਜਿਹੜੇ ਪੈਂਤੜੇ ਅੰਗਰੇਜ਼ੀ ਹਕੂਮਤ ਨੇ ਸਿੱਖਾਂ ਵਿਰੁਧ ਲਏ ਸਨ, ਉਹ ਕਿਸੇ ਨਾ ਕਿਸੇ ਰੂਪ ਵਿਚ ਅਮਰੀਕਾ ਵਿਚ ਅੱਜ ਵੀ ਚੱਲ ਰਹੇ ਹਨ। ਇਸ ਸਥਿਤੀ ਨੂੰ ਅਕਾਦਮਿਕ ਦ੍ਰਿਸ਼ਟੀ ਤੋਂ ਅਰਵਿੰਦਪਾਲ. ਐਸ. ਮੰਡੇਰ ਨੇ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕਰਦਿਆਂ ਸ਼ੁਰੂਆਤ ਹੀ ਇਥੋਂ ਕੀਤੀ ਹੈ ਕਿ ਸਿੱਖਾਂ ਉਤੇ ਵਿਗੜਿਆ ਹੋਇਆ ਭਾਈਚਾਰਾ (rouge community) ਹੋਣ ਦਾ ਲੇਬਲ ਚਿਪਕਾ ਦਿੱਤਾ ਗਿਆ ਹੈ। ਇਸ ਵਿਚ ਸਟੇਟ, ਮੀਡੀਆ ਅਤੇ ਅਕੈਡਮੀਆਂ ਨੇ ਅਹਿਮ ਭੂਮਿਕਾ ਨਿਭਾਈ ਹੈ।* ਇਸ ਵਿਚੋਂ ਬਚ ਕੇ ਨਿਕਲਣ ਦੀਆਂ ਸੰਭਾਵਨਾਵਾਂ ਇਸ ਲਈ ਮੱਧਮ ਰਹੀਆਂ ਹਨ, ਕਿਉਂਕਿ ਵਿਦੇਸ਼ੀਂ ਵੱਸਦਾ ਸਿੱਖ ਭਾਈਚਾਰਾ ਨਾ ਸਿੱਖਿਅਤ ਤੇ ਚੇਤੰਨ ਹੈ ਅਤੇ ਨਾ ਹੀ ਸੰਗਠਿਤ। ਪੰਜਾਬੀ ਤਾਂ ਆਪਣੀ ਕਿਰਤ ਕਮਾਈ ਡਰਾਈਵਰੀ ਤੋਂ ਸ਼ੁਰੂ ਕਰ ਕੇ ਡਰਾਈਵਰੀ 'ਤੇ ਖਤਮ ਕਰਨ ਕਰ ਕੇ ਭਾਰਤੀ ਭਾਈਚਾਰੇ ਨਾਲੋਂ ਵੀ ਪਿੱਛੇ ਹਨ। ਇਸ ਕਰ ਕੇ ਪਰਵਾਸੀ ਪ੍ਰਸੰਗ ਵਿਚ ਚਿਪਕਾਏ ਗਏ ਦੋਸ਼ਾਂ ਨੂੰ ਚਿਪਕਾਉਣ ਵਾਲਿਆਂ ਦੀ ਨਿਸ਼ਾਨਦੇਹੀ ਕਰਨ ਦੀ ਥਾਂ ਆਪਣਿਆਂ ਨਾਲ ਲੜਦੇ ਆ ਰਹੇ ਹਾਂ। ਚੋਰਾਂ ਵਾਂਗ ਅਮਰੀਕਾ ਵਿਚ ਘੁਸਣ ਵਾਲਿਆਂ ਵਿਚ ਵੀ ਸਾਡੀ ਹੀ ਝੰਡੀ ਹੈ।

ਅਮਰੀਕਾ ਵਿਚ ਪੰਜਾਬੀ ਭਾਈਚਾਰੇ ਦੀ ਪਹਿਲੀ ਪੀੜ੍ਹੀ ਪੰਜਾਬੀ ਬੋਲਦੀ ਤਾਂ ਸੀ ਪਰ ਪੰਜਾਬੀ ਜਾਣਦੀ ਨਹੀਂ ਸੀ। ਇਸ ਦਾ ਨਤੀਜਾ ਇਹ ਨਿਕਲਿਆ ਕਿ ਉਥੇ ਪੈਦਾ ਹੋਈ ਨਵੀਂ ਪੀੜ੍ਹੀ ਨੂੰ ਪੰਜਾਬੀ ਦੇ ਨੇੜੇ ਆਉਣ ਦਾ ਮੌਕਾ ਹੀ ਨਹੀਂ ਮਿਲਿਆ। ਅਸੀਂ ਤਾਂ ਪੰਜਾਬ ਵਿਚ ਬੱਚਿਆਂ ਨੂੰ ਪੰਜਾਬੀ ਪੜ੍ਹਾਉਣਾ ਨਹੀਂ ਚਾਹੁੰਦੇ ਅਤੇ ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ ਵਿਚ ਬੱਚੇ ਪੜ੍ਹਾਉਣ ਨੂੰ ਪਹਿਲ ਦਿੰਦੇ ਹਾਂ। ਇਹੋ ਜਿਹੀ ਮਾਨਸਿਕਤਾ ਵਾਲੇ ਭਾਈਚਾਰੇ ਤੋਂ ਅਮਰੀਕਾ ਵਰਗੇ ਦੇਸ਼ ਵਿਚ ਰਹਿੰਦਿਆਂ ਕੀ ਆਸ ਕੀਤੀ ਜਾ ਸਕਦੀ ਹੈ? ਇਸ ਨਾਲ ਇਹ ਸੰਕਟ ਤੇਜ਼ੀ ਨਾਲ ਪੈਦਾ ਹੁੰਦਾ ਜਾ ਰਿਹਾ ਹੈ ਕਿ ਜੋ ਪੰਜਾਬੀ ਬੋਲੀ ਨਾਲੋਂ ਟੁੱਟੇਗਾ, ਉਹ ਬਾਣੀ ਨਾਲੋਂ ਟੁੱਟਣ ਵਾਲੇ ਰਾਹ ਪੈ ਜਾਏਗਾ, ਤੇ ਬਾਣੀ ਨਾਲੋਂ ਟੁੱਟ ਕੇ ਜਿਹੋ ਜਿਹੇ ਸਿੱਖ ਹੋਇਆ ਜਾ ਸਕਦਾ ਹੈ, ਉਸ ਦੀ ਕਲਪਨਾ ਕਰਦਿਆਂ ਵੀ ਡਰ ਲੱਗਦਾ ਹੈ।

ਪਰਵਾਸ ਵਿਚ ਉਸਰ ਰਹੇ ਸਭਿਆਚਾਰਕ ਬਿਰਤਾਂਤ ਨੂੰ ਅਜਿਹੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਸ ਵਿਚੋਂ ਸੁਜੱਗਤਾ ਨਾਲ ਹੀ ਸਾਬਤ ਸਬੂਤ ਲੰਘਿਆ ਜਾ ਸਕਦਾ ਹੈ। ਮਿਸਾਲ ਦੇ ਤੌਰ 'ਤੇ ਅਮਰੀਕਾ ਵਿਚ ਕਿਸੇ ਵੀ ਕੌਮੀਅਤ ਦਾ ਝੰਡਾ ਅਮਰੀਕਾ ਦੇ ਝੰਡੇ ਨਾਲੋਂ ਉਚਾ ਨਹੀਂ ਲਾਇਆ ਜਾ ਸਕਦਾ। ਅਮਰੀਕਨ ਸਿੰਘਾਂ ਨੇ ਇਸ ਦਾ ਹੱਲ ਇਹ ਕੱਢ ਲਿਆ ਹੈ ਕਿ ਦੋਵੇਂ ਝੰਡੇ ਬਰਾਬਰ ਲਾ ਲੈਂਦੇ ਹਨ, ਪਰ ਪੰਜਾਬੀਆਂ ਦੇ ਗੁਰਦੁਆਰਿਆਂ ਵਿਚ ਇਹ ਸਮੱਸਿਆ ਬਣੀ ਹੋਈ ਹੈ। ਸਿੱਖ ਭਾਈਚਾਰਾ ਪਰੰਪਰਾ ਅਤੇ ਇਤਿਹਾਸ ਦੀਆਂ ਮਹੀਨ ਪਰਤਾਂ ਨੂੰ ਸਿੱਖ-ਯਾਦ ਵਜੋਂ ਸੰਭਾਲੀ ਬੈਠਾ ਹੈ। ਇਸ ਦੀ ਪੈਰਵਾਈ ਕਰਨ ਦਾ ਚਾਅ ਤਾਂ ਹੈ ਅਤੇ ਇਸ ਦਾ ਪ੍ਰਗਟਾਵਾ ਗੁਰਦੁਆਰਾ ਸੰਸਥਾ ਰਾਹੀਂ ਹੋ ਵੀ ਰਿਹਾ ਹੈ। ਇਸ ਦਾ ਉਸਾਰ ਕਰਨ ਦੀ ਵੰਗਾਰ ਨਾਲ ਨਜਿਠਣ ਦੀ ਕਲਾ ਅਜੇ ਕਿਧਰੇ ਨਜ਼ਰ ਨਹੀਂ ਆਉਂਦੀ।

ਇਸ ਦੀ ਵਿਆਖਿਆ ਵਾਸਤੇ ਲੋੜੀਂਦੀ ਸੁਜੱਗਤਾ ਵਾਲੇ ਰਾਹ ਅਜੇ ਤੁਰਨਾ ਹੈ। ਇਸ ਸਾਰੇ ਕੁਝ ਦਾ ਵੱਡਾ ਕਾਰਨ ਮੈਨੂੰ ਸਿਆਸਤ ਨਾਲ ਸੰਤੁਸ਼ਟ ਹੋ ਜਾਣਾ ਲੱਗਦਾ ਹੈ। ਸ਼ਾਇਦ ਇਸੇ ਕਰ ਕੇ ਸਿੱਖ ਭਾਈਚਾਰਾ ਆਪਣੀ ਹਰ ਲੋੜ ਦੀ ਸਿਆਸਤ ਕਰਨ ਵਾਲੇ ਰਾਹ ਪੈ ਗਿਆ ਲੱਗਦਾ ਹੈ। ਸਿਆਸਤ ਨੇ ਹੀ ਸਿੱਖ ਭਾਈਚਾਰੇ ਦੇ ਇਕ ਵਰਗ ਨੂੰ ਬਖਸ਼ੀ ਹੋਈ ਵਿਰਾਸਤੀ ਪ੍ਰਭੂਸੱਤਾ (ਖਾਲਸਾ ਅਕਾਲ ਪੁਰਖ ਕੀ ਫੌਜ) ਨੂੰ ਭੂਗੋਲਿਕ ਪ੍ਰਭੂਸੱਤਾ ਵਿਚ ਢਾਲਣ ਵਾਲੇ ਰਾਹ ਤੋਰ ਲਿਆ ਹੈ। ਭੂਗੋਲਿਕਤਾ ਨੂੰ ਹਕੂਮਤੀ ਪ੍ਰਬੰਧਨ ਦੀ ਲੋੜ ਪੈਂਦੀ ਹੈ ਅਤੇ ਹਕੂਮਤੀ ਪ੍ਰਬੰਧਨ ਨੂੰ ਲੈ ਕੇ ਦੁਨੀਆਂ ਭਰ ਦੀ ਸਿਆਸਤ ਬਲਾਕਾਂ ਵਿਚ ਵੰਡੀ ਹੋਈ ਹੈ। ਸਿੱਖ ਭਾਈਚਾਰਾ ਆਲਮੀ ਸੱਤਾ ਸੰਘਰਸ਼ ਦਾ ਖਾਜਾ ਤਾਂ ਬਣ ਸਕਦਾ ਹੈ, ਭਾਈਵਾਲ ਨਹੀਂ ਬਣ ਸਕਦਾ। ਇਸ ਨੂੰ ਧਿਆਨ ਵਿਚ ਰੱਖ ਕੇ ਸਭਿਆਚਾਰਾਂ ਦੇ ਭੇੜ ਵਿਚੋਂ ਸਾਬਤ ਸਬੂਤ ਨਿਕਲਣ ਦਾ ਰਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ ਹੀ ਲੱਭਿਆ ਜਾ ਸਕਦਾ ਹੈ। ਇਸ ਪਾਸੇ ਇਕ ਕਦਮ ਯੋਗੀ ਜੀ ਦੀ ਅਗਵਾਈ ਵਿਚ ਪੁੱਟਿਆ ਜਾ ਚੁੱਕਾ ਹੈ। ਅਗਲਾ ਕਦਮ ਸੋਚ ਸਮਝ ਕੇ ਪੁੱਟਣਾ ਚਾਹੀਦਾ ਹੈ।

# ਤੂੰ ਅਕਥੁ ਕਿਉ ਕਥਿਆ ਜਾਹਿ

## ਗੁਰਬਾਣੀ ਗਿਆਨ

**ਗਉੜੀ ਗੁਆਰੇਰੀ ਮਹਲਾ ੩**

ਤੂੰ ਅਕਥੁ ਕਿਉ ਕਥਿਆ ਜਾਹਿ॥
ਗੁਰ ਸਬਦੁ ਮਾਰਣੁ ਮਨ ਮਾਹਿ ਸਮਾਹਿ॥
ਤੇਰੇ ਗੁਣ ਅਨੇਕ ਕੀਮਤਿ ਨਹ ਪਾਹਿ॥੧॥
ਜਿਸ ਕੀ ਬਾਣੀ ਤਿਸੁ ਮਾਹਿ ਸਮਾਣੀ॥
ਤੇਰੀ ਅਕਥ ਕਥਾ
ਗੁਰ ਸਬਦਿ ਵਖਾਣੀ॥੧॥ਰਹਾਉ॥
ਜਹ ਸਤਿਗੁਰੁ ਤਹ ਸਤਸੰਗਤਿ ਬਣਾਈ॥
ਜਹ ਸਤਿਗੁਰੁ ਸਹਜੇ ਹਰਿ ਗੁਣ ਗਾਈ॥
ਜਹ ਸਤਿਗੁਰੁ
ਤਹਾ ਹਉਮੈ ਸਬਦਿ ਜਲਾਈ॥੨॥
ਗੁਰਮੁਖਿ ਸੇਵਾ ਮਹਲੀ ਥਾਉ ਪਾਏ॥
ਗੁਰਮੁਖਿ ਅੰਤਰਿ ਹਰਿ ਨਾਮੁ ਵਸਾਏ॥
ਗੁਰਮੁਖਿ ਭਗਤਿ ਹਰਿ ਨਾਮਿ ਸਮਾਏ॥੩॥
ਆਪੇ ਦਾਤਿ ਕਰੇ ਦਾਤਾਰੁ॥
ਪੂਰੇ ਸਤਿਗੁਰ ਸਿਉ ਲਗੈ ਪਿਆਰੁ॥
ਨਾਨਕ ਨਾਮਿ ਰਤੇ ਤਿਨ ਕਉ ਜੈਕਾਰੁ॥੪॥

ਸਤਿਗੁਰੂ ਆਖਦੇ ਹਨ, ਹੇ ਮੇਰੇ ਅਕਾਲ ਪੁਰਖ ਪਿਤਾ ਜੀਉ! ਤੂੰ ਕਥਨ ਤੋਂ ਬਹੁਤ ਪਰ੍ਹੇ ਹੈਂ, ਤੇਰੇ ਪਾਵਨ ਸਰੂਪ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ, ਜਿਸ ਮਨੁੱਖ ਕੋਲ ਮਨ ਦੀਆਂ ਬੁਰਾਈਆਂ ਨੂੰ ਮਾਰਨ ਵਾਲਾ ਗੁਰੂ ਦਾ ਸ਼ਬਦ ਹੈ, ਉਸ ਨੇ ਗੁਰੂ ਕ੍ਰਿਪਾ ਨਾਲ ਆਪਣੇ ਮਨ ਨੂੰ ਮਾਰ ਲਿਆ ਹੈ ਅਤੇ ਉਸ ਦੇ ਮਨ ਵਿਚ ਪ੍ਰਭੂ ਜੀ ਤੂੰ ਆਪ ਆ ਕੇ ਵੱਸ ਜਾਂਦਾ ਹੈਂ। ਮਿਹਰਬਾਨ ਪਿਤਾ ਤੇਰੇ ਕੋਲ ਅਨੇਕਾਂ ਗੁਣ ਹਨ, ਸੰਸਾਰ ਦੇ ਜੀਵ ਤੇਰੇ ਗੁਣਾਂ ਦੀ ਕੀਮਤ ਨਹੀਂ ਪਾ ਸਕਦਾ।

ਜਿਸ ਕੀ ਬਾਣੀ ਤਿਸੁ ਮਾਹਿ ਸਮਾਣੀ॥
ਤੇਰੀ ਅਕਥ ਕਥਾ
ਗੁਰ ਸਬਦਿ ਵਖਾਣੀ॥੧॥ਰਹਾਉ॥

ਗੁਰੂ ਅਮਰਦਾਸ ਉਸ ਪਰਮਾਤਮਾ ਪਿਤਾ ਦੀ ਸਿਫਤਿ-ਸਾਲਾਹ ਕਰਦਿਆਂ ਆਖਦੇ ਹਨ- ਹੇ ਅਕਾਲ ਪੁਰਖ ਪ੍ਰਭੂ ਜੀਉ! ਤੇਰੇ ਗੁਣਾਂ ਦੀ ਕਹਾਣੀ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ, ਇਹ ਜਿਸ ਪਰਮੇਸ਼ਰ ਦੀ ਸਿਫਤਿ ਸਾਲਾਹ ਹੈ, ਉਸੇ ਪਰਮੇਸ਼ਰ ਵਿਚ ਹੀ ਸਮਾਈ ਰਹਿੰਦੀ ਹੈ। ਹੇ ਭਾਈ, ਜਿਵੇਂ ਉਹ ਪਰਮੇਸ਼ਰ ਬੇਅੰਤ ਹੈ, ਉਵੇਂ ਹੀ ਉਸ ਮਿਹਰਬਾਨ ਪ੍ਰਭੂ ਦੀ ਸਿਫਤਿ-ਸਾਲਾਹ ਵੀ ਬੇਅੰਤ ਬੇਅੰਤ ਹੈ ਅਤੇ ਗੁਰੂ ਦੇ ਸ਼ਬਦ ਨੇ ਵੀ ਇਹੋ ਆਖਿਆ ਹੈ।

ਜਹ ਸਤਿਗੁਰੁ ਤਹ ਸਤਸੰਗਤਿ ਬਣਾਈ॥
ਜਹ ਸਤਿਗੁਰੁ ਸਹਜੇ ਹਰਿ ਗੁਣ ਗਾਈ॥
ਜਹ ਸਤਿਗੁਰੁ
ਤਹਾ ਹਉਮੈ ਸਬਦਿ ਜਲਾਈ॥੨॥

ਧੰਨ ਧੰਨ ਸਤਿਗੁਰੂ ਪਾਤਸ਼ਾਹ ਜੀ ਆਖਦੇ ਹਨ, ਹੇ ਭਾਈ! ਜਿਸ ਵਡਭਾਗੇ ਮਨੁੱਖ ਦੇ ਹਿਰਦੇ ਰੂਪੀ ਘਰ ਵਿਚ ਸਤਿਗੁਰੂ ਆ ਵੱਸਦਾ ਹੈ, ਉਥੇ ਸਤਸੰਗਤਿ ਬਣ ਜਾਂਦੀ ਹੈ; ਕਿਉਂਕਿ ਜਿਸ ਮਨੁੱਖ ਦੇ ਹਿਰਦੇ ਵਿਚ ਗੁਰੂ ਵੱਸਦਾ ਹੈ, ਉਹ ਮਨੁੱਖ ਸਹਿਜ ਅਵਸਥਾ ਦੇ ਟਿਕਾਓ ਵਿਚ ਰਹਿ ਕੇ ਹਰੀ ਦੇ ਗੁਣਾਂ ਦਾ ਗਾਇਨ ਕਰਦਾ ਹੈ; ਹੇ ਭਾਈ! ਜਿਸ ਹਿਰਦੇ ਵਿਚ ਸਤਿਗੁਰ ਵੱਸਦਾ ਹੈ, ਉਸ ਹਿਰਦੇ ਵਿਚੋਂ ਗੁਰੂ ਦੇ ਸ਼ਬਦ ਨੇ ਹਉਮੈ ਨੂੰ ਸਾੜ ਦਿੱਤਾ ਹੈ।

ਗੁਰਮੁਖਿ ਸੇਵਾ ਮਹਲੀ ਥਾਉ ਪਾਏ॥
ਗੁਰਮੁਖਿ ਅੰਤਰਿ ਹਰਿ ਨਾਮੁ ਵਸਾਏ॥
ਗੁਰਮੁਖਿ ਭਗਤਿ ਹਰਿ ਨਾਮਿ ਸਮਾਏ॥੩॥

ਸਤਿਗੁਰੂ ਆਖਦੇ ਹਨ, ਹੇ ਭਾਈ! ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ ਪਰਮਾਤਮਾ ਦੀ ਸੇਵਾ ਭਗਤੀ ਕਰ ਕੇ ਪ੍ਰਭੂ ਦੀ ਹਜ਼ੂਰੀ ਵਿਚ ਥਾਂ ਪ੍ਰਾਪਤ ਕਰ ਲੈਂਦਾ ਹੈ। ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ ਆਪਣੇ ਹਿਰਦੇ ਵਿਚ ਉਸ ਜਗਤ ਦੇ ਸੁਆਮੀ ਪਰਮਾਤਮਾ ਦਾ ਨਾਮ ਵਸਾ ਲੈਂਦਾ ਹੈ; ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ ਉਸ ਮਿਹਰਬਾਨ ਪ੍ਰਭੂ ਦੀ ਭਗਤੀ ਦੀ ਬਰਕਤ ਨਾਲ ਜਗਤ ਦੇ ਮਾਲਕ ਪ੍ਰਭੂ ਦੇ ਨਾਮ ਵਿਚ ਵਿਚਰਦਾ ਹੀ ਲੀਨ ਰਹਿੰਦਾ ਹੈ।

ਆਪੇ ਦਾਤਿ ਕਰੇ ਦਾਤਾਰੁ॥
ਪੂਰੇ ਸਤਿਗੁਰ ਸਿਉ ਲਗੈ ਪਿਆਰੁ॥
ਨਾਨਕ ਨਾਮਿ ਰਤੇ
ਤਿਨ ਕਉ ਜੈਕਾਰੁ॥੪॥

ਸ਼ਬਦ ਦੇ ਆਖੀਰ ਵਿਚ ਗੁਰਦੇਵ ਜੀ ਆਖਦੇ ਹਨ, ਦਾਤਾਂ ਦੇਣ ਦੇ ਸਮਰੱਥ ਉਹ ਪਰਮਾਤਮਾ ਆਪ ਹੀ ਜਿਸ ਮਨੁੱਖ ਨੂੰ ਆਪਣੀ ਸਿਫਤਿ-ਸਾਲਾਹ ਦੀ ਦਾਤ ਬਖਸ਼ ਦਿੰਦਾ ਹੈ; ਫਿਰ ਉਸ ਮਨੁੱਖ ਦਾ ਪਿਆਰ ਪੂਰੇ ਸਤਿਗੁਰੂ ਨਾਲ ਬਣ ਜਾਂਦਾ ਹੈ; ਨਾਨਕ ਨਾਮਿ ਰਤੇ ਤਿਨ ਕਉ ਜੈਕਾਰੁ, ਨਾਨਕ ਆਖਦਾ ਹੈ, ਜਿਹੜੇ ਮਨੁੱਖ ਉਸ ਅਕਾਲ ਪੁਰਖ ਪਿਤਾ ਦੇ ਸੋਹਣੇ ਨਾਮ ਰੰਗ ਵਿਚ ਰੰਗੇ ਰਹਿੰਦੇ ਹਨ, ਉਨ੍ਹਾਂ ਦੀ ਲੋਕ ਅਤੇ ਪਰਲੋਕ ਵਿਚ ਜੈ ਜੈ ਕਾਰ ਹੁੰਦੀ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

**ਭਗਤ ਸਿੰਘ ਦੀ ਕਲਮ ਤੋਂ...**

**23 ਮਾਰਚ ਨੂੰ ਸ਼ਹੀਦੀ ਦਿਨ 'ਤੇ ਵਿਸ਼ੇਸ਼**

# ਮੈਂ ਨਾਸਤਿਕ ਕਿਉਂ ਹਾਂ?

*ਚਾਰ ਅਕਤੂਬਰ 1930 ਨੂੰ ਭਾਈ ਰਣਧੀਰ ਸਿੰਘ ਜਿਨ੍ਹਾਂ ਨੂੰ ਗਦਰ ਪਾਰਟੀ ਦੇ ਨਾਲ ਸੰਪਰਕ ਕਰ ਕੇ ਕੈਦ ਹੋਈ ਸੀ, ਰਿਹਾਈ ਤੋਂ ਪਹਿਲਾਂ ਉਨ੍ਹਾਂ ਦੀ ਭਗਤ ਸਿੰਘ ਨਾਲ ਮੁਲਾਕਾਤ ਹੋਈ। ਮੁਲਾਕਾਤ ਕਰਵਾਉਣ ਵਿਚ ਗਦਰੀ ਬਾਬੇ ਹਰਨਾਮ ਸਿੰਘ ਕਾਲਾ ਸੰਘਿਆਂ ਮਦਦਗਾਰ ਸਨ। ਮੁਲਾਕਾਤ ਤੋਂ ਪਹਿਲਾਂ ਵੀ ਕੁਝ ਤਰਕ ਤੇ ਤਕਰਾਰ, ਭਗਤ ਸਿੰਘ ਤੇ ਭਾਈ ਰਣਧੀਰ ਸਿੰਘ ਵਿਚ ਹੋਇਆ ਸੀ। ਗਦਰੀ ਬਾਬਿਆਂ ਦੇ ਸੁਝਾਅ ਉਤੇ ਭਗਤ ਸਿੰਘ ਨੇ ਭਾਈ ਰਣਧੀਰ ਸਿੰਘ ਨਾਲ ਮੁਲਾਕਾਤ ਕਰਨ ਦੀ ਹਾਮੀ ਭਰੀ, ਪਰ ਉਨ੍ਹਾਂ (ਭਾਈ ਰਣਧੀਰ ਸਿੰਘ) ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਭਗਤ ਸਿੰਘ ਨੇ ਕੇਸ ਕਤਲ ਕਰਵਾਏ ਹੋਏ ਹਨ। ਜਵਾਬ ਵਿਚ ਭਗਤ ਸਿੰਘ ਨੇ ਚਿੱਠੀ ਲਿਖ ਭੇਜੀ- "ਮੈਂ ਸਿੱਖੀ ਦੀ ਬੰਦ-ਬੰਦ ਕਟਵਾਉਣ ਦੀ ਰਵਾਇਤ ਦਾ ਕਾਇਲ ਹਾਂ, ਅਜੇ ਤਾਂ ਮੈਂ ਇਕ ਬੰਦ ਕਟਵਾਇਆ ਹੈ, ਉਹ ਵੀ ਪੇਟ ਲਈ ਨਹੀਂ, ਦੇਸ਼ ਲਈ। ਜਲਦੀ ਹੀ ਗਰਦਨ ਵੀ ਕਟਵਾਵਾਂਗਾ। ਇਕ ਸਿੱਖ ਦੀ ਤੰਗਨਜ਼ਰੀ ਤੇ ਤੰਗਦਿਲੀ ਦਾ ਗਿਲਾ ਜ਼ਰੂਰ ਰਹੇਗਾ।" ਇਸ ਤੋਂ ਬਾਅਦ ਭਾਈ ਰਣਧੀਰ ਸਿੰਘ ਮੁਲਾਕਾਤ ਲਈ ਆਏ। ਇਕ ਵਾਰ ਇਸੇ ਵਿਸ਼ੇ 'ਤੇ ਬਾਬਾ ਸੋਹਣ ਸਿੰਘ ਭਕਨਾ ਨਾਲ ਗੱਲ ਕਰਦਿਆਂ ਭਗਤ ਸਿੰਘ ਨੇ ਕਿਹਾ ਸੀ, "ਸਾਡੇ ਪੁਰਾਣੇ ਵਿਰਸੇ ਦੇ ਦੋ ਪੱਖ ਹੁੰਦੇ ਹਨ, ਇਕ ਸਭਿਆਚਾਰਕ ਅਤੇ ਦੂਜਾ ਮਿਥਿਹਾਸਕ। ਮੈਂ ਸਭਿਆਚਾਰਕ ਗੁਣਾਂ ਜਿਵੇਂ ਨਿਸ਼ਕਾਮ ਦੇਸ਼ ਸੇਵਾ, ਕੁਰਬਾਨੀ, ਅਕੀਦੇ ਤੇ ਅਟੱਲ ਰਹਿਣ ਨੂੰ ਪੂਰੀ ਸੱਚਾਈ ਨਾਲ ਅਪਨਾ ਕੇ ਅੱਗੇ ਵਧਾਉਣ ਦੀ ਕੋਸ਼ਿਸ਼ ਵਿਚ ਹਾਂ, ਪਰ ਮਿਥਿਹਾਸਕ ਵਿਚਾਰ ਜੋ ਪੁਰਾਣੇ ਸਮੇਂ ਦੀ ਸਮਝ ਮੁਤਾਬਕ ਹਨ, ਨੂੰ ਉਵੇਂ ਦੇ ਉਵੇਂ ਮੰਨਣ ਲਈ ਬਿਲਕੁਲ ਤਿਆਰ ਨਹੀਂ ਹਾਂ; ਕਿਉਂਕਿ ਵਿਗਿਆਨ ਨੇ ਗਿਆਨ ਵਿਚ ਬਹੁਤ ਵਾਧਾ ਕੀਤਾ ਹੈ ਤੇ ਵਿਗਿਆਨਕ ਵਿਚਾਰ ਅਪਨਾਇਆਂ ਹੀ ਭਵਿੱਖ ਦੇ ਮਸਲੇ ਹੱਲ ਕਰ ਸਕਦੇ ਹਾਂ।" ਇਸ ਬਾਰੇ ਵਿਸਥਾਰ ਸਹਿਤ ਖੁਲਾਸਾ ਉਨ੍ਹਾਂ ਆਪਣੇ ਲੰਮੇ ਲੇਖ 'ਮੈਂ ਨਾਸਤਿਕ ਕਿਉਂ ਹਾਂ?' ਵਿਚ ਕੀਤਾ ਹੈ। ਇਹ ਦਸਤਾਵੇਜ਼ ਜਿਥੇ ਭਾਈ ਰਣਧੀਰ ਸਿੰਘ ਵੱਲੋਂ ਉਠਾਏ ਸਵਾਲਾਂ ਦੇ ਜਵਾਬ ਦੇ ਰੂਪ ਵਿਚ ਹੈ, ਉਥੇ ਭਗਤ ਸਿੰਘ ਦੀ ਆਪਣੇ ਵਿਚਾਰ ਵਿਕਾਸ ਦੀ ਸਵੈ-ਪੜਚੋਲ ਤੇ ਵਿਚਾਰਾਂ ਦਾ ਅਹਿਮ ਪ੍ਰਮਾਣ ਵੀ ਹੈ। ਇਹ ਲੇਖ ਉਨ੍ਹਾਂ ਭਾਈ ਰਣਧੀਰ ਸਿੰਘ ਨਾਲ ਮੁਲਾਕਾਤ ਤੋਂ ਬਾਅਦ, 5-6, ਅਕਤੂਬਰ 1930 ਨੂੰ ਲਿਖਿਆ ਸੀ। ਇਸ ਦਾ ਅਗਲਾ ਹਿੱਸਾ ਅਗਲੇ ਅੰਕ ਵਿਚ ਛਾਪਿਆ ਜਾਵੇਗਾ। -ਸੰਪਾਦਕ*

ਨਵੀਂ ਸਮੱਸਿਆ ਖੜ੍ਹੀ ਹੋ ਗਈ ਹੈ: ਕੀ ਸਰਬ ਸ਼ਕਤੀਮਾਨ, ਸਰਬ ਵਿਆਪਕ ਤੇ ਸਰਬ ਹਿਤਕਾਰੀ ਰੱਬ ਦੀ ਹੋਂਦ ਵਿਚ ਮੇਰਾ ਅਵਿਸ਼ਵਾਸ, ਮੇਰੇ ਅਹੰਕਾਰ ਕਰ ਕੇ ਹੈ? ਮੈਨੂੰ ਕਦੇ ਚਿੱਤ-ਚੇਤਾ ਵੀ ਨਹੀਂ ਸੀ ਕਿ ਮੈਨੂੰ ਕਿਸੇ ਵੇਲੇ ਇਹੋ ਜਿਹੀ ਸਮੱਸਿਆ ਦਾ ਸਾਹਮਣਾ ਕਰਨਾ ਪਏਗਾ। ਆਪਣੇ ਕੁਝ ਦੋਸਤਾਂ ਨਾਲ ਗੱਲਬਾਤ ਕਰਨ ਤੋਂ ਪਤਾ ਲੱਗਾ ਕਿ ਮੇਰੇ ਕੁਝ ਦੋਸਤਾਂ (ਜੇ ਦੋਸਤੀ ਦਾ ਦਾਅਵਾ ਗ਼ਲਤ ਨਾ ਹੋਵੇ) ਨੇ ਮੇਰੇ ਨਾਲ ਥੋੜ੍ਹੇ ਜਿਹੇ ਮੇਲ-ਜੋਲ ਮਗਰੋਂ (ਭਾਈ ਰਣਧੀਰ ਸਿੰਘ ਵੱਲ ਇਸ਼ਾਰਾ) ਹੀ ਇਹ ਸਿੱਟਾ ਕੱਢ ਲਿਆ ਕਿ ਮੇਰਾ ਰੱਬ ਦੀ ਹੋਂਦ ਤੋਂ ਮੁਨਕਰ ਹੋਣਾ ਮੇਰੀ ਹਿਮਾਕਤ ਹੈ ਤੇ ਇਹ ਵੀ ਕਿ ਮੇਰਾ ਅਹੰਕਾਰ ਹੀ ਮੇਰੇ ਅਵਿਸ਼ਵਾਸ ਦਾ ਕਾਰਨ ਹੈ। ਫਿਰ ਵੀ ਸਮੱਸਿਆ ਤਾਂ ਗੰਭੀਰ ਹੀ ਹੈ। ਇਨ੍ਹਾਂ ਇਨਸਾਨੀ ਵਤੀਰਿਆਂ ਤੋਂ ਉਪਰ ਹੋਣ ਦਾ ਮੈਂ ਦਾਅਵਾ ਨਹੀਂ ਕਰਦਾ। ਮੈਂ ਵੀ ਆਖਰ ਇਨਸਾਨ ਹਾਂ, ਇਸ ਤੋਂ ਵੱਧ ਕੁਝ ਨਹੀਂ ਹੈ, ਤੇ ਨਾ ਹੀ ਕੋਈ ਇਸ ਤੋਂ ਵੱਧ ਹੋਣ ਦਾ ਦਾਅਵਾ ਕਰ ਸਕਦਾ ਹੈ। ਮੇਰੇ ਅੰਦਰ ਵੀ ਇਕ ਕਮਜ਼ੋਰੀ ਹੈ। ਅਹੰਕਾਰ (vanity) ਮੇਰੇ ਸੁਭਾਅ ਦਾ ਵੀ ਅੰਗ ਹੈ। ਮੈਂ ਆਪਣੇ ਸਾਥੀਆਂ ਵਿਚ ਤਾਨਾਸ਼ਾਹ ਕਰ ਕੇ ਜਾਣਿਆ ਜਾਂਦਾ ਸਾਂ। ਇਥੋਂ ਤੱਕ ਕਿ ਮੇਰਾ ਦੋਸਤ ਬੀ.ਕੇ. ਦੱਤ ਕਦੀ ਕਦੀ ਤਾਨਾਸ਼ਾਹ ਕਹਿੰਦਾ ਹੁੰਦਾ ਸੀ। ਕਈ ਮੌਕਿਆਂ ਉਤੇ ਮੈਨੂੰ ਹੈਂਕੜਬਾਜ਼ ਵੀ ਕਿਹਾ ਗਿਆ। ਕੁਝ ਦੋਸਤ ਪੂਰੀ ਗੰਭੀਰਤਾ ਨਾਲ ਮੇਰੇ ਉਤੇ ਦੋਸ਼ ਲਾਉਂਦੇ ਰਹੇ ਕਿ ਮੈਂ ਦੂਜਿਆਂ 'ਤੇ ਆਪਣੀ ਰਾਇ ਮੜ੍ਹਦਾ ਹਾਂ ਤੇ ਆਪਣੀ ਗੱਲ ਮੰਨਵਾ ਲੈਂਦਾ ਹਾਂ। ਮੈਂ ਇਨਕਾਰ ਨਹੀਂ ਕਰਦਾ ਕਿ ਇਹ ਗੱਲ ਕਿਸੇ ਹੱਦ ਤੱਕ ਸਹੀ ਹੈ। ਇਸ ਨੂੰ ਅਹੰਵਾਦ (egotism) ਵੀ ਕਿਹਾ ਜਾ ਸਕਦਾ ਹੈ। ਜਿਥੋਂ ਤੱਕ ਸਮਾਜ ਦੀਆਂ ਰੂੜ੍ਹੀਵਾਦੀ ਰਵਾਇਤਾਂ ਦੇ ਵਿਰੋਧ ਦਾ ਸਵਾਲ ਹੈ, ਮੈਂ ਅਹੰਕਾਰੀ ਹਾਂ, ਪਰ ਇਹ ਜ਼ਾਤੀ ਗੱਲ ਨਹੀਂ। ਇਹ ਆਪਣੇ ਵਿਚਾਰਾਂ 'ਤੇ ਮਾਣ ਵਾਲੀ ਗੱਲ ਹੈ। ਇਸ ਨੂੰ ਅਹੰਕਾਰ ਨਹੀਂ ਕਿਹਾ ਜਾ ਸਕਦਾ। ਅਭਿਮਾਨ, ਜਾਂ ਕਹਿ ਲਓ ਅਹੰਕਾਰ ਕਿਸੇ ਮਨੁੱਖ ਵਿਚ ਲੋੜੋਂ ਵੱਧ ਆਪਣੇ ਆਪ ਮਾਣ ਦਾ ਪ੍ਰਗਟਾਵਾ ਹੁੰਦਾ ਹੈ। ਕੀ ਮੈਂ ਬੇਲੋੜੇ ਮਾਣ ਕਰ ਕੇ ਨਾਸਤਿਕ ਬਣਿਆ ਹਾਂ, ਜਾਂ ਇਸ ਵਿਸ਼ੇ ਬਾਰੇ ਡੂੰਘਾ ਮੁਤਾਲਿਆ ਤੇ ਗੰਭੀਰ ਸੋਚ ਵਿਚਾਰ ਮਗਰੋਂ ਨਾਸਤਿਕ ਬਣਿਆ ਹਾਂ? ਇਹ ਸਵਾਲ ਹੈ ਜਿਸ ਬਾਰੇ ਮੈਂ ਇਥੇ ਚਰਚਾ ਕਰਨਾ ਚਾਹੁੰਦਾ ਹਾਂ; ਇਸ ਤੋਂ ਪਹਿਲਾਂ ਇਹ ਨਬੇੜਾ ਕਰ ਲਈਏ ਕਿ ਅਭਿਮਾਨ (egotism) ਤੇ ਅਹੰਕਾਰ (vanity) ਦੋ ਅਲੱਗ ਅਲੱਗ ਗੱਲਾਂ ਹਨ।

ਮੈਨੂੰ ਇਸ ਗੱਲ ਦੀ ਹੁਣ ਤੱਕ ਸਮਝ ਨਹੀਂ ਆਈ ਕਿ ਬੇਲੋੜਾ ਮਾਣ ਜਾਂ ਫੋਕਾ ਅਭਿਮਾਨ ਮਨੁੱਖ ਲਈ ਆਸਤਿਕਤਾ ਦੇ ਰਾਹ ਦਾ ਰੋੜਾ ਕਿਵੇਂ ਬਣ ਸਕਦੇ ਹਨ। ਮੈਂ ਕਿਸੇ ਸੱਚੀਂ-ਮੁੱਚੀਂ ਦੇ ਮਹਾਨ ਬੰਦੇ ਦੀ ਮਹਾਨਤਾ ਤੋਂ ਮੁਨਕਰ ਹੋ ਸਕਦਾ ਹਾਂ, ਬਸ਼ਰਤਿ ਮੈਨੂੰ ਐਵੇਂ ਰਾਹ ਜਾਂਦੇ ਹੀ ਸ਼ੁਹਰਤ ਹੱਥ ਲੱਗ ਗਈ ਹੋਵੇ, ਜਾਂ ਮਹਾਨ ਹੋਣ ਲਈ ਸੱਚੀਂ-ਮੁੱਚੀਂ ਲੋੜੀਂਦੇ ਗੁਣ ਹੀ ਮੇਰੇ ਵਿਚ ਨਾ ਹੋਣ। ਇਹ ਗੱਲ ਸਮਝ ਪੈਂਦੀ ਹੈ, ਪਰ ਇਹ ਕਿਵੇਂ ਹੋ ਸਕਦਾ ਹੈ ਕਿ ਕੋਈ ਆਸਤਿਕ ਆਪਣੇ ਅਹੰਕਾਰ ਕਰ ਕੇ ਨਾਸਤਿਕ ਹੋ ਜਾਵੇ! ਸਿਰਫ ਦੋ ਗੱਲਾਂ ਹੋ ਸਕਦੀਆਂ ਹਨ: ਜਾਂ ਤਾਂ ਮਨੁੱਖ ਖੁਦ ਨੂੰ ਖੁਦਾ ਦਾ ਰਕੀਬ ਸਮਝਣ ਲੱਗੇ, ਤੇ ਜਾਂ ਫਿਰ ਖੁਦ ਹੀ ਖੁਦਾ ਬਣ ਬੈਠੇ। ਦੋਵੇਂ ਹਾਲਾਤ ਵਿਚ ਉਹ ਸਹੀ ਨਾਸਤਿਕ ਨਹੀਂ ਹੋ ਸਕਦਾ। ਪਹਿਲੀ ਸੂਰਤ ਵਿਚ ਉਹ ਰਕੀਬ ਦੀ ਹੋਂਦ ਤੋਂ ਮੁਨਕਰ ਨਹੀਂ ਹੁੰਦਾ। ਦੂਸਰੀ ਸੂਰਤ ਵਿਚ ਵੀ ਉਹ ਸੁਚੇਤ ਸੱਤਾ (being) ਦੀ ਹੋਂਦ ਨੂੰ ਮੰਨਦਾ ਹੈ ਜੋ ਪਰਦੇ ਪਿਛਿਉਂ ਸਾਰੀ ਪ੍ਰਕ੍ਰਿਤੀ ਨੂੰ ਚਲਾ ਰਹੀ ਹੈ। ਇਸ ਦੀ ਸਾਡੇ ਲਈ ਕੋਈ ਅਹਿਮੀਅਤ ਨਹੀਂ ਕਿ ਉਹ ਖੁਦ ਨੂੰ ਖੁਦਾ ਸਮਝਦਾ ਹੈ, ਜਾਂ ਖੁਦਾ ਨੂੰ ਖੁਦ ਤੋਂ ਅਲੱਗ ਕੋਈ ਪਰਮ-ਸੱਤਾ ਮੰਨਦਾ ਹੈ। ਅਸਲ ਨੁਕਤਾ ਇਹ ਹੈ- ਦੋਵੇਂ ਹਾਲਾਤ ਵਿਚ ਉਹਦਾ ਰੱਬ ਵਿਚ ਵਿਸ਼ਵਾਸ ਕਾਇਮ ਰਹਿੰਦਾ ਹੈ। ਉਹ ਕਿਸੇ ਤਰ੍ਹਾਂ ਵੀ ਨਾਸਤਿਕ ਨਹੀਂ। ਇਹੋ ਮੈਂ ਆਖਣਾ ਚਾਹੁੰਦਾ ਹਾਂ। ਮੈਂ ਉਪਰਲੀਆਂ ਦੋਹਾਂ ਕਿਸਮਾਂ ਵਿਚ ਨਹੀਂ ਆਉਂਦਾ।

ਮੈਂ ਕਿਸੇ ਵੀ ਸਰਬ ਸ਼ਕਤੀਮਾਨ ਜਾਂ ਸਰਬੋਪਰੀ-ਸੱਤਾ ਦੀ ਹੋਂਦ ਤੋਂ ਮੂਲੋਂ ਹੀ ਇਨਕਾਰੀ ਹਾਂ। ਇੰਜ ਕਿਉਂ ਹੈ, ਮੈਂ ਇਹਦੇ ਬਾਰੇ ਅੱਗੇ ਚੱਲ ਕੇ ਚਰਚਾ ਕਰਾਂਗਾ। ਇਥੇ ਮੈਂ ਇਹ ਗੱਲ ਸਪਸ਼ਟ ਕਰ ਦੇਣੀ ਚਾਹੁੰਦਾ ਹਾਂ ਕਿ ਮੈਂ ਅਹੰਕਾਰ ਕਰ ਕੇ ਨਾਸਤਿਕਤਾ ਦੇ ਸਿਧਾਂਤ ਦਾ ਧਾਰਨੀ ਨਹੀਂ ਹੋਇਆ। ਨਾ ਤਾਂ ਮੈਂ ਖੁਦਾ ਦਾ ਰਕੀਬ ਹਾਂ, ਨਾ ਕੋਈ ਰੱਬੀ ਅਵਤਾਰ ਤੇ ਨਾ ਹੀ ਆਪ ਪਰਮਾਤਮਾ ਹਾਂ। ਇਕ ਗੱਲ ਤਾਂ ਪੱਕੀ ਹੈ ਕਿ ਅਹੰਕਾਰ ਕਾਰਨ ਮੈਂ ਇਹ ਸੋਚਣੀ ਨਹੀਂ ਅਪਨਾਈ। ਇਸ ਇਲਜ਼ਾਮ ਦਾ ਜਵਾਬ ਦੇਣ ਲਈ ਮੈਂ ਤੱਥ ਬਿਆਨ ਕਰਦਾ ਹਾਂ। ਮੇਰੇ ਦੋਸਤ ਕਹਿੰਦੇ ਹਨ ਕਿ ਦਿੱਲੀ ਬੰਬ ਅਤੇ ਲਾਹੌਰ ਸਾਜ਼ਿਸ਼ ਕੇਸਾਂ ਦੌਰਾਨ ਮੈਨੂੰ ਜਿਹੜੀ ਬੇਲੋੜੀ ਸ਼ੁਹਰਤ ਮਿਲੀ, ਉਸ ਕਾਰਨ ਮੇਰੇ ਵਿਚ ਫੋਕੀ ਸ਼ਾਨ ਆ ਗਈ ਹੈ। ਆਓ, ਆਪਾਂ ਦੇਖੀਏ ਕਿ ਉਨ੍ਹਾਂ ਦੇ ਕਥਨ ਕਿਥੋਂ ਤੱਕ ਠੀਕ ਹਨ।

ਪਿਛੇ ਜਿਹੇ ਵਾਪਰੀਆਂ ਘਟਨਾਵਾਂ ਕਾਰਨ ਮੈਂ ਨਾਸਤਿਕ ਨਹੀਂ ਹੋਇਆ, ਮੈਂ ਤਾਂ ਉਦੋਂ ਹੀ ਰੱਬ ਨੂੰ ਮੰਨਣੋਂ ਹਟ ਗਿਆ ਸੀ, ਜਦ ਮੈਂ ਨਾਮਾਲੂਮ ਨੌਜਵਾਨ ਸੀ, ਜਦ ਮੇਰੇ ਉਪਰੋਕਤ ਦੋਸਤ ਰੱਬ ਦੀ ਹੋਂਦ ਤੋਂ ਸੁਚੇਤ ਵੀ ਨਹੀਂ ਸਨ। ਘੱਟੋ-ਘੱਟ ਕਾਲਜ ਦਾ ਕੋਈ ਵਿਦਿਆਰਥੀ ਇੰਨਾ ਅਭਿਮਾਨੀ ਨਹੀਂ ਹੋ ਸਕਦਾ ਕਿ ਉਹ ਨਾਸਤਿਕ ਹੋ ਜਾਏ। ਕੁਝ ਪ੍ਰੋਫੈਸਰ ਭਾਵੇਂ ਮੈਨੂੰ ਪਸੰਦ ਕਰਦੇ ਸਨ ਤੇ ਕੁਝ ਨਾਪਸੰਦ, ਪਰ ਮੈਂ ਕਦੇ ਵੀ ਮਿਹਨਤੀ ਮੁੰਡਾ ਨਹੀਂ ਸੀ। ਅਹੰਕਾਰ ਵਰਗੇ ਵਿਚਾਰ ਰੱਖਣ ਦਾ ਮੈਨੂੰ ਕੋਈ ਮੌਕਾ ਨਹੀਂ ਮਿਲਿਆ ਸੀ। ਮੈਂ ਬਹੁਤ ਸੰਗਾਊ ਸੁਭਾਅ ਵਾਲਾ ਤੇ ਭਵਿੱਖ ਬਾਰੇ ਉਲਝਿਆ ਰਹਿਣ ਵਾਲਾ ਮੁੰਡਾ ਸੀ ਤੇ ਉਨ੍ਹਾਂ ਦਿਨਾਂ ਵਿਚ ਮੈਂ ਪੱਕਾ ਨਾਸਤਿਕ ਨਹੀਂ ਸੀ। ਮੈਂ ਆਪਣੇ ਬਾਬਾ ਜੀ ਦੇ ਅਸਰ ਹੇਠ ਵੱਡਾ ਹੋਇਆ ਸੀ ਤੇ ਉਹ ਪੱਕੇ ਆਰੀਆ ਸਮਾਜੀ ਸਨ। ਕੋਈ ਆਰੀਆ ਸਮਾਜੀ ਹੋਰ ਤਾਂ ਸਭ ਕੁਝ ਹੋ ਸਕਦਾ ਹੈ, ਪਰ ਨਾਸਤਿਕ ਨਹੀਂ। ਮੈਂ ਆਪਣੀ ਪ੍ਰਾਇਮਰੀ ਦੀ ਪੜ੍ਹਾਈ ਮੁਕਾ ਕੇ ਲਾਹੌਰ ਦੇ ਡੀ.ਏ.ਵੀ. ਸਕੂਲ ਵਿਚ ਦਾਖ਼ਲ ਹੋ ਗਿਆ ਅਤੇ ਇਹਦੇ ਬੋਰਡਿੰਗ ਹਾਊਸ ਵਿਚ ਪੂਰਾ ਇਕ ਸਾਲ ਰਿਹਾ। ਉਥੇ ਸਵੇਰ ਤੇ ਤ੍ਰਿਕਾਲ ਸੰਧਿਆ ਦੀਆਂ ਪ੍ਰਾਰਥਨਾਵਾਂ ਤੋਂ ਛੁੱਟ ਮੈਂ ਘੰਟਿਆਂ-ਬੱਧੀ ਗਾਇਤ੍ਰੀ ਮੰਤਰ ਦਾ ਜਾਪ ਕਰਦਾ ਸੀ। ਮੈਂ ਉਨ੍ਹਾਂ ਦਿਨਾਂ ਵਿਚ ਪੱਕਾ ਸ਼ਰਧਾਲੂ ਸੀ। ਫਿਰ ਮੈਂ ਆਪਣੇ ਪਿਤਾ ਜੀ ਨਾਲ ਰਹਿਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦਾ ਧਾਰਮਿਕ ਦ੍ਰਿਸ਼ਟੀਕੋਣ ਉਦਾਰ ਸੀ। ਉਨ੍ਹਾਂ ਦੀਆਂ ਸਿੱਖਿਆਵਾਂ ਸਦਕਾ ਹੀ ਮੈਂ ਆਪਣੀ ਜ਼ਿੰਦਗੀ ਆਜ਼ਾਦੀ ਦੇ ਆਦਰਸ਼ ਨੂੰ ਅਰਪੀ, ਪਰ ਉਹ ਨਾਸਤਿਕ ਨਹੀਂ ਸਨ। ਉਨ੍ਹਾਂ ਦਾ ਰੱਬ ਵਿਚ ਪੱਕਾ ਅਕੀਦਾ ਸੀ। ਮੈਨੂੰ ਉਹ ਹਰ ਰੋਜ਼ ਪ੍ਰਾਰਥਨਾ ਕਰਨ ਲਈ ਕਹਿੰਦੇ ਹੁੰਦੇ ਸਨ। ਸੋ, ਮੇਰੀ ਪਰਵਰਿਸ਼ ਇਸ ਢੰਗ ਨਾਲ ਹੋਈ।

ਨਾਮਿਲਵਰਤਨ ਦੇ ਦਿਨਾਂ ਦੌਰਾਨ ਮੈਂ ਨੈਸ਼ਨਲ ਕਾਲਜ ਵਿਚ ਦਾਖ਼ਲ ਹੋ ਗਿਆ। ਉਥੇ ਹੀ ਮੈਂ ਸਾਰੀਆਂ ਧਾਰਮਿਕ ਸਮੱਸਿਆਵਾਂ ਬਾਰੇ, ਇਥੋਂ ਤੱਕ ਕਿ ਰੱਬ ਬਾਰੇ ਵੀ ਖੁੱਲ੍ਹੇ ਤੌਰ 'ਤੇ ਸੋਚਣਾ ਤੇ ਇਨ੍ਹਾਂ ਬਾਰੇ ਵਿਚਾਰ ਚਰਚਾ ਕਰਨੀ ਸ਼ੁਰੂ ਕਰ ਦਿੱਤੀ, ਪਰ ਮੇਰਾ ਉਦੋਂ ਵੀ ਰੱਬ ਵਿਚ ਪੱਕਾ ਯਕੀਨ ਸੀ। ਉਦੋਂ ਮੈਂ ਦਾੜ੍ਹੀ ਕੇਸ ਰੱਖ ਲਏ ਸੀ, ਪਰ ਤਾਂ ਵੀ ਮੈਂ ਸਿੱਖੀ ਦੇ ਮਿਥਿਹਾਸ ਜਾਂ ਸਿਧਾਂਤ ਜਾਂ ਕਿਸੇ ਹੋਰ ਧਰਮ ਵਿਚ ਵਿਸ਼ਵਾਸ ਨਾ ਕਰ ਸਕਿਆ, ਪਰ ਰੱਬ ਦੀ ਹੋਂਦ ਵਿਚ ਮੇਰਾ ਪੱਕਾ ਵਿਸ਼ਵਾਸ ਸੀ।

ਫਿਰ ਮੈਂ ਇਨਕਲਾਬੀ ਪਾਰਟੀ ਵਿਚ ਸ਼ਾਮਲ ਹੋ ਗਿਆ। ਮੈਂ ਜਿਸ ਪਹਿਲੇ ਆਗੂ ਨੂੰ ਮਿਲਿਆ, ਉਹ ਰੱਬ ਦੀ ਹੋਂਦ ਤੋਂ ਇਨਕਾਰੀ ਹੋਣ ਦਾ ਹੌਸਲਾ ਤੱਕ ਨਹੀਂ ਕਰ ਸਕਦਾ ਸੀ, ਭਾਵੇਂ ਉਹ ਇਹਦੇ ਬਾਰੇ ਪੂਰੀ ਤਰ੍ਹਾਂ ਸੁਚੇਤ ਨਹੀਂ ਸੀ। ਮੈਂ ਉਹਦੇ ਕੋਲੋਂ ਰੱਬ ਬਾਰੇ ਵਾਰ ਵਾਰ ਪੁੱਛਣਾ ਤਾਂ ਉਨ੍ਹਾਂ ਆਖ ਛੱਡਣਾ: "ਜਦ ਤੇਰਾ ਦਿਲ ਕਰੇ, ਰੱਬ ਨੂੰ ਧਿਆ ਲਿਆ ਕਰ।" ਨਾਸਤਿਕਤਾ ਦੇ ਸਿਧਾਂਤ ਨੂੰ ਮੰਨਣ ਲਈ ਜੋ ਹੌਸਲਾ ਚਾਹੀਦਾ ਹੈ, ਇਹ ਉਹ ਹੌਸਲੇ ਤੋਂ ਬਿਨਾਂ ਨਾਸਤਿਕਤਾ ਹੈ। ਮੈਂ ਜਿਸ ਦੂਜੇ ਆਗੂ ਨੂੰ ਮਿਲਿਆ, ਉਹਦਾ ਰੱਬ ਵਿਚ ਪੱਕਾ ਵਿਸ਼ਵਾਸ ਸੀ। ਮੈਂ ਤੁਹਾਨੂੰ ਉਹਦਾ ਨਾਂ ਦੱਸਦਾਂ- ਮਾਣਯੋਗ ਕਾਮਰੇਡ ਸਚੀਂਦਰ ਨਾਥ ਸਾਨਿਆਲ



ਜੋ ਹੁਣ ਕਰਾਚੀ ਸਾਜ਼ਿਸ਼ ਕੇਸ ਸਬੰਧੀ ਉਮਰ ਕੈਦ ਭੁਗਤ ਰਹੇ ਹਨ। ਉਨ੍ਹਾਂ ਦੀ ਪ੍ਰਸਿੱਧ ਤੇ ਇਕੋ ਇਕ ਕਿਤਾਬ 'ਬੰਦੀ ਜੀਵਨ' ਵਿਚ ਪਹਿਲੇ ਸਫ਼ੇ ਤੋਂ ਹੀ ਰੱਬ ਦੀ ਸ਼ਾਨ ਦੀ ਜ਼ੋਰਦਾਰ ਮਹਿਮਾ ਗਾਈ ਗਈ ਹੈ। ਇਸ ਖ਼ੂਬਸੂਰਤ ਕਿਤਾਬ ਦੇ ਦੂਜੇ ਭਾਗ ਦੇ ਆਖਰੀ ਸਫ਼ੇ ਵਿਚ ਉਹਦੀ ਵੇਦਾਂਤਵਾਦ ਕਾਰਨ ਰੱਬ ਦੀ ਅਧਿਆਤਮਕ ਮਹਿਮਾ ਉਨ੍ਹਾਂ ਦੇ ਵਿਚਾਰਾਂ ਦਾ ਸਾਰ ਹੈ। ਇਸਤਗਾਸੇ ਦੀ ਕਹਾਣੀ ਮੁਤਾਬਕ ਜੋ ਇਨਕਲਾਬੀ ਪਰਚਾ 28 ਜਨਵਰੀ 1925 ਨੂੰ ਹਿੰਦੋਸਤਾਨ ਭਰ ਵਿਚ ਵੰਡਿਆ ਗਿਆ ਸੀ, ਉਹ ਇਨ੍ਹਾਂ ਦੇ ਦਿਮਾਗ ਦਾ ਸਿੱਟਾ ਸੀ। ਜਿਵੇਂ ਹੁੰਦਾ ਹੀ ਹੈ ਕਿ ਗੁਪਤ ਸਰਗਰਮੀ ਵਿਚ ਕੋਈ ਉਘਾ ਆਗੂ ਆਪਣੇ ਵਿਚਾਰ ਪ੍ਰਗਟਾਉਂਦਾ ਹੈ ਜੋ ਉਹਨੂੰ ਬੜੇ ਪਿਆਰੇ ਹੁੰਦੇ ਹਨ ਅਤੇ ਦੂਜੇ ਕਾਰਕੁਨਾਂ ਨੂੰ ਮਤਭੇਦਾਂ ਦੇ ਬਾਵਜੂਦ ਉਨ੍ਹਾਂ ਨਾਲ ਸਹਿਮਤੀ ਪ੍ਰਗਟਾਉਣੀ ਪੈਂਦੀ ਹੈ।

ਉਸ ਪਰਚੇ ਵਿਚ ਇਕ ਪੂਰਾ ਪੈਰਾ ਸਰਵੇਸ਼ਰ ਤੇ ਉਹਦੀਆਂ ਲੀਲਾਵਾਂ ਬਾਰੇ ਸੀ। ਇਹ ਰਹੱਸਵਾਦ ਹੈ। ਮੈਂ ਆਖਣਾ ਇਹ ਚਾਹੁੰਦਾ ਹਾਂ ਕਿ ਉਦੋਂ ਇਨਕਲਾਬੀ ਪਾਰਟੀ ਵਿਚ ਰੱਬ ਦੀ ਹੋਂਦ ਤੋਂ ਇਨਕਾਰੀ ਹੋਣ ਦਾ ਵਿਚਾਰ ਪੈਦਾ ਵੀ ਨਹੀਂ ਹੋਇਆ ਸੀ। ਕਾਕੋਰੀ ਦੇ ਉਘੇ ਚਾਰ ਸ਼ਹੀਦਾਂ ਨੇ ਆਪਣਾ ਅੰਤਿਮ ਦਿਨ ਪ੍ਰਾਰਥਨਾ/ਦੁਆ ਕਰਦਿਆਂ ਲੰਘਾਇਆ ਸੀ। ਰਾਮ ਪ੍ਰਸ਼ਾਦ ਬਿਸਮਿਲ ਪੱਕੇ ਆਰੀਆ ਸਮਾਜੀ ਸਨ। ਸਮਾਜਵਾਦ ਤੇ ਸਾਮਵਾਦ ਦੇ ਖੇਤਰ ਵਿਚ ਆਪਣੇ ਡੂੰਘੇ ਅਧਿਐਨ ਦੇ ਬਾਵਜੂਦ ਰਾਜਨ ਲਾਹਿੜੀ ਕੋਲੋਂ ਉਪਨਿਸ਼ਦਾਂ ਦੇ ਮੰਤਰ ਉਚਾਰਨ ਤੇ ਗੀਤਾ ਦਾ ਪਾਠ ਕਰਨ ਤੋਂ ਰਿਹਾ ਨਾ ਗਿਆ। ਉਨ੍ਹਾਂ ਸਾਰਿਆਂ ਵਿਚ ਮੈਂ ਇਕੋ ਬੰਦਾ ਦੇਖਿਆ ਸੀ ਜਿਹਨੇ ਕਦੇ ਵੀ ਪ੍ਰਾਰਥਨਾ ਨਹੀਂ ਕੀਤੀ ਸੀ ਤੇ ਉਹ ਕਿਹਾ ਕਰਦਾ ਸੀ, "ਧਾਰਮਿਕ ਫਲਸਫਾ ਮਨੁੱਖੀ ਕਮਜ਼ੋਰੀ ਜਾਂ ਸੀਮਤ ਗਿਆਨ ਦਾ ਸਿੱਟਾ ਹੈ।" ਇਹ ਬੰਦਾ ਵੀ ਉਮਰ ਕੈਦ ਭੁਗਤ ਰਿਹਾ ਹੈ, ਪਰ ਇਹਨੂੰ ਵੀ ਆਖਣ ਦੀ ਹਿੰਮਤ ਨਾ ਪਈ ਕਿ ਰੱਬ ਨਹੀਂ ਹੈ।

ਉਸ ਅਰਸੇ ਤੱਕ ਮੈਂ ਸਿਰਫ਼ ਰੋਮਾਂਟਿਕ ਵਿਚਾਰਵਾਦੀ ਇਨਕਲਾਬੀ ਸੀ। ਉਦੋਂ ਤੱਕ ਤਾਂ ਅਸੀਂ ਸਿਰਫ਼ ਅਨੁਆਈ ਹੀ ਸਾਂ। ਫਿਰ ਸਾਰੀ ਜ਼ਿੰਮੇਵਾਰੀ ਆਪਣੇ ਮੋਢਿਆਂ ਉਤੇ ਲੈਣ ਦਾ ਵੇਲਾ ਆਇਆ। ਕੁਝ ਚਿਰ ਪਾਰਟੀ ਦੇ ਅਟੱਲ ਵਿਰੋਧ ਕਾਰਨ ਇਹਦੀ ਹੋਂਦ ਹੀ ਖਤਰੇ ਵਿਚ ਸੀ। ਜੋਸ਼ ਨਾਲ ਭਰੇ ਕਾਮਰੇਡ ਨਹੀਂ, ਸਗੋਂ ਆਗੂ ਵੀ ਮਜ਼ਾਕ ਉਡਾਉਣ ਲੱਗੇ। ਕੁਝ ਚਿਰ ਮੈਨੂੰ ਵੀ ਸੰਸਾ ਰਿਹਾ ਕਿ ਕਿਸੇ ਦਿਨ ਮੈਨੂੰ ਵੀ ਆਪਣੀ ਪਾਰਟੀ ਦੇ ਪ੍ਰੋਗਰਾਮ ਦੀ ਨਿਸਫਲਤਾ ਦਾ ਯਕੀਨ ਹੋ ਜਾਏਗਾ। ਇਹ ਮੇਰੇ ਇਨਕਲਾਬੀ ਜੀਵਨ ਵਿਚ ਆਇਆ ਵੱਡਾ ਮੋੜ ਸੀ। 'ਅਧਿਐਨ ਕਰਨ' ਦੇ ਅਹਿਸਾਸ ਦੀਆਂ ਤਰੰਗਾਂ ਮੇਰੇ ਮਨ ਵਿਚ ਉਭਰਦੀਆਂ ਰਹੀਆਂ। ਅਧਿਐਨ ਕਰ, ਤਾਂ ਕਿ ਤੂੰ ਆਪਣੇ ਵਿਰੋਧੀਆਂ ਦੀਆਂ ਦਲੀਲਾਂ ਨਾਲ ਜਵਾਬ ਦੇ ਸਕਣ ਦੇ ਯੋਗ ਹੋ ਜਾਏਂ। ਆਪਣੇ ਸਿਧਾਂਤ ਦੀ ਹਮਾਇਤ ਵਿਚ ਦਲੀਲਾਂ ਨਾਲ ਆਪਣੇ ਆਪ ਨੂੰ ਲੈਸ ਕਰਨ ਲਈ ਅਧਿਐਨ ਕਰ!

ਮੈਂ ਅਧਿਐਨ ਕਰਨਾ ਸ਼ੁਰੂ ਕਰ ਦਿੱਤਾ। ਮੇਰੇ ਪਹਿਲੇ ਅਕੀਦੇ ਅਤੇ ਵਿਸ਼ਵਾਸਾਂ ਵਿਚ ਬਹੁਤ ਵੱਡੀ ਤਬਦੀਲੀ ਆ ਗਈ। ਸਾਥੋਂ ਪਹਿਲਾਂ ਦੇ ਇਨਕਲਾਬੀਆਂ ਵਿਚ ਸਿਰਫ਼ ਤਸ਼ੱਦਦ ਦੇ ਤੌਰ-ਤਰੀਕਿਆਂ ਦਾ ਰੋਮਾਂਸ ਇੰਨਾ ਭਾਰੂ ਸੀ, ਹੁਣ ਉਹਦੀ ਥਾਂ ਗੰਭੀਰ ਵਿਚਾਰਾਂ ਨੇ ਲੈ ਲਈ। ਹੁਣ ਰਹੱਸਵਾਦ ਵਾਸਤੇ ਅੰਧ-ਵਿਸ਼ਵਾਸ ਵਾਸਤੇ ਕੋਈ ਥਾਂ ਨਾ ਰਹੀ। ਯਥਾਰਥਵਾਦ ਸਾਡਾ ਸਿਧਾਂਤ ਹੋ ਗਿਆ। ਸਖਤ ਲੋੜ ਵੇਲੇ ਤਾਕਤ ਦੀ ਵਰਤੋਂ ਜਾਇਜ਼ ਹੈ, ਪਰ ਅਹਿੰਸਾ ਸਾਰੀਆਂ ਜਨਤਕ ਲਹਿਰਾਂ ਦੀ ਅਟੁੱਟ ਨੀਤੀ ਹੈ। ਮੈਂ ਤੌਰ-ਤਰੀਕਿਆਂ ਬਾਰੇ ਕਾਫੀ ਆਖ ਚੁੱਕਾ ਹਾਂ। ਸਭ ਤੋਂ ਅਹਿਮ ਇਹ ਗੱਲ ਸੀ ਕਿ ਜਿਸ ਆਦਰਸ਼ ਵਾਸਤੇ ਅਸੀਂ ਜੂਝਣਾ ਹੈ, ਉਹਦਾ ਸਪਸ਼ਟ ਸੰਕਲਪ ਸਾਡੇ ਸਾਹਮਣੇ ਹੋਵੇ। ਕਿਉਂਕਿ ਐਕਸ਼ਨ ਵਜੋਂ ਕੋਈ ਖਾਸ ਸਰਗਰਮੀਆਂ ਨਹੀਂ ਹੋ ਰਹੀਆਂ, ਇਸ ਲਈ ਮੈਨੂੰ ਸੰਸਾਰ ਇਨਕਲਾਬ ਦੇ ਵੱਖ ਵੱਖ ਆਦਰਸ਼ਾਂ ਦੇ ਅਧਿਐਨ ਵਾਸਤੇ ਕਾਫ਼ੀ ਮੌਕਾ ਮਿਲ ਗਿਆ। ਮੈਂ ਅਰਾਜਕਤਾਵਾਦੀ ਆਗੂ ਬਾਕੂਨਿਨ ਨੂੰ ਪੜ੍ਹਿਆ। ਸਮਾਜਵਾਦ ਦੇ ਪਿਤਾਮਾ ਮਾਰਕਸ ਦੀਆਂ ਕੁਝ ਲਿਖਤਾਂ ਪੜ੍ਹੀਆਂ ਤੇ ਲੈਨਿਨ, ਟਰਾਟਸਕੀ ਤੇ ਆਪਣੇ ਦੇਸ਼ਾਂ ਵਿਚ ਸਫ਼ਲ ਇਨਕਲਾਬ ਲਿਆਉਣ ਵਾਲੇ ਹੋਰ ਵਿਅਕਤੀਆਂ ਨੂੰ ਪੜ੍ਹਿਆ। ਇਹ ਸਾਰੇ ਨਾਸਤਿਕ ਸਨ।

ਬਾਕੂਨਿਨ ਦੀ ਕਿਤਾਬ 'ਗੌਡ ਐਂਡ ਸਟੇਟ' (ਰੱਬ ਤੇ ਰਿਆਸਤ) ਭਾਵੇਂ ਅਧੂਰੀ ਜਿਹੀ ਹੈ, ਪਰ ਇਹ ਇਸ ਵਿਸ਼ੇ ਦਾ ਦਿਲਚਸਪ ਅਧਿਐਨ ਹੈ। ਇਸ ਤੋਂ ਮਗਰੋਂ ਮੈਨੂੰ ਨਿਰਲੰਬਾ ਸਵਾਮੀ ਦੀ ਲਿਖੀ ਕਿਤਾਬ 'ਕਾਮਨ ਸੈਂਸ' (ਸਾਧਾਰਨ ਵਿਗਿਆਨ) ਹੱਥ ਲੱਗੀ। ਇਸ ਕਿਤਾਬ ਵਿਚ ਅਧਿਆਤਮਕ ਨਾਸਤਿਕਵਾਦ ਸੀ। ਇਸ ਵਿਸ਼ੇ ਵਿਚ ਮੇਰੀ ਬਹੁਤ ਜ਼ਿਆਦਾ ਦਿਲਚਸਪੀ ਹੋ ਗਈ। 1926 ਦੇ ਅਖੀਰ ਤੱਕ ਮੇਰਾ ਵਿਸ਼ਵਾਸ ਪੱਕਾ ਹੋ ਚੁੱਕਾ ਸੀ ਕਿ ਬ੍ਰਹਿਮੰਡ ਦੇ ਸਿਰਜਣ, ਪਾਲਣਹਾਰ ਤੇ ਸਰਬ ਸ਼ਕਤੀਮਾਨ ਦੀ ਹੋਂਦ ਦਾ ਸਿਧਾਂਤ ਬੇਬੁਨਿਆਦ ਹੈ। ਮੈਂ ਇਸ ਵਿਸ਼ੇ ਬਾਰੇ ਆਪਣੇ ਦੋਸਤਾਂ ਨਾਲ ਬਹਿਸ ਕਰਨੀ ਸ਼ੁਰੂ ਕਰ ਦਿੱਤੀ। ਮੈਂ ਐਲਾਨੀਆਂ ਨਾਸਤਿਕ ਹੋ ਚੁੱਕਾ ਸੀ। ਨਾਸਤਿਕ ਹੋਣ ਦਾ ਅਰਥ ਮੈਂ ਹੇਠਾਂ ਬਿਆਨ ਕਰਦਾ ਹਾਂ।

ਮਈ 1927 ਵਿਚ ਮੈਂ ਲਾਹੌਰ ਵਿਚ ਗ੍ਰਿਫ਼ਤਾਰ ਹੋਇਆ। ਮੇਰੀ ਗ੍ਰਿਫਤਾਰੀ ਮੇਰੇ ਲਈ ਬੜੀ ਹੈਰਾਨੀ ਵਾਲੀ ਗੱਲ ਸੀ। ਮੈਨੂੰ ਅਸਲੋਂ ਹੀ ਕੋਈ ਸਾਰ ਨਹੀਂ ਸੀ ਕਿ ਪੁਲਿਸ ਮੇਰੇ ਪਿਛੇ ਲੱਗੀ ਹੋਈ ਹੈ। ਜਦ ਮੈਂ ਕਿਸੇ ਬਾਗ ਵਿਚ ਦੀ ਲੰਘ ਰਿਹਾ ਸੀ ਤਾਂ ਅਚਾਨਕ ਮੈਂ ਕੀ ਦੇਖਿਆ ਕਿ ਪੁਲਿਸ ਨੇ ਮੈਨੂੰ ਘੇਰਿਆ ਹੋਇਆ ਸੀ। ਮੈਂ ਉਦੋਂ ਬਹੁਤ ਤਹੱਮਲ ਨਾਲ ਪੇਸ਼ ਆਇਆ। ਮੈਨੂੰ ਕੋਈ ਘਬਰਾਹਟ ਨਾ ਹੋਈ ਤੇ ਨਾ ਹੀ ਮੈਂ ਉਤੇਜਿਤ ਹੋਇਆ। ਮੈਨੂੰ ਪੁਲਿਸ ਹਿਰਾਸਤ ਵਿਚ ਲਿਆ ਗਿਆ। ਅਗਲੇ ਦਿਨ ਉਹ ਮੈਨੂੰ ਰੇਲਵੇ ਪੁਲਿਸ ਜੇਲ੍ਹ ਵਿਚ ਲੈ ਗਏ ਜਿਥੇ ਮੈਂ ਪੂਰਾ ਮਹੀਨਾ ਕੱਟਿਆ। ਪੁਲਿਸ ਅਫ਼ਸਰਾਂ ਨਾਲ ਕਿੰਨੇ ਦਿਨਾਂ ਦੀ ਗੱਲਬਾਤ ਮਗਰੋਂ ਮੈਂ ਅੰਦਾਜ਼ਾ ਲਾਇਆ ਕਿ ਉਨ੍ਹਾਂ ਨੂੰ ਕਾਕੋਰੀ ਪਾਰਟੀ ਨਾਲ ਮੇਰੇ ਸਬੰਧਾਂ ਤੇ ਇਨਕਲਾਬੀ ਲਹਿਰ ਨਾਲ ਸਬੰਧਤ ਮੇਰੀਆਂ ਹੋਰ ਸਰਗਰਮੀਆਂ ਬਾਰੇ ਕੁਝ ਜਾਣਕਾਰੀ ਹੈ। ਉਨ੍ਹਾਂ ਨੇ ਮੈਨੂੰ ਦੱਸਿਆ ਕਿ (ਕਾਕੋਰੀ) ਮੁਕੱਦਮੇ ਦੀ ਸਮਾਇਤ ਦੌਰਾਨ ਮੈਂ ਲਖਨਊ ਵਿਚ ਸੀ, ਕਿ ਮੈਂ ਉਨ੍ਹਾਂ ਨਾਲ (ਕਾਕੋਰੀ ਮੁਲਜ਼ਮਾਂ) ਉਨ੍ਹਾਂ ਨੂੰ ਫਰਾਰ ਕਰਨ ਦੀ ਕੋਈ ਵਿਉਂਤ ਬਣਾਈ ਸੀ, ਤੇ ਉਨ੍ਹਾਂ ਦੀ ਮਨਜ਼ੂਰੀ ਮਿਲਣ ਮਗਰੋਂ ਅਸੀਂ ਕੁਝ ਬੰਬ ਇਕੱਠੇ ਕੀਤੇ ਸਨ ਤੇ ਇਹ, ਕਿ ਅਜ਼ਮਾਇਸ਼ ਵਾਸਤੇ ਉਨ੍ਹਾਂ ਵਿਚੋਂ ਇਕ ਬੰਬ 1926 ਦੇ ਦੁਸਹਿਰੇ ਦੇ ਮੌਕੇ ਭੀੜ ਵਿਚ ਸੁੱਟਿਆ ਸੀ। ਉਨ੍ਹਾਂ ਨੇ ਮੇਰੇ ਹਿੱਤ ਵਾਸਤੇ ਮੈਨੂੰ ਇਹ ਵੀ ਦੱਸਿਆ ਕਿ ਜੇ ਮੈਂ ਇਨਕਲਾਬੀ ਪਾਰਟੀ ਦੀਆਂ ਸਰਗਰਮੀਆਂ ਬਾਰੇ ਕੋਈ ਬਿਆਨ ਦੇਵਾਂ ਤਾਂ ਮੈਨੂੰ ਕੈਦ ਨਹੀਂ ਹੋਵੇਗੀ, ਸਗੋਂ ਉਹ ਮੈਨੂੰ ਰਿਹਾ ਕਰ ਦੇਣਗੇ ਤੇ ਇਨਾਮ ਦੇਣਗੇ। ਮੈਨੂੰ ਅਦਾਲਤ ਵਿਚ ਵਾਅਦਾ-ਮੁਆਫ਼ ਵਜੋਂ ਪੇਸ਼ ਨਹੀਂ ਕਰਨਗੇ। ਮੈਂ ਉਨ੍ਹਾਂ ਦੀ ਇਸ ਤਜਵੀਜ਼ ਉਤੇ ਹੱਸ ਛੱਡਿਆ। ਇਹ ਸਰਾਸਰ ਧੋਖਾ ਸੀ। ਸਾਡੇ ਵਿਚਾਰਾਂ ਵਾਲੇ ਲੋਕ ਕਦੇ ਵੀ ਆਪਣੇ ਮਾਸੂਮ ਲੋਕਾਂ ਉਤੇ ਬੰਬ ਨਹੀਂ ਸੁੱਟਦੇ।

ਇਕ ਦਿਨ ਸਵੇਰੇ ਮਿਸਟਰ ਨੀਊਮੈਨ ਮੇਰੇ ਕੋਲ ਆਇਆ ਜੋ ਉਨ੍ਹੀਂ ਦਿਨੀਂ ਸੀ.ਆਈ.ਡੀ. ਦਾ ਸੀਨੀਅਰ ਸੁਪਰਡੈਂਟ ਸੀ। ਉਹਨੇ ਮੇਰੇ ਨਾਲ ਲੰਮੀ-ਚੌੜੀ ਹਮਦਰਦ ਗੱਲਬਾਤ ਮਗਰੋਂ ਆਪਣੇ ਚਿੱਤੋਂ ਮੈਨੂੰ ਬੜੀ ਮਾੜੀ ਖਬਰ ਦਿੱਤੀ ਕਿ ਜੇ ਮੈਂ ਉਨ੍ਹਾਂ ਦੀ ਮਰਜ਼ੀ ਮੁਤਾਬਕ ਕੋਈ ਬਿਆਨ ਨਾ ਦਿੱਤਾ, ਤਾਂ ਉਹ ਮੇਰੇ ਉਤੇ ਕਾਕੋਰੀ ਮੁਕੱਦਮੇ ਸਬੰਧੀ ਜੰਗ ਛੇੜਨ ਦੀ ਸਾਜ਼ਿਸ਼ ਅਤੇ ਦੁਸਹਿਰਾ ਬੰਬ ਸਾਕੇ ਦੇ ਵਹਿਸ਼ੀ ਕਾਤਲਾਂ ਦਾ ਮੁਕੱਦਮਾ ਚਲਾਉਣ ਲਈ ਮਜਬੂਰ ਹੋਣਗੇ। ਫਿਰ ਆਖਣ ਲੱਗਾ ਕਿ ਮੈਨੂੰ ਸਜ਼ਾ ਦਿਵਾਉਣ ਤੇ ਫਾਹੇ ਲਾਉਣ ਲਈ ਉਸ ਕੋਲ ਗਵਾਹੀ ਮੌਜੂਦ ਹੈ। ਉਨ੍ਹੀਂ ਦਿਨੀਂ ਮੇਰਾ ਵਿਸ਼ਵਾਸ ਸੀ- ਮੈਂ ਭਾਵੇਂ ਬਿਲਕੁਲ ਮਾਸੂਮ ਸੀ, ਕਿ ਪੁਲਿਸ ਜੋ ਦਾਅਵੇ ਕਰ ਸਕਦੀ ਹੈ, ਉਹ ਕਰ ਸਕਦੀ ਹੈ। ਉਸੇ ਦਿਨ ਕੁਝ ਪੁਲਿਸ ਅਫ਼ਸਰ ਦੋਵੇਂ ਵੇਲੇ ਰੱਬ ਦਾ ਨਾਂ ਲੈਣ ਲਈ ਮੈਨੂੰ ਪ੍ਰੇਰਨ ਲੱਗ ਪਏ। ਮੈਂ ਤਾਂ ਨਾਸਤਿਕ ਸੀ। ਮੈਂ ਆਪਣੇ ਆਪ ਨਾਲ ਫੈਸਲਾ ਕਰਨਾ ਚਾਹੁੰਦਾ ਸਾਂ ਕਿ ਕੀ ਮੈਂ ਅਮਨ ਚੈਨ ਤੇ ਖੁਸ਼ੀ ਦੇ ਦਿਨਾਂ ਵਿਚ ਹੀ ਨਾਸਤਿਕ ਹੋਣ ਦੀ ਫੜ੍ਹ ਮਾਰ ਸਕਦਾ ਹਾਂ, ਜਾਂ ਇਹੋ ਜਿਹੀ ਔਖੀ ਘੜੀ ਵਿਚ ਵੀ ਆਪਣੇ ਅਸੂਲਾਂ ਉਤੇ ਸਾਬਤ ਕਦਮ ਰਹਿ ਸਕਦਾ ਹਾਂ। ਬੜੀ ਸੋਚ ਵਿਚਾਰ ਮਗਰੋਂ ਫੈਸਲਾ ਕੀਤਾ ਕਿ ਮੈਂ ਰੱਬ ਵਿਚ ਯਕੀਨ ਨਹੀਂ ਕਰ ਸਕਦਾ, ਤੇ ਨਾ ਹੀ ਅਰਦਾਸ ਕਰ ਸਕਦਾ ਹਾਂ। ਮੈਂ ਕਦੇ ਵੀ ਅਰਦਾਸ ਨਾ ਕੀਤੀ। ਇਹ ਪਰਖ ਦੀ ਘੜੀ ਸੀ ਤੇ ਮੈਂ ਇਸ ਵਿਚ ਕਾਮਯਾਬ ਰਿਹਾ। ਮੈਂ ਕਦੇ ਇਕ ਪਲ ਵੀ ਆਪਣੀ ਜਾਨ ਬਚਾਉਣ ਬਾਰੇ ਨਹੀਂ ਸੋਚਿਆ ਸੀ। ਸੋ, ਮੈਂ ਪੱਕਾ ਨਾਸਤਿਕ ਸੀ ਤੇ ਉਦੋਂ ਤੋਂ ਲੈ ਕੇ ਹੁਣ ਤੱਕ ਹਾਂ। ਉਸ ਅਜ਼ਮਾਇਸ਼ ਵਿਚ ਪੂਰਾ ਉਤਰਨਾ ਕੋਈ ਸੌਖੀ ਗੱਲ ਨਹੀਂ ਸੀ।

'ਵਿਸ਼ਵਾਸ' ਮੁਸ਼ਕਿਲਾਂ ਨੂੰ ਘੱਟ ਕਰ ਦਿੰਦਾ ਹੈ, ਇਥੋਂ ਤੱਕ ਕਿ ਉਨ੍ਹਾਂ ਨੂੰ ਖੁਸ਼ਗਵਾਰ ਬਣਾ ਦਿੰਦਾ ਹੈ। ਬੰਦਾ ਰੱਬ ਵਿਚ ਧਰਵਾਸ ਤੇ ਆਸਰੇ ਦਾ ਬਹੁਤ ਜ਼ੋਰਦਾਰ ਅਹਿਸਾਸ ਲੱਭ ਸਕਦਾ ਹੈ। 'ਉਹਦੇ' ਬਿਨਾਂ ਮਨੁੱਖ ਨੂੰ ਆਪਣੇ ਆਪ ਉਤੇ ਨਿਰਭਰ ਹੋਣਾ ਪੈਂਦਾ ਹੈ। ਝੱਖੜ-ਝਾਂਜਿਆਂ ਤੇ ਤੂਫ਼ਾਨਾਂ ਵਿਚ ਸਾਬਤ ਕਦਮ ਰਹਿਣਾ ਬੱਚਿਆਂ ਦੀ ਖੇਡ ਨਹੀਂ। ਇਹੋ ਜਿਹੀਆਂ ਅਜ਼ਮਾਇਸ਼ੀ ਘੜੀਆਂ ਵਿਚ ਕਿਸੇ ਵਿਚ ਕੋਈ ਹਉਮੈ ਬਚੀ ਹੋਈ ਹੋਵੇ, ਤਾਂ ਉਹ ਕਾਫ਼ੂਰ ਹੋ ਜਾਂਦੀ ਹੈ ਅਤੇ ਮਨੁੱਖ ਆਮ

(ਬਾਕੀ ਅਗਲੇ ਸਫੇ 'ਤੇ)

ਵਿਸ਼ਵਾਸਾਂ ਨੂੰ ਉਲੰਘਣ ਦੀ ਹਿੰਮਤ ਤੱਕ ਨਹੀਂ ਕਰ ਸਕਦਾ। ਜੇ ਉਹ ਹਿੰਮਤ ਕਰਦਾ ਹੈ, ਤਾਂ ਸਾਨੂੰ ਇਹ ਕਹਿਣਾ ਪਏਗਾ ਕਿ ਉਸ ਵਿਚ ਨਿਜੀ ਹਉਮੈ ਨਾਲੋਂ ਹੋਰ ਕੋਈ ਤਾਕਤ ਵੀ ਹੁੰਦੀ ਹੋਣੀ ਹੈ। ਹੁਣ ਬਿਲਕੁਲ ਇਹੀ ਹਾਲਤ ਹੈ। ਪਹਿਲਾਂ ਹੀ ਚੰਗੀ ਤਰ੍ਹਾਂ ਪਤਾ ਹੈ ਕਿ ਸਾਡੇ ਮੁਕੱਦਮੇ ਦਾ ਕੀ ਫੈਸਲਾ ਹੋਏਗਾ। ਹਫ਼ਤੇ ਦੇ ਵਿਚ ਵਿਚ ਫੈਸਲਾ ਸੁਣਾ ਦਿੱਤਾ ਜਾਏਗਾ। ਮੈਂ ਆਪਣੀ ਜ਼ਿੰਦਗੀ ਆਦਰਸ਼ ਖਾਤਰ ਕੁਰਬਾਨ ਕਰ ਦੇਣੀ ਹੈ, ਇਸ ਵਿਚਾਰ ਤੋਂ ਬਿਨਾਂ ਮੇਰਾ ਹੋਰ ਕਿਹੜਾ ਧਰਵਾਸ ਹੈ? ਕਿਸੇ ਆਸਤਿਕ ਹਿੰਦੂ ਨੂੰ ਤਾਂ ਦੂਜੇ ਜਨਮ ਵਿਚ ਬਾਦਸ਼ਾਹ ਬਣਨ ਦੀ ਆਸ ਹੋ ਸਕਦੀ ਹੈ, ਕੋਈ ਮੁਸਲਮਾਨ ਜਾਂ ਈਸਾਈ ਤਾਂ ਆਪਣੀਆਂ ਮੁਸ਼ਕਿਲਾਂ ਤੇ ਕੁਰਬਾਨੀਆਂ ਬਦਲੇ ਸਵਰਗ ਦੀਆਂ ਐਸ਼ੋ-ਇਸ਼ਰਤਾਂ ਦੀ ਕਲਪਨਾ ਕਰ ਸਕਦਾ ਹੈ, ਪਰ ਮੈਂ ਕਿਸ ਗੱਲ ਦੀ ਆਸ ਰੱਖਾਂ? ਮੈਨੂੰ ਪਤਾ ਹੈ ਕਿ ਜਿਸ ਪਲ ਮੇਰੇ ਗਲ ਇਹ ਫਾਂਸੀ ਦਾ ਫੰਦਾ ਪਾ ਦਿੱਤਾ ਜਾਏਗਾ, ਤੇ ਮੇਰੇ ਪੈਰਾਂ ਹੇਠੋਂ ਤਖ਼ਤੇ ਖੋਲ੍ਹ ਦਿੱਤੇ ਗਏ, ਤਾਂ ਉਹ ਮੇਰਾ ਆਖਰੀ ਪਲ ਹੋਏਗਾ। ਮੇਰਾ ਜਾਂ ਮਿਥਿਹਾਸਕ ਸ਼ਬਦਾਵਲੀ ਵਿਚ ਆਖੀਏ, ਤਾਂ ਮੇਰੀ ਆਤਮਾ ਦਾ ਬਿਲਕੁਲ ਖਾਤਮਾ ਹੋ ਜਾਏਗਾ। ਜੇ ਮੈਂ ਇਨਾਮ ਦੇ ਦ੍ਰਿਸ਼ਟੀਕੋਣ ਤੋਂ ਦੇਖਣ ਦੀ ਹਿੰਮਤ ਕਰਾਂ ਤਾਂ ਸ਼ਾਨਦਾਰ ਅੰਤ ਤੋਂ ਵਾਂਝੀ ਜਦੋ-ਜਹਿਦ ਭਰੀ ਮੁਖ਼ਤਸਰ ਜ਼ਿੰਦਗੀ ਹੀ ਆਪਣੇ ਆਪ 'ਚ (ਮੇਰਾ) ਇਨਾਮ ਹੋਏਗਾ। ਇਸ ਤੋਂ ਵੱਧ ਕੁਝ ਨਹੀਂ। ਹੁਣ ਜਾਂ ਕਦੇ ਵੀ ਕੁਝ ਹਾਸਲ ਕਰ ਸਕਣ ਦੀ ਕਿਸੇ ਵੀ ਖ਼ੁਦਗਰਜ਼ੀ ਤੋਂ ਬਿਨਾਂ ਮੈਂ ਕਾਫ਼ੀ ਬੇਲਾਗ ਹੋ ਕੇ ਆਪਣੀ ਜ਼ਿੰਦਗੀ ਆਜ਼ਾਦੀ ਦੇ ਆਦਰਸ਼ ਲੇਖੇ ਲਾਈ ਹੈ, ਕਿਉਂਕਿ ਮੇਰੇ ਕੋਲ ਇਸ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ।

ਜਿਸ ਦਿਨ ਮਨੁੱਖਤਾ ਦੀ ਸੇਵਾ ਤੇ ਦੁੱਖ ਝਾਗ ਰਹੀ ਮਨੁੱਖਤਾ ਦੇ ਨਿਜਾਤ ਦੀ ਭਾਵਨਾ ਨਾਲ ਪ੍ਰੇਰਿਤ ਬਹੁਤ ਸਾਰੇ ਮਰਦ-ਔਰਤਾਂ ਅੱਗੇ ਆ ਗਏ, ਜਿਹੜੇ ਇਸ ਬਗੈਰ ਹੋਰ ਕਿਸੇ ਚੀਜ਼ 'ਤੇ ਜੀਵਨ ਨਹੀਂ ਲਗਾ ਸਕਦੇ, ਉਸ ਦਿਨ ਤੋਂ ਮੁਕਤੀ ਦਾ ਯੁੱਗ ਸ਼ੁਰੂ ਹੋਵੇਗਾ। ਉਹ ਦਮਨਕਾਰੀਆਂ, ਲੋਟੂਆਂ ਤੇ ਜ਼ਾਲਮਾਂ ਨੂੰ ਇਸ ਗੱਲੋਂ ਨਹੀਂ ਵੰਗਾਰਨਗੇ ਕਿ ਉਹ ਇਸ ਜਾਂ ਅਗਲੇ ਜਨਮ ਵਿਚ ਜਾਂ ਮੌਤ ਮਗਰੋਂ ਵਹਿਸ਼ਤ ਵਿਚ ਬਾਦਸ਼ਾਹ ਬਣ ਜਾਣਗੇ ਜਾਂ ਉਨ੍ਹਾਂ ਨੂੰ ਕੋਈ ਇਨਾਮ ਮਿਲ ਜਾਵੇਗਾ, ਸਗੋਂ ਮਨੁੱਖਤਾ ਦੀ ਧੌਣ ਤੋਂ ਗੁਲਾਮੀ ਦਾ ਜੂਲਾ ਲਾਹੁਣ ਤੇ ਆਜ਼ਾਦੀ ਤੇ ਅਮਨ ਕਾਇਮ ਕਰਨ ਲਈ ਹੀ ਉਹ ਇਸ ਬਿਖੜੇ, ਪਰ ਇਕੋ ਇਕ ਸ਼ਾਨਦਾਰ ਮਾਰਗ ਉਤੇ ਚੱਲਣਗੇ। ਕੀ ਆਪਣੇ ਸੱਚੇ ਆਦਰਸ਼ ਵਿਚ ਉਨ੍ਹਾਂ ਦੇ ਮਾਣ ਨੂੰ ਅਹੰਕਾਰ ਕਿਹਾ ਜਾ ਸਕਦਾ ਹੈ? ਇਹੋ ਜਿਹੀ ਘ੍ਰਿਣਤ ਬਿਆਨੀ ਕਰਨ ਦੀ ਕੌਣ ਜੁਰਅਤ ਕਰ ਸਕਦਾ ਹੈ? ਇਹੋ ਜਿਹੇ ਬੰਦੇ ਨੂੰ ਮੂਰਖ ਜਾਂ ਪਾਖੰਡੀ ਆਖਾਂਗਾ। ਚਲੋ, ਆਪਾਂ ਇਸ ਨੂੰ ਮੁਆਫ਼ ਕਰ ਦਿੰਦੇ ਹਾਂ, ਕਿਉਂਕਿ ਉਹ ਸੁੱਚੇ ਆਦਰਸ਼ ਵਾਲੇ ਦਿਲ ਦੇ ਜਜ਼ਬੇ, ਭਾਵਨਾ ਤੇ ਅਹਿਸਾਸ ਨੂੰ ਜਾਣ ਨਹੀਂ ਸਕਦਾ। ਉਹਦਾ ਦਿਲ ਮਾਸ ਦਾ ਬੇਜਾਨ ਲੋਥੜਾ ਹੈ। ਉਹਦੀ ਦ੍ਰਿਸ਼ਟੀ ਕਮਜ਼ੋਰ ਹੈ, ਕਿਉਂਕਿ ਹੋਰ ਗਰਜ਼ਾਂ ਦੀਆਂ ਬੁਰਾਈਆਂ ਦਾ ਉਨ੍ਹਾਂ 'ਤੇ ਪਰਦਾ ਪਿਆ ਹੋਇਆ ਹੈ। ਸਵੈ-ਵਿਸ਼ਵਾਸ ਨੂੰ ਅਹੰਕਾਰ ਸਮਝਿਆ ਜਾ ਸਕਦਾ ਹੈ। ਇਹ ਅਫਸੋਸਨਾਕ ਤੇ ਤਰਸਯੋਗ ਗੱਲ ਹੈ, ਪਰ ਕੋਈ ਚਾਰਾ ਨਹੀਂ।

ਤੁਸੀਂ ਪ੍ਰਚਲਿਤ ਵਿਸ਼ਵਾਸ ਦਾ ਵਿਰੋਧ ਕਰ ਕੇ ਦੇਖ ਲਓ, ਤੁਸੀਂ ਨਿਹਕਲੰਕ ਅਵਤਾਰ ਸਮਝੇ ਜਾਂਦੇ ਕਿਸੇ ਨਾਇਕ, ਕਿਸੇ ਮਹਾਨ ਪੁਰਖ ਦੀ ਨੁਕਤਾਚੀਨੀ ਕਰ ਕੇ ਦੇਖ ਲਓ, ਤਾਂ ਤੁਹਾਡੀ ਦਲੀਲ ਦਾ ਜਵਾਬ ਤੁਹਾਨੂੰ ਘੁਮੰਡੀ-ਅਹੰਕਾਰੀ ਆਖ ਕੇ ਦਿੱਤਾ ਜਾਵੇਗਾ। ਇਹਦਾ ਕਾਰਨ ਮਾਨਸਿਕ ਖੜੋਤ ਹੈ। ਆਲੋਚਨਾ ਤੇ ਸੁਤੰਤਰ ਸੋਚਣੀ ਇਨਕਲਾਬੀ ਦੇ ਦੋ ਲਾਜ਼ਮੀ ਗੁਣ ਹੁੰਦੇ ਹਨ। ਮਹਾਤਮਾ ਜੀ (ਮਹਾਤਮਾ ਗਾਂਧੀ) ਕਿਉਂਕਿ ਮਹਾਨ ਹਨ, ਇਸ ਲਈ ਕੋਈ ਉਨ੍ਹਾਂ ਦੀ ਆਲੋਚਨਾ ਨਾ ਕਰੇ, ਕਿਉਂਕਿ ਉਹ ਉਪਰ ਉਠ ਚੁੱਕੇ ਹਨ। ਇਸ ਲਈ ਉਹ ਰਾਜਨੀਤੀ ਜਾਂ ਧਰਮ, ਆਰਥਿਕਤਾ ਜਾਂ ਸਦਾਚਾਰ ਬਾਰੇ ਕੁਝ ਵੀ ਕਹਿੰਦੇ ਹਨ, ਤਾਂ ਉਹ ਸਹੀ ਹੁੰਦਾ ਹੈ। ਤੁਸੀਂ ਮੰਨਦੇ ਹੋ, ਭਾਵੇਂ ਨਹੀਂ; ਤੁਹਾਨੂੰ ਇਹ ਜ਼ਰੂਰ ਕਹਿਣਾ ਪਏਗਾ, "ਹਾਂ ਇਹ ਗੱਲ ਠੀਕ ਹੈ।" ਇਹ ਮਾਨਸਿਕਤਾ ਸਾਨੂੰ ਪ੍ਰਗਤੀ ਵੱਲ ਨਹੀਂ ਲਿਜਾਂਦੀ, ਸਗੋਂ ਇਹ ਤਾਂ ਸਪਸ਼ਟ ਤੌਰ 'ਤੇ ਪ੍ਰਤੀਗਾਮੀ (ਮਾਨਸਿਕਤਾ) ਹੈ।



*ਸੰਸਾਰ ਦੇ ਨਾਸਤਿਕਾਂ ਵੱਲੋਂ ਵਰਤਿਆ ਜਾਂਦਾ ਚਿੰਨ੍ਹ।*

ਸਾਡੇ ਵੱਡੇ-ਵਡੇਰਿਆਂ ਨੇ ਕਿਉਂਕਿ ਕਿਸੇ ਸਰਬ ਸ਼ਕਤੀਮਾਨ ਪਰਮਾਤਮਾ ਵਿਚ ਵਿਸ਼ਵਾਸ ਬਣਾ ਲਿਆ ਸੀ, ਇਸ ਲਈ ਕੋਈ ਵੀ ਬੰਦਾ, ਜਿਹੜਾ ਉਸ ਵਿਸ਼ਵਾਸ ਜਾਂ ਉਸ ਪਰਮਾਤਮਾ ਦੀ ਹੋਂਦ ਤੋਂ ਮੁਨਕਰ ਹੋਣ ਦਾ ਹੌਸਲਾ ਕਰਦਾ ਹੈ, ਉਹਨੂੰ ਹਰ ਹਾਲਤ ਵਿਚ ਕਾਫ਼ਰ, ਗੱਦਾਰ ਕਿਹਾ ਜਾਏਗਾ। ਜੇ ਉਹਦੀਆਂ ਵਜ਼ਨਦਾਰ ਦਲੀਲਾਂ ਨੂੰ ਅੱਗੇ ਕੱਟਿਆ ਨਾ ਜਾ ਸਕਦਾ ਹੋਵੇ ਅਤੇ ਸਰਬ ਸ਼ਕਤੀਮਾਨ ਦੀ ਕਰੋਪੀ ਵੀ ਉਹਦੀ ਜ਼ੋਰਦਾਰ ਦ੍ਰਿੜਤਾ ਨੂੰ ਡੇਗ ਨਾ ਸਕੇ, ਤਾਂ ਉਹਨੂੰ ਘੁਮੰਡੀ ਗਰਦਾਨਿਆ ਜਾਏਗਾ ਤੇ ਉਹਦੀ ਦ੍ਰਿੜਤਾ ਨੂੰ ਅਹੰਕਾਰ ਆਖਿਆ ਜਾਏਗਾ। ਤਾਂ ਫਿਰ ਇਸ ਫਜ਼ੂਲ ਬਹਿਸ ਵਿਚ ਸਮਾਂ ਕਿਉਂ ਗਵਾਈਏ? ਇਹ ਸਵਾਲ ਲੋਕਾਂ ਅੱਗੇ ਪਹਿਲੀ ਵਾਰ ਆ ਰਿਹਾ ਹੈ ਤੇ ਇਸ ਨੂੰ ਤਰੀਕੇ ਨਾਲ ਪਹਿਲੀ ਵਾਰ ਲਿਆ ਜਾ ਰਿਹਾ ਹੈ, ਇਸੇ ਲਈ ਲੰਮੀ ਬਹਿਸ ਹੋ ਰਹੀ ਹੈ।

ਜਿਥੋਂ ਤੱਕ ਪਹਿਲੇ ਸਵਾਲ ਦਾ ਸਬੰਧ ਹੈ, ਮੇਰਾ ਵਿਚਾਰ ਹੈ ਕਿ ਮੈਂ ਸਪਸ਼ਟ ਕਰ ਦਿੱਤਾ ਹੈ ਕਿ ਮੈਂ ਅਹੰਕਾਰ ਕਾਰਨ ਨਾਸਤਿਕ ਨਹੀਂ ਬਣਿਆ। ਇਹ ਫੈਸਲਾ ਮੈਂ ਨਹੀਂ, ਸਗੋਂ ਮੇਰੇ ਪਾਠਕਾਂ ਨੇ ਕਰਨਾ ਹੈ ਕਿ ਮੇਰੀਆਂ ਦਲੀਲਾਂ ਖ਼ੂਬਵੀਆਂ ਸਾਬਤ ਹੋਈਆਂ ਹਨ ਜਾਂ ਨਹੀਂ। ਮੈਨੂੰ ਪਤਾ ਹੈ ਕਿ ਹੁਣ ਦੇ ਹਾਲਾਤ ਵਿਚ ਜੇ ਮੈਂ ਆਸਤਿਕ ਹੁੰਦਾ ਤਾਂ ਮੇਰੀ ਜ਼ਿੰਦਗੀ ਹੁਣ ਨਾਲੋਂ ਆਸਾਨ ਹੋਣੀ ਸੀ ਤੇ ਮੇਰਾ ਬੋਝ ਹੁਣ ਨਾਲੋਂ ਘੱਟ ਹੋਣਾ ਸੀ। ਮੇਰਾ ਰੱਬ ਦੀ ਹੋਂਦ ਤੋਂ ਇਨਕਾਰੀ ਹੋਣ ਕਰ ਕੇ ਹਾਲਾਤ ਬਹੁਤ ਹੀ ਅਣਸੁਖਾਵੇਂ ਹੋ ਗਏ ਹਨ ਤੇ ਹਾਲਤ ਇਸ ਤੋਂ ਵੀ ਭੈੜੀ ਹੋ ਸਕਦੀ ਹੈ। ਥੋੜ੍ਹਾ ਜਿੰਨਾ ਰਹੱਸਵਾਦ ਇਸ ਹਾਲਤ ਨੂੰ ਸ਼ਾਇਰਾਨਾ ਬਣਾ ਸਕਦਾ ਹੈ, ਪਰ ਮੈਨੂੰ ਆਪਣੇ ਅੰਤ ਵਾਸਤੇ ਕਿਸੇ ਨਸ਼ੇ ਦੀ, ਮਦਦ ਦੀ ਲੋੜ ਨਹੀਂ ਹੈ। ਮੈਂ ਯਥਾਰਥਵਾਦੀ ਹਾਂ। ਮੈਂ ਤਰਕ ਨਾਲ ਇਸ ਰੁਝਾਨ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰਦਾ ਰਿਹਾ ਹਾਂ। ਮੈਂ ਇਸ ਕੋਸ਼ਿਸ਼ ਵਿਚ ਹਮੇਸ਼ਾ ਹੀ ਸਫਲ ਨਹੀਂ ਹੁੰਦਾ, ਪਰ ਬੰਦੇ ਦਾ ਫਰਜ਼ ਤਾਂ ਕੋਸ਼ਿਸ਼ ਕਰੀ ਜਾਣਾ ਹੁੰਦਾ ਹੈ, ਕਾਮਯਾਬੀ ਮੌਕੇ ਅਤੇ ਹਾਲਾਤ ਉਤੇ ਨਿਰਭਰ ਹੁੰਦੀ ਹੈ।


ਦੂਜਾ ਸਵਾਲ ਇਹ ਹੈ ਕਿ ਅਹੰਕਾਰ ਨਹੀਂ, ਤਾਂ ਰੱਬ ਦੀ ਹੋਂਦ ਪੁਰਾਣੀ ਤੇ ਪ੍ਰਚੱਲਤ ਧਾਰਨਾ ਨੂੰ ਨਾ ਮੰਨਣ ਦਾ ਕੋਈ ਕਾਰਨ ਹੋਵੇਗਾ। ਹਾਂ, ਮੈਂ ਇਸ ਸਵਾਲ ਵੱਲ ਆਉਂਦਾ ਹਾਂ। ਇਹਦਾ ਕਾਰਨ ਹੈ। ਮੇਰੇ ਵਿਚਾਰ ਅਨੁਸਾਰ ਜਿਸ ਬੰਦੇ ਕੋਲ ਥੋੜ੍ਹੀ-ਬਹੁਤ ਤਰਕ ਸ਼ਕਤੀ ਹੈ, ਉਹ ਹਮੇਸ਼ਾ ਆਪਣੇ ਆਲੇ-ਦੁਆਲੇ ਨੂੰ ਤਰਕ ਦੀ ਕਸਵੱਟੀ ਉਤੇ ਪਰਖਦਾ ਹੈ। ਜਿਥੇ ਸਿੱਧੇ ਸਬੂਤ ਨਹੀਂ ਮਿਲਦੇ, ਉਥੇ ਫਲਸਫ਼ੇ ਦਾ ਅਹਿਮ ਥਾਂ ਹੁੰਦਾ ਹੈ। ਜਿਵੇਂ ਮੈਂ ਪਹਿਲਾਂ ਆਖ ਚੁੱਕਾ ਹਾਂ, ਮੇਰਾ ਕੋਈ ਇਨਕਲਾਬੀ ਦੋਸਤ ਕਿਹਾ ਕਰਦਾ ਸੀ, "ਫਲਸਫ਼ਾ ਮਨੁੱਖੀ ਕਮਜ਼ੋਰੀ ਦੀ ਪੈਦਾਵਾਰ ਹੈ।"

ਜਦ ਸਾਡੇ ਵੱਡੇ-ਵਡੇਰਿਆਂ ਨੂੰ ਇਸ ਜਗਤ-ਤਮਾਸ਼ੇ ਨੂੰ ਜਾਣਨ ਦੀ ਕਾਫ਼ੀ ਫੁਰਸਤ ਮਿਲੀ ਤੇ ਜਦ ਉਨ੍ਹਾਂ ਨੂੰ ਜਗਤ ਦਾ ਅਤੀਤ, ਵਰਤਮਾਨ, ਭਵਿੱਖ ਤੇ ਹੋਰ ਬਹੁਤ ਸਾਰੇ ਸਵਾਲਾਂ ਦੇ ਸਿੱਧੇ ਸਬੂਤ ਨਾ ਮਿਲੇ, ਤਾਂ ਹਰ ਕਿਸੇ ਨੇ ਇਸ ਸਮੱਸਿਆ ਨੂੰ ਆਪਣੇ ਤਰੀਕੇ ਨਾਲ ਸੁਲਝਾਉਣ ਦੀ ਕੋਸ਼ਿਸ਼ ਕੀਤੀ। ਇਸ ਕਰ ਕੇ ਵੱਖ ਵੱਖ ਧਰਮਾਂ ਦੇ ਬੁਨਿਆਦੀ ਸਿਧਾਂਤਾਂ ਵਿਚ ਵੱਡੇ ਵੱਡੇ ਮਤਭੇਦ ਮਿਲਦੇ ਹਨ। ਜਿਹੜੇ ਕਦੇ ਕਦੇ ਬਹੁਤ ਵਿਰੋਧੀ ਰੂਪ ਅਖਤਿਆਰ ਕਰ ਜਾਂਦੇ ਹਨ। ਜਿਥੇ ਏਸ਼ੀਆਈ ਤੇ ਯੂਰਪੀ ਫਿਲਾਸਫੀਆਂ ਵਿਚ ਵਖਰੇਵਾਂ ਹੈ, ਇਥੋਂ ਤੱਕ ਕਿ ਹਰ ਮਹਾਂ ਖੇਤਰ ਦੀਆਂ ਵੱਖ ਵੱਖ ਵਿਚਾਰ ਪ੍ਰਣਾਲੀਆਂ ਵਿਚ ਵੀ ਮਤਭੇਦ ਹੈ। ਏਸ਼ੀਆਈ ਧਰਮਾਂ ਵਿਚ ਇਸਲਾਮ ਦੀ ਹਿੰਦੂ ਧਰਮ ਨਾਲ ਕੋਈ ਸਾਂਝ ਨਹੀਂ। ਸਿਰਫ਼ ਹਿੰਦੋਸਤਾਨ ਵਿਚ ਹੀ ਬੁੱਧ ਤੇ ਜੈਨ ਧਰਮ, ਬ੍ਰਾਹਮਣਵਾਦ ਤੋਂ ਕਾਫ਼ੀ ਵੱਖਰੇ ਹਨ ਤੇ ਬ੍ਰਾਹਮਣਵਾਦ ਵਿਚ ਵੀ ਅਗਾਂਹ ਆਰੀਆ ਸਮਾਜ ਤੇ ਸਨਾਤਨ ਧਰਮ ਵਰਗੇ ਵਿਰੋਧੀ ਮੱਤ ਹਨ। ਚਾਰਵਾਕ ਪੁਰਾਤਨ ਕਾਲ ਦਾ ਸੁਤੰਤਰ ਚਿੰਤਕ ਸੀ। ਇਹਨੇ ਰੱਬ ਦੀ ਪ੍ਰਭੁਸੱਤਾ ਨੂੰ ਵੰਗਾਰਿਆ ਸੀ। ਇਨ੍ਹਾਂ ਸਾਰੇ ਮੱਤਾਂ ਵਿਚ ਬੁਨਿਆਦੀ ਸਵਾਲ ਬਾਰੇ ਮਤਭੇਦ ਹਨ ਅਤੇ ਹਰ ਕੋਈ ਆਪਣੇ ਆਪ ਨੂੰ ਦਰੁਸਤ ਮੰਨਦਾ ਹੈ। ਇਹੋ ਸਾਰੀ ਬੁਰਾਈ ਹੈ। ਪੁਰਾਣੇ ਵਿਦਵਾਨਾਂ ਦੇ ਤਜਰਬਿਆਂ ਤੇ ਵਿਚਾਰਾਂ ਨੂੰ ਅਗਿਆਨ ਵਿਚ ਸਾਡੀ ਆਉਣ ਵਾਲੀ ਜਦੋ-ਜਹਿਦ ਦਾ ਆਧਾਰ ਬਣਾਉਣ ਤੇ ਇਸ ਭੇੜਭਰੇ ਮਸਲੇ ਦਾ ਹੱਲ ਲੱਭਣ ਦੀ ਕੋਸ਼ਿਸ਼ ਕਰਨ ਦੀ ਥਾਂ ਅਸੀਂ ਸੁਸਤ, ਨਿਕੰਮੇ, ਕੱਟੜ ਧਰਮ ਦੀ ਹਾਲ ਦੁਹਾਈ ਪਾਉਣ ਲੱਗ ਜਾਂਦੇ ਹਾਂ ਅਤੇ ਇੰਜ ਮਨੁੱਖੀ ਜਾਗ੍ਰਤੀ ਵਿਚ ਆਈ ਖੜੋਤ ਦੇ ਕਸੂਰਵਾਰ ਹਾਂ।

**(ਚਲਦਾ)**

# ਸਲਮਾਨ ਖਾਂ ਦੀ ਮਿੱਟੀ ਪੱਟੀਏ

**ਸ਼ਬਦ ਝਰੋਖਾ**



ਬਲਜੀਤ ਬਾਸੀ
ਫੋਨ: 734-259-9353

ਸਲਮਾਨ ਖਾਂ ਭਾਰਤ ਦਾ ਸਭ ਤੋਂ ਲੋਕਪ੍ਰਿਯ ਐਕਟਰ ਹੈ। ਬਾਲੀਵੁੱਡ ਦੇ 'ਖਾਨਦਾਨੀ' ਤਿੰਨ ਐਕਟਰਾਂ ਵਿਚ ਉਸ ਦਾ ਨਾਂ ਸ਼ੁਮਾਰ ਹੈ। ਸਕਰੀਨ ਤੇ ਆਉਂਦਿਆਂ ਹੀ ਉਸ ਦੀ ਸ਼ਖਸੀਅਤ ਬਹਿ ਜਾ ਬਹਿ ਜਾ ਕਰਾਉਂਦੀ ਹੈ। ਭਾਰਤ ਦੀ ਜਵਾਨੀ ਉਸ ਉਤੇ ਫਿਦਾ ਹੈ ਪਰ ਫਿਰ ਵੀ ਉਹ ਅਜੇ ਤਕਨੀਕੀ ਤੌਰ 'ਤੇ ਕੁਆਰਾ ਹੈ ਅਰਥਾਤ ਸਾਲਮ ਕੁਆਰਾ ਨਹੀਂ। ਸ਼ਾਇਦ ਇਸੇ ਕਰਕੇ ਅਜਿਹੇ ਬੰਦੇ ਨੂੰ ਛੜਾ ਕਿਹਾ ਜਾਂਦਾ ਹੈ। ਪਿਛਲੇ ਮਹੀਨਿਆਂ ਦੌਰਾਨ ਮੈਂ ਉਸ ਦੀਆਂ ਦੋ ਫਿਲਮਾਂ ਦੇਖ ਚੁੱਕਾ ਹਾਂ, 'ਬਜਰੰਗੀ ਭਾਈ' ਤੇ 'ਪ੍ਰੇਮ ਰਤਨ ਧਨ ਪਾਇਓ'। ਪਹਿਲੀ ਫਿਲਮ ਬੇਹੱਦ ਮਾਰਮਿਕ ਹੈ ਜੋ ਭਾਰਤੀ ਤੇ ਪਾਕਿਸਤਾਨੀ ਲੋਕਾਂ ਵਿਚਾਲੇ ਚੰਗੇ ਸਬੰਧ ਬਣਾਉਣ ਲੋਚਦੀ ਹੈ। ਪਿਛਲੇ ਦਿਨੀਂ ਉਸ ਦਾ ਪੰਜਾਹਵਾਂ ਜਨਮ ਦਿਨ ਸੀ। ਐਕਟਰ ਨੇ ਏਡਾ ਨਾਂ ਖੱਟਿਆ ਹੈ, ਚਲੋ ਇਸ ਨਾਂ ਦੀ ਮਿੱਟੀ ਪੱਟੀਏ।

ਮੁਸਲਮਾਨਾਂ ਵਿਚ ਸਲਮਾਨ ਇਕ ਆਮ ਨਾਂ ਹੈ। ਇਹ ਪਹਿਲੇ ਤੇ ਦੂਜੇ ਨਾਂ ਵਜੋਂ ਵੀ ਵਰਤ ਹੁੰਦਾ ਹੈ। ਸੋਲੋਮਨ ਤੇ ਸੁਲੇਮਾਨ ਵੀ ਇਸੇ ਸ਼ਬਦ ਦੇ ਅੰਗਰੇਜ਼ੀ ਤੇ ਹਿਬਰੂ ਰੂਪ ਹਨ। ਫਾਰਸ ਦਾ ਰਹਿਣ ਵਾਲਾ ਸਲਮਾਨ-ਅਲ-ਫਾਰਸੀ ਹਜਰਤ ਮੁਹੰਮਦ ਦਾ ਵਹਾਬੀ ਹੋਇਆ ਹੈ ਜਿਸ ਨੇ ਇਸਲਾਮ ਅਪਨਾਇਆ ਅਤੇ ਆਪਣੇ ਦੇਸ਼ ਵਿਚ ਇਸ ਮਜ਼ਹਬ ਨੂੰ ਫੈਲਾਇਆ। ਸਾਹਿਤਕ ਮੱਸ ਰੱਖਣ ਵਾਲਿਆਂ ਨੇ ਸਲਮਾਨ ਰਸ਼ਦੀ ਦਾ ਨਾਂ ਸੁਣਿਆ ਹੋਵੇਗਾ। ਸਲਮਾਨ ਖੁਰਸ਼ੀਦ ਕਾਂਗਰਸ ਦਾ ਉਘਾ ਨੇਤਾ ਹੈ। ਮਸਊਦ ਸਲਮਾਨ ਪੰਜਾਬੀ ਦਾ ਪਹਿਲਾ ਗ਼ਜ਼ਲਗੋ ਸੀ। ਸਲਮਾਨ ਸ਼ਬਦ ਦੇ ਪਿਛੇ ਬੈਠਾ ਹੈ ਸਾਮੀ ਧਾਤੂ ਸ-ਲ-ਮ ਜੋ ਅਰਬੀ ਅੱਖਰਾਂ ਸੀਨ ਲਾਮ ਮੀਮ ਨਾਲ ਦਰਸਾਇਆ ਜਾ ਸਕਦਾ ਹੈ। ਇਸ ਵਿਚ ਸੁਰੱਖਿਅਤ, ਸਾਬਤ, ਪੂਰਨ, ਕਾਇਮ, ਬਰਕਰਾਰ, ਸਮੁੱਚ, ਅਖੰਡ, ਸ਼ਾਂਤ ਆਦਿ ਦੇ ਭਾਵ ਹਨ। ਇਸ ਧਾਤੂ ਤੋਂ ਸਾਮੀ ਭਾਸ਼ਾਵਾਂ ਵਿਚ ਕਈ ਸ਼ਬਦ ਬਣੇ ਹਨ ਜੋ ਖਾਸ ਨਾਂਵਾਂ ਦੇ ਤੌਰ 'ਤੇ ਵੀ ਵਰਤੇ ਜਾਂਦੇ ਹਨ। ਇਸ ਤੋਂ ਸਲਿਮ ਕਿਰਿਆ ਬਣੀ ਹੈ ਜਿਸ ਦਾ ਅਰਥ ਹੈ ਸੁਰੱਖਿਅਤ ਹੋਣਾ, ਬਚੇ ਰਹਿਣਾ, ਆਂਚ ਨਾ ਆਉਣਾ, ਕਾਇਮ ਦਾਇਮ ਰਹਿਣਾ, ਸਾਬਤ ਰਹਿਣਾ, ਤੰਦਰੁਸਤ ਹੋਣਾ ਆਦਿ। ਇਸ ਵਿਚ ਕਿਸੇ ਨੂੰ ਸੁਰੱਖਿਅਤ ਕਰਨਾ, ਬਚਾਉਣਾ, ਕਾਇਮ ਰੱਖਣਾ, ਬਰਕਰਾਰ ਰੱਖਣਾ, ਕਿਸੇ ਨੂੰ ਕੋਈ ਚੀਜ਼ ਸਾਬਤ, ਸਮੁੱਚੀ ਸੌਂਪਣਾ ਆਦਿ ਦੇ ਭਾਵ ਵੀ ਹਨ। ਸੋ ਸਲਮਾਨ, ਸੋਲੋਮਾਨ ਸੁਲੇਮਾਨ ਦਾ ਅਰਥ ਹੋਇਆ ਸ਼ਾਂਤ ਜਾਂ ਸੁਰੱਖਿਅਤ ਪੁਰਖ।

ਸਲਿਮ ਤੋਂ ਸਾਡੇ ਲਈ ਮਹੱਤਵਪੂਰਨ ਸ਼ਬਦ ਬਣਿਆ ਹੈ ਸਲਾਮ ਜਿਸ ਦੇ ਪ੍ਰਗਟ ਅਰਥ ਹਨ ਨਮਸਕਾਰ ਕਰਨਾ, ਸਲੂਟ ਮਾਰਨਾ ਪਰ ਇਸ ਦੇ ਪਿਛੇ ਛੁਪੇ ਭਾਵ ਹਨ ਕਿਸੇ ਦੀ ਸੁਰੱਖਿਆ, ਤੰਦਰੁਸਤੀ, ਸਾਬਤੀ, ਸ਼ਾਂਤੀ ਦੀ ਕਾਮਨਾ ਕਰਨਾ। ਪੰਜਾਬੀ ਮੁਸਲਮਾਨਾਂ ਨੇ ਰੱਬ ਰਾਖਾ ਸ਼ਬਦ ਵੀ ਚਲਾਇਆ ਹੋਇਆ ਹੈ। 'ਸਲਾਮਾਲੇਕਮ' ਦਾ ਮਤਲਬ ਹੁੰਦਾ ਹੈ, ਤੁਸੀਂ ਸਲਾਮਤ ਜਾਂ ਸ਼ਾਂਤਮਈ ਰਹੋ। ਇਸ ਦੇ ਜਵਾਬ ਵਿਚ 'ਵਾਲੇਕਮਸਲਾਮ' ਦਾ ਅਰਥ ਹੈ ਤੁਸੀਂ ਵੀ ਸਲਾਮਤ ਰਹੋ। ਅੰਗਰੇਜ਼ੀ ਸੈਲਿਊਟ ਦਾ ਵੀ ਏਹੋ ਅਰਥ ਹੈ। 'ਯਾ ਸਲਾਮ' ਦਾ ਮਤਲਬ ਹੈ ਹੇ (ਪਰਮਾਤਮਾ) ਬਚਾਈਂ। ਮੁਸਲਮਾਨ ਹਕੂਮਤਾਂ ਦੌਰਾਨ ਰਵਾਇਤੀ ਤੌਰ 'ਤੇ ਕਿਸੇ ਆਗੂ ਦੀ ਸਲਾਮੀ ਤੋਪਾਂ ਜਾਂ ਹੋਰ ਹਥਿਆਰਾਂ ਨੂੰ ਚੁੱਕ ਕੇ ਦਿਤੀ ਜਾਂਦੀ ਸੀ: 'ਲਖ ਲਸਕਰ ਲਖ ਵਾਜੇ ਨੇਜੇ ਲਖ ਉਠਿ ਕਰਹਿ ਸਲਾਮੁ' (ਗੁਰੂ ਨਾਨਕ)। ਵਰਿਸ ਸ਼ਾਹ ਦੇ ਕਿੱਸੇ ਵਿਚੋਂ,

ਹੀਰ ਮਾਂ ਨੂੰ ਆਣ ਸਲਾਮ ਕੀਤਾ,
ਮਾਊਂ ਆਦੀ ਆ ਨੀ ਨਹਿਰੀਏ ਨੀ।
ਯਰੋਲੀਏ ਗੋਲੀਏ ਬੇਹਿਆਏ,
ਘੁੰਡ ਵੀਣੀਏ ਤੇ ਗੁਲ ਪਹਿਰੀਏ ਨੀ।

ਕਾਦਰ ਜਾਰ ਕਿੱਸਾ ਪੂਰਨ ਭਗਤ ਵਿੱਚ:

ਜੇ ਜ਼ੁਬਾਨ ਬੀਂ ਰਾਜੇ ਨੇ ਹੁਕਮ ਕੀਤਾ,
ਘਰ ਜਾਹੁ ਸਲਾਮ ਕਰ ਮਾਈਆਂ ਨੂੰ।
ਜਿਸ ਵਾਸਤੇ ਭੋਰੇ ਦੇ ਵਿੱਚ ਪਾਇਆ,
ਹੁਣ ਮੋੜ ਨਾ ਖੁਸ਼ੀਆਂ ਆਈਆਂ ਨੂੰ।

ਸਲਾਮ ਕਰਨ ਦੀ ਕਾਰਵਾਈ ਨੂੰ ਸਲਾਮੀ ਕਿਹਾ ਜਾਂਦਾ ਹੈ। ਪੰਜਾਬੀ ਵਿਆਹ ਵੇਲੇ ਲਾੜੇ-ਲਾੜੀ ਦੀ ਵਾਰਨੇ ਵਾਲੀ ਰਸਮ 'ਸਲਾਮੀ' ਪਿਛੇ ਤੰਦਰੁਸਤੀ ਦੀ ਕਾਮਨਾ ਹੀ ਹੈ। ਸਲਾਮ-ਕਲਾਮ ਸ਼ਬਦ ਜੁੱਟ ਦਾ ਅਰਥ ਹੈ ਕਿਸੇ ਨਾਲ ਬੋਲਬਾਣੀ। ਸਲਾਮ ਦੁਆ ਦਾ ਅਰਥ ਬੰਧਨਾ ਹੈ। ਹਿਬਰੂ ਸ਼ਲੋਮ ਦਾ ਅਰਥ ਸਲਾਮ ਵਾਲਾ ਹੀ ਹੈ। ਗ.ਸ. ਰਿਆਲ ਨੇ ਅਰਬੀ ਸਲਾਮ ਦੀ ਨਮਸਕਾਰ ਦੇ ਅਰਥਾਂ ਵਿਚ ਵਿਕਾਸ ਦੀ ਤੁਲਨਾ ਕੁਝ ਅੰਗਰੇਜ਼ੀ ਸ਼ਬਦਾਂ ਦੇ ਸਮਾਨੰਤਰ ਵਿਕਾਸ ਨਾਲ ਕੀਤੀ ਹੈ। ਅੰਗਰੇਜ਼ੀ salute ਦੇ ਪਿਛੇ ਲਾਤੀਨੀ ਸ਼ਬਦ ਹੈ salv ਜਿਸ ਵਿਚ ਸੁਰੱਖਿਆ, ਤੰਦਰੁਸਤੀ, ਸਮੁੱਚਤਾ ਦੇ ਭਾਵ ਹਨ। ਅੰਗਰੇਜ਼ੀ safe ਇਸੇ ਤੋਂ ਬਣਿਆ ਹੈ। ਪੰਜਾਬੀ 'ਸਰਵ' ਜਾਂ 'ਸਭ' ਸ਼ਬਦ ਇਸੇ ਨਾਲ ਜਾ ਜੁੜਦੇ ਹਨ। ਅੰਗਰੇਜ਼ੀ comliments ਵੀ ਦੂਰ ਜਾ ਕੇ complete ਨਾਲ ਨਾਤਾ ਰੱਖਦਾ ਹੈ। ਏਥੇ ਤਨਜ਼ਾਨੀਆ ਦੀ ਰਾਜਧਾਨੀ ਦਾਰ-ਅਸਲਾਮ ਦਾ ਵੀ ਜ਼ਿਕਰ ਲੋੜੀਦਾ ਹੈ। ਇਸ ਦਾ ਸ਼ਾਬਦਿਕ ਅਰਥ ਹੈ-ਸ਼ਾਂਤੀ ਜਾਂ ਸੁਰੱਖਿਆ ਦਾ ਘਰ (ਅਰਬੀ ਦਾਰ=ਘਰ)। ਦਰਅਸਲ ਏਥੇ ਇਸ ਜਗ੍ਹਾ ਦੀ ਇਕ ਬੰਦਰਗਾਹ ਵੱਲ ਸੰਕੇਤ ਹੈ ਜਿਸ ਨੂੰ ਪਹਿਲਿਆਂ ਵਿਚ ਜਹਾਜ਼ਾਂ ਲਈ ਸੁਰੱਖਿਅਤ ਸਮਝਿਆ ਜਾਂਦਾ ਸੀ। ਬਗਦਾਦ ਲਈ ਵੀ ਗੁਣਸੂਚਕ ਨਾਮ ਹੈ ਦਾਰ-ਅਸਲਾਮ।

ਲਗਦੇ ਹੱਥ ਦੱਸ ਦੇਈਏ ਕਿ ਅਬਰਾਹਮੀ ਧਰਮਾਂ ਲਈ ਇਤਿਹਾਸਕ ਮਹੱਤਤਾ ਵਾਲੇ ਅਤੇ ਇਸਰਾਈਲ ਫਲਸਤੀਨ ਦੀ ਰਾਜਧਾਨੀ ਵਾਲੇ ਸ਼ਹਿਰ ਯੇਰੋਸ਼ਲਮ ਦਾ ਸ਼ਾਬਦਿਕ ਅਰਥ ਹੈ, ਸ਼ਲਮ ਦੇਵਤੇ ਦੀ ਬਸਤੀ ਜਾਂ ਬੁਨਿਆਦ। ਬਾਈਬਲ ਵਿਚ ਇਸ ਸ਼ਹਿਰ ਦਾ ਜ਼ਿਕਰ ਹੈ। ਯੇਰੋ ਦਾ ਅਰਥ ਹੈ, ਬੁਨਿਆਦ ਜਾਂ ਬਸਤੀ ਅਤੇ ਸ਼ਲਮ ਸ਼ਬਦ ਸਲਮ ਦਾ ਹੀ ਸੁਜਾਤੀ ਹੈ, ਜਿਸ ਦਾ ਅਰਥ ਅਸੀਂ ਸੁਰੱਖਿਅਤ, ਸ਼ਾਂਤਮਈ ਆਦਿ ਦੱਸ ਚੁੱਕੇ ਹਾਂ। ਅਸਲ ਵਿਚ ਕਨਾਨੀ ਧਰਮਾਂ ਦੇ ਸ਼ਾਮ ਜਾਂ ਸੰਧਿਆ ਦੇ ਦੇਵਤੇ ਦਾ ਨਾਂ ਸੀ ਸ਼ਲਮ ਜੋ ਦਿਨ ਰਾਤ ਦੇ ਪੂਰਾ ਹੋਣ ਦਾ ਪ੍ਰਤੀਕ ਹੈ। ਅਸੀਂ ਸਲਮ ਧਾਤੂ ਵਿਚ 'ਪੂਰਾ' ਦਾ ਭਾਵ ਦੇਖ ਚੁੱਕੇ ਹਾਂ। ਕਈ ਇਸਾਈ ਲੇਖਕ ਯੇਰੋਸ਼ਲਮ ਦਾ ਅਰਥ ਸ਼ਾਂਤੀ ਦਾ ਸ਼ਹਿਰ, ਸ਼ਾਂਤਨਗਰੀ ਆਦਿ ਕਰਦੇ ਹਨ।



*ਸਲਮਾਨ ਖਾਂ*

ਸਲਾਮਤ ਸ਼ਬਦ ਅੱਗੋਂ ਸਲਾਮ ਤੋਂ ਹੀ ਬਣਿਆ ਹੈ ਜਿਸ ਦਾ ਅਰਥ ਹੈ ਸੁਰੱਖਿਅਤ, ਬਚਿਆ, ਤੰਦਰੁਸਤ, ਬਰਕਰਾਰ, ਸ਼ਾਂਤ, ਸਮੁੱਚਾ, ਪੂਰਾ-ਸੂਰਾ, ਕਾਇਮ ਆਦਿ। 'ਪੂੰਜੀ ਸਾਬਤੁ ਰਾਸਿ ਸਲਾਮਤਿ ਚੂਕਾ ਜਮ ਕਾ ਫਾਹਾ ਹੇ' (ਗੁਰੂ ਅਰਜਨ ਦੇਵ)। ਸਲਾਮਤ ਨਾਲ ਸਹੀ ਲੱਗ ਕੇ ਅਰਥਾਂ ਨੂੰ ਹੋਰ ਬਲ ਮਿਲਦਾ ਹੈ, 'ਸਹੀ ਸਲਾਮਤ ਘਰਿ ਲੈ ਆਇਆ' (ਗੁਰੂ ਅਰਜਨ ਦੇਵ)। ਜਦ ਗੁਰੂ ਨਾਨਕ ਕਹਿੰਦੇ ਹਨ, 'ਤੂ ਸਦਾ ਸਲਾਮਤਿ ਨਿਰੰਕਾਰ' ਤਾਂ ਇਸ ਦਾ ਭਾਵ ਹੈ ਕਿ ਰੱਬ ਅਜ਼ਲਾਂ ਤੋਂ ਇਸੇ ਤਰ੍ਹਾਂ ਬਰਕਰਾਰ ਹੈ, ਇਸ ਵਿਚ ਕੋਈ ਕੱਜ ਨਹੀਂ ਪਿਆ। ਹਾਸ਼ਮ ਸ਼ਾਹ ਦੇ ਦੋਹੜਿਆਂ 'ਚ ਇਸ ਸ਼ਬਦ ਦੀ ਵਰਤੋਂ ਇਸ ਤਰ੍ਹਾਂ ਮਿਲਦੀ ਹੈ:

ਰਾਵਤ ਫੀਲ ਨਿਸ਼ਾਨਾਂ ਵਾਲੇ,
ਲਖ ਵਸਦੇ ਕੋਈ ਨ ਤੱਕੇ।
ਚਾਕ ਚੁਗਾਵੇ ਮੱਝੀਂ ਸੋਈ,
ਵੇਖ ਜਹਾਨ ਨ ਸੱਕੇ।
ਮਾਊ ਰੋਜ਼ ਦੇਵੇ ਲੱਖ ਤਾਅਨੇ,
ਅਤੇ ਬਾਪ ਦਿਵਾਵੇ ਧੱਕੇ।
ਰਾਂਝਾ ਮਾਣ ਨਿਮਾਣੀ ਹਾਸ਼ਮ,
ਉਹਨੂੰ ਰੱਬ ਸਲਾਮਤ ਰੱਖੇ।

ਸਲਾਮਤ ਤੋਂ ਹੀ ਸਲਾਮਤੀ ਬਣ ਗਿਆ ਜਿਸ ਵਿਚ ਸੁਰਖਿਆ, ਹਿਫ਼ਾਜ਼ਤ, ਕੁਸ਼ਲਤਾ, ਸ਼ਾਂਤੀ ਦੇ ਭਾਵ ਹਨ। Security Council ਨੂੰ ਸਲਾਮਤੀ ਕੌਂਸਲ ਕਿਹਾ ਜਾਂਦਾ ਹੈ। ਸਾਲਮ ਸ਼ਬਦ ਦਾ ਅਰਥ ਹੈ, ਸਾਬਤ ਸਬੂਤਾ, ਪੂਰਾ ਸਾਰਾ, ਸਮੁੱਚਾ। ਜਦ ਅਸੀਂ ਕਿਤੇ ਜਾਣ ਲਈ ਸਾਲਮ ਟਾਂਗਾ ਕਰਦੇ ਹਾਂ ਤਾਂ ਇਸ ਦਾ ਮਤਲਬ ਇਹ ਪੂਰਾ ਸਾਰਾ ਸਾਡੀਆਂ ਸਵਾਰੀਆਂ ਲਈ ਹੀ ਹੈ, ਹੋਰ ਕੋਈ ਨਹੀਂ ਚੜ੍ਹ ਸਕਦਾ। ਬੁੱਲ੍ਹਾਂ ਤੇ ਜੀਭ ਫੇਰ ਲਵੋ ਮੈਂ ਇਕ ਪਕਵਾਨ ਦਾ ਜ਼ਿਕਰ ਕਰਨ ਲੱਗਾ ਹਾਂ ਤੇ ਉਹ ਹੈ ਮੁਰਗ ਮੁਸੱਲਮ। ਮੁਰਗ ਮੁਸੱਲਮ ਅਵਧੀ ਮੁਗ਼ਲ ਪਕਵਾਨ ਹੈ। ਇਸ ਦਾ ਜ਼ਿਕਰ ਆਇਨੇ ਅਕਬਰੀ ਵਿਚ ਵੀ ਹੋਇਆ ਹੈ। ਇਬਨ ਬਤੂਤਾ ਨੇ ਵੀ ਇਸ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਹੈ ਅਤੇ ਮੁਗਲਈ ਖਾਣਿਆਂ ਬਾਰੇ ਇਕ ਪੁਸਤਕ 'ਦਸਤਰਖਵਾਨ-ਏ-ਅਵਧ' ਵਿਚ ਇਸ ਨੂੰ ਖਾਣ-ਪਕਵਾਨ ਦੇ ਸ਼ੌਕੀਨਾਂ ਦਾ ਮਨਪਸੰਦ ਖਾਜਾ ਦੱਸਿਆ ਹੈ। ਮੁਰਗ ਮੁਸੱਲਮ ਦੀ ਨਜ਼ਾਕਤ ਅਤੇ ਨਫਾਸਤ ਇਸ ਨੂੰ ਮਾਣਨ ਵਾਲੇ ਹੀ ਦੱਸ ਸਕਦੇ ਹਨ। ਇਸ ਵਿਚਲਾ ਮੁਸੱਲਮ ਸ਼ਬਦ ਸਲਮ ਤੋਂ ਹੀ ਬਣਿਆ ਹੈ। ਸੋ ਇਸ ਸਮਾਸੀ ਸ਼ਬਦ ਦਾ ਅਰਥ ਹੈ, ਸਮੁੱਚਾ ਰਿੰਨਿਆ ਹੋਇਆ ਮੁਰਗਾ। ਠੇਠ ਪੰਜਾਬੀ ਵਿਚ ਭਰਵਾਂ ਕੁੱਕੜ। ਇਹ ਭਾਵੇਂ ਸਮੁੱਚਾ ਹੀ ਪਕਾਇਆ ਜਾਂਦਾ ਹੈ ਪਰ ਇਸ ਵਿਚੋਂ ਹੱਡੀਆਂ ਕੱਢ ਕੇ ਤੇ ਕਈ ਆਂਡੇ ਤੇ ਕਈ ਕਿਸਮ ਦੇ ਮਸਾਲੇ ਭਰ ਕੇ ਬਣਾਇਆ ਜਾਂਦਾ ਹੈ।

ਦੋ ਵਿਅਕਤੀ ਨਾਂ ਹੁੰਦੇ ਹਨ-ਸਿਲਮਾ ਤੇ ਸਲਮਾ ਜਿਵੇਂ ਸਲਮਾ ਆਗਾ। ਸਲੀਮ ਸ਼ਬਦ ਜੋ ਵਿਅਕਤੀ ਨਾਂ ਵਜੋਂ ਵੀ ਚਲਦਾ ਹੈ, ਵੀ ਏਥੇ ਥਾਂ ਸਿਰ ਹੈ। ਇਸ ਦਾ ਅਰਥ ਵੀ ਸੁਰੱਖਿਅਤ, ਬਲਾਵਾਂ ਤੋਂ ਬਚਿਆ ਹੋਇਆ, ਨਿਰਵਿਘਨ ਹੈ। ਮਾਂ-ਬਾਪ ਆਪਣੇ ਬੱਚਿਆਂ ਨੂੰ ਬਲਾਵਾਂ ਤੋਂ ਬਚੇ ਰਹਿਣ ਦੀ ਕਾਮਨਾ ਕਰਦਿਆਂ ਅਜਿਹੇ ਨਾਂ ਰੱਖਦੇ ਹਨ। ਸਾਡੇ ਏਥੇ ਰੱਖਾ ਜਾਂ ਰੱਖੀ ਨਾਂ ਚਲਦੇ ਹਨ। ਜਹਾਂਗੀਰ ਦਾ ਗੱਦੀਨਸ਼ੀਨੀ ਤੋਂ ਪਹਿਲਾਂ ਨਾਂ ਸੀ ਨੂਰ-ਉਦ-ਦੀਨ ਮੁਹੰਮਦ ਸਲੀਮ। ਅਰਬੀ ਵਿਆਕਰਣ ਮੁਤਾਬਿਕ ਚਰਚਿਤ ਧਾਤੂ ਨਾਲ ਬਣਦਾ ਇਕ ਹੋਰ ਸ਼ਬਦ ਹੈ, ਤਸਲੀਮ। ਇਸ ਸ਼ਬਦ ਦਾ ਪਹਿਲਾ ਅਰਥ ਤਾਂ ਸਲਾਮ (ਸ਼ਾਂਤੀ, ਸੁਰੱਖਿਆ ਦੀ ਦੁਆ) ਹੀ ਹੈ। ਪਰ ਅਸੀਂ ਇਸ ਨੂੰ ਕਾਸੇ ਦੀ ਸਵੀਕ੍ਰਿਤੀ ਜਾਂ ਮਾਨਤਾ ਦੇ ਅਰਥਾਂ ਵਜੋਂ ਵਧ ਜਾਣਦੇ ਹਾਂ ਜਿਵੇਂ ਕਿਸੇ ਨਵੇਂ ਬਣੇ ਦੇਸ਼ ਨੂੰ ਤਸਲੀਮ ਕਰਨਾ। ਤਸਲੀਮ ਭੂਤਕਾਲਕ ਕਿਰਿਆ ਹੈ। ਤਸਲੀਮ ਤੇ ਤਸਲੀਮਾ ਵਿਅਕਤੀ ਨਾਂ ਵੀ ਹੁੰਦੇ ਹਨ।

ਸਲਮ ਧਾਤੂ ਤੋਂ ਬਣੇ ਕਿਰਿਆਵੀ ਨਾਂਵ ਤੋਂ ਇਕ ਅਹਿਮ ਸ਼ਬਦ ਬਣਿਆ ਹੈ-ਇਸਲਾਮ, ਅਰਥ ਹੈ ਸਮੱਰਪਣ, ਸਪੁਰਦਗੀ, ਤਿਆਗ, ਅੰਗੀਕਾਰੀ। ਅਸਲ ਵਿਚ ਅਜਿਹੇ ਅਰਥ ਪਿਛੇ ਆਪਣੇ 'ਸਮੁੱਚੇ ਆਪੇ' ਨੂੰ ਪਰਮ ਸ਼ਕਤੀ ਅੱਗੇ 'ਸੁਰੱਖਿਆ' ਲਈ ਅਰਪਣ ਕਰਨ ਦਾ ਭਾਵ ਹੈ। ਕੁਰਾਨ ਵਿਚ ਇਸਲਾਮ ਸ਼ਬਦ ਕਈ ਅਰਥਾਂ ਵਿਚ ਆਇਆ ਹੈ। ਕੁਝ ਆਇਤਾਂ ਵਿਚ ਇਸ ਦਾ ਅਰਥ ਹੈ, ਆਪਣੇ ਅਕੀਦੇ ਦੀ ਦ੍ਰਿੜਤਾ। ਕੁਝ ਹੋਰ ਆਇਤਾਂ ਵਿਚ ਇਸਲਾਮ ਇਕ ਦੀਨ ਜਾਂ ਮਜ਼ਹਬ ਦਾ ਹੀ ਨਾਂ ਹੈ। ਇਸਲਾਮ ਨੂੰ ਮੰਨਣ ਵਾਲਾ ਅਰਬੀ 'ਚ ਮੁਸਲਿਮ ਕਹਾਉਂਦਾ ਹੈ, ਜੋ ਸਲਮ ਦੇ ਅੱਗੇ ਅਰਬੀ ਅਗੇਤਰ 'ਮ' ਲੱਗਣ ਨਾਲ ਬਣਿਆ ਹੈ। ਫਾਰਸੀ ਵਿਚ ਆ ਕੇ ਇਸ ਦਾ ਬਹੁਵਚਨ ਬਣ ਗਿਆ ਮੁਸਲਮਾਨ। ਪਰ ਅਸੀਂ ਇਸ ਨੂੰ ਆਮ ਕਰਕੇ ਇਕਵਚਨ ਵਜੋਂ ਹੀ ਵਰਤਦੇ ਹਾਂ। ਪੰਜਾਬੀਆ ਨੇ ਅੱਗੋਂ ਮੁਸਲਮਾਨੀ ਵੀ ਬਣਾ ਲਈ।

ਬਸਤਰ ਬਾਰੇ ਵਿਸ਼ੇਸ਼

ਜੂਝ ਰਹੇ ਜਿਊੜਿਆਂ ਦੀ ਦਰਦ ਕਹਾਣੀ

# ਪੱਤਰਕਾਰਾਂ ਤੇ ਵਕੀਲਾਂ ਦੀ ਬੇਦਖਲੀ

*ਬਸਤਰ, ਜਿਥੇ ਸਰਕਾਰ ਨੂੰ ਮਾਓਵਾਦੀਆਂ ਦੇ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਵਿਚ ਸਰਕਾਰੀ ਲਸ਼ਕਰ ਕਿਸ ਤਰ੍ਹਾਂ ਆਮ ਲੋਕਾਂ ਉਤੇ ਜਬਰ ਢਾਹ ਰਹੇ ਹਨ, ਇਸ ਦਾ ਖੁਲਾਸਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਆਪਣੇ ਇਸ ਉਚੇਚੇ ਲੇਖ ਵਿਚ ਕੀਤਾ ਹੈ। ਇਸ ਇਲਾਕੇ ਅਤੇ ਇਸ ਦੇ ਲਾਗਲੇ ਇਲਾਕਿਆਂ ਵਿਚ ਸਰਕਾਰ ਵੱਲੋਂ 2009 ਤੋਂ 'ਉਪਰੇਸ਼ਨ ਗ੍ਰੀਨ ਹੰਟ' ਚਲਾਇਆ ਜਾ ਰਿਹਾ ਹੈ ਤਾਂਕਿ ਇਲਾਕਾ ਖਾਲੀ ਕਰਵਾ ਕੇ ਵਿਕਾਸ ਕਾਰਜਾਂ ਦੇ ਨਾਂ ਉਤੇ ਧਨਾਢਾਂ ਨੂੰ ਸੌਂਪਿਆ ਜਾ ਸਕੇ। ਹੁਣ ਉਥੇ ਕੰਮ ਕਰਦੇ ਪੱਤਰਕਾਰਾਂ ਅਤੇ ਮਨੁੱਖੀ ਹੱਕਾਂ ਲਈ ਲੜ ਰਹੇ ਕਾਰਕੁਨਾਂ ਨੂੰ ਲਾਂਭੇ ਕਰਨ ਲਈ ਉਨ੍ਹਾਂ ਨੂੰ ਖਦੇੜਿਆ ਜਾ ਰਿਹਾ ਹੈ। ਸਰਕਾਰ ਚਾਹੁੰਦੀ ਹੈ ਕਿ ਕੋਈ ਵੀ ਬੰਦਾ ਆਦਿਵਾਸੀਆਂ ਦੇ ਹੱਕਾਂ ਬਾਰੇ ਗੱਲ ਵੀ ਨਾ ਕਰੇ ਅਤੇ ਨਾ ਇਸ ਤੱਦੀ ਬਾਰੇ ਮੁਲਕ ਦੇ ਹੋਰ ਲੋਕਾਂ ਨੂੰ ਪਤਾ ਹੀ ਲੱਗ ਸਕੇ। -ਸੰਪਾਦਕ*



'ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ' ਕਿੰਨੀ ਕੁ ਜਮਹੂਰੀ ਹੈ, ਤੇ ਇਹ ਆਜ਼ਾਦੀ ਨਾਲ ਆਪਣੀ ਗੱਲ ਕਹਿਣ ਲਈ ਜਾਗਰੂਕ ਨਾਗਰਿਕਾਂ ਨੂੰ ਕਿਹੋ ਜਿਹੀ ਜਮਹੂਰੀ ਖੁੱਲ੍ਹ ਦਿੰਦੀ ਹੈ, ਇਸ ਦੀ ਤਾਜ਼ਾ ਮਿਸਾਲ ਛੱਤੀਸਗੜ੍ਹ ਦੀ ਹੈ। ਬਸਤਰ ਜ਼ਿਲ੍ਹੇ ਦੇ ਜ਼ਿਲ੍ਹਾ ਸਦਰ-ਮੁਕਾਮ ਜਗਦਲਪੁਰ ਵਿਖੇ ਕੰਮ ਕਰਦੇ ਲੋਕਪੱਖੀ ਵਕੀਲਾਂ, ਪੱਤਰਕਾਰਾਂ ਅਤੇ ਕਾਰਕੁਨਾਂ ਨੂੰ ਨਿਸ਼ਾਨਾ ਬਣਾ ਕੇ ਉਥੋਂ ਦੇ ਅਸਲ ਹਾਲਾਤ ਨੂੰ ਜੱਗ-ਜ਼ਾਹਿਰ ਹੋਣ ਤੋਂ ਰੋਕਣ ਲਈ ਕੇਂਦਰ ਤੇ ਸੂਬਾਈ ਸਰਕਾਰਾਂ ਅਤੇ ਉਨ੍ਹਾਂ ਦੇ ਕਾਨੂੰਨੀ ਤੇ ਗ਼ੈਰਕਾਨੂੰਨੀ ਤੰਤਰ ਨੇ ਪੂਰੀ ਤਾਕਤ ਝੋਕੀ ਹੋਈ ਹੈ। ਰਾਜਤੰਤਰ ਇਹ ਯਕੀਨੀ ਬਣਾ ਰਿਹਾ ਹੈ ਕਿ ਸਰਕਾਰੀ ਲਸ਼ਕਰਾਂ ਵਲੋਂ ਕੀਤੀ ਜਾ ਰਹੀ ਕਤਲੋ਼ਗਾਰਤ ਬਾਰੇ ਦੁਨੀਆਂ ਨੂੰ ਦੱਸਣ ਅਤੇ ਹਵਾਲਾਤ ਤੇ ਜੇਲ੍ਹਾਂ ਵਿਚ ਅਣਮਿੱਥੇ ਸਮੇਂ ਲਈ ਡੱਕੇ ਗਏ ਤੇ ਦਿਨੋ-ਦਿਨ ਹੋਰ ਵਧੇਰੇ ਤਾਦਾਦ ਵਿਚ ਗ੍ਰਿਫਤਾਰ ਕੀਤੇ ਜਾ ਰਹੇ ਆਦਿਵਾਸੀਆਂ ਦੀ ਅਦਾਲਤੀ ਮਾਮਲਿਆਂ ਵਿਚ ਮਦਦ ਕਰਨ ਵਾਲਾ

**ਬੂਟਾ ਸਿੰਘ**
**ਫੋਨ: +91-94634-74342**

ਉਥੇ ਕੋਈ ਨਾ ਰਹੇ। ਬਸਤਰ ਤੋਂ ਦੋ ਪੱਤਰਕਾਰਾਂ ਸੰਤੋਸ਼ ਯਾਦਵ ਅਤੇ ਸੋਮਰੂ ਨਾਗ ਨੂੰ ਗ੍ਰਿਫਤਾਰ ਕਰ ਕੇ ਮਾਓਵਾਦੀਆਂ ਨਾਲ ਸਬੰਧਤ ਹੋਣ ਦੇ ਇਲਜ਼ਾਮ ਤਹਿਤ ਕਈ ਮਹੀਨਿਆਂ ਤੋਂ ਜੇਲ੍ਹ ਬੰਦ ਕੀਤਾ ਹੋਇਆ ਹੈ। ਉਹ ਹਿੰਦੀ ਅਖਬਾਰਾਂ ਲਈ ਕੰਮ ਕਰ ਰਹੇ ਸਨ। ਹੁਣ ਆਦਿਵਾਸੀਆਂ ਨੂੰ ਕਾਨੂੰਨੀ ਸਹਾਇਤਾ ਦੇ ਰਹੇ ਵਕੀਲਾਂ ਦੀ ਸੰਸਥਾ 'ਜਗਦਲਪੁਰ ਲੀਗਲ ਏਡ ਗਰੁਪ' ਅਤੇ ਸਕਰੌਲ ਨਿਊਜ਼ ਪੋਰਟਲ ਦੀ ਪੱਤਰਕਾਰ ਮਾਲਿਨੀ ਸੁਬਰਾਮਨੀਅਮ ਨੂੰ ਤੰਗ-ਪ੍ਰੇਸ਼ਾਨ ਕਰ ਕੇ ਉਥੋਂ ਨਿਕਲਣ ਲਈ ਮਜਬੂਰ ਕਰ ਦਿੱਤਾ ਗਿਆ। ਸਮਾਜ ਵਿਗਿਆਨੀ ਬੇਲਾ ਭਾਟੀਆ ਨੂੰ ਵੀ ਉਥੋਂ ਕੱਢਣ ਲਈ ਹਰ ਹਰਬਾ ਇਸਤੇਮਾਲ ਕੀਤਾ ਜਾ ਰਿਹਾ ਹੈ। ਜਦੋਂ ਬੀ.ਬੀ.ਸੀ. ਹਿੰਦੀ ਸਰਵਿਸ ਦੇ ਪੱਤਰਕਾਰ ਅਲੋਕ ਪ੍ਰਕਾਸ਼ ਪੁਤੁਲ ਨੇ ਵਕੀਲਾਂ ਤੇ ਪੱਤਰਕਾਰਾਂ ਨੂੰ ਬਸਤਰ ਵਿਚੋਂ ਕੱਢਣ ਅਤੇ ਉਥੇ ਚੱਲ ਰਹੇ ਜਬਰ ਬਾਰੇ ਰਿਪੋਰਟਿੰਗ ਕੀਤੀ ਤਾਂ ਉਸ ਨੂੰ ਵੀ ਸੁਨੇਹਾ ਮਿਲ ਗਿਆ ਕਿ ਜਿੰਨੀ ਛੇਤੀ ਸੰਭਵ ਹੈ, ਜਾਨ ਬਚਾ ਕੇ ਨਿਕਲ ਜਾਵੇ।

ਨਿਊ ਯਾਰਕ ਦੀ 'ਕਮੇਟੀ ਟੂ ਪ੍ਰੋਟੈਕਟ ਜਰਨਲਿਸਟਸ' ਨੇ ਆਪਣੇ 29 ਫਰਵਰੀ ਦੇ ਪ੍ਰੈਸ ਬਿਆਨ ਵਿਚ ਇਨ੍ਹਾਂ ਹਾਲਾਤ 'ਤੇ ਫਿਕਰ ਜ਼ਾਹਿਰ ਕੀਤਾ ਹੈ। ਕਮੇਟੀ ਦੀ ਜਾਂਚ ਮੁਤਾਬਕ, ਪੁਲਿਸ ਅਕਸਰ ਹੀ ਆਲੋਚਨਾ ਵਾਲੀ ਰਿਪੋਰਟਿੰਗ ਕਰਨ ਵਾਲੇ ਪੱਤਰਕਾਰਾਂ ਦਾ ਮੂੰਹ ਬੰਦ ਕਰਨ ਲਈ, ਜਾਂ ਮੁਖਬਰਾਂ ਵਜੋਂ ਕੰਮ ਕਰਨ ਲਈ ਉਨ੍ਹਾਂ ਉਪਰ ਦਬਾਓ ਪਾਉਂਦੀ ਹੈ, ਤੰਗ-ਪ੍ਰੇਸ਼ਾਨ ਕਰਦੀ ਹੈ, ਜਾਂ ਬਦਸਲੂਕੀ ਕਰਦੀ ਹੈ। ਕਮੇਟੀ ਅਨੁਸਾਰ, ਪੱਤਰਕਾਰਾਂ ਤੇ ਵਕੀਲਾਂ ਨੂੰ ਉਥੋਂ ਕੱਢੇ ਜਾਣ ਨਾਲ "ਇਲਾਕੇ ਵਿਚ ਸੂਚਨਾ ਦੇ ਖ਼ਲਾਅ ਦਾ ਖਤਰਾ ਪੈਦਾ ਹੋ ਗਿਆ ਹੈ ਜਿਥੇ ਪ੍ਰੈਸ ਪਹਿਲਾਂ ਹੀ ਭਾਰੀ ਦਬਾਓ ਹੇਠ ਕੰਮ ਕਰ ਰਹੀ ਹੈ।"

ਛੱਤੀਸਗੜ੍ਹ ਦੇ ਆਦਿਵਾਸੀ ਇਲਾਕਿਆਂ, ਖ਼ਾਸ ਕਰ ਕੇ ਬਸਤਰ ਵਿਚ ਆਦਿਵਾਸੀ ਲੋਕਾਂ ਦੇ ਇਨਕਲਾਬੀ ਟਾਕਰਾ ਸੰਘਰਸ਼ ਨੂੰ ਕੁਚਲਣ ਲਈ ਜੋ ਵਿਆਪਕ ਨੀਮ-ਫੌਜੀ ਤੇ ਪੁਲਿਸ ਓਪਰੇਸ਼ਨ (ਓਪਰੇਸ਼ਨ ਗ੍ਰੀਨ ਹੰਟ 2009 ਵਿਚ ਸ਼ੁਰੂ ਕੀਤਾ ਗਿਆ ਸੀ) ਵਿਚ ਪਿਛਲੇ ਇਕ ਸਾਲ ਤੋਂ ਹੋਰ ਤੇਜ਼ੀ ਲਿਆਂਦੀ ਗਈ ਹੈ। ਮੁਲਕ ਦੀਆਂ ਸਰਹੱਦਾਂ ਦੀ ਬਾਹਰਲੇ ਹਮਲਿਆਂ ਤੋਂ ਰਾਖੀ ਲਈ ਬਣਾਈ ਫ਼ੌਜ ਨੂੰ ਵੀ ਅਣਐਲਾਨੇ ਤੌਰ 'ਤੇ ਇਸ ਵਿਚ ਸ਼ਾਮਲ ਕੀਤਾ ਜਾ ਚੁੱਕਾ ਹੈ। ਮੀਡੀਆ ਦੇ ਇਕ ਹਿੱਸੇ ਅੰਦਰ ਇਹ ਚਰਚਾ ਵੀ ਹੁੰਦੀ ਰਹੀ ਹੈ ਕਿ ਅਮਰੀਕਾ ਅਤੇ ਇਸਰਾਈਲ ਦੀਆਂ ਖੁਫ਼ੀਆ ਏਜੰਸੀਆਂ ਹਿੰਦੁਸਤਾਨ ਵਿਚ ਚੱਲ ਰਹੀਆਂ ਹਥਿਆਰਬੰਦ ਲਹਿਰਾਂ, ਖ਼ਾਸ ਕਰ ਕੇ ਮਾਓਵਾਦੀ ਲਹਿਰ ਨੂੰ ਕੁਚਲਣ ਵਿਚ ਉਚੇਚਾ ਹਿੱਸਾ ਪਾ ਰਹੀਆਂ ਹਨ। ਇਨ੍ਹਾਂ ਹਾਲਾਤ ਦੇ ਮੱਦੇਨਜ਼ਰ, ਇਹ ਤੁਲਨਾ ਕਰਨੀ ਗਲਤ ਨਹੀਂ ਹੋਵੇਗੀ ਕਿ ਸ੍ਰੀਲੰਕਾ ਵਿਚ ਤਾਮਿਲ ਬਾਗੀਆਂ (ਲਿੱਟੇ) ਨੂੰ ਕੁਚਲਣ ਲਈ ਉਨ੍ਹਾਂ ਦੇ ਆਧਾਰ ਖੇਤਰ ਦੀ ਘੇਰਾਬੰਦੀ ਕਰ ਕੇ ਜਿਸ ਤਰ੍ਹਾਂ ਸ੍ਰੀਲੰਕਾ ਦੀ ਫੌਜ ਵਲੋਂ ਅਮਰੀਕਾ ਤੇ ਹਿੰਦੁਸਤਾਨੀ ਫੌਜ ਦੀ ਮਿਲੀਭੁਗਤ ਨਾਲ ਵਿਆਪਕ ਕਤਲੋਗਾਰਤ ਕੀਤੀ ਗਈ ਸੀ, ਉਸੇ ਤਰ੍ਹਾਂ ਦੀ ਯੋਜਨਾ ਅਤੇ ਉਸੇ ਪੈਮਾਨੇ ਦੀ ਜੰਗੀ ਤਿਆਰੀ ਨਾਲ ਬਸਤਰ ਦੀ ਘੇਰਾਬੰਦੀ ਕੀਤੀ ਗਈ ਹੈ।

ਪਿਛਲੇ ਤਿੰਨ ਮਹੀਨਿਆਂ ਵਿਚ ਬਸਤਰ ਖੇਤਰ ਦੇ ਬੀਜਾਪੁਰ ਅਤੇ ਸੁਕਮਾ ਜ਼ਿਲ੍ਹਿਆਂ ਅੰਦਰ ਪੁਲਿਸ ਤੇ ਹੋਰ ਸਰਕਾਰੀ ਲਸ਼ਕਰਾਂ ਵਲੋਂ ਆਦਿਵਾਸੀ ਔਰਤਾਂ ਉਪਰ ਵਿਆਪਕ ਪੈਮਾਨੇ 'ਤੇ ਕਾਮੁਕ ਹਿੰਸਾ ਦੀਆਂ ਤਿੰਨ ਵੱਡੀਆਂ ਮਿਸਾਲਾਂ ਸਾਹਮਣੇ ਆਈਆਂ ਹਨ। 40 ਔਰਤਾਂ ਨੇ ਆਪਣੇ ਨਾਲ ਹੋਏ ਸਮੂਹਿਕ ਜਬਰ ਜਨਾਹ ਦੀ ਦਰਦਨਾਕ ਦਾਸਤਾਂ ਬਿਆਨ ਕੀਤੀ ਹੈ। ਇਸ ਤੋਂ ਫਿਰ ਸਪਸ਼ਟ ਹੋ ਗਿਆ ਹੈ ਕਿ ਸਟੇਟ ਮਸ਼ੀਨਰੀ ਜਬਰ ਜਨਾਹ ਦਾ ਇਸਤੇਮਾਲ, ਸਟੇਟ ਵਿਰੋਧੀ ਲਹਿਰਾਂ ਅਤੇ ਲੋਕਾਂ ਦੇ ਸਵੈਮਾਣ ਨੂੰ ਕੁਚਲਣ ਦੇ ਹਥਿਆਰ ਵਜੋਂ ਕਰ ਰਹੀ ਹੈ। ਆਦਿਵਾਸੀ ਔਰਤਾਂ ਨੇ ਸਰਕਾਰੀ ਲਸ਼ਕਰਾਂ ਵਲੋਂ ਚਲਾਈ ਜਾ ਰਹੀ ਲਿੰਗਕ ਦਹਿਸ਼ਤਗਰਦੀ ਦੀਆਂ ਕਹਾਣੀਆਂ ਬਿਆਨ ਕੀਤੀਆਂ ਹਨ। ਪੇਡਾਗੇਲੂਰ ਅਤੇ ਚਿਨਾਗੇਲੂਰ ਪਿੰਡਾਂ ਦੀਆਂ ਘੱਟੋ-ਘੱਟ ਪੰਦਰਾਂ ਔਰਤਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਕਿਵੇਂ ਬੇਇਜ਼ਤ ਕੀਤਾ ਗਿਆ। ਔਰਤਾਂ ਦੀਆਂ ਛਾਤੀਆਂ ਨਿਚੋੜ ਕੇ 'ਪੁਸ਼ਟੀ' ਕੀਤੀ ਗਈ ਕਿ ਉਹ ਸੱਚਮੁੱਚ ਸ਼ਾਦੀਸ਼ੁਦਾ ਮਾਂਵਾਂ ਹਨ, ਅਣਵਿਆਹੀਆਂ ਨਕਸਲੀ ਨਹੀਂ। ਸਰਕਾਰੀ ਲਸ਼ਕਰ ਔਰਤਾਂ ਨੂੰ ਕਹਿ ਰਹੇ ਸਨ, 'ਕਪੜਾ ਉਠਾਓ, ਮਿਰਚੀ ਡਾਲੇਂਗੇ।' ਉਹ ਉਨ੍ਹਾਂ ਦੇ ਲਹਿੰਗੇ ਚੁੱਕ ਕੇ ਉਨ੍ਹਾਂ ਦੇ ਪੁੜਿਆਂ ਅਤੇ ਪੱਟਾਂ ਉਪਰ ਡੰਡਿਆਂ ਅਤੇ ਬੰਦੂਕਾਂ ਦੇ ਬੱਟਾਂ ਨਾਲ ਤਸ਼ੱਦਦ ਢਾਹੁੰਦੇ ਰਹੇ।

ਨੇੜ-ਭਵਿੱਖ ਵਿਚ ਹੁਕਮਰਾਨਾਂ ਦੀ ਸੋਚ ਅਨੁਸਾਰ ਬੇਤਹਾਸ਼ਾ ਕਤਲੋਗਾਰਤ ਨੂੰ ਅੰਜਾਮ ਦੇਣ ਅਤੇ ਇਸ ਵਹਿਸ਼ੀ ਹਕੀਕਤ ਨੂੰ ਦਬਾਉਣ ਲਈ ਇਹ ਜ਼ਰੂਰੀ ਹੈ ਕਿ ਇਸ ਖੇਤਰ ਨੂੰ 'ਅਣਚਾਹੇ' ਤੱਤਾਂ ਤੋਂ ਮੁਕਤ ਕੀਤਾ ਜਾਵੇ, ਖਾਸ ਕਰ ਕੇ ਖੋਜੀ ਪੱਤਰਕਾਰਾਂ, ਮਨੁੱਖੀ/ਸ਼ਹਿਰੀ ਹੱਕਾਂ ਦੀਆਂ ਜਥੇਬੰਦੀਆਂ ਅਤੇ ਲੋਕਪੱਖੀ ਵਕੀਲਾਂ ਨੂੰ ਉਥੋਂ ਕੱਢਿਆ ਜਾਵੇ। ਇਸ ਲਈ, ਦੋ ਤਰੀਕੇ ਇਸਤੇਮਾਲ ਕੀਤੇ ਜਾ ਰਹੇ ਹਨ। ਪੱਤਰਕਾਰਾਂ ਤੇ ਮਨੁੱਖੀ ਅਧਿਕਾਰ ਜਥੇਬੰਦੀਆਂ ਦੇ ਕਾਰਕੁਨਾਂ ਉਪਰ ਝੂਠੇ ਮੁਕੱਦਮੇ ਦਰਜ ਕਰ ਕੇ ਉਨ੍ਹਾਂ ਨੂੰ ਜੇਲ੍ਹਾਂ ਵਿਚ ਸਾੜਨ ਦਾ ਸਿਲਸਿਲਾ; ਦੂਜਾ, ਜਾਨੋਂ ਮਾਰਨ ਦੀਆਂ ਧਮਕੀਆਂ ਦੇ ਕੇ ਤੇ ਅਣਪਛਾਤੇ ਗ਼ੈਰਕਾਨੂੰਨੀ ਗਰੋਹਾਂ ਕੋਲੋਂ ਕਾਤਲਾਨਾ ਹਮਲੇ ਕਰਵਾ ਕੇ ਉਨ੍ਹਾਂ ਦੀ ਜ਼ਬਾਨਬੰਦੀ ਕਰਨ ਦੇ ਦਹਿਸ਼ਤਗਰਦ ਤਰੀਕੇ। ਡਾ. ਬਿਨਾਇਕ ਸੇਨ, ਲਿੰਗਾਰਾਮ ਕੋਡੋਪੀ, ਸੋਨੀ ਸੋਰੀ, ਪ੍ਰਸ਼ਾਂਤ ਰਾਹੀ, ਪ੍ਰੋਫੈਸਰ ਜੀ.ਐਨ. ਸਾਈਬਾਬਾ, ਹੇਮ ਮਿਸ਼ਰਾ, ਸੀਮਾ ਆਜ਼ਾਦ, ਵਿਸ਼ਵ ਵਿਜੇ ਆਦਿ ਬੇਸ਼ੁਮਾਰ ਕਾਰਕੁਨਾਂ ਨੂੰ ਝੂਠੇ ਮਾਮਲਿਆਂ ਵਿਚ ਫਸਾਇਆ ਗਿਆ। ਤਿਲੰਗਾਨਾ ਵਿਚ ਹਰਮਨ ਪਿਆਰੇ ਆਗੂ ਗੰਟੀ ਪ੍ਰਸਾਦਮ ਨੂੰ ਕਤਲ ਕਰ ਦਿੱਤਾ ਗਿਆ। 'ਜਗਦਲਪੁਰ ਲੀਗਲ ਏਡ ਗਰੁਪ' ਦੀਆਂ ਮਹਿਲਾ ਵਕੀਲਾਂ, ਪੱਤਰਕਾਰ ਮਾਲਿਨੀ ਸੁਬਰਾਮਨੀਅਮ ਤੇ ਅਲੋਕ ਪ੍ਰਕਾਸ਼ ਪੁਤੁਲ, ਆਦਿਵਾਸੀ ਕਾਰਕੁਨ ਸੋਨੀ ਸੋਰੀ ਅਤੇ ਬੇਲਾ ਭਾਟੀਆ ਉਪਰ ਹਾਲੀਆ ਹਮਲੇ ਇਸੇ ਸਿਲਸਿਲੇ ਦੀਆਂ ਕੜੀਆਂ ਹਨ।



ਪੱਤਰਕਾਰ ਮਾਲਿਨੀ ਸੁਬਰਾਮਨੀਅਮ ਦੀ ਭੰਨੀ ਹੋਈ ਕਾਰ।

'ਜਗਦਲਪੁਰ ਲੀਗਲ ਏਡ ਗਰੁਪ' ਦੇ ਲੋਕਪੱਖੀ ਵਕੀਲਾਂ ਨੇ ਹਿੰਦੁਸਤਾਨੀ ਸਟੇਟ ਵਲੋਂ ਆਦਿਵਾਸੀਆਂ ਖਿਲਾਫ ਵਿੱਢੀ ਅਣਐਲਾਨੀ ਜੰਗ ਦੇ ਜ਼ੁਲਮਾਂ ਦਾ ਸ਼ਿਕਾਰ ਹੋਣ ਵਾਲੇ ਬਸਤਰ ਦੇ ਆਮ ਲੋਕਾਂ ਨੂੰ ਕਾਨੂੰਨੀ ਸਹਾਇਤਾ ਦੇਣ ਦੇ ਮਨੋਰਥ ਨਾਲ ਜੁਲਾਈ 2013 'ਚ ਬਣਾਇਆ ਸੀ। ਚਾਰ ਵਕੀਲਾਂ- ਈਸ਼ਾ ਖੰਡੇਲਵਾਲ, ਸ਼ਾਲਿਨੀ ਗੇਰਾ, ਪਰੀਜਿਤਾ ਭਾਦਰਵਾਜ ਅਤੇ ਰੁਪੇਸ਼ ਕੁਮਾਰ ਦੀ ਟੀਮ ਨੇ ਗਰੁਪ ਬਣਾਏ ਜਾਣ ਤੋਂ ਲੈ ਕੇ ਹੁਣ ਤਕ ਦੇ ਇਸ ਥੋੜ੍ਹੇ ਅਰਸੇ ਵਿਚ ਜ਼ਿਕਰਯੋਗ ਕੰਮ ਕੀਤਾ ਹੈ। ਉਨ੍ਹਾਂ ਦੀ ਖੋਜ ਨੇ ਅਹਿਮ ਖੁਲਾਸਾ ਕੀਤਾ ਕਿ 2005 ਤੋਂ 2012 ਤਕ ਜਿਨ੍ਹਾਂ ਬੇਸ਼ੁਮਾਰ ਲੋਕਾਂ ਨੂੰ ਨਕਸਲੀ ਦੇ ਠੱਪੇ ਲਾ ਕੇ ਗ੍ਰਿਫਤਾਰ ਕੀਤਾ ਗਿਆ ਸੀ, ਉਨ੍ਹਾਂ ਵਿਚੋਂ 95 ਫੀਸਦੀ ਵਿਅਕਤੀ ਅਦਾਲਤੀ ਮੁਕੱਦਮਿਆਂ ਦੌਰਾਨ ਬਰੀ ਹੋ ਗਏ; ਭਾਵ ਸਿਰਫ 5 ਫੀਸਦੀ ਹੀ 'ਦੋਸ਼ੀ' ਪਾਏ ਗਏ। ਬਾਕੀਆਂ ਉਪਰ ਪੁਲਿਸ ਵਲੋਂ ਦਰਜ ਮੁਕੱਦਮੇ ਝੂਠੇ ਸਾਬਤ ਹੋਏ, ਪਰ ਉਨ੍ਹਾਂ ਬੇਵਸ ਲੋਕਾਂ ਨੂੰ ਆਪਣੀ ਜ਼ਿੰਦਗੀ ਦੇ 3 ਤੋਂ 6 ਸਾਲ ਬੇਕਸੂਰ ਹੀ ਜੇਲ੍ਹਾਂ ਵਿਚ ਸੜਨਾ ਪਿਆ।

ਇਨ੍ਹਾਂ ਵਕੀਲਾਂ ਵਲੋਂ ਮਨੁੱਖੀ ਹੱਕਾਂ ਦੇ ਘਾਣ ਦੀਆਂ ਕੁਝ ਉਘੜਵੀਆਂ ਰਿਪੋਰਟਾਂ ਨੂੰ ਮੁੱਖ ਰੱਖ ਕੇ ਉਨ੍ਹਾਂ ਕਈ ਕੇਸਾਂ ਨੂੰ ਹੱਥ ਵਿਚ ਲਿਆ ਗਿਆ ਜਿਨ੍ਹਾਂ ਆਦਿਵਾਸੀਆਂ ਨੂੰ ਬਿਨਾ ਮੁਕੱਦਮਾ ਚਲਾਏ ਹਵਾਲਾਤੀਆਂ ਵਜੋਂ ਜੇਲ੍ਹਾਂ ਵਿਚ ਡੱਕਿਆ ਹੋਇਆ ਸੀ, ਜਾਂ ਗੈਰਕਾਨੂੰਨੀ ਪੁਲਿਸ ਹਿਰਾਸਤ ਵਿਚ ਬੰਦ ਕੀਤਾ ਹੋਇਆ ਸੀ। ਸ਼ਾਲਿਨੀ ਗੇਰਾ, ਈਸ਼ਾ ਖੰਡੇਲਵਾਲ ਅਤੇ ਉਨ੍ਹਾਂ ਦੇ ਸਾਥੀ ਵਕੀਲਾਂ ਦੇ ਯਤਨਾਂ ਨਾਲ ਬਹੁਤ ਸਾਰੇ ਆਦਿਵਾਸੀ ਜੇਲ੍ਹਾਂ ਜਾਂ ਪੁਲਿਸ ਹਿਰਾਸਤ ਦੇ ਨਰਕ ਤੋਂ ਰਿਹਾ ਹੋਏ। ਇਸ ਵਕਤ ਵੀ ਇਹ ਟੀਮ 40 ਤੋਂ ਵੱਧ ਆਦਿਵਾਸੀਆਂ ਦੇ ਮਾਮਲਿਆਂ ਨੂੰ ਲੈ ਕੇ ਕੰਮ ਕਰ ਰਹੀ ਸੀ। ਇਹ ਟੀਮ ਪੱਤਰਕਾਰਾਂ ਸੋਮਰੂ ਨਾਗ ਅਤੇ ਸੰਤੋਸ਼ ਯਾਦਵ ਦੇ ਮਾਮਲਿਆਂ ਨੂੰ ਲੈ ਕੇ ਅਦਾਲਤ ਵਿਚ ਉਨ੍ਹਾਂ ਦੀ ਕਾਨੂੰਨੀ ਨੁਮਾਇੰਦਗੀ ਤੇ ਪੈਰਵੀ ਕਰ ਰਹੀ ਸੀ।

ਕਾਨੂੰਨੀ ਮਦਦ ਦੇ ਯਤਨਾਂ ਨੂੰ ਬੰਦ ਕਰਾਉਣ ਲਈ ਸਰਕਾਰੀ ਤੰਤਰ ਵਲੋਂ ਉਨ੍ਹਾਂ ਬਾਰੇ ਮਾਓਵਾਦੀ ਹਮਾਇਤੀ ਹੋਣ ਦਾ ਪ੍ਰਚਾਰ ਕੀਤਾ ਗਿਆ। ਇਸ ਦਾ ਸਿੱਧਾ ਮਤਲਬ ਹੈ, ਕਦੇ ਵੀ ਉਨ੍ਹਾਂ ਨੂੰ ਇਹ ਬਹਾਨਾ ਬਣਾ ਕੇ ਗ੍ਰਿਫਤਾਰ ਕਰ ਲੈਣ ਅਤੇ ਜੇਲ੍ਹ ਭੇਜਣ ਦੀ ਧਮਕੀ। ਉਨ੍ਹਾਂ ਨੂੰ ਬਸਤਰ ਦੇ ਵਿਕਾਸ ਦੇ ਵਿਰੋਧੀ ਕਰਾਰ ਦੇ ਕੇ ਭੰਡਿਆ ਗਿਆ। ਬਸਤਰ ਬਾਰ ਐਸੋਸੀਏਸ਼ਨ ਕੋਲੋਂ ਮਤਾ ਪਾਸ ਕਰਵਾ ਕੇ 'ਬਾਹਰਲੇ' ਵਕੀਲਾਂ ਉਪਰ ਜਗਦਲਪੁਰ ਅਦਾਲਤ ਵਿਚ ਕਿਸੇ ਕੈਦੀ ਵਲੋਂ ਮੁਕੱਦਮਾ ਲੜਨ ਉਪਰ ਪਾਬੰਦੀ ਲਗਵਾਈ ਗਈ। ਇਸ ਜ਼ਰੀਏ ਗੇਰਾ ਅਤੇ ਖੰਡੇਲਵਾਲ ਨੂੰ ਅਦਾਲਤ ਵਿਚ ਪੈਰਵੀ ਕਰਨ ਤੋਂ ਰੋਕ ਦਿੱਤਾ ਗਿਆ, ਕਿਉਂਕਿ ਉਹ ਦਿੱਲੀ ਸਟੇਟ ਬਾਰ ਕੌਂਸਲ ਦੀਆਂ ਮੈਂਬਰ ਸਨ। ਜਦੋਂ ਫਿਰ ਵੀ ਉਹ ਅਡੋਲ ਰਹਿ ਕੇ ਆਪਣੇ ਕੰਮ ਵਿਚ ਜੁਟੀਆਂ ਰਹੀਆਂ ਤਾਂ ਉਨ੍ਹਾਂ ਦੇ ਦਫਤਰ ਅਤੇ ਰਿਹਾਇਸ਼ੀ ਮਕਾਨਾਂ ਦੇ ਮਾਲਕਾਂ ਨੂੰ ਤੰਗ-ਪ੍ਰੇਸ਼ਾਨ ਕੀਤੇ ਜਾਣ ਦਾ ਸਿਲਸਿਲਾ ਸ਼ੁਰੂ ਹੋ ਗਿਆ। ਪੁਲਿਸ ਪਹਿਲਾਂ ਮਾਲਿਨੀ ਦੇ ਘਰ ਗਈ, ਫਿਰ ਲੀਗਲ ਏਡ ਗਰੁਪ ਦੀ ਰਿਹਾਇਸ਼ 'ਤੇ। ਉਨ੍ਹਾਂ ਦੇ ਮਕਾਨ ਮਾਲਕਾਂ ਅਤੇ ਘਰੇਲੂ ਨੌਕਰ ਨੂੰ ਗ੍ਰਿਫਤਾਰ ਕਰ ਕੇ ਹਵਾਲਾਤ ਵਿਚ ਬੰਦ ਰੱਖਿਆ ਗਿਆ। ਉਨ੍ਹਾਂ ਨੂੰ ਝੂਠੇ ਮਾਮਲਿਆਂ 'ਚ ਫਸਾ ਕੇ ਜੇਲ੍ਹ ਭੇਜਣ ਦੀਆਂ ਧਮਕੀਆਂ ਦਿੱਤੀਆਂ ਗਈਆਂ ਅਤੇ ਇਨ੍ਹਾਂ 'ਦੇਸ਼ ਵਿਰੋਧੀ' ਕਿਰਾਏਦਾਰਾਂ ਤੋਂ ਮਕਾਨ ਖਾਲੀ ਕਰਾਉਣ ਦੇ ਫਰਮਾਨ ਜਾਰੀ ਕਰ ਦਿੱਤੇ ਗਏ।

ਪੁਲਿਸ ਪਾਰਟੀ ਵਲੋਂ ਪੁੱਛਗਿੱਛ ਦੇ ਬਹਾਨੇ, ਰਾਤ ਦੇ ਵਕਤ ਮਾਲਿਨੀ ਦੇ ਘਰ ਵਾਰ-ਵਾਰ ਜਾ ਕੇ ਉਸ ਨੂੰ ਤੰਗ-ਪ੍ਰੇਸ਼ਾਨ ਕੀਤਾ ਗਿਆ। ਉਸ ਦੇ ਆਂਢ-ਗੁਆਂਢ ਵਿਚ ਅਫਵਾਹਾਂ ਫੈਲਾ ਕੇ ਉਸ ਨੂੰ ਉਥੋਂ ਕੱਢਣ ਲਈ ਉਕਸਾਇਆ ਗਿਆ। ਉਸ ਖਿਲਾਫ 'ਸਮਾਜਿਕ ਏਕਤਾ ਮੰਚ' ਕੋਲੋਂ 'ਨਕਸਲੀ ਸਮਰਥਕ ਬਸਤਰ ਛੋੜੋ' ਦੇ ਨਾਅਰੇ ਲਗਾਉਂਦਿਆਂ ਵਿਰੋਧ ਪ੍ਰਦਰਸ਼ਨ ਕਰਵਾਏ ਗਏ। ਉਸ ਨੂੰ ਧਮਕੀ ਦਿੱਤੀ ਗਈ ਕਿ ਉਹ ਸੋਸ਼ਲ ਮੀਡੀਆ ਵਿਚ ਲੇਖ ਲਿਖ ਕੇ 'ਬਸਤਰ ਪੁਲਿਸ ਦਾ ਅਕਸ ਵਿਗਾੜਨਾ ਬੰਦ ਕਰੇ'। ਫਿਰ 7 ਫਰਵਰੀ ਨੂੰ ਉਸ ਦੇ ਘਰ ਅੱਗੇ ਮੁਜ਼ਾਹਰਾ ਕੀਤਾ ਗਿਆ। 8 ਫਰਵਰੀ ਦੀ ਰਾਤ ਨੂੰ ਇਸ ਅਖੌਤੀ ਮੰਚ ਵਲੋਂ ਮਾਲਿਨੀ ਨੂੰ ਦਹਿਸ਼ਤਜ਼ਦਾ ਕਰਨ ਲਈ ਤੜਕੇ ਉਸ ਦੇ ਘਰ ਉਪਰ ਪਥਰਾਓ ਕਰ ਕੇ ਉਸ ਦੀ ਕਾਰ ਭੰਨ ਦਿੱਤੀ ਗਈ। ਜਦੋਂ ਅਗਲੇ ਦਿਨ ਉਸ ਨੇ ਐਫ.ਆਈ.ਆਰ. ਲਿਖਵਾਉਣੀ ਚਾਹੀ ਤਾਂ ਪੁਲਿਸ ਨੇ ਨਾਂਹ ਕਰ ਦਿੱਤੀ ਕਿ ਆਪਣੇ ਸੀਨੀਅਰ ਅਧਿਕਾਰੀ ਦੀ ਇਜਾਜ਼ਤ ਬਗ਼ੈਰ ਉਹ ਰਪਟ ਨਹੀਂ ਲਿਖਣਗੇ। ਉਸ ਦੀ ਘਰੇਲੂ ਸਹਾਇਕ, ਪਰਾਚੀ ਸਕਸੈਨਾ ਨੂੰ ਗ੍ਰਿਫਤਾਰ ਕਰ ਕੇ ਥਾਣੇ ਲਿਜਾਇਆ ਗਿਆ। ਮਾਲਿਨੀ ਦੇ ਪਤੀ ਅਸ਼ੀਮ ਨੂੰ ਥਾਣੇ ਬਿਠਾਈ ਰੱਖਿਆ। ਭਾਰੀ ਦਬਾਓ ਹੇਠ ਜਦੋਂ ਰਪਟ ਲਿਖੀ ਗਈ ਤਾਂ ਮਾਲਿਨੀ ਵਲੋਂ ਦੋ ਹਮਲਾਵਰਾਂ ਦੀ ਸਪਸ਼ਟ ਸ਼ਨਾਖ਼ਤ ਦੱਸਣ ਦੇ ਬਾਵਜੂਦ ਅਣਪਛਾਤਿਆਂ ਖਿਲਾਫ ਗੋਲਮੋਲ ਰਪਟ ਲਿਖੀ ਗਈ। ਦੋ ਦਿਨ ਬਾਅਦ 11 ਫਰਵਰੀ ਨੂੰ ਤਫ਼ਤੀਸ਼ੀ ਪੁਲਿਸ ਅਧਿਕਾਰੀ ਮਾਲਿਨੀ ਦੀ ਰਿਹਾਇਸ਼ ਵਾਲੇ ਮੁਹੱਲੇ ਵਿਚ ਆਈ। ਉਸ ਨੇ ਉਨ੍ਹਾਂ ਗੁਆਂਢੀ ਔਰਤਾਂ ਨੂੰ ਡਰਾਇਆ ਕਿ ਮਾਲਿਨੀ ਦੇ ਘਰ ਉਪਰ ਪੱਥਰ ਉਨ੍ਹਾਂ ਔਰਤਾਂ ਨੇ ਮਾਰੇ ਸਨ, ਇਸ ਦੇ ਪੁਲਿਸ ਕੋਲ ਸਬੂਤ ਹਨ, ਤੇ ਉਨ੍ਹਾਂ ਨੂੰ 'ਕੱਲੀ-'ਕੱਲੀ ਨੂੰ ਗ੍ਰਿਫਤਾਰ ਕਰ ਕੇ 'ਨਾਕ ਮੇਂ ਉਂਗਲੀ ਡਾਲ ਕੇ ਸੱਚ ਨਿਕਲਵਾ ਲੇਂਗੇ' ਦੀਆਂ ਧਮਕੀਆਂ ਦਿੱਤੀਆਂ। ਇਸ ਦੀ ਵਜ੍ਹਾ ਇਹ ਸੀ ਕਿ ਇਨ੍ਹਾਂ ਔਰਤਾਂ ਨੇ ਮਾਲਿਨੀ ਵਲੋਂ ਆਪਣੀ ਸ਼ਿਕਾਇਤ ਵਿਚ ਉਸ ਦੇ ਘਰ ਅੱਗੇ ਵਿਖਾਵਾ ਕਰਨ ਵਾਲਿਆਂ ਦੇ ਜੋ ਵੇਰਵੇ ਦਿੱਤੇ ਸਨ, ਇਨ੍ਹਾਂ ਔਰਤਾਂ ਨੇ ਬਿਆਨ ਦੇ ਕੇ ਉਸ ਦੀ ਤਸਦੀਕ ਕੀਤੀ ਸੀ।

ਪੱਤਰਕਾਰ ਮਾਲਿਨੀ ਸੁਬਰਾਮਨੀਅਮ ਪੁਲਿਸ ਅਤੇ ਹੋਰ ਸਰਕਾਰੀ ਹਥਿਆਰਬੰਦ ਤਾਕਤਾਂ ਵਲੋਂ ਕੀਤੇ ਜਾ ਰਹੇ ਮਨੁੱਖੀ ਹੱਕਾਂ ਦੇ ਘਾਣ ਦੇ ਸਵਾਲ ਉਪਰ ਕੰਮ ਕਰ ਰਹੀ ਸੀ। ਉਸ ਵਲੋਂ ਆਦਿਵਾਸੀਆਂ ਨੂੰ ਫਰਜ਼ੀ ਪੁਲਿਸ ਮੁਕਾਬਲਿਆਂ ਵਿਚ ਮਾਰਨ, ਇਨ੍ਹਾਂ ਫਰਜ਼ੀ ਮੁਕਾਬਲਿਆਂ ਵਿਰੁਧ ਆਦਿਵਾਸੀਆਂ ਵਲੋਂ ਵਿਆਪਕ ਵਿਰੋਧ ਪ੍ਰਦਰਸ਼ਨ ਕੀਤੇ ਜਾਣ ਦੀਆਂ ਤੱਥਪੂਰਨ ਰਿਪੋਰਟਾਂ ਭੇਜੀਆਂ ਜਾ ਰਹੀਆਂ ਸਨ। ਉਸ ਨੇ ਆਦਿਵਾਸੀ ਖੇਤਰਾਂ ਵਿਚ ਪੁਲਿਸ ਤੇ ਹੋਰ ਸਰਕਾਰੀ ਲਸ਼ਕਰਾਂ ਵਲੋਂ ਕੀਤੇ ਜਾ ਰਹੇ ਜ਼ੁਲਮਾਂ, ਖ਼ਾਸ ਕਰ ਕੇ ਬਸਤਰ ਵਿਚ ਇਕ ਮੁੱਖ ਪੁਲਿਸ ਅਧਿਕਾਰੀ ਕਲੂਰੀ ਦੀ ਅਗਵਾਈ ਹੇਠ ਕੀਤੇ ਜਾ ਰਹੇ ਮਾਓਵਾਦੀਆਂ ਦੇ ਆਤਮ-ਸਮਰਪਣ ਦੇ ਘਿਨਾਉਣੇ ਨਾਟਕ ਦਾ ਪਰਦਾਫਾਸ਼ ਕੀਤਾ ਅਤੇ ਹਕੀਕਤ ਸਾਹਮਣੇ ਲਿਆਂਦੀ।

ਮਾਲਿਨੀ ਸੁਬਰਾਮਨੀਅਮ ਨੇ 1980ਵਿਆਂ ਵਿਚ ਮੁੰਬਈ ਤੋਂ ਪੱਤਰਕਾਰੀ ਦੀ ਬਾਕਾਇਦਾ ਪੜ੍ਹਾਈ ਕੀਤੀ ਸੀ। ਫਿਰ ਉਹ ਦੋ ਦਹਾਕੇ ਔਕਸਫੈਮ, ਐਕਸ਼ਨ ਏਡ ਅਤੇ ਹੋਰ ਗ਼ੈਰ-ਸਰਕਾਰੀ ਜਥੇਬੰਦੀਆਂ (ਐਨ.ਜੀ.ਓ.) ਨਾਲ ਕੰਮ ਕਰਦੀ ਰਹੀ। ਪੰਜ ਸਾਲ ਪਹਿਲਾਂ ਜਦੋਂ 'ਇੰਟਰਨੈਸ਼ਨਲ ਕਮੇਟੀ ਫਾਰ ਰੈਡ ਕਰਾਸ' ਨੇ ਹਿੰਦੁਸਤਾਨੀ ਸਟੇਟ ਵਲੋਂ ਆਦਿਵਾਸੀਆਂ ਵਿਰੁਧ ਵਿੱਢੀ ਜੰਗ ਦੌਰਾਨ ਮੈਡੀਕਲ ਰਾਹਤ ਦਾ ਕੁਝ ਕੰਮ ਸ਼ੁਰੂ ਕੀਤਾ ਤਾਂ ਇਸ ਸੰਸਥਾ ਦੀ ਨੌਕਰੀ ਤਹਿਤ ਮਾਲਿਨੀ ਦੱਖਣੀ ਛੱਤੀਸਗੜ੍ਹ ਦੇ ਇਸ ਖੇਤਰ ਵਿਚ ਆ ਗਈ। ਇਹ ਜ਼ਿਕਰ ਕੁਥਾਂ ਨਹੀਂ ਹੋਵੇਗਾ ਕਿ ਜਨਵਰੀ 2011 ਵਿਚ ਸ੍ਰੀ ਕਲੂਰੀ ਜੋ

(ਬਾਕੀ ਅਗਲੇ ਸਫੇ 'ਤੇ)





ਹਮਲੇ ਪਿੱਛੋਂ ਹਸਪਤਾਲ ਵਿਚ ਦਾਖਲ ਆਦਿਵਾਸੀ ਕਾਰਕੁਨ ਸੋਨੀ ਸੋਰੀ।

ਉਦੋਂ ਦਾਂਤੇਵਾੜਾ ਜ਼ਿਲ੍ਹੇ ਦਾ ਪੁਲਿਸ ਮੁਖੀ ਸੀ ਤੇ ਹੁਣ ਸਮੁੱਚੀ ਬਸਤਰ ਰੇਂਜ ਦਾ ਮੁਖੀ ਹੈ, ਨੇ ਬਿਆਨ ਦੇ ਕੇ ਇਸ ਸੰਸਥਾ ਉਪਰ ਵੀ ਮਾਓਵਾਦੀਆਂ ਦੀ ਮਦਦ ਕਰਨ ਦਾ ਇਲਜ਼ਾਮ ਲਾ ਦਿੱਤਾ ਸੀ। ਜੂਨ 2013 ਵਿਚ ਕਮੇਟੀ ਨੇ ਆਦਿਵਾਸੀ ਇਲਾਕਿਆਂ ਵਿਚੋਂ ਆਪਣੇ ਹੈਲਥ ਕਲਿਨਿਕ ਬੰਦ ਕਰ ਦਿੱਤੇ, ਪਰ ਮਾਲਿਨੀ ਆਦਿਵਾਸੀ ਲੋਕਾਂ ਦੇ ਹਿੱਤ ਵਿਚ ਕੰਮ ਕਰਨ ਦੇ ਮਨੋਰਥ ਨਾਲ ਉਥੇ ਹੀ ਰੁਕ ਗਈ। ਇਥੇ ਰਹਿੰਦਿਆਂ ਉਸ ਨੇ ਰਾਜਤੰਤਰ ਦੇ ਜ਼ੁਲਮਾਂ ਅਤੇ ਆਦਿਵਾਸੀ ਲੋਕਾਂ ਵਲੋਂ ਮਾਓਵਾਦੀ ਲਹਿਰ ਦੀ ਅਗਵਾਈ ਹੇਠ ਇਸ ਦੇ ਟਾਕਰੇ ਦੀ ਜ਼ਮੀਨੀ ਰਿਪੋਰਟ ਸ਼ੁਰੂ ਕਰ ਦਿੱਤੀ। ਸੋਸ਼ਲ ਮੀਡੀਆ ਵਿਚ ਇਹ ਰਿਪੋਰਟਾਂ ਲਗਾਤਾਰ ਛਪਣ ਨਾਲ ਬਸਤਰ ਵਿਚ ਆਦਿਵਾਸੀਆਂ ਉਪਰ ਹੋ ਰਹੇ ਅਕਹਿ ਜ਼ੁਲਮਾਂ ਅਤੇ ਉਨ੍ਹਾਂ ਦੇ ਬਹਾਦਰੀ ਭਰੇ ਟਾਕਰੇ ਦੀ ਅਸਲ ਕਹਾਣੀ ਸਾਹਮਣੇ ਆਉਣੀ ਸ਼ੁਰੂ ਹੋ ਗਈ। ਸਟੇਟ ਮਸ਼ੀਨਰੀ ਲਈ ਹੁਣ ਆਦਿਵਾਸੀਆਂ ਉਪਰ ਕੀਤੀ ਜਾ ਰਹੀ ਬੇਲਗਾਮ ਹਿੰਸਾ ਨੂੰ ਬਾਕੀ ਦੁਨੀਆਂ ਤੋਂ ਲੁਕੋਣਾ ਪਹਿਲਾਂ ਵਾਂਗ ਸੌਖਾ ਨਹੀਂ ਸੀ ਰਿਹਾ।

ਪੁਲਿਸ ਤੇ ਸਮਾਜ ਵਿਰੋਧੀ ਗਰੋਹਾਂ ਨੇ ਮਿਲ ਕੇ ਉਨ੍ਹਾਂ ਦੇ ਮਕਾਨ ਮਾਲਕਾਂ ਦੀ ਘੇਰਾਬੰਦੀ ਕਰ ਕੇ ਇਸ ਤਰ੍ਹਾਂ ਦੇ ਹਾਲਾਤ ਬਣਾ ਦਿੱਤੇ ਕਿ ਮਕਾਨ ਮਾਲਕਾਂ ਨੇ ਮਜਬੂਰ ਹੋ ਕੇ ਉਨ੍ਹਾਂ ਨੂੰ ਮਕਾਨ ਖਾਲੀ ਕਰਨ ਦੇ ਨੋਟਿਸ ਦੇ ਦਿੱਤੇ। ਮਹਿਜ਼ 10 ਦਿਨਾਂ ਵਿਚ ਹੀ ਉਨ੍ਹਾਂ ਨੂੰ ਮਕਾਨ ਖਾਲੀ ਕਰ ਕੇ ਆਪਣਾ ਕੰਮ ਵਿਚਾਲੇ ਛੱਡ ਕੇ ਜਗਦਲਪੁਰ ਛੱਡਣਾ ਪੈ ਗਿਆ। ਵਕੀਲਾਂ ਦੇ ਮਕਾਨ ਮਾਲਕ ਨੇ ਪੁਲਿਸ ਵੱਲੋਂ ਸੱਦੇ ਜਾਣ 'ਤੇ ਰਾਤ ਦੇ ਦੋ ਵਜੇ ਵਕੀਲਾਂ ਨੂੰ ਆ ਕੇ ਆਪਣੀ ਮਜਬੂਰੀ ਦੱਸੀ ਤੇ ਮਕਾਨ ਖਾਲੀ ਕਰਨ ਲਈ ਕਿਹਾ।

ਅਗਲੀ ਸ਼ਿਕਾਰ ਕਾਰਕੁਨ ਸੋਨੀ ਸੋਰੀ ਨੂੰ ਬਣਾਇਆ ਗਿਆ। ਲੰਘੀ 21 ਫਰਵਰੀ ਨੂੰ ਉਸ ਦੇ ਚਿਹਰੇ ਉਪਰ ਕੋਈ ਤੇਜ਼ਾਬ ਵਰਗੀ ਚੀਜ਼ ਮਲ ਦਿੱਤੀ ਗਈ ਜਿਸ ਨਾਲ ਉਸ ਦਾ ਚਿਹਰਾ ਲੂਹਿਆ ਗਿਆ ਤੇ ਉਸ ਨੂੰ ਐਮਰਜੈਂਸੀ ਇਲਾਜ ਲਈ ਦਿੱਲੀ ਭੇਜਣਾ ਪਿਆ। ਸੋਨੀ ਸੋਰੀ, ਜੋ ਉਸ ਉਪਰ ਪਾਏ ਝੂਠੇ ਮਾਮਲਿਆਂ ਵਿਚ ਜ਼ਮਾਨਤ ਮਿਲਣ ਤੋਂ ਬਾਅਦ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਈ ਸੀ ਤੇ 2014 ਦੀਆਂ ਆਮ ਚੋਣਾਂ ਵਿਚ ਲੋਕ ਸਭਾ ਉਮੀਦਵਾਰ ਵਜੋਂ ਚੋਣ ਲੜੀ ਸੀ, ਹਕੂਮਤੀ ਦਹਿਸ਼ਤਗਰਦੀ ਦਾ ਸ਼ਿਕਾਰ ਆਦਿਵਾਸੀਆਂ ਨੂੰ ਇਨਸਾਫ ਦਿਵਾਉਣ ਲਈ ਯਤਨਸ਼ੀਲ ਹੈ। ਪਿਛਲੇ ਦਿਨਾਂ ਵਿਚ ਉਸ ਨੇ ਮੜਦੁਮ ਪਿੰਡ ਦੇ ਬਾਸ਼ਿੰਦੇ ਹੜਮਾ ਕਸ਼ਿਅਪ ਦੀ ਹੱਤਿਆ ਦਾ ਮਾਮਲਾ ਹੱਥ ਲਿਆ ਜਿਸ ਬਾਰੇ



ਆਦਿਵਾਸੀਆਂ ਦੇ ਦਰਦ ਸੁਣਨ ਪੁੱਜੀ ਸਮਾਜ ਵਿਗਿਆਨੀ ਬੇਲਾ ਭਾਟੀਆ।

ਪੁਲਿਸ ਨੇ ਦਾਅਵਾ ਕੀਤਾ ਸੀ ਕਿ ਹੜਮਾ ਖ਼ੂੰਖਾਰ ਮਾਓਵਾਦੀ ਸੀ ਜੋ 4 ਫਰਵਰੀ 2016 ਨੂੰ ਪੁਲਿਸ ਨਾਲ 'ਜ਼ਬਰਦਸਤ ਮੁਕਾਬਲੇ' ਵਿਚ ਮਾਰਿਆ ਗਿਆ।

ਸੋਨੀ ਸੋਰੀ ਨੇ ਇਹ ਮਾਮਲਾ ਉਠਾ ਕੇ ਵਿਰੋਧ ਲਾਮਬੰਦ ਕੀਤਾ। ਹੁਣ ਉਸ ਨੇ ਇਨ੍ਹਾਂ ਮੁੱਦਿਆਂ ਨੂੰ ਲੈ ਕੇ 200 ਕਿਲੋਮੀਟਰ ਪਦ ਯਾਤਰਾ ਉਲੀਕੀ ਹੋਈ ਸੀ ਜੋ ਬੀਜਾਪੁਰ ਤੋਂ ਚੱਲ ਕੇ 8 ਮਾਰਚ ਨੂੰ ਕੌਮਾਂਤਰੀ ਔਰਤ ਦਿਵਸ ਉਪਰ ਜਗਦਲਪੁਰ ਖ਼ਤਮ ਹੋਣੀ ਸੀ। ਸੋਨੀ ਸੋਰੀ ਸਥਾਨਕ ਆਦਿਵਾਸੀ ਵਸਨੀਕ ਹੋਣ ਕਾਰਨ ਉਸ ਨੂੰ ਬਸਤਰ ਵਿਚੋਂ ਉਵੇਂ ਨਹੀਂ ਕੱਢਿਆ ਜਾ ਸਕਦਾ ਜਿਵੇਂ ਵਕੀਲਾਂ ਦੇ ਗਰੁਪ ਅਤੇ ਪੱਤਰਕਾਰ ਮਾਲਿਨੀ ਨੂੰ ਕੱਢ ਦਿੱਤਾ ਗਿਆ। ਉਸ ਲਈ ਰਾਜਤੰਤਰ ਨੇ ਹੋਰ ਢੰਗ ਇਸਤੇਮਾਲ ਕੀਤੇ। ਉਸ ਨੂੰ ਜਾਨੋਂ ਮਾਰਨ ਤੇ ਜਿਉਂਦੀ ਸਾੜਨ ਅਤੇ ਬੱਚਿਆਂ ਨੂੰ ਮਾਰ ਦੇਣ ਦੀਆਂ ਧਮਕੀਆਂ ਦਿੱਤੀਆਂ ਗਈਆਂ। 21 ਫਰਵਰੀ ਨੂੰ ਜਦੋਂ ਉਹ ਵਕੀਲਾਂ ਨੂੰ ਜਗਦਲਪੁਰ ਤੋਂ ਵਿਦਾ ਕਰ ਕੇ ਰਾਤ ਨੂੰ ਆਪਣੀ ਸਹਾਇਕ ਨਾਲ ਮੋਟਰ ਸਾਈਕਲ ਉਪਰ ਘਰ ਵਾਪਸ ਜਾ ਰਹੀ ਸੀ ਤਾਂ ਰਸਤੇ ਵਿਚ ਤਿੰਨ ਮੋਟਰ ਸਾਈਕਲ ਸਵਾਰਾਂ ਨੇ ਘੇਰ ਕੇ ਉਸ ਦੇ ਮੂੰਹ ਉਪਰ ਤੇਲ ਵਰਗਾ ਕੋਈ ਤਰਲ ਮਲ ਦਿੱਤਾ।

ਇਸੇ ਤਰ੍ਹਾਂ ਬੇਲਾ ਭਾਟੀਆ ਨੂੰ ਤੰਗ-ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਉਹ ਮਸ਼ਹੂਰ ਸਮਾਜ ਵਿਗਿਆਨੀ ਹੈ ਜਿਸ ਨੇ ਯੋਜਨਾ ਕਮਿਸ਼ਨ ਦੇ ਗਰੁਪ ਦੀ ਮੈਂਬਰ ਵਜੋਂ 2006 'ਚ ਦਲਿਤਾਂ ਅਤੇ ਆਦਿਵਾਸੀਆਂ ਦੇ ਅਖੌਤੀ ਮੁੱਖਧਾਰਾ ਤੋਂ ਅਲਹਿਦਗੀ ਬਾਰੇ ਰਿਪੋਰਟ ਤਿਆਰ ਕਰਨ ਵਿਚ ਹਿੱਸਾ ਲਿਆ ਸੀ। ਪਿਛਲੇ ਸਾਲ ਉਹ ਮੁੰਬਈ ਤੋਂ ਬਸਤਰ ਆ ਗਈ ਜਿਥੇ ਉਹ ਟਾਟਾ ਇੰਸਟੀਚਿਊਟ ਆਫ ਸੋਸ਼ਲ ਸਾਇੰਸਿਜ਼ ਦੀ ਅਧਿਆਪਕਾ ਵਜੋਂ ਨੌਕਰੀ ਕਰ ਰਹੀ ਸੀ। ਪਿਛਲੇ ਕੁਝ ਮਹੀਨਿਆਂ ਵਿਚ ਉਹਨੇ ਔਰਤਾਂ ਦੀਆਂ ਉਨ੍ਹਾਂ ਟੀਮਾਂ ਨਾਲ ਮਿਲ ਕੇ ਮਾਓਵਾਦੀ ਲਹਿਰ ਖਿਲਾਫ ਚੱਲ ਰਹੀਆਂ ਪੁਲਿਸ ਤੇ ਨੀਮ-ਫੌਜੀ ਕਾਰਵਾਈਆਂ ਦੌਰਾਨ ਆਦਿਵਾਸੀ ਔਰਤਾਂ ਨਾਲ ਸਮੂਹਿਕ ਜਬਰ-ਜਨਾਹ ਅਤੇ ਵਿਆਪਕ ਪੱਧਰ 'ਤੇ ਲਿੰਗਕ ਹਿੰਸਾ ਦੀਆਂ ਰਿਪੋਰਟਾਂ ਤਿਆਰ ਕਰਨ ਵਿਚ ਮਦਦ ਕੀਤੀ। ਉਸ ਦੀ ਆਵਾਜ਼ ਬੰਦ ਕਰਨ ਲਈ ਪੁਲਿਸ ਜਗਦਲਪੁਰ ਦੇ ਬਾਹਰਵਾਰ ਪਿੰਡ ਵਿਚ ਉਸ ਦੇ ਘਰ ਗਈ, ਗੁਆਂਢੀਆਂ ਤੋਂ ਪੁੱਛਗਿੱਛ ਕਰ ਕੇ ਅਤੇ ਉਸ ਦੇ ਮਕਾਨ ਮਾਲਕ ਦੀਆਂ ਤਸਵੀਰਾਂ ਲੈ ਕੇ ਦਹਿਸ਼ਤ ਪਾਈ ਗਈ। ਇਹ ਸਭ ਉਸ ਨੂੰ ਅਲੱਗ-ਥਲੱਗ ਤੇ ਦਹਿਸ਼ਤਜ਼ਦਾ ਕਰਨ ਲਈ ਕੀਤਾ ਜਾ ਰਿਹਾ ਹੈ ਤਾਂ ਜੋ ਉਹ ਵੀ ਵਕੀਲਾਂ ਤੇ ਮਾਲਿਨੀ ਵਾਂਗ ਜਗਦਲਪੁਰ ਛੱਡ ਜਾਵੇ।

ਹਾਲ ਹੀ ਵਿਚ ਖੋਜੀ ਪੱਤਰਕਾਰਾਂ ਨੇ 'ਸਮਾਜਿਕ ਏਕਤਾ ਮੰਚ' ਅਤੇ ਪੁਲਿਸ ਅਧਿਕਾਰੀ ਕਲੂਰੀ ਦਾ ਨਾਪਾਕ ਗੱਠਜੋੜ ਨੰਗਾ ਕੀਤਾ ਹੈ। ਇਸ ਤੋਂ ਇਹ ਤਸਦੀਕ ਹੋ ਗਈ ਹੈ ਕਿ ਇਹ ਗਰੋਹ ਹਕੂਮਤ ਅਤੇ ਪੁਲਿਸ ਅਧਿਕਾਰੀਆਂ ਵਲੋਂ ਖੜ੍ਹਾ ਕੀਤਾ ਗਿਆ ਹੈ ਜਿਸ ਨੂੰ ਆਮ ਲੋਕਾਂ ਦੇ ਮਾਓਵਾਦੀ ਲਹਿਰ ਦੇ ਖਿਲਾਫ ਹੋਣ ਦਾ 'ਸਿਵਲ' ਚਿਹਰਾ ਮੁਹੱਈਆ ਕਰਨ ਲਈ ਸਮਾਜਿਕ ਏਕਤਾ ਮੰਚ ਦਾ ਨਾਂ ਦਿੱਤਾ ਗਿਆ ਹੈ। ਚੇਤੇ ਰਹੇ, ਆਈ.ਜੀ. ਕਲੂਰੀ ਉਹ ਪੁਲਿਸ ਅਧਿਕਾਰੀ ਹੈ ਜਿਸ ਨੇ ਫਰਜ਼ੀ ਮਾਮਲਾ ਘੜ ਕੇ ਸੋਨੀ ਸੋਰੀ ਅਤੇ ਉਸ ਦੇ ਭਤੀਜੇ ਲਿੰਗਾਰਾਮ ਕੋਡੋਪੀ ਨੂੰ ਗ੍ਰਿਫਤਾਰ ਕਰ ਕੇ ਨਾ ਸਿਰਫ ਜੇਲ੍ਹਾਂ ਵਿਚ ਸਾੜਿਆ, ਸਗੋਂ ਉਸ ਦੀ ਹਦਾਇਤ ਉਪਰ ਪੁਲਿਸ ਹਿਰਾਸਤ ਵਿਚ ਸੋਨੀ ਸੋਰੀ ਨੂੰ ਅਕਹਿ ਤਸੀਹੇ ਦਿੰਦਿਆਂ ਉਸ ਦੇ ਗੁਪਤ ਅੰਗਾਂ ਵਿਚ ਪੱਥਰ ਪਾ ਦਿੱਤੇ ਗਏ ਸਨ। ਕੇਂਦਰ ਦੀ ਕਾਂਗਰਸ ਸਰਕਾਰ ਵਲੋਂ ਅਜਿਹਾ ਕਰਨ ਵਾਲੇ ਅੰਕਿਤ ਗਰਗ ਨੂੰ 'ਗਣਤੰਤਰ ਦਿਵਸ' ਉਪਰ ਵਿਸ਼ੇਸ਼ ਬਹਾਦਰੀ ਸਨਮਾਨ ਦਿੱਤਾ ਗਿਆ ਸੀ।

ਮਾਸਿਕ ਰਸਾਲੇ 'ਕਾਰਵਾਂ' ਦੇ ਸਟਾਫ ਪੱਤਰਕਾਰ ਕ੍ਰਿਸ਼ਨ ਕੌਸ਼ਿਕ ਨੇ ਇਸ ਨਾਪਾਕ ਰਿਸ਼ਤੇ ਉਪਰ ਚਾਨਣਾ ਪਾਇਆ ਹੈ। ਆਈ.ਜੀ. ਕਲੂਰੀ ਵਲੋਂ ਬਣਾਏ ਗਏ ਇਸ ਮੰਚ ਵਲੋਂ ਪੱਤਰਕਾਰ ਮਾਲਿਨੀ ਦੇ ਘਰ ਜਾਣ ਦੀ ਪਹਿਲੀ ਕਾਰਵਾਈ ਤੋਂ ਕੁਝ ਦਿਨ ਬਾਅਦ ਹੀ ਈਨਾਡੂ ਇੰਡੀਆ ਅਖਬਾਰ ਵਿਚ ਛਪੀ ਅਸਾਧਾਰਨ ਰਿਪੋਰਟ ਉਪਰ ਇਸ ਪੱਤਰਕਾਰ ਨੇ ਗ਼ੌਰ ਕੀਤਾ। ਇਸ ਅਖਬਾਰ ਨੇ ਵਿਲੱਖਣ ਵਿਆਹ ਦੀ ਖ਼ਬਰ ਛਾਪੀ ਸੀ। ਪੱਤਰਕਾਰ ਨੇ ਕਲੂਰੀ ਅਤੇ ਸਮਾਜਿਕ ਮੰਚ ਦੇ ਨਾਪਾਕ ਰਿਸ਼ਤੇ ਦੀ ਪੁਣਛਾਣ ਕੀਤੀ ਅਤੇ ਇਸ ਵਿਆਹ ਦਾ ਖ਼ੁਲਾਸਾ ਕਰਦਿਆਂ ਲਿਖਿਆ ਕਿ 16 ਜਨਵਰੀ ਨੂੰ ਜਗਦਲਪੁਰ ਦੇ ਮੁਕਾਮੀ ਪੁਲਿਸ ਥਾਣੇ ਤੋਂ ਬਰਾਤ ਹਟ ਮੈਦਾਨ ਲਈ ਰਵਾਨਾ ਹੋਈ। 'ਬਸਤਰ ਸਮਾਜਿਕ ਏਕਤਾ ਮੰਚ' ਵਾਲੇ ਲਾੜੀ ਵਾਲੇ ਪਾਸੇ ਹਾਜ਼ਰ ਸਨ ਅਤੇ ਪੁਲਿਸ ਪਰਿਵਾਰ ਲਾੜੇ ਵਲੋਂ ਬਰਾਤ ਵਿਚ ਪਹੁੰਚਿਆ ਹੋਇਆ ਸੀ। ਵਿਆਹ ਦੀ ਰਸਮ ਦੌਰਾਨ, ਸਮਾਜਿਕ ਏਕਤਾ ਮੰਚ ਦੇ ਆਗੂ ਅਤੇ ਬਸਤਰ ਰੇਂਜ ਦਾ ਪੁਲਿਸ ਮੁਖੀ ਆਈ.ਜੀ. ਐਸ.ਆਰ.ਪੀ. ਕਲੂਰੀ ਗੁਲਾਬੀ ਪੱਗਾਂ ਬੰਨ੍ਹ ਕੇ ਮੰਚ ਉਪਰ ਬਿਰਾਜਮਾਨ ਹੋਏ ਸਨ। ਵਿਆਹਾਂ ਵਿਚ ਇਸ ਰੰਗ ਦੀਆਂ ਪੱਗਾਂ ਲਾੜੇ ਤੇ ਲਾੜੀ ਦੇ ਨੇੜਲੇ ਰਿਸ਼ਤੇਦਾਰ ਹੀ ਬੰਨ੍ਹ ਕੇ ਆਉਂਦੇ ਹਨ। ਦਰਅਸਲ, ਕਲੂਰੀ ਬਰਾਤ ਦਾ ਮੋਹਰੀ ਬਣ ਕੇ ਵਿਆਹ ਵਾਲੀ ਜਗ੍ਹਾ ਢੁੱਕਿਆ ਸੀ। ਕਲੂਰੀ ਅਤੇ ਇਸ ਗਰੁਪ ਦੇ ਇਸ ਗੂੜ੍ਹੇ ਰਿਸ਼ਤੇ ਦੀ ਤਸਦੀਕ ਹੋਰ ਪੱਤਰਕਾਰਾਂ ਨੇ ਵੀ ਕੀਤੀ ਹੈ।

ਨਿਸ਼ਚੇ ਹੀ, ਬਸਤਰ ਉਪਰ ਕਤਲੋਗ਼ਾਰਤ ਦਾ ਖਤਰਾ ਮੰਡਰਾ ਰਿਹਾ ਹੈ। ਹਾਲ ਹੀ ਵਿਚ ਸੀ.ਪੀ.ਆਈ. (ਮਾਓਵਾਦੀ) ਦੀ ਦੱਖਣੀ ਬਸਤਰ ਡਿਵੀਜ਼ਨ ਕਮੇਟੀ ਦੇ ਸਕੱਤਰ ਮੋਹਨ ਨੇ ਪ੍ਰੈਸ ਬਿਆਨ (ਦਿ ਹਿੰਦੂ, 1 ਮਾਰਚ 2016) ਵਿਚ ਕਿਹਾ ਹੈ, "ਬੇਕਸੂਰ ਲੋਕਾਂ ਨੂੰ ਮਾਰਿਆ ਜਾ ਰਿਹਾ ਹੈ ਤੇ ਮਾਓਵਾਦੀਆਂ ਦਾ ਠੱਪਾ ਲਾਇਆ ਜਾ ਰਿਹਾ ਹੈ। ਮੁਲਕ ਦੀਆਂ ਸਮੂਹ ਇਨਸਾਫਪਸੰਦ ਤੇ ਜਮਹੂਰੀ ਤਾਕਤਾਂ ਨੂੰ ਆਦਿਵਾਸੀਆਂ ਦੇ ਇਸ ਘਾਣ ਅਤੇ ਜਮਹੂਰੀ ਕਾਰਕੁਨਾਂ ਤੇ ਪੱਤਰਕਾਰਾਂ ਦੀ ਜ਼ਬਾਨਬੰਦੀ ਦਾ ਨਾ ਸਿਰਫ ਗੰਭੀਰ ਨੋਟਿਸ ਲੈਣਾ ਚਾਹੀਦਾ ਹੈ, ਸਗੋਂ ਇਸ ਦੇ ਖਿਲਾਫ ਵਿਆਪਕ ਲਾਮਬੰਦੀ ਕਰਨੀ ਚਾਹੀਦੀ ਹੈ।

# ਅਮਰੀਕਾ 'ਚ ਡੁੱਬੀ ਬੇੜੀ ਬਨਾਮ ਪਰਵਾਸ ਦਾ ਸੰਕਲਪ

ਕੋਈ ਵੀ ਸੰਕਟ, ਚਿੰਤਨ ਲਈ ਸਭ ਤੋਂ ਅਹਿਮ ਸਮਾਂ ਹੁੰਦਾ ਹੈ ਤਾਂ ਕਿ ਸੰਕਟ ਨਵਿਰਤੀ ਵੀ ਹੋ ਜਾਵੇ ਤੇ ਸੰਕਟ ਦੁਬਾਰਾ ਵੀ ਨਾ ਆਵੇ ਪਰ ਹੁੰਦਾ ਅਕਸਰ ਇਹ ਹੈ ਕਿ ਸੰਕਟ ਦੌਰਾਨ ਚਲੰਤ ਜਿਹੇ ਹੱਲ ਕੱਢ ਲਏ ਜਾਂਦੇ ਹਨ ਤੇ ਸੰਕਟ ਦੀ ਜੜ੍ਹ ਉਵੇਂ ਦੀ ਉਵੇਂ ਰਹਿੰਦੀ ਹੈ। ਸੰਕਟ ਸਾਡੀ ਸਮਰੱਥਾ ਲਈ ਸਭ ਤੋਂ ਵੱਡੀ ਚੁਣੌਤੀ ਹੁੰਦੇ ਹਨ। ਸੰਕਟਾਂ ਵਿਚੋਂ ਹੀ ਸਾਡੀਆਂ ਸੀਮਾਵਾਂ ਤੇ ਸੰਭਾਵਨਾਵਾਂ ਦਾ ਪਤਾ ਚਲਦਾ ਹੈ। ਇਸ ਵੇਲੇ ਦੁਨੀਆਂ ਵਿਚ ਬਹੁਤ ਸਾਰੇ ਸੰਕਟ ਨੇ ਤੇ ਇਨ੍ਹਾਂ ਵਿਚੋਂ ਇਕ ਪ੍ਰਮੁੱਖ ਸੰਕਟ ਹੈ ਪਰਵਾਸ ਦਾ। ਉਂਜ ਤਾਂ ਪਰਵਾਸ ਵਿਚ ਹਰ ਰੋਜ਼ ਕਤਲ ਹੋਣ, ਜ਼ਲੀਲ ਹੋਣ ਦੀਆਂ ਖ਼ਬਰਾਂ ਲੱਗਦੀਆਂ ਰਹਿੰਦੀਆਂ ਹਨ ਪਰ



ਡਾ. ਪਰਮਜੀਤ ਸਿੰਘ ਕੱਟੂ
ਫੋਨ: 91-94631-24131

ਵੱਡੀ ਖ਼ਬਰ ਇਹ ਆਈ ਕਿ 17 ਜਨਵਰੀ 2016 ਨੂੰ ਸਮੁੰਦਰ ਰਾਹੀਂ ਅਮਰੀਕਾ ਜਾ ਰਹੇ ਪੰਜਾਬੀ ਨੌਜਵਾਨਾਂ ਦੀ ਬੇੜੀ ਡੁੱਬਣ ਨਾਲ 20 ਨੌਜਵਾਨਾਂ ਦੀ ਜਾਨ ਜਾਣ ਦਾ ਖ਼ਦਸ਼ਾ ਹੈ। ਇਸ ਹਾਦਸੇ ਨੇ ਕਰੀਬ ਦੋ ਦਹਾਕੇ ਪਹਿਲਾਂ ਵਾਪਰੇ ਮਾਲਟਾ ਕਿਸ਼ਤੀ ਕਾਂਡ ਦੇ ਜ਼ਖਮ ਰਿਸਣ ਲਾ ਦਿੱਤੇ। ਇਹ ਹਾਦਸਾ 24-25 ਦਸੰਬਰ 1996 ਦੀ ਦਰਮਿਆਨੀ ਰਾਤ ਨੂੰ ਵਾਪਰਿਆ ਸੀ। ਹਾਦਸੇ ਦੌਰਾਨ ਭਾਰਤ, ਸ੍ਰੀਲੰਕਾ ਤੇ ਪਾਕਿਸਤਾਨ ਦੇ ਕਰੀਬ 300 ਨੌਜਵਾਨ ਮਾਰੇ ਗਏ ਸਨ। ਹਾਦਸੇ ਦੀ ਲਪੇਟ ਚ ਆਉਣ ਵਾਲੇ ਇਕੱਲੇ ਭਾਰਤ ਦੇ 170 ਨੌਜਵਾਨਾਂ 'ਚੋਂ ਕੁਝ ਇਕ ਨੂੰ ਛੱਡ ਕੇ ਜ਼ਿਆਦਾਤਰ ਪੰਜਾਬ ਦੇ ਦੁਆਬਾ ਖੇਤਰ (ਨਵਾਂ ਸ਼ਹਿਰ, ਜਲੰਧਰ, ਹੁਸ਼ਿਆਰਪੁਰ ਤੇ ਕਪੂਰਥਲਾ) ਤੋਂ ਸਨ।

ਦੁਨੀਆਂ ਗਲੋਬਲ ਪਿੰਡ ਬਣਦੀ ਜਾ ਰਹੀ ਹੈ ਤੇ ਇਸ ਗਲੋਬਲ ਪਿੰਡ ਦਾ ਸੰਕਟ ਦੁਨੀਆਂ ਨੂੰ ਪ੍ਰਭਾਵਿਤ ਤਾਂ ਕਰੇਗਾ ਹੀ। ਇਹ ਸੰਕਟ ਪਰਵਾਸ ਦੇ ਮਸਲੇ ਨੂੰ ਇਕ ਵਾਰ ਫੇਰ ਬਹਿਸ ਦੇ ਕੇਂਦਰ ਵਿਚ ਲੈ ਆਇਆ ਹੈ।

ਸਵਾਲ ਤਾਂ ਇਹ ਵੀ ਬਣਦਾ ਹੈ ਕਿ ਮਨੁੱਖ ਪਰਵਾਸੀ ਕਦੋਂ ਹੋਇਆ? ਅਸਲ ਵਿਚ ਮਾਨਵ ਜਾਤੀ ਦੇ ਪੈਦਾ ਹੋਣ ਦਾ ਸਥਾਨ ਅਫਰੀਕਾ ਮੰਨਿਆਂ ਜਾਂਦਾ ਹੈ। ਪ੍ਰਸਿੱਧ ਇਤਿਹਾਸਕਾਰ ਇਰਫਾਨ ਹਬੀਬ ਲਿਖਦੇ ਹਨ, "ਹੋਮੋਸੇਪੀਅਸ ਦੀ ਪ੍ਰਜਾਤੀ ਮੌਜੂਦਾ ਸਬੂਤਾਂ/ਗਵਾਹੀਆਂ ਦੇ ਆਧਾਰ ਉਤੇ ਅਫ਼ਰੀਕਾ ਵਿਚ ਉਤਪੰਨ ਹੋਈ, ਜਿੱਥੇ ਮਾਨਵ ਦੇ ਵੰਸ਼ਾਵਲੀ-ਰੁੱਖ ਵਿਚ ਪਹਿਲੀ ਮਹਾਨ ਵੰਡ (ਕਾਲੇ ਅਫ਼ਰੀਕੀ ਅਤੇ ਹੋਰਾਂ ਦੇ ਵਿਚ) ਇਕ ਲੱਖ ਤੀਹ ਹਜ਼ਾਰ ਸਾਲ ਪੂਰਵ ਤੋਂ ਲੈ ਕੇ ਪੰਜਾਹ ਹਜ਼ਾਰ ਸਾਲ ਦੇ ਵਿਚ ਕਿਸੇ ਸਮੇਂ ਵਾਪਰੀ।" ਇਸ ਲਈ ਮਨੁੱਖ ਤਾਂ ਅਫਰੀਕਾ ਦਾ ਮੂਲ ਵਾਸੀ ਹੋਇਆ ਤੇ ਮਨੁੱਖ ਆਪਣੇ ਮੂਲ ਸੁਭਾਅ ਪੱਖੋਂ ਨਾ ਮੂਲ ਵਾਸੀ ਸੀ ਅਤੇ ਨਾ ਹੀ ਪਰਵਾਸੀ। ਇਹ ਸਾਰਾ ਕੁਝ ਸਮੇਂ ਦੀਆਂ ਲੋੜਾਂ ਵਿਚੋਂ ਪੈਦਾ ਹੋਇਆ। ਸਟੇਟ ਦੀ ਹੋਂਦ ਤੋਂ ਪਹਿਲਾਂ ਮਨੁੱਖ ਦੀ ਲੋੜ ਹੁੰਦੀ ਸੀ, ਉਹ ਆਪਣੀਆਂ ਲੋੜਾਂ ਅਨੁਸਾਰ ਪਰਵਾਸ ਕਰੇ ਜਾਂ ਨਾ, ਪਰ ਹੁਣ ਸਟੇਟ ਦੀ ਲੋੜ ਹੈ ਕਿ ਮਨੁੱਖ ਪਰਵਾਸ ਕਰੇ ਜਾਂ ਨਾ। ਇਹ ਵਰਤਾਰੇ ਪੁਲੀਟੀਕਲ ਸਟੇਟ ਦੇ ਹੋਂਦ ਵਿਚ ਆਉਣ ਕਰਕੇ ਹੋਂਦ ਗ੍ਰਹਿਣ ਕਰਦੇ ਹਨ। ਜਿਹੜੇ ਸੰਕਲਪ ਅਸੀਂ ਵਿਚਾਰ ਰਹੇ ਹਾਂ ਇਨ੍ਹਾਂ ਦਾ ਸਬੰਧ ਟੱਬਰ, ਨਿੱਜੀ ਜਾਇਦਾਦ ਤੇ ਰਾਜ ਦੀ ਉਤਪਤੀ ਨਾਲ ਜੁੜਿਆ ਹੈ। ਇਹ ਦੌਰ ਸੀ ਜਦੋਂ ਮਨੁੱਖ ਨਿਰੋਲ ਕੁਦਰਤ ਉਪਰ ਨਿਰਭਰਤਾ ਤੋਂ ਅੱਗੇ ਕਾਬੂ ਪਾਉਣ ਵੱਲ ਵਧ ਰਿਹਾ ਸੀ। ਮਨੁੱਖ ਕੁਦਰਤ ਉਪਰ ਕਾਬੂ ਨਹੀਂ ਪਾ ਸਕਿਆ, ਬਸ ਕੁਝ ਕੁ ਕੁਦਰਤੀ ਵਰਤਾਰਿਆਂ ਉਪਰ ਕਾਬੂ ਪਾ ਲਿਆ ਹੈ ਤੇ ਇਨ੍ਹਾਂ ਵਿਚੋਂ ਇਕ ਵਰਤਾਰਾ ਖੁਦ ਮਨੁੱਖ ਵੀ ਹੈ। ਆਪਣੇ ਆਪ ਉਪਰ ਪਾਏ ਕਾਬੂ ਦਾ ਖ਼ੂਬਸੂਰਤ ਨਾਮ 'ਸਭਿਆਚਾਰ' ਹੈ। ਇਸੇ ਵੇਲੇ ਰਾਜ ਦੀ ਹੋਂਦ ਦੇ ਕਾਨੂੰਨ ਬਣਨੇ ਸ਼ੁਰੂ ਹੁੰਦੇ ਹਨ। ਇਨ੍ਹਾਂ ਵਿਚੋਂ ਹੋਰਨਾਂ ਸੰਕਲਪਾਂ ਵਾਂਗ ਹੀ ਮੂਲਵਾਸ ਅਤੇ ਪਰਵਾਸ ਜਿਹੇ ਸੰਕਲਪ ਹੋਂਦ ਵਿਚ ਆਏ।

ਪਰਵਾਸ ਦੇ ਕਾਰਨਾਂ ਬਾਰੇ ਬਹੁਤ ਕੁਝ ਲਿਖਿਆ ਗਿਆ ਹੈ ਪਰ ਇਸ ਵਿਚੋਂ ਧੱਕੋ-ਖਿੱਚੋ (Push-pull) ਸਿਧਾਂਤ ਸਭ ਤੋਂ ਅਹਿਮ ਹੈ। ਧੱਕੋ-ਖਿੱਚੋ ਸਿਧਾਂਤ ਰਾਹੀਂ ਪਰਵਾਸ ਦੇ ਕਾਰਨਾਂ ਦਾ ਬਹੁਤ ਸਾਰੇ ਵਿਦਵਾਨਾਂ ਨੇ ਵਿਸ਼ਲੇਸ਼ਣ ਕਰਦੇ ਹੋਏ, ਪਰਵਾਸ ਨੂੰ ਇਨ੍ਹਾਂ ਦੋ ਸ਼ਕਤੀਆਂ ਦੇ ਅਨੁਸਾਰ ਹੀ ਸਮਝਣ ਦਾ ਯਤਨ ਕੀਤਾ ਹੈ। ਪਹਿਲੀ ਸ਼ਕਤੀ ਨੂੰ ਉਨ੍ਹਾਂ ਤਾਕਤਾਂ ਦਾ ਸਮੂਹ ਮੰਨਿਆ ਜਾਂਦਾ ਹੈ, ਜੋ ਆਦਮੀ ਨੂੰ ਇੱਕ ਜਗ੍ਹਾ ਤੋਂ ਧੱਕਦੀਆਂ ਹਨ; ਜਿਵੇਂ ਬੇਰੁਜ਼ਗਾਰੀ, ਗ਼ਰੀਬੀ, ਭਾਈਚਾਰੇ ਤੋਂ ਉਦਾਸੀਨਤਾ, ਯੁੱਧ, ਸਰਕਾਰੀ ਨੀਤੀ, ਦੇਸ਼-ਵੰਡ ਆਦਿ ਕੁੱਝ ਅਜਿਹੀਆਂ ਹਾਲਤਾਂ ਹੋ ਸਕਦੀਆਂ ਹਨ ਜੋ ਇਨਸਾਨ ਨੂੰ ਪਰਵਾਸ ਧਾਰਨ ਕਰਨ ਲਈ ਪ੍ਰੇਰਿਤ ਕਰ ਸਕਦੀਆਂ ਹਨ। ਦੂਜੀ ਸ਼ਕਤੀ ਅਨੁਸਾਰ ਪਰਵਾਸ ਲਈ ਚੁਣੀ ਜਗ੍ਹਾ ਵਿਚ ਕੋਈ ਖਿੱਚ ਹੁੰਦੀ ਹੈ ਜੋ ਇਨਸਾਨ ਨੂੰ ਆਪਣੇ ਵਲ ਪਰਵਾਸ ਲਈ ਖਿਚਦੀ ਹੈ; ਜਿਵੇਂ ਰੁਜ਼ਗਾਰ, ਵਧੀਆ ਲੋਕ, ਉਚੇਰੀਆਂ ਸੁੱਖ-ਸਹੂਲਤਾਂ ਵਾਲੇ ਸਮਾਜ ਅਤੇ ਜੀਵਨ ਦੀ ਇੱਛਾ ਆਦਿ। ਇਨ੍ਹਾਂ ਦੋਹਾਂ ਸ਼ਕਤੀਆਂ ਦਾ ਕੇਂਦਰ ਸਟੇਟ ਦੀ ਲੋੜ ਹੀ ਹੁੰਦੀ ਹੈ ਜੋ ਆਪਣੀਆਂ ਲੋੜਾਂ ਅਨੁਸਾਰ ਕਿਸੇ ਨੂੰ ਧੱਕਦੀ ਹੈ ਤੇ ਕਿਸੇ ਨੂੰ ਖਿਚਦੀ ਹੈ।

ਪਰਵਾਸ ਜਿਹੇ ਹਰ ਵਰਤਾਰੇ ਸਟੇਟ ਦੀ ਲੋੜ ਵਿਚੋਂ ਪੈਦਾ ਹੁੰਦੇ ਹਨ ਤੇ ਇਨ੍ਹਾਂ ਦੀ ਪ੍ਰਕਿਰਤੀ ਵਿਚ ਸਟੇਟ ਦੀਆ ਲੋੜਾਂ ਅਨੁਸਾਰ ਤਬਦੀਲੀ ਹੁੰਦੀ ਰਹਿੰਦੀ ਹੈ। ਮਿਸਾਲ ਵਜੋਂ ਪਾਕਿਸਤਾਨ ਦੀ ਹੋਂਦ ਤੋਂ ਪਹਿਲਾਂ ਉਥੋਂ ਦੇ ਮੂਲ ਵਾਸੀ ਹੋਣ ਬਾਰੇ ਸੋਚਿਆ ਵੀ ਨਹੀਂ ਸੀ ਜਾ ਸਕਦਾ। ਇਵੇਂ ਹੀ ਪਾਕਿਸਤਾਨੀ ਪਰਵਾਸ ਨਾਂ ਦਾ ਸੰਕਲਪ ਹੀ ਹਾਸੋਹੀਣਾ ਹੁੰਦਾ। ਅਜਿਹਾ ਉਦੋਂ ਵਾਰਪਦਾ ਹੈ ਜਦੋਂ ਨਵੀਂ ਸਟੇਟ ਦਾ ਜਨਮ ਹੁੰਦਾ ਹੈ।

ਕਈ ਵਾਰ ਸਟੇਟ ਆਪਣਾ ਰੂਪ ਬਦਲਦੀ ਹੈ ਤਾਂ ਵੀ ਮੂਲਵਾਸ ਤੇ ਪਰਵਾਸ ਦੇ ਮਾਇਨੇ ਬਦਲ ਜਾਂਦੇ ਹਨ। ਹਿਟਲਰ ਤੋਂ ਪਹਿਲਾ ਜਰਮਨੀ ਵਿਚ ਯਹੂਦੀ ਮੂਲ ਵਾਸੀ ਸਨ ਪਰ ਸਟੇਟ ਦਾ ਫਾਸੀਵਾਦੀ ਰੂਪ ਉਨ੍ਹਾਂ ਹੀ ਮੂਲ ਵਾਸੀਆਂ ਨੂੰ ਜਾਂ ਤਾਂ ਪਰਵਾਸ ਕਰਨ ਲਈ ਮਜ਼ਬੂਰ ਕਰ ਦਿੰਦਾ ਹੈ ਜਾਂ ਉਨ੍ਹਾਂ ਦਾ ਨਸਲਘਾਤ ਕਰਦਾ ਹੈ।

ਭਾਰਤ ਦੇ ਸੰਦਰਭ ਵਿਚ ਇਹ ਸਮੀਕਰਨ ਬੜੀ ਗੁੰਝਲਦਾਰ ਤੇ ਰੌਚਕ ਵੀ ਹੈ। ਵੰਡ ਤੋਂ ਪਹਿਲਾਂ ਪੰਜਾਬੀ ਸਿੱਖ ਲਾਹੌਰ ਵਰਗੇ ਸ਼ਹਿਰਾਂ ਵਿਚ ਵਸਦੇ ਸਨ। ਵੰਡ ਨੇ ਮੂਲ ਵਾਸੀਆਂ ਨੂੰ ਅਜਿਹਾ ਉਜਾੜਿਆ ਕਿ ਉਹ ਪਰਵਾਸੀ ਹੋ ਗਏ। ਭਾਰਤੀ ਪੰਜਾਬ ਤੇ ਮੁੱਖ ਤੌਰ 'ਤੇ ਦਿੱਲੀ ਵਿਚ ਵਸੇ ਤਾਂ 84 ਵੇਲੇ ਇਨ੍ਹਾਂ ਥਾਂਵਾਂ, ਖਾਸਕਰ ਦਿੱਲੀ ਵਿਚ ਹੀ ਸੁਰੱਖਿਅਤ ਨਾ ਰਹੇ। ਸਵਾਲ ਹਾਲੇ ਤਕ ਬਰਕਰਾਰ ਹੈ ਕਿ ਇਹ ਸਿੱਖ ਕਿਥੋਂ ਦੇ ਮੂਲ ਵਾਸੀ ਹਨ? ਸਿੱਖ ਹੀ ਕਿਉਂ, ਯੂ.ਪੀ., ਬਿਹਾਰ, ਮਹਾਰਾਸ਼ਟਰ, ਹਰਿਆਣਾ ਵਰਗੇ ਰਾਜਾਂ ਦੇ ਦਲਿਤ ਕਿਥੋਂ ਦੇ ਮੂਲ ਵਾਸੀ ਹਨ? ਗੁਰਜਾਤ ਵਰਗੇ ਸੂਬਿਆਂ ਵਿਚ ਕਤਲ ਹੋ ਰਹੇ ਮੁਸਲਮਾਨ ਕਿਥੋਂ ਦੇ ਮੂਲ ਵਾਸੀ ਹਨ? ਕਸ਼ਮੀਰ ਦੇ ਬ੍ਰਾਹਮਣ ਕਿਥੋਂ ਦੇ ਮੂਲ ਵਾਸੀ ਹਨ?

ਇਕ ਪਾਸੇ ਸਟੇਟ ਦੀ ਜ਼ਰੂਰਤ ਵਿਚੋਂ ਪਰਵਾਸ ਪੈਦਾ ਹੋਇਆ ਪਰ ਨਾਲ ਹੀ ਸਟੇਟ ਨੂੰ ਆਵਾਸੀਆਂ ਦੀ ਆਪਣੀ ਲੋੜ ਤੋਂ ਵਧੇਰੇ ਗਿਣਤੀ ਹਮੇਸ਼ਾ ਹੀ ਪਰੇਸ਼ਾਨ ਕਰਦੀ ਰਹਿੰਦੀ ਹੈ ਜਿਸ ਵਿਚੋਂ ਉਹ ਕਾਨੂੰਨੀ ਢੰਗ ਰਾਹੀਂ ਆਪਣਾ ਅਸਰ ਵਿਖਾਉਂਦੀ ਹੈ। ਇਸ ਸਬੰਧੀ ਬਹੁਤ ਸਾਰੇ ਕਾਨੂੰਨ ਹਨ ਜਿਨ੍ਹਾਂ ਦੀਆਂ ਮਿਸਾਲਾਂ ਦਿਤੀਆਂ ਜਾ ਸਕਦੀਆਂ ਹਨ। ਇਹ ਕਾਨੂੰਨ ਆਖਰ ਵਿਦਰੋਹ ਦਾ ਕਾਰਨ ਵੀ ਬਣੇ। ਇਹ ਮਨੁੱਖੀ ਸੁਭਾਅ ਦੀ ਵਿਲੱਖਣ ਖਾਸੀਅਤ ਹੈ ਕਿ ਮੂਲ ਰੂਪ ਵਿਚ ਮਨੁੱਖ ਆਜ਼ਾਦ ਸੁਭਾਅ ਦਾ ਮਾਲਕ ਹੈ, ਇਸੇ ਲਈ ਉਹ ਲੋੜ ਅਤੇ ਸਮਰੱਥਾ ਅਨੁਸਾਰ ਹਰ ਕਾਨੂੰਨ ਤੇ ਬੰਧਨ ਨੂੰ ਤੋੜਦਾ ਹੈ। ਇਹ ਸੁਭਾਅ ਆਦਮ ਤੇ ਹਵਾ ਦੀ ਮਿੱਥ ਤੋਂ ਲੈ ਕੇ ਅੱਜ ਤਕ ਚੱਲ ਰਿਹਾ ਹੈ। ਇਸੇ ਤਰ੍ਹਾਂ ਕਨੇਡਾ ਪਰਵਾਸ ਵਿਚ ਅੜਿਕਾ ਬਣੇ ਕਾਨੂੰਨਾਂ ਦੇ ਹੱਲ ਵੱਜੋਂ ਕਾਮਾਗਾਟਾਮਾਰੂ ਦੀ ਘਟਨਾ ਵਾਪਰੀ।

ਆਵਾਸ ਤੇ ਪਰਵਾਸ ਅਰਥਸ਼ਾਸਤਰ ਦੀ ਭਾਸ਼ਾ ਵਿਚ ਮਨੁੱਖਾਂ ਦਾ ਆਯਾਤ ਤੇ ਨਿਰਯਾਤ ਹੀ ਹਨ ਜਿਸ ਦਾ ਸਬੰਧ ਮੂੱਲ ਤੇ ਮੁਨਾਫੇ ਨਾਲ ਜੁੜਿਆ ਹੋਇਆ ਹੈ। ਪੂੰਜੀਵਾਦੀ ਸਟੇਟ ਲਈ ਮਨੁੱਖ ਬਹੁ-ਮੰਤਵੀ ਕਾਰਜ ਕਰਨ ਵਾਲੀ ਵਸਤੂ ਹੈ। ਇਸ ਤੋਂ ਆਵਾਸ ਤੇ ਪਰਵਾਸ ਵਿਚ ਵੀ ਲੋੜ ਅਨੁਸਾਰ ਕਈ ਕੰਮ ਕਰਵਾ ਲਏ ਜਾਂਦੇ ਹਨ।

ਪਰਵਾਸ ਦਾ ਵਰਤਾਰਾ ਐਨਾ ਗੁੰਝਲਦਾਰ ਅਤੇ ਘਾਤਕ ਹੈ ਕਿ ਇਸ ਨੂੰ ਸਟੇਟ ਆਪਣੇ ਹਿਤਾਂ ਲਈ ਵਰਤਣ ਲੱਗੀ ਹੈ। ਪੂੰਜੀਵਾਦ ਵਿਰੁਧ ਵਿਦਰੋਹ ਕਰਨ ਲਈ ਲੋਕਾਂ ਦਾ ਇਕੱਠੇ ਹੋਣਾ ਜਿੰਨਾ ਵਧੇਰੇ ਜ਼ਰੂਰੀ ਹੈ, ਪੂੰਜੀਵਾਦੀ ਸਟੇਟ ਲੋਕਾਂ ਨੂੰ ਓਨੀ ਵਧੇਰੇ ਵੰਡ ਰਹੀ ਹੈ, ਖਿੰਡਾ ਰਹੀ ਹੈ। ਇਸ ਵੰਡ/ਖਿੰਡਾ ਨਾਲ ਮਨੁੱਖ ਸਾਹਮਣੇ ਆਪਣੀ ਹੋਂਦ ਤੇ ਪਛਾਣ ਦਾ ਸੰਕਟ ਪੈਦਾ ਹੋ ਗਿਆ ਹੈ। ਉਹ ਕਿਸੇ ਕ੍ਰਾਂਤੀ ਤੋਂ ਪਹਿਲਾਂ ਆਪਣੀ ਹੋਂਦ ਤੇ ਪਛਾਣ ਲਈ ਜੰਗ ਲੜ ਰਿਹਾ ਹੈ ਤੇ ਇਸ ਜੰਗ 'ਚ ਜਿੱਤ ਦੇ ਯਕੀਨ ਨਾਲੋਂ ਹਾਰ ਦਾ ਵੱਧ ਡਰ ਹੈ।

ਕੀ ਕਾਰਨ ਹੈ ਕਿ ਸੰਕਟਗ੍ਰਸਤ ਮੁਲਕਾਂ ਵਿਚ ਵੀ ਪੰਜਾਬੀਆਂ ਨੂੰ ਰੋਜ਼ੀ-ਰੋਟੀ ਦੀ ਤਲਾਸ਼ 'ਚ ਜਾਣਾ ਪੈਂਦਾ ਹੈ? ਕਈ ਮੁਲਕਾਂ ਵਿਚ ਨਸਲੀ ਵਿਤਕਰੇ ਤੇ ਪੰਜਾਬੀਆਂ ਦੇ ਕਤਲਾਂ ਦੀਆਂ ਖ਼ੌਫ਼ਨਾਕ ਖ਼ਬਰਾਂ ਦੇ ਬਾਵਜੂਦ ਪਰਵਾਸ ਜਾਰੀ ਕਿਉਂ ਹੈ? ਭਵਿੱਖ ਦੀਆਂ ਐਸੀਆਂ ਕਿਹੜੀਆਂ ਨੀਤੀਆਂ ਹਨ, ਜੋ ਸਾਨੂੰ ਇਸ ਤਰ੍ਹਾਂ ਮੌਤ ਦੇ ਮੂੰਹ ਵਿਚ ਜਾਣ ਤੋਂ ਮਹਿਫੂਜ਼ ਰੱਖਣਗੀਆਂ? ਇਨ੍ਹਾਂ ਸਵਾਲਾਂ ਦੀ ਜੜ੍ਹ ਪਰਵਾਸ ਦੇ ਸੰਕਲਪ 'ਚ ਪਈ ਹੈ ਕਿਉਂਕਿ ਇਹ ਪਰਵਾਸੀਆਂ 'ਤੇ ਆਇਆ ਕੋਈ ਪਹਿਲਾ ਤੇ ਆਖਰੀ ਸੰਕਟ ਨਹੀਂ। ਅਜਿਹੇ ਸੰਕਟਾਂ ਦੀ ਲੜੀ ਕਾਮਾਗਾਟਾ ਮਾਰੂ ਕਾਂਡ ਤੋਂ ਹੁੰਦੀ ਹੋਈ ਮਾਲਟਾ ਕਿਸ਼ਤੀ ਕਾਂਡ ਤਕ ਪਹੁੰਚਦੀ ਹੈ ਤੇ ਹਰ ਸਾਲ ਦੁਨੀਆਂ ਭਰ ਵਿਚ ਪਰਵਾਸ ਕਰ ਰਹੇ ਲੋਕਾਂ ਦੀ ਦਿਸਦੇ ਅਣ-ਦਿਸਦੇ ਸੰਕਟਾਂ ਤੀਕ ਫੈਲੀ ਹੋਈ ਹੈ। ਅਜਿਹੇ ਸੰਕਟ ਸਮਝ ਕੇ ਹੱਲ ਕੱਢਣੇ ਜ਼ਰੂਰੀ ਹਨ ਤਾਂ ਕਿ ਅਜਿਹੇ ਹਾਲਾਤ ਪੈਦਾ ਹੀ ਨਾ ਹੋਣ।

## ਸ਼ੌਕੀ ਫੁਕਰੇ

ਫੁਕਰੇ ਸ਼ੌਕਾਂ ਨੇ ਕਈ ਬਰਬਾਦ ਕੀਤੇ,
ਸ਼ੌਕ ਸ਼ੌਕ ਵਿਚ ਬਣੇ ਨਸ਼ੱਈ ਫਿਰਦੇ।
ਸਿਰ ਖੁਰਕਣ ਦੀ ਵਿਹਲ ਨਾ, ਝੂਠ ਆਖਣ
ਵਿਹਲੜ ਐਵੇਂ ਰੁਝੇਵੇਂ ਨੇ ਲਈ ਫਿਰਦੇ।
ਖੇਤ ਘੱਲਣੋਂ ਬਾਪੂ ਨਾਲ ਲੜਨ ਮੁੰਡੇ,
ਵਿਦੇਸ਼ ਉਡਣ ਨੂੰ ਕਾਹਲੇ ਪਈ ਫਿਰਦੇ।
ਹੇਜ ਮਜ਼ਦੂਰਾਂ ਦਾ ਜਾਗਦਾ ਸਾਲ ਅੰਦਰ,
ਦਿਵਸ ਮਨਾਉਂਦੇ ਉਹ ਪਹਿਲੀ ਮਈ ਫਿਰਦੇ।
ਟੁੱਟੀ ਸੜਕ 'ਤੇ ਬਾਈਕ ਦੀ ਹੋਈ ਟੱਕਰ,
ਹੀਰੋ ਸੁਪਨਿਆਂ ਵਿਚ ਮੁੰਬਈ ਫਿਰਦੇ।
ਸੂਟਰ ਭਾਰਤ ਦੇ ਵਿਚੋਂ ਉਗਰਾਹੀ ਕਰਦੇ,
ਦਾਊਦ ਭਾਈ ਹੋਰੀਂ ਦੁਬਈ ਫਿਰਦੇ।
ਖੇਤੀਂ ਜਾ ਕੇ ਜੂਝਣ ਦਾ ਵਕਤ ਕਿੱਥੇ,
ਟੀ.ਵੀ. ਗੀਤਾਂ 'ਤੇ ਨਾਚ ਨਚਈ ਫਿਰਦੇ।
ਅਮਰੀਕਾ, ਕੈਨੇਡਾ ਦੇ ਵੇਖ ਕੇ 'ਗਿੱਲ' ਸੁਪਨੇ,
ਖਾਂਦੇ-ਪੀਂਦੇ ਵੀ ਚੱਕਰ ਵਿਚ ਪਈ ਫਿਰਦੇ।

*-ਜੁਗਰਾਜ ਗਿੱਲ, ਸ਼ਾਰਲਟ*
*ਫੋਨ: 704-257-6693*

**ਐਮਰਜੈਂਸੀ ਅਤੇ 'ਕੱਖ-ਕਾਨਾਂ' ਦੀ ਵਾਰੀ-15**

# ਸ਼ਬਦਾਂ ਦੀ ਤਾਕਤ

*'ਐਮਰਜੈਂਸੀ ਤੇ ਕੱਖ-ਕਾਨਾਂ ਦੀ ਵਾਰੀ' ਲੇਖ ਲੜੀ ਵਿਚ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਐਮਰਜੈਂਸੀ ਨਾਲ ਜੁੜੀਆਂ ਯਾਦਾਂ ਦਾ ਵਰਕਾ ਫਰੋਲਿਆ ਹੈ। ਉਹ ਅਜਿਹਾ ਵਕਤ ਸੀ ਜਦੋਂ ਵਿਰੋਧ ਦੀ ਹਰ ਆਵਾਜ਼ ਨੂੰ ਬੰਦ ਕਰਨ ਦਾ ਹੀਲਾ ਕੇਂਦਰ ਸਰਕਾਰ ਨੇ ਕੀਤਾ ਸੀ। ਬਹੁਤ ਸਾਰੇ ਆਗੂਆਂ, ਪੱਤਰਕਾਰਾਂ, ਲੇਖਕਾਂ ਤੇ ਬੁੱਧੀਜੀਵੀਆਂ ਉਤੇ ਵੱਖ-ਵੱਖ ਕੇਸ ਪਾ ਕੇ ਉਨ੍ਹਾਂ ਨੂੰ ਜੇਲ੍ਹਾਂ ਅੰਦਰ ਡੱਕ ਦਿੱਤਾ ਗਿਆ। ਵਰਿਆਮ ਸਿੰਘ ਸੰਧੂ ਨੇ ਇਸ ਲੰਮੀ ਲੇਖ ਲੜੀ ਵਿਚ ਇਸ ਜੇਲ੍ਹ ਯਾਤਰਾ ਦੇ ਹਵਾਲੇ ਨਾਲ ਆਪਣੇ ਸਮਾਜ ਅਤੇ ਸਿਸਟਮ ਬਾਰੇ ਸਾਰਥਕ ਟਿੱਪਣੀਆਂ ਕੀਤੀਆਂ ਹਨ। ਇਨ੍ਹਾਂ ਟਿੱਪਣੀਆਂ ਵਿਚ ਬਤੌਰ ਲੇਖਕ ਉਨ੍ਹਾਂ ਅਵਾਮ ਦੇ ਸਰੋਕਾਰ ਸਾਂਝੇ ਕੀਤੇ ਹਨ। ਐਤਕੀਂ 'ਸ਼ਬਦਾਂ ਦੀ ਤਾਕਤ' ਵਿਚ ਲੇਖਕ ਨੇ ਮਨੁੱਖੀ-ਸਮਾਜਕ ਸੂਹਜ ਦੀਆਂ ਬਾਤਾਂ ਛੇੜੀਆਂ ਹਨ। -ਸੰਪਾਦਕ*



**ਵਰਿਆਮ ਸਿੰਘ ਸੰਧੂ**
**ਫੋਨ: 416-918-5212**

## ਪਿੱਛੋਂ ਦੀ 'ਵਾ

ਅੰਮ੍ਰਿਤਸਰ ਜੇਲ੍ਹ ਦੀ ਹੀ ਗੱਲ ਹੈ। ਐਮਰਜੈਂਸੀ ਵਿਚ ਡੀ ਆਈ ਆਰ ਅਧੀਨ ਜੇਲ੍ਹ ਵਿਚ ਬੰਦ ਸਾਂ। ਇਕ ਦਿਨ ਧੁੱਪੇ ਕੰਬਲ ਵਿਛਾ ਕੇ ਬੈਠੇ ਗੱਪ-ਗਿਆਨ ਵਿਚ ਰੁੱਝੇ ਹੋਏ ਸਾਂ। ਨੀਲੇ ਰੰਗ ਦੇ ਨਿਹੰਗੀ ਬਾਣੇ ਵਾਲਾ ਕੋਈ ਸੱਜਣ ਸਾਡੀ ਬੈਰਕ ਦਾ ਦਰਵਾਜ਼ਾ ਲੰਘ ਕੇ ਅੰਦਰ ਵੜਿਆ ਤੇ ਸਾਹਮਣਿਓਂ ਮਿਲਣ ਵਾਲੇ ਬੰਦੇ ਨੂੰ ਕੁਝ ਪੁੱਛਦਾ ਦਿਸਿਆ। ਉਸ ਬੰਦੇ ਨੇ ਸਾਡੀ ਟੋਲੀ ਵੱਲ ਇਸ਼ਾਰਾ ਕੀਤਾ। ਸਾਡੇ ਵੱਲ ਤੁਰੇ ਆਉਂਦੇ ਨਿਹੰਗ ਸਿੰਘ ਨੂੰ ਮੈਂ ਝੱਟ ਪਛਾਣ ਲਿਆ। ਉਠਦਿਆਂ ਉਸ ਦਾ ਸਵਾਗਤ ਕੀਤਾ, "ਬੱਲੇ! ਬੱਲੇ!! ਨਿਹੰਗ ਸਿਆਂ, ਤੂੰ ਇਥੇ ਕਿਵੇਂ?"

ਉਹ ਸਕਿਆਂ ਵਿਚੋਂ ਲੱਗਦੀ ਮੇਰੀ ਭੂਆ ਤੇਜੋ ਦਾ ਦੂਜੇ ਨੰਬਰ ਦਾ 'ਛੜਾ-ਛਾਂਟ' ਪੁੱਤ ਅਜੀਤ ਸਿੰਘ ਸੀ ਜਿਸ ਨੂੰ ਅਸੀਂ ਸਾਰੇ 'ਜੀਤਾ ਨਿਹੰਗ' ਆਖਦੇ ਸਾਂ। ਮੇਰੇ ਪਿਤਾ ਤੇ ਭੂਆ ਤੇਜੋ ਦਾ ਪਿਛਲਾ ਪਿੰਡ ਭਡਾਣਾ ਸੀ। ਭੂਆ ਤੇਜੋ ਸੁਰ ਸਿੰਘ ਵਿਆਹੀ ਗਈ ਸੀ ਤੇ ਮੇਰਾ ਪਿਤਾ ਵੀ ਦੇਸ਼-ਵੰਡ ਤੋਂ ਪਿੱਛੋਂ ਆਪਣੇ ਨਾਨਕੇ ਪਿੰਡ ਸੁਰ ਸਿੰਘ ਵਿਚ ਹੀ ਆਪਣੇ ਮਾਮੇ ਦਾ ਮੁਤਬੰਨਾ ਬਣ ਕੇ ਪਰਿਵਾਰ ਸਮੇਤ ਆਣ ਵੱਸਿਆ ਸੀ। ਇਸ ਪਿੰਡ ਵਿਚ ਮੇਰਾ ਪਿਤਾ ਭੂਆ ਤੇਜੋ ਦੀ ਵੱਡੀ ਧਿਰ ਸੀ। ਦੋਵਾਂ ਪਰਿਵਾਰਾਂ ਦਾ ਆਪਸ ਵਿਚ ਡੂੰਘਾ ਮਿਲਵਰਤਣ ਸੀ। ਹਫ਼ਤੇ ਦਸੀਂ ਦਿਨੀਂ ਇੱਕ-ਦੂਜੇ ਘਰ ਗੇੜਾ ਵੱਜਦਾ ਰਹਿੰਦਾ। ਲੋੜ ਵੇਲੇ ਇਕ-ਦੂਜੇ ਦੇ ਜੋਤਰਾ ਵੀ ਲਾ ਆਉਂਦੇ, ਪੱਠੇ-ਦੱਥੇ ਦੀ ਵੀ ਲੈ-ਦੇ ਕਰ ਲੈਂਦੇ। ਭੂਆ ਦੇ ਵੱਡੇ ਦੋਵੇਂ ਪੁੱਤ ਹਰਬੰਸ ਤੇ ਜੀਤਾ ਉਮਰ ਵਿਚ ਮੇਰੇ ਤੋਂ ਵੱਡੇ ਸਨ ਤੇ ਮੈਨੂੰ ਛੋਟੇ ਭਰਾਵਾਂ ਵਾਂਗ ਪਿਆਰ ਕਰਦੇ ਸਨ। ਇਸ ਕਰ ਕੇ ਮੈਨੂੰ ਨਿੱਕੇ ਹੁੰਦੇ ਤੋਂ ਉਨ੍ਹਾਂ ਦੇ ਘਰ ਜਾਣਾ ਤੇ ਖੇਡਣਾ ਚੰਗਾ ਲੱਗਦਾ। ਆਪ ਅਨਪੜ੍ਹ ਹੋਣ ਕਰ ਕੇ ਉਹ ਹੁਸ਼ਿਆਰ 'ਪੜ੍ਹਾਕੂ' ਵਜੋਂ ਮੈਨੂੰ ਕਦਰਦਾਨੀ ਨਾਲ ਵੇਖਦੇ। ਹਰਬੰਸ ਨੇ ਤਾਂ ਜ਼ਿਦ ਕਰ ਕੇ ਆਪਣੇ ਵਿਆਹ 'ਤੇ ਮੈਨੂੰ ਸਰਬਾਲਾ ਬਣਾਇਆ ਸੀ ਜਦ ਕਿ ਨੇੜਲੀ ਰਿਸ਼ਤੇਦਾਰੀ ਵਿਚੋਂ ਕੋਈ ਮੇਰਾ ਹੀ ਹਾਣੀ ਮੁੰਡਾ ਨਵੇਂ ਕੱਪੜੇ ਸਵਾਈ ਸਰਬਾਲਾ ਬਣਨ ਦੀ ਤਿਆਰੀ ਕੱਸੀ ਬੈਠਾ ਸੀ। ਬੰਸੇ ਤੇ ਜੀਤੇ ਦਾ ਮੇਰੇ ਪਿਓ ਨੂੰ 'ਮਾਮਾ ਮਾਮਾ' ਕਹਿੰਦਿਆਂ ਮੂੰਹ ਨਾ ਥੱਕਦਾ। ਉਨ੍ਹਾਂ ਦੇ ਛੋਟੇ ਭਰਾਵਾਂ ਨਾਲ ਮੇਰੀ ਬਹੁਤੀ ਸਾਂਝ ਨਹੀਂ ਸੀ।

ਜ਼ਮੀਨ ਜਾਇਦਾਦ ਹੋਣ ਦੇ ਬਾਵਜੂਦ ਪਤਾ ਨਹੀਂ ਜੀਤੇ ਨੂੰ ਕੋਈ ਸਾਕ ਸਿਰੇ ਕਿਉਂ ਨਹੀਂ ਸੀ ਚੜ੍ਹਿਆ। ਹੌਲੀ ਹੌਲੀ ਵਾਹੀ ਦੇ ਕੰਮ-ਧੰਦੇ ਵਿਚੋਂ ਉਸ ਦਾ ਮਨ ਉਚਾਟ ਹੁੰਦਾ ਗਿਆ। ਇਕ ਦਿਨ ਉਸ ਨੇ ਬਾਬੇ ਬਿਧੀ ਚੰਦੀਆਂ ਤੋਂ ਅੰਮ੍ਰਿਤ ਛਕ ਕੇ ਨਿਹੰਗੀ ਬਾਣਾ ਸਜਾ ਲਿਆ। ਨਿਹੰਗ ਬਣ ਕੇ ਉਹ ਪੱਕੇ ਤੌਰ 'ਤੇ 'ਦਲ' ਨਾਲ ਰਹਿਣਾ ਚਾਹੁੰਦਾ ਸੀ। ਜੀਤੇ ਦਾ ਪਰਿਵਾਰ ਖ਼ੁਦ ਭਾਈ ਬਿਧੀ ਚੰਦ ਦੀ 'ਛੀਨਾ' ਗੋਤ ਨਾਲ ਸਬੰਧ ਰੱਖਦਾ ਸੀ। ਬਿਧੀਚੰਦੀਆਂ ਨਾਲ ਭਾਈਚਾਰੇ ਦੀ ਸਾਂਝ ਹੋਣ ਕਰ ਕੇ ਬਾਬੇ ਚਾਹੁੰਦੇ ਸਨ ਕਿ ਜੀਤੇ ਦੇ ਪਿਤਾ ਰੰਗਾ ਸਿੰਘ ਦਾ 'ਮੁੰਡੇ ਨੂੰ ਘਰੋਂ ਪੁੱਟਣ ਦਾ' ਉਨ੍ਹਾਂ ਦੇ ਸਿਰ ਉਲ੍ਹਾਮਾ ਨਾ ਆਵੇ; ਇਸ ਲਈ ਅੰਮ੍ਰਿਤ ਛਕਣ ਤੋਂ ਬਾਅਦ ਵੀ ਉਨ੍ਹਾਂ ਦੀ ਇੱਛਾ ਸੀ ਕਿ ਜੀਤਾ ਘਰ ਦੇ ਕੰਮ-ਕਾਰ ਨਾਲ ਜੁੜਿਆ ਰਹੇ, ਪਰ ਜੀਤੇ ਨੂੰ ਇਹ ਮਨਜ਼ੂਰ ਨਹੀਂ ਸੀ। ਉਹ 'ਚੱਕਰਵਰਤੀ' ਹੋ ਗਿਆ।

ਭੂਆ ਦੇ ਕਹਿਣ 'ਤੇ ਮੇਰੇ ਪਿਓ ਨੇ ਸਮਝਾਇਆ ਤਾਂ ਕਹਿੰਦਾ, "ਮਾਮਾ! ਤੂੰ ਈ ਦੱਸ, ਮੈਂ ਕੀਹਦੇ ਲਈ ਵਾਹੀ 'ਚ ਦਿਨ ਰਾਤ ਫਾਟਾਂ ਭੰਨਾਉਂਦਾ ਫਿਰਾਂ। ਮੈਂ ਕਿਹੜਾ ਕਿਸੇ ਆਪਣੀ ਚੂੜੇ ਵਾਲੀ ਨੂੰ ਸ਼ਨੀਲ ਦਾ ਸੂਟ ਸਿਵਾ ਕੇ ਦੇਣਾ ਏਂ! ਤੇ ਨਾਲੇ ਮੇਰੇ ਕਿਹੜੇ ਛਿੰਦੂ ਹੁਣੀਂ ਰੋਂਦੇ ਫਿਰਦੇ ਨੇ, ਪਈ ਉਨ੍ਹਾਂ ਦੀ ਫੀਸ ਤਾਰਨ ਵਾਲੀ ਰਹਿੰਦੀ ਏ! ਹੁਣ ਨਾ ਕਿਸੇ ਦੀ ਹਿੜਕ ਨਾ ਝਿੜਕ। ਨਾ ਕੋਈ ਸਵੇਰੇ-ਸਾਝਰੇ ਹਲਾਂ ਲਈ ਜਗਾਵੇ। ਆਪਣੀ ਮਰਜ਼ੀ ਸੌਂਈਏ, ਆਪਣੀ ਮਰਜ਼ੀ ਜਾਗੀਏ।"

ਉਹ ਤਾਂ 'ਵਾਰਿਸ ਸ਼ਾਹ' ਵਾਲਾ ਰਾਂਝਾ ਜੋਗੀ ਬਣਿਆ ਪਿਆ ਸੀ!

ਨੀਲਾ ਚੋਲਾ, ਸਿਰ 'ਤੇ ਚੱਕਰ ਲਾ ਕੇ ਸਜਾਈ ਦਸਤਾਰ ਤੇ ਹੱਥ ਵਿਚ ਲੰਮਾ ਬਰਛਾ। ਜਦੋਂ ਕਦੀ ਉਸ ਦਾ ਦਿਲ ਕਰਦਾ, ਉਹ ਸੁੱਖੇ ਨਾਲ ਲ੍ਹੋੜ ਕੇ ਸਾਡੇ ਘਰ ਆ ਵੱਜਦਾ। ਘੰਟਿਆਂ ਬੱਧੀ ਬੈਠਾ ਇਧਰ ਉਧਰ ਦੀਆਂ ਮਾਰੀ ਜਾਂਦਾ। ਵਿਚ ਵਿਚ ਬੀਬੀ ਨੂੰ ਵੀ ਹੁਕਮ ਕਰੀ ਜਾਂਦਾ, "ਮਾਮੀ ਚਾਹ ਬਣਾ ਕਰੜੀ ਜਿਹੀ; ਜੇ ਪਰਸ਼ਾਦਾ ਤਿਆਰ ਹੋ ਗਿਐ ਤਾਂ ਲਿਆ ਹੱਥ ਧੁਆ। ਦਾਲ 'ਚ ਰਤਾ ਥਿੰਦਾ ਵਾਹਵਾ ਪਾ ਦਈਂ, ਸੂਮਪੁਣਾ ਨਾ ਕਰੀਂ।"

ਅਸੀਂ ਵੀ ਉਹਨੂੰ ਟੇਢੇ ਮੇਢੇ ਸਵਾਲ ਕਰਦੇ ਰਹਿੰਦੇ ਤੇ ਉਸ ਦੀਆਂ ਝੱਲ-ਵਲੱਲੀਆਂ ਸੁਣ ਸੁਣ ਕੇ ਖ਼ੁਸ਼ ਹੁੰਦੇ।

ਇੱਕ ਦਿਨ ਕਿਸੇ ਨੇ ਮੇਰੇ ਪਿਉ ਨੂੰ ਉਲ੍ਹਾਮਾ ਦਿੱਤਾ, "ਤੁਹਾਡਾ ਨਿਹੰਗ ਸੁੰਹ ਰੋੜ ਵਿਚ ਸਾਈਕਲ ਚਲਾਉਂਦੇ ਸਾਡੇ ਨਿੱਕੇ ਮੁੰਡਿਆਂ ਤੋਂ ਸਾਈਕਲ ਖੋਹ ਕੇ ਭੱਜ ਗਿਐ। ਉਹਦੇ ਘਰ ਦਿਆਂ ਨੂੰ ਆਖਿਐ ਤਾਂ ਉਹ ਕਹਿੰਦੇ ਨੇ ਕਿ ਉਨ੍ਹਾਂ ਨੂੰ ਨਾ ਤਾਂ ਉਸ ਦੇ ਕਿਸੇ ਪੱਕੇ ਟਿਕਾਣੇ ਦਾ ਪਤੈ, ਤੇ ਨਾ ਹੀ ਉਹ ਉਨ੍ਹਾਂ ਦੇ ਕਹਿਣੇ ਵਿਚ ਐ। ਬਾਬਿਆਂ ਕੋਲੋਂ ਵੀ ਨਹੀਂ ਮਿਲਿਆ। ਤੁਸੀਂ ਕੁਝ ਕਰੋਗੇ ਕਿ ਪੁਲਿਸ ਨੂੰ ਆਖੀਏ!"

ਮੇਰੇ ਪਿਤਾ ਨੇ ਸਾਈਕਲ ਮੁੜਵਾ ਦੇਣ ਦਾ ਵਾਅਦਾ ਕਰ ਕੇ ਉਨ੍ਹਾਂ ਨੂੰ ਸਮਝਾਇਆ ਕਿ ਉਹ ਕੁਝ ਦਿਨ ਹੋਰ ਉਡੀਕ ਲੈਣ ਤੇ ਪੁਲਿਸ ਕੋਲ ਨਾ ਜਾਣ। ਦਸੀਂ ਪੰਦਰੀਂ ਦਿਨੀਂ ਜੀਤਾ ਆਪ ਹੀ ਸਾਈਕਲ ਅਗਲਿਆਂ ਦੇ ਘਰ ਫੜਾ ਆਇਆ। ਮੇਰੇ ਪਿਤਾ ਨੇ ਪੁੱਛਿਆ, ਤਾਂ ਹੱਸਦਾ ਹੋਇਆ ਕਹਿਣ ਲੱਗਾ, "ਓ ਮਾਮਾ, ਤੇਰੀ ਸਹੁੰ! ਗੱਲ ਕੀ ਹੋਣੀ ਸੀ। ਮੁੰਡੇ ਰੋੜ 'ਚ ਸ਼ੈਕਲ ਚਲਾਉਣ ਡਹੇ ਸੀ। ਮੈਂ ਉਨ੍ਹਾਂ ਤੋਂ ਸ਼ੈਕਲ ਫੜ ਕੇ ਆਖਿਆ, "ਲਿਆਓ ਉਏ ਮੁੰਡਿਓ, ਵੇਖੀਏ ਤੁਾਡਾ ਸ਼ੈਕਲ ਭਲਾ ਹੌਲਾ ਚੱਲਦੈ ਕਿ ਭਾਰਾ। ਸ਼ੈਕਲ ਚਲਾ ਕੇ ਵੇਖਿਆ, ਵਾਹਵਾ ਹੌਲਾ ਚੱਲਦਾ ਸੀ। ਮੈਂ ਸੋਚਿਆ, ਚੱਲ ਮਨਾਂ; 'ਵਰਨਾਲਿਓਂ' ਭੂਆ ਨੂੰ ਈ ਮਿਲ ਆਈਏ, 'ਵਾ ਵੀ ਪਿੱਛੋਂ ਦੀ ਆ।"

ਉਹ ਅਜੇ ਵੀ ਚਿੱਟੇ ਚਿੱਟੇ ਦੰਦ ਕੱਢੀ ਢਿੱਡ ਹਿਲਾ ਕੇ ਹੱਸੀ ਜਾ ਰਿਹਾ ਸੀ।

000

ਜੀਤੇ ਨੂੰ ਆਪਣੇ ਕੋਲ ਬਿਠਾ ਕੇ ਹੱਸਦਿਆਂ ਪੁੱਛਿਆ, "ਨਿਹੰਗ ਸਿਹਾਂ! ਲੱਗਦੈ ਐਤਕੀਂ 'ਵਾ 'ਵਰਨਾਲੇ' ਦੀ ਥਾਂ ਅੰਬਰਸਰ ਵੱਲ ਦੀ ਵਗਦੀ ਸੀ?"

ਮੇਰਾ ਖ਼ਿਆਲ ਸੀ ਕਿ ਉਹ ਕਿਸੇ 'ਇਹੋ-ਜਿਹੇ' ਛੋਟੇ-ਮੋਟੇ ਕੇਸ ਵਿਚ ਹੀ ਅੰਦਰ ਆਇਆ ਹੋਵੇਗਾ। ਅਪਰਾਧੀ ਬਿਰਤੀ ਵਾਲਾ ਤਾਂ ਉਹ ਹੈ ਨਹੀਂ ਸੀ।

"ਓ 'ਵਾ ਕਿੱਥੇ ਭਰਾਵਾ! ਐਤਕੀਂ ਤਾਂ 'ਨੇਰ੍ਹੀ ਧੂਹ ਲਿਆਈ ਏ।" ਉਹ ਕਿਸੇ 'ਕਤਲ ਕੇਸ' ਵਿਚ ਫਸ ਗਿਆ ਸੀ।

"ਕਤਲ ਕਿਵੇਂ ਹੋ ਗਿਆ?"

"ਕਤਲ ਕੀ ਹੋਣਾ ਸੀ। ਕਤਲ ਤਾਂ ਮੈਨੂੰ ਕੀਤਾ ਕਰਾਇਆ ਈ ਮਿਲ ਗਿਆ ਭਰਾਵਾ!" ਉਹ ਅਜੇ ਵੀ ਹੱਸ ਰਿਹਾ ਸੀ।

ਉਹ ਪਿਛਲੇ ਕੁਝ ਮਹੀਨਿਆਂ ਤੋਂ ਪਿੰਡੋਂ ਬਾਹਰਵਾਰ ਬਾਬੇ ਬਿਧੀ ਚੰਦ ਦੀ ਸਮਾਧ 'ਤੇ ਵੀ ਕਦੀ ਕਦੀ ਰਾਤ ਕੱਟ ਲੈਂਦਾ ਸੀ। ਇਕ ਬਜ਼ੁਰਗ ਭਾਈ ਉਥੇ ਸੇਵਾ ਕਰਦਾ ਸੀ। ਜੀਤਾ ਉਸ ਨਾਲ ਰਲ ਕੇ ਸੁੱਖੇ ਵਾਲੀ ਸ਼ਰਦਾਈ ਰਗੜਦਾ। ਬਾਬਾ ਪਿੰਡੋਂ ਗਜ਼ਾ ਕਰ ਲਿਆਉਂਦਾ। ਆਏ ਗਏ ਨੂੰ ਪਰਸ਼ਾਦਾ ਮਿਲਦਾ ਤੇ ਉਨ੍ਹਾਂ ਨੂੰ ਵੀ। ਜੀਤਾ ਕਦੀ ਕਦੀ ਵਿਚੋਂ ਉਡੰਤਰ ਵੀ ਹੋ ਜਾਂਦਾ ਤੇ ਕਈ ਕਈ ਦਿਨ ਨਾ ਪਰਤਦਾ। ਉਸ ਦੀ ਕਿਹੜਾ ਕਿਸੇ ਦਫ਼ਤਰ ਵਿਚ ਹਾਜ਼ਰੀ ਲੱਗਣੀ ਸੀ। ਇੰਜ ਹੀ ਉਹ 'ਯਾਤਰਾ' 'ਤੇ ਗਿਆ ਹੋਇਆ ਸੀ ਕਿ ਪਿੱਛੋਂ ਇਕ ਸਵੇਰੇ ਕਿਸੇ ਨੇ ਸਮਾਧਾਂ ਦੇ ਬਾਹਰ ਬਾਬਾ ਮਰਿਆ ਪਿਆ ਵੇਖਿਆ। ਉਹਦੀਆਂ ਗੋਦੜੀਆਂ ਦੀ ਫਰੋਲਾ-ਫਰੋਲੀ ਵੀ ਕੀਤੀ ਹੋਈ ਸੀ। ਇਸ 'ਫਰੋਲਾ-ਫਰਾਲੀ' ਤੋਂ ਹੀ ਪੁਲਿਸ ਨੂੰ ਸ਼ੱਕ ਹੋਇਆ ਕਿ ਬਾਬਾ ਕੁਦਰਤੀ ਮੌਤ ਨਹੀਂ ਮਰਿਆ, ਉਸ ਦਾ ਕਤਲ ਹੋਇਆ ਹੈ। ਪੁਲਿਸ ਨੇ ਇਹ ਕਤਲ ਕੇਸ ਜੀਤੇ 'ਤੇ ਪਾ ਦਿੱਤਾ ਸੀ ਤੇ ਉਸ ਦੇ ਵਾਪਸ ਪਰਤਣ 'ਤੇ ਉਹਨੂੰ ਗ੍ਰਿਫ਼ਤਾਰ ਕਰ ਲਿਆ ਸੀ।

"ਪਤਾ ਨਹੀਂ ਉਹਨੂੰ ਕਿਸੇ ਮਾਰਿਆ ਸੀ ਕਿ ਆਪੇ ਮਰ ਗਿਆ ਸੀ। ਜਾਨ ਤਾਂ ਅੱਗੇ ਹੈ ਨੀ ਸੀ ਬਜ਼ੁਰਗ ਵਿਚ। ਪਹਿਲਾਂ ਈ ਨਿਭਿਆ ਪਿਆ ਸੀ। ਨਾਲੇ ਮੇਰਾ ਤਾਂ ਵਿਚਾਰਾ ਬੜਾ ਪ੍ਰੇਮੀ ਸੀ। ਢੱਗੀ ਖਾਵਾਂ ਜੇ ਝੂਠ ਬੋਲਾਂ। ਨਾਲੇ ਤੇਰੇ ਕੋਲ ਕਾਹਦਾ ਝੂਠ। ਉਹਦੇ ਗਰੀਬ ਕੋਲ ਕਿਹੜੇ ਖਜਾਨੇ ਦੱਬੇ ਪਏ ਸਨ! ਮੈਂ ਤਾਂ ਚਹੁੰ-ਪੰਜਾਂ ਦਿਨਾਂ ਤੋਂ ਉਥੇ ਹੈ ਵੀ ਨਹੀਂ ਸਾਂ। ਸਾਰਾ ਸਿਆਪਾ ਉਥੇ ਨਾ ਹੋਣ ਨੇ ਈ ਪਾਇਆ। ਸਾਰੇ ਆਖਣ ਸਮਾਧੀਂ ਤਾਂ ਜੀਤਾ ਹੀ ਹੁੰਦੈ। ਉਹੋ ਹੀ ਮਾਰ ਕੇ ਕਿਤੇ ਅੱਗੇ-ਪਿੱਛੇ ਹੋ ਗਿਐ ਹੁਣ। ਪੁਲਿਸ ਨੇ ਕਤਲ ਮੇਰੇ 'ਤੇ ਪਾ'ਤਾ। ਮੇਰੀ ਕਿਸੇ ਇੱਕ ਨ੍ਹੀਂ ਸੁਣੀ। ਪਿਛਲੇ ਬੁੱਧਵਾਰ ਐਥੇ ਜੇਲ੍ਹ ਵਿਚ ਲਿਆ ਸੁੱਟਿਆ। ਇਥੇ ਸੁੱਖੇ ਦੀ ਬੜੀ ਤੰਗੀ ਆ। ਓਂ ਦੋ ਫੁਲਕੇ ਈ ਛਕਣੇ ਆਂ। ਅੰਦਰ ਕੀ ਤੇ ਬਾਹਰ ਕੀ!"

ਮੈਂ ਹੋਰ ਵੀ ਖੁਰਚ ਕੇ ਪੁੱਛਿਆ। ਉਸ ਦੇ ਸੁਭਾਅ ਅਤੇ ਗੱਲਬਾਤ ਕਰਨ ਦੇ ਅੰਦਾਜ਼ ਤੋਂ ਜਾਣੂ ਸਾਂ। ਲੱਗਾ; ਜੀਤਾ ਤਾਂ ਨਾ-ਹੱਕ ਹੀ ਕਤਲ ਕੇਸ ਵਿਚ ਫਸ ਗਿਆ ਸੀ। ਖ਼ਿਆਲ ਆਇਆ, ਉਹ ਬਾਬੇ ਬਿਧੀ ਚੰਦੀਆਂ ਦਾ 'ਸਿੰਘ' ਸੀ, ਉਨ੍ਹਾਂ ਇਸ ਨੂੰ ਬਚਾਉਣ ਲਈ ਕਿਉਂ ਨਹੀਂ ਕੁਝ ਕੀਤਾ?

"ਤੇਰੇ ਕੇਸ ਦੀ ਪੈਰਵੀ ਕੌਣ ਕਰ ਰਿਹੈ? ਤੇਰੇ ਘਰ ਦੇ ਜਾਂ ਬਾਬੇ ਬਿਧੀਚੰਦੀਏ?"

"ਪੈਰਵੀ ਮੇਰੀ ਕੀਹਨੇ ਕਰਨੀ ਸੀ! ਭਰਾ ਆਂਹਦੇ ਹੋਣਗੇ ਚੱਲ ਫ਼ਾਹੇ ਲੱਗੂ ਤਾਂ ਹਿੱਸੇ ਆਉਂਦੇ ਦੋ ਕਿਲੇ ਸਾਂਭਣ ਵਾਲੇ ਬਣਾਂਗੇ। ਨਾਲੇ ਉਹ ਸੋਚਦੇ ਹੋਣਗੇ ਆਪੇ ਬਾਬੇ ਕੋਈ ਚਾਰਾ ਕਰਨਗੇ। ਬਾਬਿਆਂ ਨੂੰ ਲਗਦੈ, ਊਂ ਮੇਰੇ 'ਤੇ ਹੀ ਸ਼ੱਕ ਐ। ਨਹੀਂ ਤਾਂ ਕਰਦੇ ਨਾ ਕੁਛ।"

ਇਹ ਜਾਣ ਕੇ ਹੋਰ ਵੀ ਦੁੱਖ ਹੋਇਆ ਕਿ ਉਸ ਲਈ ਕਿਸੇ ਨੇ ਅਜੇ ਤੱਕ ਵਕੀਲ ਦਾ ਵੀ ਕੋਈ ਬੰਦੋਬਸਤ ਨਹੀਂ ਸੀ ਕੀਤਾ। ਮੈਨੂੰ ਲੱਗਾ, ਜੀਤਾ ਵਿਚਾਰਾ ਤਾਂ ਭੰਗ ਦੇ ਭਾੜੇ ਫਾਹੇ ਲੱਗ ਜਾਣਾ ਹੈ। ਇਸ ਦੇ ਬਚਾਅ ਲਈ ਕੀ ਕੀਤਾ ਜਾਵੇ!

## ਲਿਖ ਚਿੱਠੀਆਂ ਪਾਈਆਂ

ਰੋਟੀ ਵੇਲਾ ਹੋ ਜਾਣ 'ਤੇ ਜੀਤਾ ਫਿਰ ਮਿਲਦੇ-ਗਿਲਦੇ ਰਹਿਣ ਦਾ ਵਾਅਦਾ ਕਰ ਕੇ ਆਪਣੀ ਬੈਰਕ ਵਿਚ ਚਲਾ ਗਿਆ ਤੇ ਮੈਨੂੰ ਸੋਚਾਂ ਵਿਚ ਪਾ ਗਿਆ। ਇਹ ਵੀ ਕੀ ਵਿਡੰਬਨਾ ਸੀ ਕਿ ਮੇਰੀ ਪਤਨੀ ਦੀ ਭੂਆ ਦਾ ਪੁੱਤ ਤੇ ਮੇਰੀ ਭੂਆ ਦਾ ਪੁੱਤ, ਦੋਵੇਂ ਹੀ ਝੂਠੇ ਕਤਲ ਕੇਸ ਵਿਚ ਫਸ ਗਏ ਸਨ! ਮੈਂ ਨਹੀਂ ਸਾਂ ਚਾਹੁੰਦਾ ਕਿ ਜੀਤਾ ਵੀ ਉਸ ਵਾਂਗ ਜੇਲ੍ਹ ਵਿਚ ਉਮਰ ਕੈਦ ਭੋਗੇ! ਪਰ ਮੈਂ ਅੰਦਰ ਬੈਠਾ ਉਸ ਬੇਕਸੂਰ ਲਈ ਕੀ ਕਰ ਸਕਦਾ ਸਾਂ! ਮੇਰੀ ਤਾਂ ਆਰਥਿਕ ਹਾਲਤ ਵੀ ਅਜਿਹੀ ਨਹੀਂ ਸੀ ਕਿ ਕੋਲੋਂ ਪੈਸੇ ਖ਼ਰਚ ਕੇ ਉਸ ਦਾ ਮੁਕੱਦਮਾ ਲੜਨ ਲਈ ਕੋਈ ਚੰਗਾ ਵਕੀਲ ਖੜ੍ਹਾ ਕਰ ਸਕਾਂ। ਮੈਂ ਤਾਂ ਚਿੱਟੇ ਕਾਗ਼ਜ਼ਾਂ 'ਤੇ ਕਾਲੇ ਅੱਖਰ ਵਾਹੁਣ ਵਾਲਾ ਮਾਮੂਲੀ ਲੇਖਕ ਸਾਂ।

ਮੇਰੇ ਮਨ ਨੇ ਮੈਨੂੰ ਵੰਗਾਰਿਆ, "ਤੂੰ ਮਾਮੂਲੀ ਕਿਵੇਂ ਏਂ? ਤੇਰੇ ਅੱਖਰਾਂ ਵਿਚ ਕੋਈ 'ਤਾਕਤ' ਹੋਏਗੀ ਤਾਂ ਹੀ ਤੈਨੂੰ ਅਗਲਿਆਂ 'ਅੱਖਰਾਂ ਦੇ ਹਵਾਲੇ ਨਾਲ' ਅੰਦਰ ਕੀਤਾ ਹੈ!"

ਪਰ ਮੇਰੇ 'ਅੱਖਰਾਂ ਦੀ ਤਾਕਤ' ਜੀਤੇ ਦੇ ਕਿਸ ਕੰਮ?

ਅਚਨਚੇਤ ਮੇਰੇ ਅੰਦਰ ਬਿਜਲੀ ਕੌਂਧ ਗਈ। ਜੀਤੇ ਦੇ ਪ੍ਰਸੰਗ ਵਿਚ ਵੀ ਮੈਂ ਆਪਣੇ 'ਅੱਖਰਾਂ ਦੀ ਤਾਕਤ' ਪਰਖ਼ ਕੇ ਵੇਖ ਸਕਦਾ ਸਾਂ!

ਮੈਂ ਸੋਚਿਆ; ਮੈਨੂੰ ਦਲ ਬਾਬਾ ਬਿਧੀ ਚੰਦ ਦੇ ਮੁਖੀ ਬਾਬਾ ਦਇਆ ਸਿੰਘ ਨੂੰ, ਜਿਹੜੇ ਬਾਬਾ ਬਿਧੀ ਚੰਦ ਦੀ ਅੰਸ-ਬੰਸ ਵਿਚੋਂ ਯਾਰਵੇਂ ਥਾਂ 'ਗੱਦੀ-ਨਸ਼ੀਨ' ਸਨ, ਜੀਤੇ ਦੀ ਮਦਦ ਕਰਨ ਲਈ ਚਿੱਠੀ ਲਿਖਣੀ ਚਾਹੀਦੀ ਹੈ। ਆਖ਼ਰ ਜੀਤਾ ਉਨ੍ਹਾਂ ਦੇ ਦਲ ਦਾ 'ਸਿੰਘ' ਸੀ। ਉਂਜ ਵੀ ਉਨ੍ਹਾਂ ਦੇ 'ਛੀਨਾ' ਭਾਈਚਾਰੇ ਵਿਚੋਂ ਸੀ। ਪਿੰਡ ਦੇ ਸਕੇ-ਸੋਦਰਿਆਂ 'ਚੋਂ ਸੀ। ਜੇ ਬਾਬੇ ਉਸ ਦੀ ਮਦਦ 'ਤੇ ਆ ਜਾਂਦੇ ਹਨ ਤਾਂ ਜੀਤੇ ਦਾ ਬਚ ਜਾਣਾ ਲਾਜ਼ਮੀ ਸੀ। ਕੇਸ ਅਜੇ ਸ਼ੁਰੂਆਤੀ ਦੌਰ ਵਿਚ ਹੀ ਸੀ ਤੇ ਬਾਬਾ ਜੀ ਦੀ ਤਾਂ ਸਰਕਾਰੇ-ਦਰਬਾਰੇ ਪੂਰੀ ਪਹੁੰਚ ਸੀ। ਰਾਜਨੀਤੀਵਾਨ, ਪੁਲਸੀਏ ਤੇ ਹੋਰ ਸਰਕਾਰੀ ਅਧਿਕਾਰੀ ਉਨ੍ਹਾਂ ਨੂੰ ਦੂਰੋਂ ਦੂਰੋਂ ਮੱਥਾ ਟੇਕਣ ਆਉਂਦੇ ਸਨ। ਉਹ ਉਤਲੇ ਅਫ਼ਸਰਾਂ ਨੂੰ ਆਖ ਕੇ ਕੇਸ ਦੀ ਦੁਬਾਰਾ ਜਾਂਚ ਕਰਵਾ ਕੇ ਜੀਤੇ ਨੂੰ ਕੇਸ 'ਚੋਂ ਕਢਵਾ ਸਕਦੇ ਸਨ।

ਜੀਤੇ ਵੱਲੋਂ ਚਿੱਠੀ ਲਿਖ ਕੇ ਮੈਂ ਬਾਬਾ ਜੀ ਦੇ ਮਨ ਵਿਚ ਜੀਤੇ ਲਈ ਤਰਸ ਤੇ ਹਮਦਰਦੀ ਦੇ ਭਾਵ ਜਗਾਉਣੇ ਸਨ! ਆਪਣੇ 'ਲੇਖਕੀ ਹੁਨਰ' ਨਾਲ ਉਨ੍ਹਾਂ ਦੀ ਸੰਵੇਦਨਾ ਨੂੰ ਟੁੰਬਣਾ ਸੀ। ਮੌਤ ਦੇ ਜਾਲ ਵਿਚ ਫਸ ਗਏ ਜੀਤੇ ਦੀ ਤੜਪਦੀ-ਫੜਫੜਾਉਂਦੀ ਆਤਮਾ ਬਣ ਕੇ ਉਸ ਦੇ ਬਚਾਅ ਲਈ ਤਰਲਾ ਪਾਉਣਾ ਸੀ।


ਅੱਜ ਮੇਰੀ ਲਿਖਣ ਕਲਾ ਦਾ ਬੜਾ ਵੱਡਾ ਇਮਤਿਹਾਨ ਸੀ।

ਉਸ ਰਾਤ ਮੈਂ ਵੱਖਰੇ ਬੈਠ ਕੇ ਤੇ ਮਨ-ਚਿੱਤ ਬਿਰਤੀ ਨੂੰ ਇਕਾਗਰ ਕਰ ਕੇ ਬਾਬਾ ਬਿਧੀ ਚੰਦ ਦਲ ਦੇ ਮੁਖੀ ਬਾਬਾ ਦਇਆ ਸਿੰਘ ਦੇ ਨਾਂ ਜੀਤੇ ਵੱਲੋਂ ਲੰਮੀ ਚਿੱਠੀ ਲਿਖੀ। ਚਿੱਠੀ ਲਿਖਦਿਆਂ ਮੈਂ 'ਵਰਿਆਮ ਸਿੰਘ ਸੰਧੂ' ਨਹੀਂ ਸਾਂ ਰਹਿ ਗਿਆ ਜਿਸ ਦਾ ਡੇਰਿਆਂ, ਬਾਬਿਆਂ ਜਾਂ ਧਰਮ ਤੇ ਧਾਰਮਿਕ ਸ਼ਖ਼ਸੀਅਤਾਂ ਬਾਰੇ ਵੱਖਰਾ ਤਰਕ ਤੇ ਦ੍ਰਿਸ਼ਟੀਕੋਣ ਸੀ; ਮੈਂ ਜੀਤਾ ਬਣ ਗਿਆ ਸਾਂ ਤੇ ਉਸ ਦੇ ਧਾਰਮਿਕ ਤੇ ਸ਼ਰਧਾਲੂ ਦ੍ਰਿਸ਼ਟੀਕੋਣ ਤੋਂ ਬਾਬਾ ਜੀ ਨੂੰ ਮੁਖ਼ਾਤਬ ਸਾਂ। ਮੇਰਾ 'ਤਰਕ' ਤਾਂ ਇਹੋ ਸੀ ਕਿ ਮੈਂ ਜੀਤੇ ਦੇ ਗੁੰਗੇ ਅੰਦਰ ਨੂੰ ਜ਼ਬਾਨ ਦੇਣੀ ਹੈ ਜਿਸ ਦੀ ਆਵਾਜ਼ ਬਾਬਾ ਜੀ ਦੇ ਮਨ ਨੂੰ ਨੇੜਿਓਂ ਸੁਣ ਸਕੇ। ਲਿਖਦਿਆਂ ਮੈਂ ਜੀਤੇ ਦੀ ਥਾਂ ਆਪਣੇ ਆਪ ਨੂੰ ਬੇਕਸੂਰ ਫਸਿਆ ਮਹਿਸੂਸ ਕਰ ਰਿਹਾ ਸਾਂ।

ਇੰਨੇ ਸਾਲਾਂ ਬਾਅਦ ਚਿੱਠੀ ਦੀ ਭਾਸ਼ਾ ਤੇ ਵੇਰਵੇ ਤਾਂ ਹੁਣ ਯਾਦ ਨਹੀਂ, ਪਰ ਚਿੱਠੀ ਵਿਚ ਪੇਸ਼ ਭਾਵਨਾਵਾਂ ਤੇ 'ਤਰਕ' ਨੂੰ ਇਸ ਤਰ੍ਹਾਂ ਉਸਾਰਿਆ ਗਿਆ ਜਿਸ ਨਾਲ ਬਾਬਾ ਜੀ ਦੀਆਂ ਭਾਵਨਾਵਾਂ ਨੂੰ ਜੁੰਬਿਸ਼ ਮਿਲ ਸਕੇ। ਭਾਈ ਬਿਧੀ ਚੰਦ ਗੁਰੂ ਅਰਜਨ ਦੇਵ ਤੇ ਗੁਰੂ ਹਰਗੋਬਿੰਦ ਸਾਹਿਬ ਦੇ ਸਮਕਾਲੀ ਤੇ ਸ਼ਰਧਾਲੂ ਸਿੱਖ ਸਨ। ਬਾਬਾ ਦਇਆ ਸਿੰਘ ਦੇ ਪਿਤਾ ਬਾਬਾ ਸੋਹਣ ਸਿੰਘ ਨੇ ਆਪਣੇ ਜੀਵਨ ਕਾਲ ਵਿਚ ਪਿੰਡ ਸੁਰ ਸਿੰਘ ਵਿਚ ਗੁਰੂ ਹਰਗੋਬਿੰਦ ਸਾਹਿਬ ਦੇ ਗੁਰਦੁਆਰੇ ਦੀ ਇਮਾਰਤ ਬਣਵਾਈ ਸੀ ਜਿੱਥੇ ਹਰ ਸਾਲ ਬੜਾ ਵੱਡਾ ਜੋੜ ਮੇਲਾ ਲੱਗਦਾ ਸੀ। ਬਾਬਾ ਜੀ ਨੂੰ 'ਸੱਚੇ-ਸੁੱਚੇ ਗੁਰਸਿੱਖ ਤੇ ਬ੍ਰਹਮ-ਗਿਆਨੀ' ਵਜੋਂ ਵਡਿਆ ਕੇ ਮੈਂ ਗੱਲ 'ਬੰਦੀ-ਛੋੜ' ਗੁਰੂ ਹਰਗੋਬਿੰਦ ਸਾਹਿਬ ਦੇ ਹਵਾਲੇ ਨਾਲ ਹੀ ਸ਼ੁਰੂ ਕਰ ਕੇ ਕੁਝ ਇਸ ਤਰ੍ਹਾਂ ਲਿਖਿਆ:

'ਤੁਸੀਂ 'ਕਲਜੁਗ' ਵਿਚ ਉਸ ਸੱਚੇ ਪਾਤਸ਼ਾਹ ਦੇ ਸੱਚੇ ਪ੍ਰਤੀਨਿਧ ਹੋ ਜਿਸ ਨੂੰ 'ਬੰਦੀ-ਛੋੜ' ਦੇ ਨਾਂ ਨਾਲ ਸਾਰਾ ਸਿੱਖ ਜਗਤ ਜਾਣਦਾ ਹੈ। ਅੱਜ ਤੁਸੀਂ ਹੀ ਸਾਡੇ ਸੱਚੇ ਹਮਦਰਦ ਤੇ ਸਾਡੀਆਂ ਚੁਰਾਸੀਆਂ ਕੱਟਣ ਵਾਲੇ ਬੰਦੀ-ਛੋੜ ਹੋ। 'ਚੁਰਾਸੀਆਂ' ਸਾਹਮਣੇ ਇਹ ਦੁਨਿਆਵੀ ਜੇਲ੍ਹਾਂ ਤਾਂ ਤੁਹਾਡੇ ਅੱਗੇ ਕੁਝ ਅਰਥ ਹੀ ਨਹੀਂ ਰੱਖਦੀਆਂ। ਇਸੇ ਕਰ ਕੇ ਇਥੇ ਜੇਲ੍ਹ ਵਿਚ ਬੈਠਿਆਂ ਵੀ ਮੈਂ ਚੜ੍ਹਦੀ ਕਲਾ ਵਿਚ ਹਾਂ। ਮੈਨੂੰ ਕਾਹਦਾ ਫ਼ਿਕਰ, ਜਦ ਤੁਹਾਡੇ ਨਾਂ ਵਾਂਗ ਹੀ ਤੁਹਾਡਾ ਦਇਆਵਾਨ ਹੱਥ ਮੇਰੇ ਸਿਰ ਉਤੇ ਹੈ। ਇਸੇ ਕਰ ਕੇ ਤਾਂ ਮੈਂ ਸ਼ਾਹ ਹੁਸੈਨ ਦੇ ਕਹਿਣ ਮੁਤਾਬਕ 'ਮਾਪੇ ਛੋੜ ਕੇ ਤੁਹਾਡੇ ਲੜ ਲੱਗਿਆ ਸਾਂ'। ਤੁਹਾਡੇ ਕੋਲੋਂ ਅੰਮ੍ਰਿਤ

*(ਬਾਕੀ ਅਗਲੇ ਸਫੇ 'ਤੇ)*



ਬਾਬਾ ਦਇਆ ਸਿੰਘ

*ਮੈਂ ਸੋਚਿਆ; ਮੈਨੂੰ ਦਲ ਬਾਬਾ ਬਿਧੀ ਚੰਦ ਦੇ ਮੁਖੀ ਬਾਬਾ ਦਇਆ ਸਿੰਘ ਨੂੰ, ਜਿਹੜੇ ਬਾਬਾ ਬਿਧੀ ਚੰਦ ਦੀ ਅੰਸ-ਬੰਸ ਵਿਚੋਂ ਯਾਰਵੇਂ ਥਾਂ 'ਗੱਦੀ-ਨਸ਼ੀਨ' ਸਨ, ਜੀਤੇ ਦੀ ਮਦਦ ਕਰਨ ਲਈ ਚਿੱਠੀ ਲਿਖਣੀ ਚਾਹੀਦੀ ਹੈ। ਆਖ਼ਰ ਜੀਤਾ ਉਨ੍ਹਾਂ ਦੇ ਦਲ ਦਾ 'ਸਿੰਘ' ਸੀ। ਉਂਜ ਵੀ ਉਨ੍ਹਾਂ ਦੇ 'ਛੀਨਾ' ਭਾਈਚਾਰੇ ਵਿਚੋਂ ਸੀ। ਪਿੰਡ ਦੇ ਸਕੇ-ਸੋਦਰਿਆਂ 'ਚੋਂ ਸੀ। ਜੇ ਬਾਬੇ ਉਸ ਦੀ ਮਦਦ 'ਤੇ ਆ ਜਾਂਦੇ ਹਨ ਤਾਂ ਜੀਤੇ ਦਾ ਬਚ ਜਾਣਾ ਲਾਜ਼ਮੀ ਸੀ। ਕੇਸ ਅਜੇ ਸ਼ੁਰੂਆਤੀ ਦੌਰ ਵਿਚ ਹੀ ਸੀ ਤੇ ਬਾਬਾ ਜੀ ਦੀ ਤਾਂ ਸਰਕਾਰੇ-ਦਰਬਾਰੇ ਪੂਰੀ ਪਹੁੰਚ ਸੀ... ਉਹ ਉਤਲੇ ਅਫ਼ਸਰਾਂ ਨੂੰ ਆਖ ਕੇ ਕੇਸ ਦੀ ਦੁਬਾਰਾ ਜਾਂਚ ਕਰਵਾ ਕੇ ਜੀਤੇ ਨੂੰ ਕੇਸ 'ਚੋਂ ਕਢਵਾ ਸਕਦੇ ਸਨ... ਉਸ ਰਾਤ ਮੈਂ ਵੱਖਰੇ ਬੈਠ ਕੇ ਤੇ ਮਨ-ਚਿੱਤ ਬਿਰਤੀ ਨੂੰ ਇਕਾਗਰ ਕਰ ਕੇ ਬਾਬਾ ਬਿਧੀ ਚੰਦ ਦਲ ਦੇ ਮੁਖੀ ਬਾਬਾ ਦਇਆ ਸਿੰਘ ਦੇ ਨਾਂ ਜੀਤੇ ਵੱਲੋਂ ਲੰਮੀ ਚਿੱਠੀ ਲਿਖੀ। ਚਿੱਠੀ ਲਿਖਦਿਆਂ ਮੈਂ 'ਵਰਿਆਮ ਸਿੰਘ ਸੰਧੂ' ਨਹੀਂ ਸਾਂ ਰਹਿ ਗਿਆ ਜਿਸ ਦਾ ਡੇਰਿਆਂ, ਬਾਬਿਆਂ ਜਾਂ ਧਰਮ ਤੇ ਧਾਰਮਿਕ ਸ਼ਖ਼ਸੀਅਤਾਂ ਬਾਰੇ ਵੱਖਰਾ ਤਰਕ ਤੇ ਦ੍ਰਿਸ਼ਟੀਕੋਣ ਸੀ; ਮੈਂ ਜੀਤਾ ਬਣ ਗਿਆ ਸਾਂ ਤੇ ਉਸ ਦੇ ਧਾਰਮਿਕ ਤੇ ਸ਼ਰਧਾਲੂ ਦ੍ਰਿਸ਼ਟੀਕੋਣ ਤੋਂ ਬਾਬਾ ਜੀ ਨੂੰ ਮੁਖ਼ਾਤਬ ਸਾਂ। ਮੇਰਾ 'ਤਰਕ' ਤਾਂ ਇਹੋ ਸੀ ਕਿ ਮੈਂ ਜੀਤੇ ਦੇ ਗੁੰਗੇ ਅੰਦਰ ਨੂੰ ਜ਼ਬਾਨ ਦੇਣੀ ਹੈ ਜਿਸ ਦੀ ਆਵਾਜ਼ ਬਾਬਾ ਜੀ ਦੇ ਮਨ ਨੂੰ ਨੇੜਿਓਂ ਸੁਣ ਸਕੇ। ਲਿਖਦਿਆਂ ਮੈਂ ਜੀਤੇ ਦੀ ਥਾਂ ਆਪਣੇ ਆਪ ਨੂੰ ਬੇਕਸੂਰ ਫਸਿਆ ਮਹਿਸੂਸ ਕਰ ਰਿਹਾ ਸਾਂ।*

ਕਹਾਣੀ

# ਦੁਸ਼ਮਣ

***ਕਹਾਣੀਕਾਰ ਰਣਜੀਤ ਸਿੰਘ ਨੇ ਫੌਜੀ ਜੀਵਨ ਬਾਰੇ ਕਈ ਕਹਾਣੀਆਂ ਲਿਖੀਆਂ ਹਨ। 'ਦੁਸ਼ਮਣ' ਨਾਂ ਦੀ ਇਹ ਕਹਾਣੀ ਵੀ ਫੌਜ ਨਾਲ ਸਬੰਧਤ ਹੈ। ਇਸ ਕਹਾਣੀ ਵਿਚ ਮਨੁੱਖੀ ਪੱਖ ਬਹੁਤ ਗੂੜ੍ਹਾ ਹੈ ਜਿਸ ਵਿਚ ਜੰਗਾਂ-ਯੁੱਧਾਂ ਦੀ ਨਿਰਰਥਿਕਤਾ ਮੁੱਖ ਰੂਪ ਵਿਚ ਉਜਾਗਰ ਹੁੰਦੀ ਹੈ। ਲੇਖਕ ਦੋ ਵੱਖ-ਵੱਖ ਥਾਵਾਂ ਉਤੇ ਹੋਈਆਂ ਘਟਨਾਵਾਂ ਦੀਆਂ ਲੜੀਆਂ ਇਸ ਤਰ੍ਹਾਂ ਜੋੜਦਾ ਹੈ ਕਿ ਇਹ ਸਾਹਾਂ ਦੀਆਂ ਕੜੀਆਂ ਵਾਂਗ ਜੁੜ ਜਾਂਦੀਆਂ ਹਨ। -ਸੰਪਾਦਕ***

**ਰਣਜੀਤ ਸਿੰਘ**

ਟੈਰੀਟੋਰੀਅਲ ਆਰਮੀ ਨੂੰ ਜਦੋਂ ਆਫ਼ੀਸਰਜ਼ ਟ੍ਰੇਨਿੰਗ ਸਕੂਲ ਭੁਵਨੇਸ਼ਵਰ ਸਿਖਲਾਈ ਵਾਸਤੇ ਪਹੁੰਚਣ ਦਾ ਹੁਕਮ ਮਿਲਿਆ, ਮੈਂ ਤਾਂ ਖੁਸ਼ ਹੋਣਾ ਹੀ ਸੀ, ਸਾਡੇ ਸਾਰੇ ਘਰ ਨੂੰ ਜਿਵੇਂ ਸੁਖ ਦਾ ਸਾਹ ਆਇਆ। ਮੇਰੀਆਂ ਲਗਾਤਾਰ ਨਾ-ਕਾਮਯਾਬੀਆਂ ਕਾਰਨ ਸਾਡੇ ਘਰ ਦਾ ਮਾਹੌਲ ਉਦਾਸ ਅਤੇ ਪਰੇਸ਼ਾਨ ਸੀ। ਇਮਤਿਹਾਨ ਮੈਂ ਸਾਰੇ ਪਾਸ ਕਰੀ ਜਾਂਦਾ ਸਾਂ, ਪਰ ਨੰਬਰ ਇੰਨੇ ਨਹੀਂ ਸਨ ਆਉਂਦੇ ਕਿ ਕਿਧਰੇ ਮੈਰਿਟ ਵਿਚ ਆ ਜਾਂਦਾ। ਦੋ ਵਾਰ ਨੈਸ਼ਨਲ ਡੀਫੈਂਸ ਅਕੈਡਮੀ ਖੜਗਵਾਸਲਾ ਲਈ ਬੈਠਿਆ। ਦੋਵੇਂ ਵਾਰ ਲਿਖਤੀ ਇਮਤਿਹਾਨ ਪਾਸ ਕਰ ਲਏ, ਪਰ ਇੰਟਰਵਿਊ ਵਿਚ ਕਾਮਯਾਬੀ ਨਾ ਮਿਲੀ। ਇੰਡੀਆ ਮਿਲਟਰੀ ਅਕਾਦਮੀ ਡੇਹਰਾਦੂਨ ਵਿਚ ਵੀ ਮੈਂ ਇਸੇ ਤਰ੍ਹਾਂ ਨਾ ਪਹੁੰਚ ਸਕਿਆ। ਮੈਡੀਕਲ ਤੇ ਇੰਜੀਨੀਅਰਿੰਗ ਕਾਲਜ ਵੀ ਮੇਰੀ ਪਹੁੰਚ ਤੋਂ ਬਹੁਤ ਦੂਰ ਰਹੇ।

ਜਿਹੜਾ ਮਿਲੇ, ਆਖੇ, "ਕੋਈ ਲਾਈਨ ਫੜ...ਕੋਈ ਲਾਈਨ ਫੜ"। ਮੈਂ ਹਾਰ ਕੇ ਆਖਣ ਲੱਗ ਪਿਆ, "ਜੇ ਹੋਰ ਕੋਈ ਲਾਈਨ ਨਾ ਮਿਲੇ ਤਾਂ ਕੀ ਮੈਂ ਗੱਡੀ ਦੀ ਲਾਈਨ ਫੜ ਲਵਾਂ? ਤੇ ਜੇ ਆਖੋ ਤਾਂ ਬਿਜਲੀ ਦੀ ਲਾਈਨ ਫੜ ਲੈਂਦਾ ਹਾਂ।"

ਨਾ ਹਾਸਾ ਨਿਕਲਦਾ, ਨਾ ਰੋਣ ਆਉਂਦਾ!

ਹੱਕ ਦੀ ਗੱਲ ਇਹ ਸੀ ਕਿ ਬਚਪਨ ਤੋਂ ਹੀ ਮੇਰਾ ਰੁਝਾਨ ਸਾਹਿਤਕ ਸੀ। ਕਵਿਤਾ, ਕਹਾਣੀ ਅਤੇ ਨਾਵਲ ਪੜ੍ਹਨ ਵਾਲੇ ਨੇ ਸਾਇੰਸ ਅਤੇ ਹਿਸਾਬ ਲਈ ਕਿੰਨਾ ਕੁ ਵਕਤ ਕੱਢ ਲੈਣਾ ਸੀ। ਕਵਿਤਾ ਕਹਾਣੀ ਲਿਖਣ ਵਾਲੇ ਨੇ ਖੇਡਾਂ ਵਿਚ ਕਿੰਨੀਆਂ ਕੁ ਮੱਲਾਂ ਮਾਰ ਲੈਣੀਆਂ ਸਨ। ਹੁਣ ਛੋਟੇ ਭਰਾ ਨੂੰ ਫੌਜ ਵਿਚ ਅਫ਼ਸਰ ਬਣਿਆਂ ਵੀ ਕਈ ਸਾਲ ਬੀਤ ਗਏ ਸਨ। ਮੇਰੇ ਕਿਸੇ ਥਾਂ-ਸਿਰ ਨਾ ਲੱਗਣ ਕਰ ਕੇ ਉਸ ਦਾ ਵਿਆਹ ਵੀ ਰੁਕਿਆ ਪਿਆ ਸੀ।

ਟੈਰੀਟੋਰੀਅਲ ਆਰਮੀ ਦੀ ਨੌਕਰੀ ਦੀ ਮਿਆਦ ਤਾਂ ਸਿਰਫ ਪੰਜ ਸਾਲ ਹੀ ਹੁੰਦੀ ਹੈ, ਪਰ ਚੰਗੀ ਕਾਰਗੁਜ਼ਾਰੀ ਦਿਖਾਉਣ ਉਤੇ ਮਿਆਦ ਵਧ ਵੀ ਜਾਂਦੀ ਹੈ ਤੇ ਕਈ ਵਾਰੀ ਨੌਕਰੀ ਪੱਕੀ ਵੀ ਹੋ ਜਾਂਦੀ ਹੈ। ਚਲੋ, ਪੰਜ-ਸੱਤ ਸਾਲਾਂ ਵਾਸਤੇ ਤਾਂ ਭੁੱਖ ਅਤੇ ਪਰੇਸ਼ਾਨੀ ਦੇ ਬਘਿਆੜ ਬੂਹਿਓਂ ਦੂਰ ਜਾ ਖਲੋਤੇ ਸਨ।

ਦੋ ਸਾਲ ਭੁਵਨੇਸ਼ਵਰ ਵਿਚ ਟ੍ਰੇਨਿੰਗ ਬਾਅਦ ਮੈਨੂੰ ਮਹਾਰ ਰੈਜਮੈਂਟ ਵਿਚ ਅਫ਼ਸਰ ਬਣਾ ਕੇ ਨਾਗਾਲੈਂਡ ਭੇਜ ਦਿੱਤਾ ਗਿਆ। ਉਥੇ ਮੈਂ ਤਕਰੀਬਨ ਦੋ ਸਾਲ ਹੀ ਰਿਹਾ ਹੋਵਾਂਗਾ ਕਿ ਸਾਡੀ ਰੈਜਮੈਂਟ ਦਿੱਲੀ ਆ ਗਈ।

ਦਿੱਲੀ ਕੁਝ ਸਮਾਂ ਹੀ ਲੰਘਿਆ ਸੀ ਕਿ ਪੂਰਬੀ ਪਾਕਿਸਤਾਨ ਜੋ ਹੁਣ ਬੰਗਲਾਦੇਸ਼ ਕਹਾਉਂਦਾ ਹੈ, ਵਿਚ ਗੜਬੜ ਸ਼ੁਰੂ ਹੋ ਗਈ। ਪਾਕਿਸਤਾਨ ਵਿਚ ਹੋਈਆਂ ਆਮ ਚੋਣਾਂ ਵਿਚ ਕੌਮੀ ਅਸੈਂਬਲੀ ਲਈ ਮੁਜੀਬ-ਉਰ-ਰਹਿਮਾਨ ਦੀ ਆਵਾਮੀ ਪਾਰਟੀ ਬਹੁਮਤ ਲੈਣ ਵਿਚ ਕਾਮਯਾਬ ਤਾਂ ਹੋ ਗਈ, ਪਰ ਨਾ ਸਦਰ ਯਾਹੀਆ ਖਾਨ ਅਤੇ ਨਾ ਹੀ ਆਪ ਵਜ਼ੀਰੇ ਆਜ਼ਮ ਬਣਨ ਦੇ ਖਾਹਿਸ਼ਮੰਦ ਭੁਟੋ ਸਾਹਿਬ ਨੇ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਬਣਨ ਦਿੱਤਾ। ਪੂਰਬੀ ਪਾਕਿਸਤਾਨ ਵਿਚ ਹਾਲਾਤ ਬਹੁਤ ਖਰਾਬ ਹੋ ਗਏ। ਮੁਜੀਬ ਸਾਹਿਬ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਫੇਰ ਤਸ਼ੱਦਦ ਤੇ ਦਮਨ ਦਾ ਦੌਰ ਸ਼ੁਰੂ ਹੋ ਗਿਆ।

ਲੱਖਾਂ ਦੀ ਗਿਣਤੀ ਵਿਚ ਲੋਕ ਪੂਰਬੀ ਪਾਕਿਸਤਾਨ ਛੱਡ ਕੇ ਹਿੰਦੁਸਤਾਨ ਆ ਗਏ। ਭਾਰਤ ਸਰਕਾਰ ਦੀ ਪਾਕਿਸਤਾਨ ਨੂੰ 'ਆਪਣਾ ਘਰ ਸੰਭਾਲਣ' ਦੀ ਸਲਾਹ ਕਿਸੇ ਨੇ ਨਾ ਗੌਲੀ। ਮੁਕਤੀ-ਵਾਹਿਨੀ ਵਜੂਦ ਵਿਚ ਆ ਗਈ ਤੇ ਇਸ ਤਰ੍ਹਾਂ 1971 ਵਾਲੀ ਹਿੰਦ-ਪਾਕਿ ਜੰਗ ਸ਼ੁਰੂ ਹੋ ਗਈ। ਸਾਫ ਜ਼ਾਹਿਰ ਸੀ ਕਿ ਲੜਾਈ ਪੂਰਬੀ ਅਖਾੜੇ ਤੱਕ ਸੀਮਤ ਨਹੀਂ ਰਹਿਣੀ। ਸੋ, ਸਾਡੀ ਰੈਜਮੈਂਟ ਨੂੰ ਜੰਮੂ ਕਸ਼ਮੀਰ ਵਿਚ ਕਾਰਗਿਲ ਦੇ ਇਲਾਕੇ ਵਿਚ ਭੇਜ ਦਿੱਤਾ ਗਿਆ।

ਕਾਰਗਿਲ ਸੈਕਟਰ ਵਿਚ ਹੀ ਮੇਰੀ ਉਸ ਨਾਲ ਪਹਿਲੀ ਮੁਲਾਕਾਤ ਹੋਈ, ਉਹ ਜੋ ਮੇਰਾ 'ਦੁਸ਼ਮਣ' ਸੀ। ਉਸ ਨੇ ਮੇਰੀ ਜ਼ਮੀਨ ਨਹੀਂ ਸੀ ਸਾਂਭੀ, ਮੇਰੀ ਘਰ ਦੀ ਕਿਸੇ ਔਰਤ ਉਤੇ ਬੁਰੀ ਨਜ਼ਰ ਵੀ ਨਹੀਂ ਸੀ ਪਾਈ ਤੇ ਨਾ ਹੀ ਮੇਰਾ ਉਸ ਨਾਲ ਪਹਿਲਾਂ ਕਦੀ ਕੋਈ ਵਾਹ ਪਿਆ ਸੀ, ਪਰ ਉਹ ਮੇਰਾ ਦੁਸ਼ਮਣ ਸੀ। ਇਹ ਜੰਗ ਸੀ-ਸਾਡੇ ਦੋ ਦੇਸ਼ਾਂ ਵਿਚਕਾਰ ਜੰਗ। ਤੇ ਜੰਗ ਦਾ ਤਾਂ ਇਕੋ ਹੀ ਅਸੂਲ ਹੁੰਦਾ ਹੈ-ਜੇ ਪਹਿਲੇ ਹੱਲੇ ਮੈਂ ਉਸ ਨੂੰ ਨਾ ਮਾਰਿਆ ਤਾਂ ਮੌਕਾ ਮਿਲਣ ਉਤੇ ਉਹ ਮੈਨੂੰ ਮਾਰ ਦੇਵੇਗਾ। ਇਹੀ ਸਾਡੀ ਸਿਖਲਾਈ ਸੀ। ਅੱਖਾਂ ਵਿਚ ਖੂਨ, ਰਾਈਫਲ ਉਤੇ ਸੰਗੀਨ ਤੇ ਹੋਠਾਂ ਉਤੇ ਚਾ...ਰ...ਜ! ਜਾਂ ਉਹ ਨਹੀਂ ਜਾਂ ਮੈਂ ਨਹੀਂ।



ਪਰ ਇਸ ਤਰ੍ਹਾਂ ਨਾ ਹੋਇਆ।

ਕਹਿਣ ਨੂੰ ਤਾਂ ਇਹ ਇਲਾਕਾ ਧਰਤੀ ਦੇ ਸਵਰਗ ਕਸ਼ਮੀਰ ਦਾ ਹੀ ਹਿੱਸਾ ਹੈ। ਸਰਦੀਆਂ ਵਿਚ ਬਹੁਤ ਠੰਢ ਪੈਂਦੀ ਹੋਣੀ ਏ, ਇਹ ਵੀ ਸਭ ਜਾਣਦੇ ਹਨ, ਪਰ ਵੇਖਣ ਤੇ ਸੁਣਨ ਵਿਚ ਬਹੁਤ ਫਰਕ ਹੁੰਦਾ ਹੈ ਤੇ ਸਮਝਣ ਤੱਕ ਪਹੁੰਚਦਿਆਂ ਅਸਲੀਅਤ ਅਤੇ ਕਿਆਸ ਵਿਚ ਫਾਸਲਾ ਹੋਰ ਵੀ ਵਧ ਜਾਂਦਾ ਹੈ।

ਠੰਢਾ, ਸਫੈਦ, ਰੇਤਲਾ ਨਰਕ ਹੈ। ਮੁਲਤਾਨ ਹੋਏਗਾ ਗਰਮ ਨਰਕ, ਪਰ ਇਹ ਠੰਢਾ ਨਰਕ ਹੈ। ਪਹਾੜੀਆਂ ਉਤੇ ਬਰਫ, ਮੈਦਾਨਾਂ ਵਿਚ ਬਰਫ ਤੇ ਬਰਫ ਦੇ ਦਰਿਆ। ਗਲੇਸ਼ੀਅਰ ਕਹਿੰਦੇ ਨੇ ਇਨ੍ਹਾਂ ਬਰਫ ਦੇ ਵਗਦੇ ਦਰਿਆਵਾਂ ਨੂੰ। ਦੋ-ਦੋ ਗਰਮ ਜੁਰਾਬਾਂ, ਉਪਰ ਬੂਟ। ਫਿਰ ਵੀ ਉਂਗਲਾਂ-ਅੰਗੂਠੇ ਭੁਰ-ਭੁਰ ਜਾਂਦੇ। ਕਈ ਵਾਰੀ ਤਾਂ ਕਿਸੇ-ਕਿਸੇ ਦੀਆਂ ਉਂਗਲਾਂ ਕੱਟਣੀਆਂ ਵੀ ਜ਼ਰੂਰੀ ਹੋ ਜਾਂਦੀਆਂ। ਗਰਮ ਬਨੈਣ, ਗਰਮ ਕਮੀਜ਼, ਜਰਸੀ ਅਤੇ ਓਵਰਕੋਟ ਵਿਚ ਵੀ ਹੱਡੀਆਂ ਠਰ-ਠਰ ਜਾਂਦੀਆਂ। ਪਗੜੀਆਂ ਹੇਠ ਗਰਮ ਛੋਟੀ ਪੱਗ ਬੰਨ੍ਹਣੀ ਪੈਂਦੀ ਸੀ। ਸਰਦੀ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਮੂੰਹੋਂ ਨਿਕਲਦਾ ਸਾਹ ਧੂੰਦ ਬਣ ਜਾਂਦਾ ਅਤੇ ਧੂੰਦ, ਬਰਫ ਦੇ ਨਿੱਕੇ-ਨਿੱਕੇ ਮੋਤੀ ਬਣ ਕੇ ਦਾੜ੍ਹੀ-ਮੁੱਛਾਂ ਉਤੇ ਜੰਮ ਜਾਂਦੀ। ਇਸ ਉਤੇ ਤੁੱਰਾ ਇਹ ਕਿ ਘੰਟਿਆਂ ਬੱਧੀ ਕਿਸੇ ਬੰਕਰ ਜਾਂ ਖੰਦਕ ਵਿਚ ਦੁਬਕ ਕੇ ਜਾਂ ਸ਼ਹਿ ਲਾ ਕੇ ਬੈਠਾ ਰਹਿਣਾ ਪੈਂਦਾ ਸੀ। ਕਈ ਵਾਰ ਤਾਂ ਜ਼ਿੰਦਗੀ ਨਾਲੋਂ ਮੌਤ ਅਤੇ ਨੌਕਰੀ ਨਾਲੋਂ ਬੇਰੁਜ਼ਗਾਰੀ ਚੰਗੀ ਲੱਗਣ ਲੱਗ ਪੈਂਦੀ ਸੀ। ਉਥੇ ਤਾਂ ਘਾਹ ਦਾ ਇਕ ਤੀਲਾ ਵੀ ਬਰਫ ਦੇ ਚਿੱਟੇ ਪਰਦੇ ਉਤੇ ਦਾਗ ਨਹੀਂ ਪਾਉਂਦਾ। ਨਾ ਕੋਈ ਪੰਛੀ ਕੂਕਦਾ ਸੀ, ਨਾ ਕੋਈ ਜਾਨਵਰ ਫਟਕਦਾ ਸੀ। ਬੰਕਰ ਵਿਚੋਂ ਬਾਹਰ ਨਿਕਲ ਕੇ ਠਰੇ-ਜੁੜੇ ਅੰਗਾਂ ਨੂੰ ਗਰਮ ਕਰਨ ਲਈ, ਖੋਲ੍ਹਣ ਲਈ, ਕਸਰਤ ਕਰਨ ਲਈ ਮਨ ਤਰਸਦਾ, ਪਰ ਇਹ ਤਾਂ ਦੁਸ਼ਮਣ ਦੀ ਗੋਲੀ ਨੂੰ ਆਪ ਸੱਦਾ ਦੇਣ ਵਾਲੀ ਗੱਲ ਸੀ।

ਸਾਡੇ ਪਾਸੇ ਲੜਾਈ ਬਹੁਤੀ ਨਹੀਂ ਸੀ ਹੋਈ। ਫੌਜਾਂ ਨਾ ਅੱਗੇ ਵਧੀਆਂ, ਨਾ ਪਿੱਛੇ ਹਟੀਆਂ, ਪਰ ਮੋਰਚਾਬੰਦੀ ਬਹੁਤ ਸਖਤ ਸੀ। ਹਦਾਇਤ ਸੀ ਕਿ ਸਾਹਮਣੇ ਹੁੰਦੀ ਕਿਸੇ ਤਰ੍ਹਾਂ ਦੀ ਹਿਲਜੁਲ ਨੂੰ ਦਰ-ਗੁਜ਼ਰ ਨਾ ਕੀਤਾ ਜਾਏ। ਫੌਰਨ ਐਕਸ਼ਨ ਲੈਣ ਦਾ ਹੁਕਮ ਸੀ।

ਇਕ ਦਿਨ ਮੈਂ ਸਵੇਰੇ ਹੀ ਆਪਣੇ ਰਿਹਾਇਸ਼ੀ ਬੰਕਰ ਵਿਚੋਂ ਬਾਹਰ ਨਿਕਲ ਕੇ ਖੰਦਕਾਂ ਵਿਚ ਕਿਤੇ ਝੁਕ ਕੇ ਤੁਰਦਾ, ਕਿਤੇ ਹੱਥਾਂ ਪੈਰਾਂ ਉਤੇ ਰਿੜ੍ਹਦਾ ਕਈ ਪਿਕਟਾਂ ਦਾ ਮੁਆਇਨਾ ਕਰਨ ਪਿਛੋਂ ਪਹਾੜੀ ਕੱਟ ਕੇ ਬਣਾਈ ਇਕ ਪਿਕਟ ਉਤੇ ਪਹੁੰਚਿਆ। ਇਕ ਫੌਜੀ ਸਿਪਾਹੀ ਸਾਹਮਣੇ ਸਫੈਦ ਮੈਦਾਨ ਵੱਲ ਨੀਝ ਲਾ ਕੇ ਦੇਖ ਰਿਹਾ ਸੀ। ਮੈਂ ਉਸ ਕੋਲ ਜਾ ਕੇ ਖੜ੍ਹਾ ਹੋ ਗਿਆ। ਸਾਹਮਣੇ ਕੋਈ ਡੇਢ ਦੋ ਸੌ ਗਜ਼ ਦੇ ਫਾਸਲੇ ਉਤੇ ਪਾਕਿਸਤਾਨੀ ਪਿਕਟ ਸੀ। ਉਧਰ ਵੀ ਕੋਈ ਹਿਲਜੁਲ ਨਹੀਂ ਸੀ। ਉਹ ਵੀ ਸ਼ਹਿ ਮਾਰ ਕੇ ਸਾਡੇ ਵੱਲ ਦੇਖਦੇ ਹੋਣੇ ਨੇ।

ਆਹਿਸਤਾ-ਆਹਿਸਤਾ ਸਰਦੀ ਪੈਰਾਂ ਵੱਲੋਂ ਉਤਾਂਹ ਨੂੰ ਚੜ੍ਹ ਰਹੀ ਸੀ। ਰਾਈਫਲ ਦੀ ਨਾਲ ਗਰਮ ਦਸਤਾਨਿਆਂ ਵਿਚੋਂ ਵੀ ਹੱਥਾਂ ਨੂੰ ਠਾਰ ਰਹੀ ਸੀ।

ਸਿਪਾਹੀ ਨੇ ਮੇਰੇ ਵੱਲ ਘੁੰਮ ਕੇ ਆਖਿਆ, "ਸਾਹਿਬ, ਅਹੁ ਦੇਖੋ!"

ਸਾਹਮਣੇ ਕਾਲੀ ਟੋਲੀ ਖੰਦਕ ਵਿਚੋਂ ਨਿਕਲ ਕੇ ਬਾਹਰ ਆ ਗਈ ਸੀ। ਫਿਰ ਮੋਢੇ ਉਭਰੇ ਅਤੇ ਫੇਰ ਬਾਕੀ ਜਿਸਮ। ਸਿਪਾਹੀ ਨੇ ਰਾਈਫਲ ਮੋਢੇ ਉਤੇ ਲਾ ਲਈ ਅਤੇ ਨਿਸ਼ਾਨਾ ਸਿੰਨ੍ਹ ਲਿਆ। ਮੈਂ ਉਸ ਨੂੰ ਇਸ਼ਾਰੇ ਨਾਲ ਗੋਲੀ ਚਲਾਉਣ ਤੋਂ ਰੋਕਿਆ। ਦੂਰਬੀਨ ਵਿਚੋਂ ਮੈਂ ਉਸ ਆਦਮੀ ਦੀ ਹਰ ਹਰਕਤ ਦੇਖ ਰਿਹਾ ਸਾਂ। ਦੂਰਬੀਨ ਨਾਲ ਉਹ ਸਾਫ ਨਜ਼ਰ ਆ ਰਿਹਾ ਸੀ। ਦਰਮਿਆਨਾ ਕੱਦ-ਬੁੱਤ, ਹਲਕਾ ਸਰੀਰ ਤੇ ਮੋਢਿਆਂ ਦੀ ਢਲਾਵੀਂ ਬਣਤਰ। ਉਸ ਦੇ ਗਲੇ ਵਿਚ ਕੌਡੀਆਂ ਵਾਲੇ ਸੱਪ ਵਰਗਾ ਉਨ ਦਾ ਮਫਲਰ ਸੀ। ਚਿੱਟੀ ਜ਼ਮੀਨ ਉਤੇ ਕਾਲੀਆਂ ਭੂਰੀਆਂ ਡੱਬੀਆਂ।

ਉਸ ਨੇ ਆਹਮੋ-ਸਾਹਮਣੇ ਦੇਖਿਆ, ਉਬਾਸੀ ਲਈ ਤੇ ਸਰੀਰ ਦੀ ਆਕੜ ਭੰਨੀ। ਫਿਰ ਸਾਡੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਅਸੀਂ ਦੇਖਿਆ, ਉਹਨੇ ਉਛਲ-ਉਛਲ ਕੇ, ਕੁੱਦ-ਕੁੱਦ ਕੇ ਕਸਰਤ ਕਰਨੀ ਸ਼ੁਰੂ ਕਰ ਦਿੱਤੀ।

ਜੀ ਹਾਂ, ਉਹ ਆਪਣੇ ਜਿਸਮ ਨੂੰ, ਕੜਵੱਲ ਪਈਆਂ ਲੱਤਾਂ-ਬਾਹਾਂ ਨੂੰ, ਮੁੰਜਮਿਦ ਖੂਨ ਨੂੰ, ਸਰਦੀਆਂ ਨਾਲ ਸੁੰਗੜੀਆਂ ਉਂਗਲਾਂ ਨੂੰ ਗਰਮ ਕਰ ਰਿਹਾ ਸੀ, ਖੋਲ੍ਹ ਰਿਹਾ ਸੀ, ਰਵਾਂ ਕਰ ਰਿਹਾ ਸੀ।

ਸਾਡੇ ਦੋਹਾਂ ਦੇਸ਼ਾਂ ਵਿਚ ਜੰਗ ਚੱਲ ਰਹੀ ਸੀ। ਹੁਕਮ ਸਖਤ ਸਨ। ਤਰਸ ਜਾਂ ਲਿਹਾਜ਼ ਦੀ ਕੋਈ ਗੁੰਜਾਇਸ਼ ਨਹੀਂ ਸੀ। ਤੇ ਉਹ ਸੀ ਕਿ ਡੇਢ-ਦੋ ਸੌ ਗਜ਼ ਦੀ ਵਿੱਥ ਉਤੇ ਖਲੋਤਾ ਕਸਰਤ ਕਰ ਰਿਹਾ ਸੀ। ਬਹੁਤ ਆਸਾਨ ਨਿਸ਼ਾਨਾ।

ਬੇਵਕੂਫ਼...ਦੀਵਾਨਾ...ਜਾਂ ਕੋਈ ਸਦੀਵੀ ਮਨੁੱਖਤਾ ਵਿਚ ਵਿਸ਼ਵਾਸ ਰੱਖਣ ਵਾਲਾ!

ਮੇਰੇ ਸਿਪਾਹੀ ਨੇ ਫਿਰ ਮੇਰੇ ਵੱਲ ਦੇਖਿਆ। ਉਹ ਮੇਰੇ ਹੁਕਮ ਦੀ ਉਡੀਕ ਕਰ ਰਿਹਾ ਸੀ। ਮੇਰਾ ਇਸ਼ਾਰਾ ਹੁੰਦਿਆਂ ਹੀ ਰਾਈਫਲ ਦੇ ਘੋੜੇ ਉਤੇ ਥੋੜ੍ਹਾ ਜਿਹਾ ਦਬਾਅ ਪੈਣਾ ਸੀ। ਜ਼ਰਾ ਜਿੰਨਾ ਸ਼ੋਰ ਤੇ ਫਿਰ ਜ਼ੋਰਦਾਰ ਧਮਾਕਾ। ਤੇ ਉਸ ਦੀ ਕਸਰਤ ਵਿਚੇ ਹੀ ਰਹਿ ਜਾਣੀ ਸੀ। ਜਿਨ੍ਹਾਂ ਅੰਗਾਂ ਨੂੰ ਉਹ ਗਰਮ ਕਰ ਰਿਹਾ ਸੀ, ਜਿਸ ਖੂਨ ਨੂੰ ਉਹ ਤੋਰਨ ਦੀ ਕੋਸ਼ਿਸ਼ ਕਰ ਰਿਹਾ ਸੀ, ਤੇ ਜਿਨ੍ਹਾਂ ਹੱਥਾਂ ਪੈਰਾਂ ਅਤੇ ਉਂਗਲਾਂ ਨੂੰ ਉਹ ਰਵਾਂ ਕਰ ਰਿਹਾ ਸੀ, ਉਨ੍ਹਾਂ ਨੇ ਹਮੇਸ਼ਾ ਵਾਸਤੇ ਠੰਢਿਆਂ ਪੈ ਜਾਣਾ ਸੀ। ਬਰਫ ਉਤੇ ਲਹੂ ਦਾ, ਸਿਆਹੀ-ਚੂਸ 'ਤੇ ਸਿਆਹੀ ਦੀ ਤਰ੍ਹਾਂ ਲਾਲ ਧੱਬਾ ਬਣਨਾ ਸੀ ਤੇ... ਬਸ... ਇਕ ਮਨੁੱਖ ਨੇ ਸਦਾ ਲਈ ਤੁਰ ਜਾਣਾ ਸੀ।

ਮੇਰਾ ਸਿਪਾਹੀ ਹੁਕਮ ਦਾ ਇੰਤਜ਼ਾਰ ਕਰਦਾ ਰਹਿ ਗਿਆ ਤੇ ਉਹ ਆਦਮੀ ਆਪਣੀ ਕਸਰਤ ਪੂਰੀ ਕਰ ਕੇ ਵਾਪਸ ਖੰਦਕ ਵਿਚ ਉਤਰ ਗਿਆ।

ਉਹ ਕੌਣ ਸੀ? ਕੋਈ ਅਫਸਰ? ਕੋਈ ਸਿਪਾਹੀ? ਨਾ ਮੈਂ ਜਾਣਿਆ, ਨਾ ਜਾਨਣ ਦੀ ਕੋਸ਼ਿਸ਼ ਕੀਤੀ ਅਤੇ ਨਾ ਹੀ ਜਾਣ ਸਕਿਆ।

ਇਸ ਘਟਨਾ ਨੂੰ ਕਈ ਸਾਲ ਗੁਜ਼ਰ ਗਏ। ਇਸ ਦੌਰਾਨ ਮੈਂ ਆਪਣੀ ਫੌਜੀ ਨੌਕਰੀ ਦੀ ਮਿਆਦ ਪੂਰੀ ਕਰ ਲਈ। ਐਮ.ਏ. ਕਰ ਲੈਣ ਬਾਅਦ ਦਿੱਲੀ ਦੇ ਇਕ ਕਾਲਜ ਵਿਚ ਪ੍ਰੋਫੈਸਰ ਲੱਗ ਗਿਆ। ਮੇਰੀਆਂ ਸਾਹਿਤਕ ਰੁਚੀਆਂ ਨੂੰ ਪਰਵਾਨ ਚੜ੍ਹਨ ਦਾ ਮੌਕਾ ਮਿਲ ਗਿਆ। ਕਵਿਤਾ, ਕਹਾਣੀਆਂ, ਪੜ੍ਹਨਾ, ਲਿਖਣਾ, ਪੜ੍ਹਾਉਣਾ-ਇਹੀ ਮੇਰਾ ਕਿੱਤਾ ਬਣ ਗਿਆ। ਕਿਧਰੇ ਕਾਨਫਰੰਸ, ਕਿਧਰੇ ਸੈਮੀਨਾਰ, ਕਿਧਰੇ ਅਦਬੀ ਬੈਠਕ ਅਤੇ ਕਿਧਰੇ ਸਾਹਿਤਕ ਗੋਸ਼ਟੀ।

ਪੰਜਾਬੀ ਭਾਸ਼ਾ ਦੀਆਂ ਬਹੁਤ ਸਾਰੀਆਂ ਜਥੇਬੰਦੀਆਂ ਨੇ ਮਿਲ ਕੇ ਦਿੱਲੀ ਵਿਚ ਵਿਸ਼ਵ ਪੰਜਾਬੀ ਕਾਨਫਰੰਸ ਕਰਨ ਦੀ ਯੋਜਨਾ ਬਣਾਈ। ਇਸ ਕਾਨਫਰੰਸ ਵਿਚ ਸ਼ਾਮਲ ਹੋਣ ਵਾਸਤੇ ਇੰਗਲੈਂਡ, ਕੈਨੇਡਾ ਤੋਂ ਪਰਵਾਸੀ ਪੰਜਾਬੀ ਲੇਖਕ ਆਏ। ਪਾਕਿਸਤਾਨ ਤੋਂ ਵੀ ਪੰਜਾਬੀ ਲੇਖਕ ਆਏ।

ਲੇਖ ਪੜ੍ਹੇ ਜਾ ਰਹੇ ਸਨ। ਕਵਿਤਾਵਾਂ ਸੁਣਾਈਆਂ ਜਾ ਰਹੀਆਂ ਸਨ। ਨਾਟਕ ਖੇਡੇ ਜਾ ਰਹੇ ਸਨ, ਪਰ ਮੇਰੀਆਂ ਅੱਖਾਂ ਤਾਂ ਜਿਵੇਂ ਕੀਲੀਆਂ ਪਈਆਂ ਸਨ। ਪਾਕਿਸਤਾਨ ਤੋਂ ਆਏ ਇਕ ਅਦੀਬ ਉਤੋਂ ਮੇਰੀਆਂ ਨਜ਼ਰਾਂ ਉਠਦੀਆਂ ਹੀ ਨਹੀਂ ਸਨ।

ਉਹੀ ਕੱਦ-ਬੁੱਤ, ਉਹੀ ਮੋਢਿਆਂ ਦੀ ਢਲਾਣ, ਉਹੀ ਓਵਰਕੋਟ ਅਤੇ ਗਰਦਨ ਦੁਆਲੇ ਵਲ ਕੇ ਛਾਤੀ ਤੇ ਪਿੱਠ ਉਤੇ ਪਲਮਦਾ ਕੌਡੀਆਂ ਵਾਲੇ ਸੱਪ ਵਰਗਾ ਮਫਲਰ।

ਸੈਸ਼ਨ ਖਤਮ ਹੋਣ ਉਤੇ ਮੈਂ ਉਸ ਕੋਲ ਗਿਆ। ਚੌੜਾ ਮੱਥਾ, ਚਮਕਦੀਆਂ ਅੱਖਾਂ, ਤਿੱਖਾ ਨੱਕ, ਜ਼ਹੀਨ ਕਿਤਾਬੀ ਚਿਹਰਾ, ਫੜ-ਫੜਾਉਂਦੇ ਹੋਠ-ਉਹ ਪਾਕਿਸਤਾਨ ਦਾ ਮਸ਼ਹੂਰ ਪੰਜਾਬੀ ਸ਼ਾਇਰ ਮੁਸ਼ਤਾਕ ਬੱਟ ਸੀ।

ਮੈਂ ਉਸ ਨਾਲ ਹੱਥ ਮਿਲਾਉਂਦਿਆਂ ਕਿਹਾ, "ਬੱਟ ਸਾਹਿਬ, ਤੁਹਾਡੇ ਨਾਲ ਇਕ ਜ਼ਰੂਰੀ ਗੱਲ ਕਰਨੀ ਏ।"

"ਜ਼ਰੂਰ, ਜ਼ਰੂਰ।" ਉਸ ਨੇ ਮੁਸਕਰਾਉਂਦਿਆਂ ਕਿਹਾ।

ਅਸੀਂ ਦੋਵੇਂ ਪਾਸੇ ਜਿਹੇ ਹੋ ਗਏ।

"ਤੁਸੀਂ ਕਦੀ ਫੌਜ ਵਿਚ ਰਹੇ ਹੋ?"

"ਜੀ ਹਾਂ...ਪਰ...।"

"1971 ਦੀ ਲੜਾਈ ਸਮੇਂ ਕਾਰਗਿਲ ਸੈਕਟਰ ਵਿਚ?"

"ਜੀ ਹਾਂ।" ਉਹ ਹੈਰਾਨ ਹੋ ਰਿਹਾ ਸੀ।

"ਤੁਸੀਂ ਸਿਆਚਿਨ ਗਲੇਸ਼ੀਅਰ ਦੇ ਉਸ ਪਾਰ ਸੀ?"

"ਕਮਾਲ ਹੈ...ਕਮਾਲ!"

"ਫਿਰ ਤੁਸੀਂ ਆਪਣੀ ਖੰਦਕ ਵਿਚੋਂ ਬਾਹਰ ਨਿਕਲ ਕੇ ਕਸਰਤ ਕਰਨ ਲੱਗ ਪਏ ਸੀ?"

"ਠੀਕ, ਬਿਲਕੁਲ ਠੀਕ! ਪਰ ਤੁਸੀਂ...?"

ਉਸ ਦੀ ਹੈਰਾਨੀ, ਪਰੇਸ਼ਾਨੀ ਵਿਚ ਬਦਲਦੀ ਜਾ ਰਹੀ ਸੀ।

"ਤੁਹਾਡੇ ਗਲ ਵਿਚ ਇਹੀ ਕੌਡੀਆਂ ਵਾਲੇ ਸੱਪ ਵਰਗਾ ਮਫਲਰ ਸੀ?"

"ਤੁਸੀਂ ਠੀਕ ਕਹਿ ਰਹੇ ਹੋ, ਪਰ ਸਭ ਕੁਝ ਤੁਸੀਂ ਕਿਸ ਤਰ੍ਹਾਂ ਜਾਣਦੇ ਹੋ?" ਉਹ ਮੇਰੇ ਸਾਹਮਣੇ ਇਕੋ ਸਵਾਲੀਆ ਚਿੰਨ੍ਹ ਬਣਿਆ ਖੜ੍ਹਾ ਸੀ।

"ਬੱਟ ਸਾਹਿਬ, ਮੈਂ ਉਸ ਵਕਤ ਤੁਹਾਡੇ ਸਾਹਮਣੇ ਸਾਂ। ਕੋਈ ਸੌ ਡੇਢ ਸੌ ਗਜ਼ ਦੇ ਫਾਸਲੇ ਉਤੇ। ਮੇਰਾ ਸਿਪਾਹੀ ਸ਼ਿਸਤ ਬੰਨ੍ਹ ਕੇ ਮੇਰੇ ਇਸ਼ਾਰੇ ਦੀ ਉਡੀਕ ਕਰ ਰਿਹਾ ਸੀ। ਲੇਕਿਨ ਮੇਰੇ ਕੋਲੋਂ ਗੋਲੀ ਚਲਾਉਣ ਦਾ ਹੁਕਮ ਨਾ ਦਿੱਤਾ ਗਿਆ। ਉਸ ਸਰਦੀ ਵਿਚ ਸਿਰਫ ਇਕ ਪਲ ਪਹਿਲਾਂ ਮੈਂ ਵੀ ਬੰਕਰ ਵਿਚੋਂ ਨਿਕਲ ਕੇ ਆਪਣੇ ਜੰਮੇ ਹੋਏ ਖੂਨ ਤੇ ਠਰੇ ਹੋਏ ਅੰਗਾਂ ਨੂੰ ਨਿੱਘਿਆਂ ਕਰਨ ਲਈ ਕਸਰਤ ਕਰਨ ਦੀ ਸੋਚ ਰਿਹਾ ਸਾਂ।"

ਉਸ ਦੀਆਂ ਅੱਖਾਂ ਵਿਚ ਨਮੀ ਆ ਗਈ। ਉਹਨੇ ਮੇਰੇ ਦੋਵੇਂ ਹੱਥ ਫੜ ਲਏ। ਮੱਥੇ ਨਾਲ ਲਾਏ, ਹੋਠਾਂ ਨਾਲ ਛੁਹਾਏ ਅਤੇ ਕਿਹਾ, "ਪੰਜਾਬੀ ਦੇ ਇਸ ਨਿਮਾਣੇ ਜਿਹੇ ਸ਼ਾਇਰ ਨੂੰ ਅੱਲ੍ਹਾ ਨੇ ਕੁਝ ਵਧੇਰੇ ਉਮਰ ਬਖਸ਼ੀ ਹੋਈ ਸੀ।"

ਮੈਂ ਉਸ ਦੇ ਹੱਥਾਂ ਨੂੰ ਆਪਣੀਆਂ ਅੱਖਾਂ ਨਾਲ ਲਾਇਆ, ਸੀਨੇ ਨਾਲ ਘੁੱਟਿਆ।

ਇਹ ਮੇਰੀ ਆਪਣੇ 'ਦੁਸ਼ਮਣ' ਨਾਲ ਦੂਸਰੀ ਮੁਲਾਕਾਤ ਸੀ!

## ਹਸਾਉਣੀ

ਇਕ ਪੋਸਤੀ ਖੂਹ ਵਿਚ ਡਿੱਗ ਪਿਆ। ਓਥੇ ਅੱਗੇ ਹੀ ਇਕ ਹੋਰ ਆਦਮੀ ਡਿੱਗਾ ਪਿਆ ਸੀ। ਪੋਸਤੀ ਉਸ ਨੂੰ ਪੁੱਛਣ ਲੱਗਾ, "ਵੀਰਾ, ਤੂੰ ਕੌਣ ਏਂ?"

"ਮੈਂ ਪਿੰਡ ਦਾ ਬਾਣੀਆ।"

"ਤੂੰ ਏਥੇ ਕਿਵੇਂ?"

"ਮੈਂ ਸ਼ਹਿਰੋਂ ਸੌਦਾ ਲੈ ਕੇ ਆ ਰਿਹਾ ਸਾਂ, ਖੂਹ ਦੇ ਕੋਲ ਐਸਾ ਠੇਡਾ ਵੱਜਾ ਕਿ ਮੈਂ ਸਿੱਧਾ ਇਸ ਖੂਹ ਵਿਚ ਆ ਪਿਆ।"

ਪੋਸਤੀ ਨੇ ਜੇਬ ਵਿਚੋਂ ਸਿੱਕਾ ਕੱਢਿਆ ਤੇ ਬਾਣੀਏ ਦੇ ਅੱਗੇ ਕਰਕੇ ਕਹਿਣ ਲੱਗਾ, "ਸ਼ਾਹ ਜੀ, ਪੰਜਾਹ ਪੈਸੇ ਦਾ ਗੁੜ ਤਾਂ ਦੇ ਦਿਓ, ਠੰਡ ਬੜੀ ਲੱਗ ਰਹੀ ਏ।"

***-ਡਾ. ਜਸਵੰਤ ਸਿੰਘ ਨੇਕੀ***

## ਸ਼ਬਦਾਂ ਦੀ ਤਾਕਤ

**(ਪਿਛਲੇ ਸਫੇ ਦੀ ਬਾਕੀ)**

ਛਡ ਕੇ ਮੈਂ ਉਸ ਤਰ੍ਹਾਂ ਹੀ ਆਪਣੇ ਆਪ ਨੂੰ ਤੁਹਾਡੇ ਸੀਨੇ ਨਾਲ ਲੱਗਾ ਮਹਿਸੂਸ ਕਰਦਾ ਹਾਂ ਜਿਵੇਂ ਭਾਈ ਬਿਧੀ ਚੰਦ ਨੂੰ ਉਦੋਂ ਲੱਗਾ ਸੀ, ਜਦੋਂ ਗੁਰੂ ਜੀ ਨੇ ਉਨ੍ਹਾਂ ਨੂੰ ਆਪਣੇ ਸੀਨੇ ਨਾਲ ਘੁੱਟਦਿਆਂ ਕਿਹਾ ਸੀ, 'ਬਿਧੀ ਚੰਦ ਛੀਨਾ ਗੁਰੂ ਕਾ ਸੀਨਾ।' ਉਸ ਦਿਨ ਤੋਂ ਬਾਅਦ ਤੁਸੀਂ ਹੀ ਮੇਰੇ ਮਾਂ-ਬਾਪ ਤੇ ਹੋਰ ਸਭ ਕੁਝ ਹੋ। ਤੁਹਾਡੇ ਸੀਨੇ ਨਾਲ ਲੱਗੇ ਤੁਹਾਡੇ ਇਸ ਨਿਮਾਣੇ ਸਿੰਘ ਨੂੰ ਭਰੋਸਾ ਹੈ ਕਿ ਤੁਸੀਂ ਅਣਬੋਲਿਆਂ ਹੀ ਅਗਲੇ ਦੀ ਬਿਰਥਾ ਜਾਨਣ ਵਾਲੇ, ਮਨ ਦੀਆਂ ਬੁੱਝਣ ਵਾਲੇ ਹੋ। ਤੁਸੀਂ ਦਰ 'ਤੇ ਆਇਆਂ ਦੀਆਂ ਫ਼ਰਿਆਦਾਂ ਸੁਣਦੇ ਤੇ ਉਨ੍ਹਾਂ ਦੇ ਦੁੱਖ ਹਰਦੇ ਹੋ। ਬੇਕਸੂਰੇ ਦੁਖੀਆਂ ਦੀ ਕੁਰਲਾਹਟ ਤੁਹਾਡੇ ਤੋਂ ਵੱਧ ਭਲਾ ਹੋਰ ਕਿਸ ਨੂੰ ਸੁਣਾਈ ਦੇ ਸਕਦੀ ਹੈ! ਮੇਰੇ ਬੇਕਸੂਰ ਹੋਣ ਦੀ ਕੁਰਲਾਹਟ 'ਘਟ ਘਟ ਕੇ ਅੰਤਰ ਕੀ ਜਾਨਣ ਵਾਲੇ' ਤੁਹਾਡੇ ਰਹਿਮ-ਦਿਲ ਆਪੇ ਨੂੰ ਭਲਾ ਕਿਵੇਂ ਨਾ ਸੁਣੀ ਹੋਏਗੀ! ਜੇ ਅਜੇ ਤੱਕ ਤੁਸੀਂ ਮੇਰੇ ਬਚਾਅ ਲਈ ਕੁਝ ਨਹੀਂ ਕੀਤਾ ਤਾਂ ਇਸ ਪਿੱਛੇ ਵੀ ਤੁਹਾਡੀ ਕੋਈ ਰਜ਼ਾ ਹੀ ਹੋਏਗੀ। ਕਦੀ ਕਦੀ ਦੁਨੀਆਂਦਾਰ ਹੋਇਆ ਮੇਰਾ ਦਿਲ ਸੋਚਦਾ ਹੈ ਕਿ ਤੁਹਾਡੇ ਅੱਗੇ ਤਰਲਾ ਪਾਵਾਂ ਕਿ ਮੈਨੂੰ ਇਸ ਜੇਲ੍ਹ ਵਿਚੋਂ ਮੁਕਤ ਕਰਾਓ। ਫਿਰ ਸੋਚਦਾਂ ਕਿ ਜਦੋਂ ਬਾਬਾ ਜੀ ਹੀ ਹੁਣ ਮੇਰੇ ਮਾਪੇ, ਮੇਰੇ ਗੁਰੂ ਤੇ ਮੇਰਾ ਰੱਬ ਹਨ ਤਾਂ ਉਨ੍ਹਾਂ ਨੂੰ ਭਲਾ ਮੇਰਾ ਬੇਗੁਨਾਹ ਦਾ ਤਰਲਾ ਕਿਵੇਂ ਨਾ ਸੁਣਦਾ ਹੋਏਗਾ ਤੇ ਉਹ ਮੇਰੀ 'ਬੰਦ-ਖਲਾਸੀ' ਕਰਾਉਣ ਲਈ ਭਲਾ ਉਦਮ ਕਿਵੇਂ ਨਾ ਕਰਨਗੇ! ਤੁਸੀਂ ਮੈਨੂੰ ਆਪਣੇ ਸੀਨੇ ਨਾਲੋਂ ਲਾਹ ਕੇ ਜੇਲ੍ਹਾਂ ਵਿਚ ਰੁਲਣ ਲਈ ਦੂਰ ਕਿਵੇਂ ਸੁੱਟ ਸਕਦੇ ਹੋ! ਤੁਹਾਡੇ 'ਬੰਦੀਛੋੜ' ਚੋਲੇ ਦੀ ਇਕ ਕੰਨੀ ਤਾਂ ਮੇਰੇ ਹੱਥ ਆ ਹੀ ਜਾਏਗੀ! ਮੈਂ ਮੁੜ ਤੋਂ ਆਜ਼ਾਦ ਫ਼ਿਜ਼ਾ ਵਿਚ ਸਾਹ ਲੈਂਦਾ ਤੁਹਾਡੇ ਚਰਨਾਂ ਵਿਚ ਬੈਠਾ ਹੋਵਾਂਗਾ।'

ਇਸ ਤਰ੍ਹਾਂ ਦੇ ਰਲਦੇ-ਮਿਲਦੇ ਭਾਵਾਂ ਵਾਲੀ ਚਿੱਠੀ ਜੀਤੇ ਵੱਲੋਂ ਲਿਖ ਕੇ ਮੈਂ ਉਸ ਦੇ ਨਿਰਦੋਸ਼ ਹੋਣ ਦਾ ਵਾਸਤਾ ਪਾਇਆ। ਸ਼ਬਦਾਂ ਵਿਚ ਆਪਣਾ ਅੰਦਰ ਘੋਲ ਦਿੱਤਾ। ਇਸ ਘੁਲੇ ਹੋਏ ਦਿਲ ਨੇ ਬਾਬਾ ਜੀ ਦਾ ਦਿਲ ਪਿਘਲਾਉਣਾ ਸੀ! ਉਹਦੀ ਪ੍ਰਵਾਨਗੀ ਲੈਣ ਲਈ ਮੈਂ ਅਗਲੇ ਦਿਨ ਚਿੱਠੀ ਪੜ੍ਹ ਕੇ ਜੀਤੇ ਨੂੰ ਸੁਣਾਈ।

ਇਹ ਚਿੱਠੀ ਜੇਲ੍ਹ ਤੋਂ ਬਾਹਰ ਵੀ ਮੈਂ ਹੀ ਪਹੁੰਚਾਉਣੀ ਸੀ। ਕੁਝ ਦਿਨਾਂ ਤੱਕ ਮੇਰੀ ਤਰੀਕ ਸੀ। ਆਪਣੇ ਨਾਲ ਚਿੱਠੀ ਲੈ ਜਾਵਾਂਗਾ ਤੇ ਉਥੇ ਕਿਸੇ ਆਏ ਦੋਸਤ-ਰਿਸ਼ਤੇਦਾਰ ਨੂੰ ਡਾਕ ਵਿਚ ਪਾਉਣ ਲਈ ਕਹਿ ਦਿਆਂਗਾ।

# ਦੀਆ ਮਿਰਜ਼ਾ ਦਾ ਤਾਜ ਮਹੱਲ



ਰੌਸ਼ਨੀ ਖੇਤਲ

ਮੁੰਬਈ ਵਿਚ ਹਾਲ ਹੀ ਵਿਚ, ਫਿਲਮ 'ਤਾਜ ਮਹੱਲ' ਦੇ ਵਿਸ਼ੇਸ਼ ਸ਼ੋਅ ਮੌਕੇ ਜਿਹੜੀ ਹੀਰੋਇਨ ਸਭ ਤੋਂ ਵੱਧ ਚਹਿਕ ਰਹੀ ਸੀ, ਉਹ ਬਿਨਾਂ ਸ਼ੱਕ ਖੂਬਸੂਰਤ, ਦੀਆ ਮਿਰਜ਼ਾ ਹੀ ਸੀ। ਸਭ ਸਾਥੀਆਂ ਨੂੰ ਉਹ ਉਡ-ਉਡ ਕੇ ਮਿਲ ਰਹੀ ਸੀ। ਉਸ ਦੇ ਨੇੜਲਿਆਂ ਨੇ ਇਸ 'ਉਡੂੰ-ਉਡੂੰ' ਦਾ ਰਾਜ਼ ਜਾਣਿਆਂ ਤਾਂ ਉਹ ਵੀ ਖੁਸ਼ ਹੋਏ ਬਿਨਾਂ ਨਾ ਰਹਿ ਸਕੇ। ਦੀਆ ਮਿਰਜ਼ਾ ਅੱਜ ਕੱਲ੍ਹ ਇਰਾਨੀ ਫਿਲਮਸਾਜ਼ ਕੁਰਬਾਨ ਮੁਹੰਮਦ ਦੀ ਫਿਲਮ 'ਸਲਾਮ ਮੁੰਬਈ' ਵਿਚ ਕੰਮ ਕਰ ਰਹੀ ਹੈ। ਖੁਸ਼ੀ ਵਿਚ ਫਾਵੀਂ ਹੋਈ ਉਹ ਦੱਸਦੀ ਹੈ ਕਿ ਉਹਨੂੰ ਇਰਾਨ ਦੇ ਲੋਕਾਂ ਦਾ ਪਿਆਰ ਕੁੱਪੇ ਭਰ-ਭਰ ਮਿਲ ਰਿਹਾ ਹੈ। ਉਹ ਹੁੱਬ ਕੇ ਆਖਦੀ ਹੈ- "ਇਹ ਪਹਿਲੀ ਵਾਰ ਹੈ ਕਿ ਭਾਰਤ ਅਤੇ ਇਰਾਨ ਕੋਈ ਫਿਲਮ ਬਣਾਉਣ ਲਈ ਨੇੜੇ ਢੁੱਕ-ਢੁੱਕ ਬੈਠੇ ਹਨ। ਮੈਂ ਭਾਗਾਂਵਾਲੀ ਹਾਂ ਕਿ ਮੈਂ ਮੁਹੰਮਦ ਰਜ਼ਾ ਗੁਲਜ਼ਾਰ ਵਰਗੇ ਵੱਡੇ ਸੁਪਰਸਟਾਰ ਨਾਲ ਕੰਮ ਕਰ ਰਹੀ ਹਾਂ। ਇਰਾਨ ਦੇ ਲੋਕ ਇਸ ਸੁਪਰਸਟਾਰ ਦੇ ਦੀਵਾਨੇ ਹਨ ਅਤੇ ਇਸ ਦੇ ਨਾਲ ਹੀ ਮੈਨੂੰ ਵੀ ਖੂਬ ਪਿਆਰ ਮਿਲ ਰਿਹਾ ਹੈ।" ਉਹ ਖੁਸ਼ ਹੈ ਕਿ ਉਹ ਇਸ ਖਾਸ ਪ੍ਰੋਜੈਕਟ ਦਾ ਹਿੱਸਾ ਹੈ। ਦੀਆ ਮਿਰਜ਼ਾ ਨੂੰ ਲੱਗਦਾ ਹੈ ਕਿ ਇਸ ਪ੍ਰੋਜੈਕਟ ਨਾਲ ਉਹ ਫਿਲਮੀ ਦੁਨੀਆਂ ਦੇ ਸਫਰ ਵਿਚ ਕਿਤੇ ਦੀ ਕਿਤੇ ਪੁੱਜ ਜਾਵੇਗੀ। ਇਨ੍ਹਾਂ ਗੱਲਾਂ-ਬਾਤਾਂ ਵਿਚ ਹੀ ਹੁਣੇ-ਹੁਣੇ ਦੇਖੀ ਇਸ ਫਿਲਮ 'ਤਾਜ ਮਹੱਲ' ਦੀ ਚਰਚਾ ਕਰਨ ਲੱਗ ਪੈਂਦੀ ਹੈ। ਇਹ ਫਿਲਮ ਨਿਕੋਲਸ ਸਾਅਦ ਨੇ ਬਣਾਈ ਹੈ ਅਤੇ ਇਸ ਵਿਚ 2008 ਦੇ ਮੁੰਬਈ ਹਮਲੇ ਵਾਲੀ ਕਥਾ ਸੁਣਾਈ ਗਈ ਹੈ। ਇਹ ਇਕ ਅਜਿਹੀ ਅੱਲੜ੍ਹ ਉਮਰ ਦੀ ਕੁੜੀ ਦੀ ਕਹਾਣੀ ਹੈ ਜੋ ਹਮਲੇ ਦੌਰਾਨ ਹੋਟਲ ਦੇ ਇਕ ਕਮਰੇ ਵਿਚ ਕੈਦ ਹੋ ਕੇ ਰਹਿ ਜਾਂਦੀ ਹੈ। ਕੁੜੀ ਦਾ ਇਹ ਕਿਰਦਾਰ ਅਦਾਕਾਰਾ ਸਟੇਸੀ ਮਾਰਟਿਨ ਨੇ ਨਿਭਾਇਆ ਹੈ। ਸਟੇਸੀ ਦੀ ਖੂਬਸੂਰਤੀ ਨੇ ਤਾਂ ਇਸ ਫਿਲਮ ਨੂੰ ਚਾਰ ਚੰਨ ਲਾਏ ਹੀ ਹਨ, ਉਸ ਦੀ ਅਦਾਕਾਰੀ ਵੀ ਧਿਆਨ ਖਿੱਚਦੀ ਹੈ। ਫਿਲਮ ਵਿਚ ਬਹੁਤ ਥਾਂਈਂ ਉਹ ਆਪਣੀ ਗੱਲ ਅੱਖਾਂ ਨਾਲ ਹੀ ਕਰ ਜਾਂਦੀ ਹੈ। ਫਿਲਮ ਦੀ ਕਹਾਣੀ ਮੁਤਾਬਕ ਇਹ ਕੁੜੀ ਆਪਣੇ ਕਾਰੋਬਾਰੀ ਪਿਤਾ ਅਤੇ ਮਾਂ ਨਾਲ ਮੁੰਬਈ ਆਉਂਦੀ ਹੈ ਅਤੇ ਤਾਜ ਮਹੱਲ ਹੋਟਲ ਵਿਚ ਠਹਿਰਦੀ ਹੈ ਜਿਥੇ ਦਹਿਸ਼ਤਪਸੰਦਾਂ ਦਾ ਹਮਲਾ ਹੋ ਜਾਂਦਾ ਹੈ। ਇਸ ਤੋਂ ਬਾਅਦ ਦੀ ਕਹਾਣੀ ਵਿਚ ਫਿਲਮਸਾਜ਼ ਨੇ ਇਸ ਕੁੜੀ ਦੇ ਬਹਾਨੇ ਮਨੁੱਖੀ ਮਨ ਦੀਆਂ ਪਰਤਾਂ ਫਰੋਲੀਆਂ ਹਨ। ਦੀਆ ਮਿਰਜ਼ ਆਪਣੀ ਫਿਲਮ 'ਸਲਾਮ ਮੁੰਬਈ' ਨੂੰ ਵੀ ਇਸ ਫਿਲਮ ਦੇ ਬਰਾਬਰ ਰੱਖ ਕੇ ਦੇਖਦੀ ਹੈ। 'ਸਲਾਮ ਮੁੰਬਈ' ਅਸਲ ਵਿਚ ਇਕ ਪਿਆਰ ਕਹਾਣੀ ਹੈ। ਫਿਲਮ ਵਿਚ ਮੁਹੰਮਦ ਰਜ਼ਾ ਗੁਲਜ਼ਾਰ ਅਤੇ ਦੀਆ ਮਿਰਜ਼ਾ ਮੈਡੀਕਲ ਦੀ ਪੜ੍ਹਾਈ ਕਰ ਰਹੇ ਹਨ। ਇਸ ਫਿਲਮ ਖਾਤਰ ਮੁਹੰਮਦ ਰਜ਼ਾ ਗੁਲਜ਼ਾਰ ਹਿੰਦੀ ਵੀ ਸਿੱਖ ਰਿਹਾ ਹੈ। ਕਿਹਾ ਜਾ ਰਿਹਾ ਹੈ ਕਿ ਇਹ ਫਿਲਮ ਤਿੰਨ-ਚਾਰ ਮਹੀਨਿਆਂ ਵਿਚ ਤਿਆਰ ਹੋ ਜਾਵੇਗੀ। ਗੱਲਾਂ-ਗੱਲਾਂ ਵਿਚ ਉਹ ਦੀਆ ਮਿਰਜ਼ਾ ਦੀਆਂ ਤਾਰੀਫਾਂ ਦੇ ਪੁਲ ਵੀ ਬੰਨ੍ਹ ਦਿੰਦਾ ਹੈ। ਉਸ ਦਾ ਆਖਣਾ ਹੈ ਕਿ ਦੀਆ ਬਹੁਤ ਸਹਿਜ-ਸਜੀਲੀ ਕੁੜੀ ਹੈ, ਕੰਮ ਖਾਤਰ ਜਾਨ ਲਾ ਦਿੰਦੀ ਹੈ। ਦੀਆਂ ਮਿਰਜ਼ਾ ਨੇ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ 2000 ਵਿਚ ਕੀਤੀ ਸੀ। ਹੁਣ ਤੱਕ ਉਸ ਨੇ ਚੋਣਵੀਆਂ ਫਿਲਮਾਂ ਹੀ ਕੀਤੀਆਂ ਹਨ। ਹੁਣ ਤਾਂ ਉਹ ਨਿਰਮਾਤਾ ਵੀ ਬਣ ਗਈ ਹੈ। ਉਹ ਚਾਹੁੰਦੀ ਹੈ ਕਿ ਉਹ ਅਦਾਕਾਰਾ ਤੋਂ ਇਲਾਵਾ ਹੋਰ ਪ੍ਰੋਜੈਕਟਾਂ ਨੂੰ ਵੀ ਹੱਥ ਪਾਵੇ। ਫਿਲਮ 'ਸਲਾਮ ਮੁੰਬਈ' ਉਸ ਲਈ ਕੌਮਾਂਤਰੀ ਖਿੜਕੀ ਖੋਲ੍ਹ ਸਕਦੀ ਹੈ ਅਤੇ ਇਹ ਖਿੜਕੀ ਖੋਲ੍ਹਣ ਲਈ ਦੀਆ ਮਿਰਜ਼ਾ ਪੂਰੀ ਜਾਨ ਲਾ ਰਹੀ ਹੈ। ਹੁਣ ਉਹ ਇਸ ਫਿਲਮ ਦੇ ਮੁਕੰਮਲ ਹੋਣ ਨੂੰ ਬੜੀ ਬੇਸਬਰੀ ਨਾਲ ਉਡੀਕ ਰਹੀ ਹੈ।



# ਸਪੇਨੀ ਸੁੰਦਰੀ ਮੀਆ ਬੇਲਾ ਦਾ ਵੇਲਾ

ਹਿੰਦੀ ਫਿਲਮਾਂ ਦੀ ਦੁਨੀਆਂ ਵਿਚ ਇਕ ਹੋਰ ਪਰਦੇਸੀ ਅਦਾਕਾਰਾ ਪੱਬ ਧਰ ਰਹੀ ਹੈ। ਐਤਕੀਂ ਵਾਰੀ ਸਪੇਨੀ ਸੁੰਦਰੀ ਮੀਆ ਬੇਲਾ ਦੀ ਹੈ ਜੋ ਆਪਣੀ ਮਾਡਲਿੰਗ ਰਾਹੀਂ ਕਾਰੋਬਾਰੀਆਂ ਦਾ ਖੂਬ ਧਿਆਨ ਖਿਚ ਚੁੱਕੀ ਹੈ। ਬੇਲਾ ਦਾ ਆਖਣਾ ਹੈ ਕਿ ਅਦਾਕਾਰੀ ਦਾ ਸ਼ੌਕ ਉਸ ਨੂੰ ਬਚਪਨ ਤੋਂ ਸੀ, ਪਰ ਉਸ ਦੀ ਇਹ ਇੱਛਾ ਹੁਣ ਭਾਰਤ ਵਰਗੇ ਮੁਲਕ ਵਿਚ ਪੂਰੀ ਹੋ ਰਹੀ ਹੈ। ਭਾਰਤ ਬਾਰੇ ਮੀਆ ਬੇਲਾ ਦੇ ਦਿਲ-ਦਿਮਾਗ ਵਿਚ ਖਾਸ ਤਸਵੀਰ ਉਕਰੀ ਹੋਈ ਹੈ। ਉਹ ਫਿਲਹਾਲ ਭਾਰਤ ਵਿਚ ਬਹੁਤਾ ਘੁੰਮੀ-ਫਿਰੀ ਨਹੀਂ ਹੈ, ਪਰ ਉਸ ਨੂੰ ਇਹ ਅਹਿਸਾਸ ਵਾਰ-ਵਾਰ ਹੋਇਆ ਹੈ ਕਿ ਭਾਰਤੀ ਲੋਕ ਆਓ-ਭਗਤ ਬਹੁਤ ਜ਼ਿਆਦਾ ਕਰਦੇ ਹਨ। ਉਹ ਦੱਸਦੀ ਹੈ ਕਿ ਕਈ ਵਾਰ ਤਾਂ ਕੋਫਤ ਜਿਹੀ ਵੀ ਹੋਣ ਲੱਗਦੀ ਹੈ। ਉਸ ਨੇ ਖੁਦ ਨੂੰ ਥੋੜ੍ਹੀ ਖੁਸ਼ਕਿਸਮਤ ਵੀ ਦੱਸਿਆ ਜਿਸ ਦਾ ਮੁੱਢ ਵਿਚ ਵਾਹ-ਵਿਹਾਰ ਚੰਗੇ ਲੋਕਾਂ ਨਾਲ ਪਿਆ।




ਆਪਣੀ ਸਫਲਤਾ ਬਾਰੇ ਮੀਆ ਬੇਲਾ ਸਿਰਫ ਇੰਨਾ ਹੀ ਆਖਦੀ ਹੈ ਕਿ ਉਸ ਲਈ ਕਰੀਅਰ ਦਾ ਕੋਈ ਸਵਾਲ ਨਹੀਂ ਹੈ, ਮਾਡਲਿੰਗ ਵਿਚ ਉਸ ਦੀ ਗੱਡੀ ਚੰਗੀ ਚੱਲ ਰਹੀ ਹੈ। ਇਸ ਲਈ ਫਿਲਮਾਂ ਵਿਚ ਉਹ ਮਹਿਜ਼ ਸ਼ੋਅਪੀਸ ਨਹੀਂ ਬਣੇਗੀ, ਸਗੋਂ ਜਾਨਦਾਰ ਕਿਰਦਾਰ ਨਿਭਾਉਣ ਦਾ ਯਤਨ ਕਰੇਗੀ। ਉਸ ਮੁਤਾਬਕ, ਕਈ ਫਿਲਮ ਨਿਰਮਾਤਾਵਾਂ ਨਾਲ ਉਸ ਦੀ ਗੱਲਬਾਤ ਚੱਲ ਰਹੀ ਹੈ ਅਤੇ ਛੇਤੀ ਹੀ ਉਹ ਆਪਣੇ ਇਕ-ਦੋ ਪ੍ਰੋਜੈਕਟਾਂ ਉਤੇ ਕੰਮ ਆਰੰਭ ਕਰ ਦੇਵੇਗੀ। ਫਿਲਮੀ ਦੁਨੀਆਂ ਦੀਆਂ ਦਿੱਕਤਾਂ, ਖਾਸ ਕਰ ਕੇ ਕੁੜੀਆਂ ਨੂੰ ਆਉਂਦੀਆਂ ਔਕੜਾਂ ਬਾਰੇ ਉਹ ਭਲੀ-ਭਾਂਤ ਵਾਕਿਫ ਹੈ, ਪਰ ਉਹ ਮੋੜਵਾਂ ਸਵਾਲ ਕਰਦੀ ਹੈ ਕਿ ਔਕੜਾਂ ਕਿਸ ਖੇਤਰ ਵਿਚ ਨਹੀਂ ਹਨ। ਸਾਰੀ ਦੁਨੀਆਂ ਔਕੜਾਂ ਨਾਲ ਭਰੀ ਪਈ ਹੈ। ਸਿਰਫ ਇਸ ਡਰ ਤੋਂ ਕੋਈ ਘਰੇ ਨਹੀਂ ਬੈਠ ਸਕਦਾ। ਉਹ ਆਖਦੀ ਹੈ- "ਮੈਂ ਹਰ ਤਰ੍ਹਾਂ ਦੀ ਲੜਾਈ ਲਈ ਤਿਆਰ-ਬਰ-ਤਿਆਰ ਹਾਂ।

# ਅਨੂਪਮ ਖੇਰ ਦੀਆਂ ਅਠਖੇਲੀਆਂ

ਕੱਲ੍ਹ ਤੱਕ ਅਨੂਪਮ ਖੇਰ ਦੀ ਚਰਚਾ ਅਦਾਕਾਰ ਵਜੋਂ ਹੁੰਦੀ ਰਹੀ ਸੀ। ਦੇਸ਼-ਵਿਦੇਸ਼ ਵਿਚ ਬਥੇਰੇ ਅਜਿਹੇ ਲੋਕ ਸਨ ਜਿਹੜੇ ਉਸ ਦੀ ਕਲਾ ਅਤੇ ਅਦਾਕਾਰੀ ਦੇ ਦੀਵਾਨੇ ਸਨ, ਪਰ ਜਦੋਂ ਤੋਂ ਉਸ ਦੀ ਪਤਨੀ ਕਿਰਨ ਖੇਰ ਚੰਡੀਗੜ੍ਹ ਤੋਂ ਭਾਰਤੀ ਜਨਤਾ ਪਾਰਟੀ ਦੀ ਟਿਕਟ ਉਤੇ ਲੋਕ ਸਭਾ ਸੀਟ ਜਿੱਤੀ ਹੈ, ਅਨੂਪਮ ਖੇਰ ਦਾ ਇਕ ਹੋਰ ਰੰਗ ਲੋਕਾਂ ਨੂੰ ਦੇਖਣ ਨੂੰ ਮਿਲ ਰਿਹਾ ਹੈ। ਉਹ ਸਿੱਧੇ-ਅਸਿੱਧੇ ਢੰਗ ਨਾਲ ਉਸ ਆਰ.ਐਸ.ਐਸ. ਅਤੇ ਇਸ ਦੀਆਂ ਜੋਟੀਦਾਰ ਜਥੇਬੰਦੀਆਂ ਦਾ ਪੱਖ ਪੂਰਦਾ ਹੈ ਜਿਨ੍ਹਾਂ ਵੱਲੋਂ ਹਿੰਦੂਤਵ ਦੇ ਹਿਸਾਬ ਨਾਲ ਕੀਤੀ ਜਾ ਰਹੀਆਂ ਕਾਰਵਾਈਆਂ ਤਹਿਤ ਲੋਕਾਂ ਨੂੰ ਖਾਣ-ਪੀਣ, ਪਹਿਨਣ ਆਦਿ ਬਾਰੇ ਅਸਿੱਧੀਆਂ ਹਦਾਇਤਾਂ ਦਿੱਤੀਆਂ ਜਾ ਰਹੀਆਂ ਹਨ। ਵੱਖ-ਵੱਖ ਵਿਦਿਅਕ ਅਤੇ ਖੋਜ ਸੰਸਥਾਵਾਂ ਵਿਚ ਆਰ.ਐਸ.ਐਸ. ਪੱਖੀਆਂ ਨੂੰ ਲਾਇਆ ਜਾ ਰਿਹਾ ਹੈ। ਜਦੋਂ ਪੂਣੇ ਦੀ ਫਿਲਮ ਸੰਸਥਾ ਵਿਚ ਭਾਜਪਾ ਆਗੂ ਗਜੇਂਦਰ ਚੌਹਾਨ ਨੂੰ ਮੁਖੀ ਲਾਉਣ ਖਿਲਾਫ ਮਾਮਲਾ ਭਖਿਆ ਤਾਂ ਅਨੂਪਮ ਖੇਰ ਨੇ ਸਹਿੰਦੇ-ਸਹਿੰਦੇ ਕਿਹਾ ਸੀ ਕਿ ਇਸ ਸੰਸਥਾ ਵਿਚ ਕਿਸੇ ਕੱਦ ਵਾਲੀ ਸ਼ਖਸੀਅਤ ਨੂੰ ਹੀ ਲਾਉਣਾ ਚਾਹੀਦਾ ਸੀ, ਪਰ ਬਾਅਦ ਵਿਚ ਉਤਰ ਪ੍ਰਦੇਸ਼ ਵਿਚ ਦਾਦਰੀ ਵਾਲੀ ਘਟਨਾ ਤੋਂ ਬਾਅਦ, ਜਦੋਂ ਅਸਹਿਣਸ਼ੀਲਤਾ ਦਾ ਮਾਮਲਾ ਵੱਡੇ ਪੱਧਰ ਉਤੇ ਉਠਿਆ ਤੇ ਛੇਤੀ ਹੀ ਪੂਰੇ ਮੁਲਕ ਵਿਚ ਛਾ ਗਿਆ ਤਾਂ ਅਨੂਪਮ ਖੇਰ ਇਹ ਮਾਮਲਾ ਉਠਾਉਣ ਵਾਲਿਆਂ ਦੇ ਹੀ ਖਿਲਾਫ ਹੋ ਗਏ। ਇਨ੍ਹਾਂ ਲੇਖਕਾਂ, ਪੱਤਰਕਾਰਾਂ, ਫਿਲਮਸਾਜ਼ਾਂ ਅਤੇ ਵਿਦਵਾਨਾਂ ਨੇ ਜਦੋਂ ਦਿੱਲੀ ਵਿਚ ਵੱਡਾ ਚੇਤਨਾ ਮਾਰਚ ਕੀਤਾ ਤਾਂ ਕੁਝ ਦਿਨਾਂ ਬਾਅਦ ਅਨੂਪਮ ਖੇਰ ਦੀ ਅਗਵਾਈ ਹੇਠ ਇਨ੍ਹਾਂ ਲੋਕਾਂ ਖਿਲਾਫ ਬਰਾਬਰ ਮਾਰਚ ਕੱਢਿਆ ਗਿਆ ਅਤੇ ਨਾਲ ਹੀ ਕਿਹਾ ਗਿਆ ਕਿ ਅਸਹਿਣਸ਼ੀਲਤਾ ਦਾ ਮੁੱਦਾ ਸਿਰਫ ਕਾਂਗਰਸ ਪੱਖੀ ਹੀ ਉਠਾ ਰਹੇ ਹਨ। ਮੀਡੀਆ ਅਤੇ ਚੈਨਲਾਂ ਵਾਲਿਆਂ ਨੇ ਤੱਥ ਦੇ-ਦੇ ਕੇ ਅਨੂਪਮ ਖੇਰ ਤੋਂ ਸਵਾਲਾਂ ਦੇ ਜਵਾਬ ਮੰਗੇ, ਪਰ ਉਨ੍ਹਾਂ ਇਹੀ ਰਟ ਲਾਈ ਰੱਖੀ ਕਿ ਭਾਰਤ ਸਹਿਣਸ਼ੀਲ ਮੁਲਕ ਹੀ ਹੈ, ਇਸੇ ਕਰ ਕੇ ਹੀ ਤਾਂ ਸਾਰੇ ਬੋਲ ਰਹੇ ਹਨ। ਉਨ੍ਹਾਂ ਇਸ ਬਾਰੇ ਕੋਈ ਜਵਾਬ ਨਹੀਂ ਦਿੱਤਾ ਕਿ ਹਿੰਦੂਵਾਦੀ ਜਥੇਬੰਦੀਆਂ ਤਾਂ ਲੋਕਾਂ ਨੂੰ ਘਰੋਂ ਵੀ ਨਹੀਂ ਨਿਕਲਣ ਦੇ ਰਹੀਆਂ! ਮਗਰੋਂ ਸਰਕਾਰ ਨੇ ਉਸ ਦੀ ਇਸ ਸੇਵਾ ਬਦਲੇ ਅਨੂਪਮ ਖੇਰ ਨੂੰ ਪਦਮ ਪੁਰਸਕਾਰ ਨਾਲ ਨਿਵਾਜਿਆ, ਪਰ ਹੁਣ ਹਰ ਪਾਸੇ ਕਲਾ ਤੋਂ ਸੌੜੀ ਸਿਆਸਤ ਵੱਲ ਘੁੰਮੇ ਅਨੂਪਮ ਖੇਰ ਦੀ ਚਰਚਾ ਹੋ ਰਹੀ ਹੈ। ਇਸ ਚਰਚਾ ਵਿਚ ਹੁਣ ਤਿੱਖੀ ਨੁਕਤਾਚੀਨੀ ਵੀ ਸ਼ਾਮਲ ਹੋ ਗਈ ਹੈ। ਲੋਕਾਂ ਦਾ ਕਹਿਣਾ ਹੈ ਕਿ ਅਨੂਪਮ ਖੇਰ ਅੰਨ੍ਹਾ ਹੋ ਕੇ ਅਜਿਹਾ ਪੈਂਤੜਾ ਮੱਲ ਰਿਹਾ ਹੈ। ਉਂਜ ਅਨੂਪਮ ਖੇਰ ਨੇ ਇਸ ਬਾਰੇ ਖੁਦ ਕੋਈ ਵਿਚਾਰ ਕਰਨ ਦੀ ਥਾਂ ਇਹ ਕਹਿਣਾ ਆਰੰਭ ਕਰ ਦਿੱਤਾ ਹੈ- "ਹਾਂ, ਹਾਂ! ਮੈਂ ਮੋਦੀ ਦਾ ਸਭ ਤੋਂ ਵੱਡਾ ਚਮਚਾ ਹਾਂ। ਚਮਚਾ ਕਹਾਉਣ ਵਿਚ ਵੀ ਮੈਨੂੰ ਕੋਈ ਇਤਰਾਜ਼ ਨਹੀਂ ਹੈ।"

-ਸਿਮਰਨ ਕੌਰ






REGULAR
2.09 9/10
Diesel
EC Unleaded
8.88 9/10
2.09 9/10
GAS SIGN
MESSAGE BOARD
Box & Channel Letters SIGNS
We Install any where in California
ELECTRIC
SIGN
COMPANY
Call For More Info:
1-661-586-5080


AXJ
TRUCK DRIVING SCHOOL
ਏਅਰਪੋਰਟ ਤੋਂ ਪਿਕਅੱਪ ਤੇ ਡਰੌਪ ਆਫ ਦਾ ਵੀ ਖਾਸ ਪ੍ਰਬੰਧ ਹੈ ।
deep@jfsinc.us
100% SATISFACTION GUARANTEED
ਵਾਜ਼ਿਬ ਰੇਟ, ਫਾਸਟ ਸਰਵਿਸ,
ਸਰਟੀਫਾਈਡ, ਤਜ਼ਰਬੇਕਾਰ ਇੰਸਟਰੱਕਟਰ,
ਰਿਹਾਇਸ਼ ਦਾ ਬਹੁਤ ਵਧੀਆ ਪ੍ਰਬੰਧ ਹੈ ।
ਅਸੀਂ ਲਾਗ ਬੁੱਕ ਅਤੇ ਸੇਫਟੀ ਦੀ ਟ੍ਰੇਨਿੰਗ ਵੀ ਦਿੰਦੇ ਹਾਂ
ਲਾਇਸੰਸ ਦੀ ਗਾਰੰਟੀ ♦ Experienced Instructors
3506 W. Nielsen Ave. Fresno CA 93706
Tel.: 559.266.4000 Cell : 559.217.5986


Need Water? Tired of waiting in Line?
Are you looking for a drilling company
to drill water well at your farm?
Hydrotech Solutions do best deep water drilling in
shortest time and no one can beat our price.
Hydrotech convert
pumps to solar too
Hydrotech Solutions LLC
One Stop Shop
844-486-9355
www.hydrotech4u.com
Meet us at C Street
in C21 at Ag Show
Hydrotech Solutlions LLC

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

ਪਿਛਲੇ 29 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

**We can sell your house in short sale at no cost to you.**

**Selling Homes from Gilroy to Sacramento, CA**

**Call us before visiting any model homes to save big time.**

### JUST SOLD

1. 10786 Willow Brook Way, Cupertino, CA 95014
2. 3222 Pumpherston Way, San Jose, CA 95148
3. 3236 Ormande Ct., Tracy, CA 95377
4. 29058 Sebring Ct., Hayward, CA 94545
5. 3136 Ormonde Dr., Tracy CA 95377
6. 1492 Christina Ct., Hayward, CA94545
7. 4709 Valencia Way, Union City, CA 94587
8. 3313 Oak Bluff Ct., Dublin, CA 94568
9. 816 Climbing Rose Ct., Hayward, CA 94544
10. 32526 Endeavour Way, Union City, CA 94587
11. 916 Brook Way, Gilroy, CA 95020
12. 4205 Lunar Way, Union City, CA 94587
13. 4124 Polaris Ave., Union City, CA 94587
14. 4105 Pluto Way, Union City, CA 94587
15. 49077 Tomahawk Pl Fremont, CA 94539
16. 3155 Courthouse Drive, Union City, CA 94587
17. 2781 Determine Drive, Atwater, CA 95301
18. 105 Machado Ct., Tracy, CA 95376

**Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.**

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

**Cell: 510-304-9292**
**Cell:408-666-8279**



**Jaswinder Gill** M.Sc (PAU)
CA BRE# 00966763
Broker/Owner/Notary

Pinnacle Award Winner 2015
Grand Master Award Winner 2012, 2013 & 2014

**Commercial Unit**
9912 Kapalua Ln.,
Elk Grove, CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

**Follow us on zillow.com and trulia.com**

## Purchase Loan and Refinance

15 & 30 Yr Fixed Rates Are Still Better!!!
5/1, 7/1 ARM are also attractive Refinance Now At Zero Cost

**Call Sukhi Gill** DHMS, Loan Broker **@ 510-207-9067** CA BRE Lic.#01180969 NMLS# 352095